ਵੀਰਵਾਰ, 14 ਮਾਰਚ, 2024
1 ਚੇਤ { ਨਾਨਕਸ਼ਾਹੀ 556, ਬਿਕਰਮੀ 2080
ਜਿਲਦ/VOL. : 72
ਅੰਕ/NO. : 284

# ਨਵਾਂ ਜ਼ਮਾਨਾ

DAILY NAWAN ZAMANA • THURSDAY, 14 MARCH, 2024 ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ
ਪ੍ਰੂਫ਼-ਰੀਡਿੰਗ (ਰਿਸੈਪਸ਼ਨ) 0181-5097300
ਇਸ਼ਤਿਹਾਰ ਵਿਭਾਗ 0181-5097302
ਸਾਹਿਤ ਸੰਪਾਦਕ (ਐਤਵਾਰਤਾ) 0181-5097305
ਕੰਪਿਊਟਰ ਰੂਮ 0181-5097310
ਵੈੱਬ ਟੀ ਵੀ 0181-5133160

YouTube nawan zamana TV

ਕੀਮਤ/PRICE : 5.00 ਰੁਪਏ  Regd. No : L-4/Pb-JL-0023/2024-26, (R.N.I.)-00068/57  E-mail : nawanzamana@gmail.com  www.nawanzamana.in  ਸਫ਼ੇ : 12

## ਨਵਾਂ ਫਾਸਟੈਗ ਲੈਣ ਦੀ ਸਲਾਹ



**ਨਵੀਂ ਦਿੱਲੀ** : ਐੱਨ ਐੱਚ ਏ ਆਈ ਨੇ ਪੇਟੀਐੱਮ ਫਾਸਟੈਗ ਉਪਭੋਗਤਾਵਾਂ ਨੂੰ 15 ਮਾਰਚ ਤੋਂ ਪਹਿਲਾਂ ਕਿਸੇ ਹੋਰ ਬੈਂਕ ਤੋਂ ਇੱਕ ਨਵਾਂ ਫਾਸਟੈਗ ਲੈਣ ਦੀ ਸਲਾਹ ਦਿੱਤੀ ਹੈ ਤਾਂ ਜੋ ਟੋਲ ਪਲਾਜ਼ਿਆਂ 'ਤੇ ਉਨ੍ਹਾਂ ਨੂੰ ਕਿਸੇ ਕਿਸਮ ਦੀ ਮੁਸ਼ਕਲ ਨਾ ਆਏ। ਉਸ ਨੇ ਕਿਹਾ ਹੈ ਕਿ ਪੇਟੀਐੱਮ ਫਾਸਟੈਗ ਉਪਭੋਗਤਾ 15 ਮਾਰਚ ਤੋਂ ਬਾਅਦ ਆਪਣੇ ਬੈਲੇਂਸ ਨੂੰ ਰੀਚਾਰਜ ਨਹੀਂ ਕਰ ਸਕਣਗੇ, ਪਰ ਜਿਹੜਾ ਬੈਲੇਂਸ ਖਾਤੇ 'ਚ ਹੈ, ਉਸ ਦੀ ਵਰਤੋਂ ਕਰਨਾ ਜਾਰੀ ਰੱਖ ਸਕਦੇ ਹਨ।

## ਪ੍ਰਨੀਤ ਕੌਰ ਅੱਜ ਭਗਵਾਂ ਝੰਡਾ ਚੁੱਕੇਗੀ



**ਨਵੀਂ ਦਿੱਲੀ** : ਕਾਂਗਰਸ ਦੀ ਪਟਿਆਲਾ ਤੋਂ ਲੋਕ ਸਭਾ ਮੈਂਬਰ ਅਤੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਪਤਨੀ ਪ੍ਰਨੀਤ ਕੌਰ ਵੀਰਵਾਰ ਇੱਥੇ ਭਾਜਪਾ 'ਚ ਸ਼ਾਮਲ ਹੋਵੇਗੀ। ਅਮਰਿੰਦਰ ਸਿੰਘ ਆਪਣੇ ਬੱਚਿਆਂ ਰਣਇੰਦਰ ਸਿੰਘ ਅਤੇ ਜੈ ਇੰਦਰ ਕੌਰ ਦੇ ਨਾਲ ਸਤੰਬਰ 2022 'ਚ ਭਾਜਪਾ 'ਚ ਸ਼ਾਮਲ ਹੋਏ ਸਨ। ਪ੍ਰਨੀਤ ਕੌਰ ਨੂੰ ਭਾਜਪਾ ਪਟਿਆਲਾ ਤੋਂ ਮੈਦਾਨ 'ਚ ਉਤਾਰ ਸਕਦੀ ਹੈ।

## ਨਿਵੇਸ਼ਕਾਂ ਨੂੰ 13 ਲੱਖ ਕਰੋੜ ਦਾ ਰਗੜਾ



**ਮੁੰਬਈ** : ਵਿਆਪਕ ਵਿਕਰੀ ਕਾਰਨ ਬੁੱਧਵਾਰ 30 ਸ਼ੇਅਰਾਂ ਵਾਲਾ ਸੈਂਸੈਕਸ 906.07 ਅੰਕ ਜਾਂ 1.23 ਫੀਸਦੀ ਡਿੱਗ ਕੇ 72,761.89 'ਤੇ ਬੰਦ ਹੋਇਆ। 50 ਸ਼ੇਅਰਾਂ ਵਾਲਾ ਨਿਫਟੀ 338 ਅੰਕ ਜਾਂ 1.51 ਫੀਸਦੀ ਡਿੱਗ ਕੇ 21,997.70 'ਤੇ ਆ ਗਿਆ। ਭਾਰੀ ਗਿਰਾਵਟ ਕਾਰਨ ਬੀ ਐੱਸ ਈ ਲਿਸਟਿਡ ਕੰਪਨੀਆਂ ਦਾ ਮਾਰਕਿਟ ਕੈਪ 12.67 ਲੱਖ ਕਰੋੜ ਰੁਪਏ ਘਟ ਕੇ 372 ਲੱਖ ਕਰੋੜ ਰੁਪਏ ਹੋ ਗਿਆ। ਯਾਨੀ ਨਿਵੇਸ਼ਕਾਂ ਨੂੰ ਕਰੀਬ 13 ਲੱਖ ਕਰੋੜ ਰੁਪਏ ਦਾ ਨੁਕਸਾਨ ਹੋਇਆ। ਜੇ 7 ਮਾਰਚ ਤੋਂ 13 ਮਾਰਚ ਤੱਕ ਦਾ ਹਿਸਾਬ ਲਾਇਆ ਜਾਏ ਤਾਂ ਨਿਵੇਸ਼ਕਾਂ ਨੂੰ ਕਰੀਬ 21 ਲੱਖ ਕਰੋੜ ਰੁਪਏ ਦਾ ਰਗੜਾ ਲੱਗ ਚੁੱਕਾ ਹੈ।

## ਮਨਪ੍ਰੀਤ ਨੂੰ ਛੁੱਟੀ ਮਿਲੀ

**ਬਠਿੰਡਾ** : ਭਾਜਪਾ ਆਗੂ ਮਨਪ੍ਰੀਤ ਸਿੰਘ ਬਾਦਲ, ਜਿਨ੍ਹਾਂ ਨੂੰ 10 ਮਾਰਚ ਦੀ ਸਵੇਰੇ ਦਿਲ ਦਾ ਦੌਰਾ ਪਿਆ ਸੀ, ਨੂੰ ਬੁੱਧਵਾਰ ਹਸਪਤਾਲ 'ਚੋਂ ਛੁੱਟੀ ਦੇ ਦਿੱਤੀ ਗਈ। ਉਨ੍ਹਾ ਦੇ ਰਿਸ਼ਤੇਦਾਰ ਜੈਜੀਤ ਸਿੰਘ ਜੌਹਲ ਨੇ ਦੱਸਿਆ ਕਿ ਉਹ ਹੁਣ ਠੀਕ ਹਨ।

## ਫਾਈਨਲ ਟਰੰਪ ਤੇ ਬਾਇਡਨ ਵਿਚਾਲੇ



**ਵਾਸ਼ਿੰਗਟਨ** : ਅਮਰੀਕਾ ਦੇ ਰਾਸ਼ਟਰਪਤੀ ਜੋਅ ਬਾਇਡਨ ਨੇ ਵਾਸ਼ਿੰਗਟਨ ਵਿਚ ਡੈਮੋਕ੍ਰੇਟਿਕ ਪ੍ਰਾਇਮਰੀ ਚੋਣ ਜਿੱਤ ਲਈ ਹੈ, ਜਦਕਿ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਵੀ ਰਿਪਬਲਿਕਨ ਪ੍ਰਾਇਮਰੀ ਚੋਣ ਜਿੱਤ ਕੇ ਰਾਸ਼ਟਰਪਤੀ ਅਹੁਦੇ ਦੀ ਉਮੀਦਵਾਰੀ ਵੱਲ ਕਦਮ ਵਧਾਏ ਹਨ। ਇਨ੍ਹਾਂ ਚੋਣਾਂ 'ਚ ਬਾਇਡਨ ਅਤੇ ਟਰੰਪ ਦੇ ਸਾਹਮਣੇ ਕੋਈ ਸਖਤ ਚੁਣੌਤੀ ਨਹੀਂ ਸੀ। ਦੋਵਾਂ ਕੋਲ ਰਾਸ਼ਟਰਪਤੀ ਉਮੀਦਵਾਰੀ ਲਈ ਆਪੋ-ਆਪਣੀਆਂ ਪਾਰਟੀਆਂ ਵੱਲੋਂ ਦਾਅਵੇਦਾਰੀਆਂ ਪੇਸ਼ ਕਰਨ ਲਈ ਲੋੜੀਂਦੇ ਡੈਲੀਗੇਟ ਹਨ। ਹੁਣ ਕੋਈ ਸ਼ੱਕ ਨਹੀਂ ਕਿ ਰਾਸ਼ਟਰਪਤੀ ਦੀ ਚੋਣ ਬਾਇਡਨ ਤੇ ਟਰੰਪ ਵਿਚਾਲੇ ਹੋਵੇਗੀ। ਹੈਰਾਨੀ ਦੀ ਗੱਲ ਹੈ ਕਿ ਦੋਵੇਂ ਨੇਤਾ ਦੇਸ਼ 'ਚ ਕੋਈ ਜ਼ਿਆਦਾ ਮਕਬੂਲ ਨਹੀਂ ਹਨ।

## ਪ੍ਰਚੰਡ ਨੇ ਭਰੋਸੇ ਦਾ ਵੋਟ ਜਿੱਤਿਆ

**ਕਠਮੰਡੂ** : ਨੇਪਾਲ ਦੇ ਪ੍ਰਧਾਨ ਮੰਤਰੀ ਪੁਸ਼ਪ ਕਮਲ ਦਹਿਲ ਪ੍ਰਚੰਡ ਨੇ ਬੁੱਧਵਾਰ ਸੰਸਦ 'ਚ ਭਰੋਸੇ ਦਾ ਵੋਟ ਜਿੱਤ ਲਿਆ। 69 ਸਾਲਾ ਪ੍ਰਚੰਡ ਨੇਪਾਲ ਦੀ ਕਮਿਊਨਿਸਟ ਪਾਰਟੀ (ਮਾਓਵਾਦੀ ਕੇਂਦਰ) ਦੇ ਸਾਬਕਾ ਗੁਰੀਲਾ ਨੇਤਾ ਹਨ। ਉਨ੍ਹਾ ਨੂੰ 275 ਮੈਂਬਰੀ ਪ੍ਰਤੀਨਿਧ ਸਭਾ 'ਚ 157 ਵੋਟਾਂ ਪ੍ਰਾਪਤ ਹੋਈਆਂ। ਇਹ ਵੋਟ ਮਾਓਵਾਦੀ ਨੇਤਾ ਨੇ ਨੇਪਾਲੀ ਕਾਂਗਰਸ ਨੂੰ ਛੱਡਣ ਅਤੇ ਨੇਪਾਲ ਦੀ ਕਮਿਊਨਿਸਟ ਪਾਰਟੀ (ਯੂਨੀਫਾਈਡ ਮਾਰਕਸਵਾਦੀ-ਲੈਨਿਨਵਾਦੀ) ਨਾਲ ਨਵਾਂ ਗਠਜੋੜ ਬਣਾਉਣ ਤੋਂ ਕੁਝ ਦਿਨ ਬਾਅਦ ਪ੍ਰਾਪਤ ਕੀਤਾ। ਇਹ ਤੀਜੀ ਵਾਰ ਹੈ, ਜਦੋਂ ਪ੍ਰਚੰਡ ਨੇ ਦਸੰਬਰ 2022 'ਚ ਪ੍ਰਧਾਨ ਮੰਤਰੀ ਦਾ ਅਹੁਦਾ ਸੰਭਾਲਣ ਤੋਂ ਬਾਅਦ ਸਦਨ 'ਚ ਭਰੋਸੇ ਦਾ ਵੋਟ ਮੰਗਿਆ।

## ਪੱਤਰਕਾਰਾਂ ਲਈ ਸੂਚਨਾ

'ਨਵਾਂ ਜ਼ਮਾਨਾ' ਦੇ ਜਿਨ੍ਹਾਂ ਪ੍ਰਤੀਨਿਧਾਂ ਦੇ ਸ਼ਨਾਖਤੀ ਕਾਰਡ ਦੀ ਮਿਆਦ ਲੰਘ ਚੁੱਕੀ ਹੈ, ਉਨ੍ਹਾਂ ਨੂੰ ਅਪੀਲ ਕੀਤੀ ਜਾਂਦੀ ਹੈ ਕਿ ਉਹ ਆਪੋ-ਆਪਣੇ ਕਾਰਡ ਜਲਦੀ ਤੋਂ ਜਲਦੀ 'ਨਵਾਂ ਜ਼ਮਾਨਾ' ਦਫਤਰ ਆ ਕੇ ਬਾਅਦ ਦੁਪਹਿਰ ਸ਼ੁੱਕਰਵਾਰ ਅਤੇ ਸੋਮਵਾਰ ਨੂੰ 2 ਵਜੇ ਤੋਂ ਸ਼ਾਮ 5 ਵਜੇ ਤੱਕ ਨਵਿਆਉਣ। ਪਿਛਲੇ ਸਾਲ ਦੀ ਅਧਿਕਾਰਤ ਪੱਤਰ ਦੀ ਕਾਪੀ ਨਾਲ ਲਿਆਉਣ। **-ਮੈਨੇਜਰ**

# ਅੱਜ ਦਿੱਲੀ 'ਚ ਮਹਾਂ-ਪੰਚਾਇਤ



**ਨਵੀਂ ਦਿੱਲੀ** : ਦਿੱਲੀ ਪੁਲਸ ਨੇ ਸੰਯੁਕਤ ਕਿਸਾਨ ਮੋਰਚੇ ਨੂੰ ਵੀਰਵਾਰ ਰਾਮਲੀਲ੍ਹਾ ਮੈਦਾਨ ਵਿਚ ਮਹਾਂ-ਪੰਚਾਇਤ ਕਰਨ ਦੀ ਆਗਿਆ ਦੇ ਦਿੱਤੀ ਹੈ। ਪਾਣੀ, ਟਾਇਲਟ ਤੇ ਐਂਬੂਲੈਂਸ ਦਾ ਨਗਰ ਨਿਗਮ ਨਾਲ ਮਿਲ ਕੇ ਪ੍ਰਬੰਧ ਕੀਤਾ ਹੈ। ਮੋਰਚੇ ਨੇ ਇਕ ਬਿਆਨ ਵਿਚ ਕਿਹਾ ਕਿ ਮਹਾਂ-ਪੰਚਾਇਤ ਮੋਦੀ ਸਰਕਾਰ ਦੀਆਂ ਕਾਰਪੋਰੇਟ-ਪੱਖੀ, ਫਿਰਕੂ ਤੇ ਡਿਕਟੇਟਰਾਨਾ ਨੀਤੀਆਂ ਖਿਲਾਫ ਅਤੇ ਖੇਤੀਬਾੜੀ, ਖੁਰਾਕ ਸੁਰੱਖਿਆ ਤੇ ਕਿਸਾਨਾਂ ਨੂੰ ਕਾਰਪੋਰੇਟਾਂ ਦੀ ਲੁੱਟ ਤੋਂ ਬਚਾਉਣ ਲਈ ਸੰਘਰਸ਼ ਦਾ ਸੰਕਲਪ ਪੱਤਰ ਪਾਸ ਕਰੇਗੀ।

ਮਹਾਂ-ਪੰਚਾਇਤ ਵਿਚ ਪੰਜਾਬ ਤੋਂ 50 ਹਜ਼ਾਰ ਤੋਂ ਵੱਧ ਕਿਸਾਨਾਂ ਦੇ ਪੁੱਜਣ ਦੀ ਆਸ ਹੈ। ਇਸ ਦੇ ਮੱਦੇਨਜ਼ਰ ਦਿੱਲੀ ਪੁਲਸ ਨੇ ਟਰੈਫਿਕ ਐਡਵਾਇਜ਼ਰੀ ਜਾਰੀ ਕੀਤੀ ਹੈ।

ਇਸ ਤੋਂ ਪਹਿਲਾਂ ਕਿਸਾਨ ਆਗੂ ਬਲਬੀਰ ਸਿੰਘ ਰਾਜੇਵਾਲ ਨੇ ਕਿਹਾ ਸੀ ਕਿ ਜੇ ਕਿਸਾਨਾਂ ਨੂੰ ਕੌਮੀ ਰਾਜਧਾਨੀ 'ਚ ਪਹੁੰਚਣ ਤੋਂ ਰੋਕਿਆ ਗਿਆ ਤਾਂ ਇਸ ਨਾਲ ਧਰਨੇ ਤੇ ਰੇਲ ਰੋਕੋ ਪ੍ਰਦਰਸ਼ਨ ਸ਼ੁਰੂ ਹੋ ਸਕਦੇ ਹਨ। ਮਹਾਂਪੰਚਾਇਤ ਦੇ ਮੱਦੇਨਜ਼ਰ ਕਿਸਾਨ ਸ਼ੰਭੂ ਬਾਰਡਰ 'ਤੇ ਇਕੱਠੇ ਹੋ ਰਹੇ ਹਨ।

ਪੁਲਸ ਨੇ ਕਿਹਾ ਹੈ ਕਿ ਜਵਾਹਰ ਲਾਲ ਨਹਿਰੂ ਮਾਰਗ, ਬਹਾਦਰ ਸ਼ਾਹ ਜ਼ਫਰ ਮਾਰਗ, ਆਸਿਫ ਅਲੀ ਰੋਡ, ਸਵਾਮੀ ਵਿਵੇਕਾਨੰਦ ਮਾਰਗ, ਨੇਤਾ ਜੀ ਸੁਭਾਸ਼ ਮਾਰਗ, ਮਿੰਟੋ ਰੋਡ, ਮਹਾਰਾਜਾ ਰਣਜੀਤ ਸਿੰਘ ਫਲਾਈ ਓਵਰ, ਭਭੂਤੀ ਮਾਰਗ, ਚਮਨ ਲਾਲ ਮਾਰਗ, ਬਾਰਖੰਭਾ ਰੋਡ, ਟਾਲਿਸਟਾਏ ਮਾਰਗ, ਜੈ ਸਿੰਘ ਰੋਡ, ਸੰਸਦ ਮਾਰਗ, ਬਾਬਾ ਖੜਕ ਸਿੰਘ ਮਾਰਗ, ਅਸ਼ੋਕਾ ਰੋਡ, ਕਨਾਟ ਸਰਕਸ ਤੇ ਡੀ ਡੀ ਯੂ ਮਾਰਗ 'ਤੇ ਸਵੇਰੇ 6 ਵਜੇ ਤੋਂ ਸ਼ਾਮ 4 ਵਜੇ ਟਰੈਫਿਕ ਇਧਰ-ਉਧਰ ਮੋੜਿਆ ਜਾਵੇਗਾ।

## ਸੱਤਾ 'ਚ ਆਉਣ 'ਤੇ ਗਰੀਬ ਔਰਤਾਂ ਨੂੰ ਸਾਲਾਨਾ ਇੱਕ ਲੱਖ ਰੁਪਏ ਦੇਵਾਂਗੇ : ਰਾਹੁਲ

**ਧੂਲੇ** : ਰਾਹੁਲ ਗਾਂਧੀ ਨੇ ਬੁੱਧਵਾਰ ਇੱਥੇ ਕਿਹਾ ਕਿ ਜੇ ਉਨ੍ਹਾਂ ਦੀ ਪਾਰਟੀ ਲੋਕ ਸਭਾ ਚੋਣਾਂ 'ਚ ਸੱਤਾ 'ਚ ਆਉਂਦੀ ਹੈ ਤਾਂ ਗਰੀਬ ਔਰਤਾਂ ਦੇ ਬੈਂਕ ਖਾਤਿਆਂ 'ਚ ਸਾਲਾਨਾ 1 ਲੱਖ ਰੁਪਏ ਜਮ੍ਹਾਂ ਕਰਵਾਉਣ ਸਮੇਤ ਪੰਜ ਮਹਿਲਾ ਨਿਆਂ ਗਾਰੰਟੀਆਂ ਦਿੱਤੀਆਂ ਜਾਣਗੀਆਂ। ਇਸ 'ਚ ਨੌਕਰੀਆਂ 'ਚ 50 ਪ੍ਰਤੀਸ਼ਤ ਰਾਖਵਾਂਕਰਨ ਸ਼ਾਮਲ ਹੈ। 'ਭਾਰਤ ਜੋੜੋ ਨਿਆਏ ਯਾਤਰਾ' ਦੌਰਾਨ ਮਹਾਰਾਸ਼ਟਰ ਦੇ ਧੂਲੇ ਜ਼ਿਲ੍ਹੇ 'ਚ ਮਹਿਲਾ ਰੈਲੀ ਨੂੰ ਸੰਬੋਧਨ ਕਰਦਿਆਂ ਰਾਹੁਲ ਗਾਂਧੀ ਨੇ ਇਹ ਵੀ ਵਾਅਦਾ ਕੀਤਾ ਕਿ ਮਾਨਤਾ ਪ੍ਰਾਪਤ ਸਮਾਜਿਕ ਸਿਹਤ ਕਾਰਕੁੰਨ (ਆਸ਼ਾ), ਆਂਗਣਵਾੜੀ ਵਰਕਰ ਤੇ ਮਿਡ-ਡੇਅ ਮੀਲ ਯੋਜਨਾ ਤਹਿਤ ਕੰਮ ਕਰਦੀਆਂ ਔਰਤਾਂ ਲਈ ਬੱਜਟ 'ਚ ਕੇਂਦਰ ਦੀ ਹਿੱਸੇਦਾਰੀ ਦੁੱਗਣੀ ਕਰ ਦਿੱਤੀ ਜਾਵੇਗੀ।

ਉਨ੍ਹਾ ਕਿਹਾ ਕਿ ਔਰਤਾਂ ਨੂੰ ਉਨ੍ਹਾਂ ਦੇ ਹੱਕਾਂ ਪ੍ਰਤੀ ਜਾਗਰੂਕ ਕਰਨ ਅਤੇ ਉਨ੍ਹਾਂ ਦੇ ਕੇਸ ਲੜਨ ਲਈ ਨੋਡਲ ਅਫਸਰ ਨਿਯੁਕਤ ਕੀਤਾ ਜਾਵੇਗਾ। ਇਹ ਵੀ ਕਿਹਾ ਕਿ ਦੇਸ਼ ਦੇ ਹਰ ਜ਼ਿਲ੍ਹੇ 'ਚ ਔਰਤਾਂ ਲਈ ਸਾਵਿੱਤਰੀਬਾਈ ਫੂਲੇ ਹੋਸਟਲ ਬਣਾਏ ਜਾਣਗੇ।

## ਪੰਜਾਬ 'ਚ ਭਾਜਪਾ ਨੂੰ ਹਰਾਉਣ ਦੇ ਮੁੱਦੇ 'ਤੇ ਕਾਂਗਰਸ ਤੇ ਆਪ ਦੀ ਗੈਰ-ਸੰਜੀਦਗੀ ਨਾ-ਸਹਿਣਯੋਗ : ਸੀ ਪੀ ਆਈ

**ਚੰਡੀਗੜ੍ਹ (ਗਿਆਨ ਸੈਦਪੁਰੀ)**-ਭਾਰਤੀ ਕਮਿਊਨਿਸਟ ਦੀ ਪੰਜਾਬ ਇਕਾਈ ਨੇ ਕਿਹਾ ਹੈ ਕਿ ਲੋਕ ਸਭਾਈ ਚੋਣਾਂ ਦੇ ਬਰੂਹਾਂ 'ਤੇ ਆਣ ਢੁਕਣ ਦੇ ਮੌਕੇ ਫਾਸ਼ੀਵਾਦੀ ਅਤੇ ਫਿਰਕੂ ਤਾਕਤਾਂ ਨੂੰ ਭਾਂਜ ਦੇਣ ਲਈ ਬਣੇ 'ਇੰਡੀਆ' ਗਠਜੋੜ ਦੀ ਮਜ਼ਬੂਤੀ ਇਸ ਵਿੱਚ ਸ਼ਾਮਲ ਪਾਰਟੀਆਂ ਲਈ ਅਹਿਮ ਮੁੱਦਾ ਹੈ। ਅਜਿਹੇ ਮੌਕੇ ਇਸ ਗਠਜੋੜ ਦੀ ਸਭ ਤੋਂ ਵੱਡੀ ਧਿਰ ਕਾਂਗਰਸ ਪਾਰਟੀ ਦੀ ਪੰਜਾਬ ਇਕਾਈ ਦਾ ਗੈਰ-ਸੰਜੀਦਗੀ ਵਾਲਾ ਰਵੱਈਆ ਚਿੰਤਾਜਨਕ ਹੈ।

ਸੀ ਪੀ ਆਈ ਦੀ ਪੰਜਾਬ ਸਕੱਤਰੇਤ ਦੀ ਮੀਟਿੰਗ ਤੋਂ ਬਾਅਦ ਸੂਬਾ ਸਕੱਤਰ ਕਾਮਰੇਡ ਬੰਤ ਸਿੰਘ ਬਰਾੜ ਨੇ ਕਿਹਾ ਕਿ ਜਦੋਂ ਆਰ ਐੱਸ ਐੱਸ ਅਤੇ ਭਾਜਪਾ ਹਰ ਹਰਬਾ ਵਰਤ ਕੇ ਦੇਸ਼ ਦੀ ਜਮਹੂਰੀਅਤ ਨੂੰ ਖਤਮ ਕਰਨ ਦੇ ਰਾਹ ਪਈ ਹੋਈ ਹੈ ਤਾਂ ਓਦੋਂ ਸੈਕੂਲਰ ਅਤੇ ਜਮਹੂਰੀ ਤਾਕਤਾਂ ਦਾ ਏਕਾ ਅਣਸਰਦੀ ਲੋੜ ਹੈ। ਇਸੇ ਸੰਦਰਭ ਵਿੱਚ 'ਇੰਡੀਆ' ਗਠਜੋੜ ਹੋਂਦ ਵਿੱਚ ਆਇਆ ਹੈ। ਇਸ ਵਿੱਚ ਸ਼ਾਮਲ ਹਰ ਧਿਰ ਦਾ ਇਹ ਫਰਜ਼ ਬਣਦਾ ਹੈ ਕਿ ਏਕੇ ਨੂੰ ਕਾਇਮ ਤੇ ਹੋਰ ਮਜ਼ਬੂਤ ਕਰਨ ਲਈ ਸੰਜੀਦਗੀ ਵਿਖਾਈ ਜਾਵੇ। ਇਸ ਵਕਤ ਇਹ ਗੱਲ ਚਿੰਤਾ ਦਾ ਵਿਸ਼ਾ ਬਣੀ ਹੋਈ ਹੈ ਕਿ ਪੰਜਾਬ ਕਾਂਗਰਸ ਇਸ ਮਹੱਤਵਪੂਰਨ ਮੁੱਦੇ 'ਤੇ ਸੰਜੀਦਾ ਨਹੀਂ। ਇਸੇ ਤਰ੍ਹਾਂ ਆਮ ਆਦਮੀ ਪਾਰਟੀ ਨੇ ਵੀ ਪੰਜਾਬ ਵਿੱਚ ਕਾਂਗਰਸ ਪਾਰਟੀ ਵਰਗਾ ਰੁਖ ਅਪਣਾਇਆ ਹੋਇਆ ਹੈ। ਦੋਵਾਂ ਪਾਰਟੀਆਂ ਦਾ ਇਹ ਗੈਰ-ਜ਼ਿੰਮੇਵਾਰਾਨਾ ਰੁਖ ਪੰਜਾਬ ਦੇ ਉਨ੍ਹਾਂ ਲੋਕਾਂ ਨਾਲ ਧੋਖਾ ਹੈ, ਜੋ ਪੰਜਾਬ ਨੂੰ ਫਾਸ਼ੀਵਾਦੀ ਤੇ ਫਿਰਕੂ ਹਨੇਰੀ ਤੋਂ ਬਚਾ ਕੇ ਰੱਖਣਾ ਲੋਚਦੇ ਹਨ। ਕਾਮਰੇਡ ਬਰਾੜ ਨੇ ਕਿਹਾ ਕਿ ਅਤੀਤ ਵੱਲ ਝਾਤੀ ਮਾਰਦਿਆਂ ਪਤਾ ਲੱਗਦਾ ਹੈ ਕਿ ਪੰਜਾਬ ਦਾ ਇਤਿਹਾਸ ਗੌਰਵਮਈ ਤੇ ਵੱਖਰਾ ਨਿਆਰਾ ਰਿਹਾ ਹੈ। ਬਾਬੇ ਨਾਨਕ ਦੇ ਵੇਲਿਆਂ ਤੋਂ ਵੱਖ-ਵੱਖ ਧਰਮਾਂ ਤੇ ਜਾਤਾਂ ਦੇ ਲੋਕਾਂ ਦੀਆਂ ਮਜ਼ਬੂਤ ਸਾਂਝਾਂ ਬਣੀਆਂ ਰਹੀਆਂ ਹਨ, ਸਿਵਾਏ ਉਨ੍ਹਾਂ ਕੁਝ ਮੌਕਿਆਂ ਵੇਲੇ, ਜਦੋਂ ਹਾਕਮਾਂ ਨੇ ਆਪਣੇ ਤਖਤ ਦੇ ਪਾਵੇ ਡੋਲਦੇ ਵੇਖੇ ਤਾਂ ਇੱਕ ਗਿਣੀ-ਮਿਥੀ ਸਾਜ਼ਿਸ਼ ਨਾਲ ਲੋਕਾਂ ਅੰਦਰ ਨਫ਼ਰਤ ਦੀ ਜ਼ਹਿਰ ਫੈਲਾਈ ਗਈ ਸੀ।

ਕਮਿਊਨਿਸਟ ਆਗੂ ਨੇ ਅੱਗੇ ਕਿਹਾ ਕਿ ਇਨ੍ਹਾਂ ਚੋਣਾਂ ਦੇ ਨਤੀਜਿਆਂ ਵਿੱਚ ਪੰਜਾਬ ਵਿੱਚੋਂ ਇੱਕ ਵੀ ਸੀਟ ਆਰ ਐੱਸ ਐੱਸ-ਭਾਜਪਾ ਦੇ ਹੱਕ ਵਿੱਚ ਨਹੀਂ ਜਾਣੀ ਚਾਹੀਦੀ। ਜੇਕਰ ਕਾਂਗਰਸ ਪਾਰਟੀ ਅਤੇ 'ਆਪ' ਨੇ ਸੰਜੀਦਗੀ ਨਾ ਵਿਖਾਈ ਤਾਂ ਪੰਜਾਬ ਦੇ ਲੋਕ ਦੋਵਾਂ ਪਾਰਟੀਆਂ ਨੂੰ ਮਾਫ਼ ਨਹੀਂ ਕਰਨਗੇ। ਉਨ੍ਹਾ ਕਿਹਾ ਕਿ ਪੰਜਾਬ ਵਿੱਚ ਕਿਸੇ ਵੀ ਸਿਆਸੀ ਧਿਰ ਨੂੰ ਭਾਜਪਾ ਦਾ ਸਹਿਯੋਗ ਨਹੀਂ ਕਰਨਾ ਚਾਹੀਦਾ। ਕਾਮਰੇਡ ਬੰਤ ਬਰਾੜ ਨੇ ਕਿਹਾ ਕਿ ਸਕੱਤਰੇਤ ਮੀਟਿੰਗ ਵਿੱਚ ਚੋਣਾਂ ਦੇ ਸੰਬੰਧ ਵਿੱਚ ਗਹਿਰ-ਗੰਭੀਰ ਚਰਚਾ ਹੋਈ।

## ਚੋਣ ਕਮਿਸ਼ਨਰਾਂ ਬਾਰੇ ਪਟੀਸ਼ਨ 'ਤੇ ਸੁਣਵਾਈ ਭਲਕੇ

**ਨਵੀਂ ਦਿੱਲੀ** : ਸੁਪਰੀਮ ਕੋਰਟ ਨੇ ਚੋਣ ਕਮਿਸ਼ਨਰਾਂ ਦੀ ਚੋਣ ਲਈ ਬਣਾਈ ਕਮੇਟੀ 'ਚ ਭਾਰਤ ਦੇ ਚੀਫ ਜਸਟਿਸ ਨੂੰ ਸ਼ਾਮਲ ਨਾ ਕਰਨ ਨੂੰ ਚੁਣੌਤੀ ਦੇਣ ਵਾਲੀ ਐੱਨ ਜੀ ਓ ਦੀ ਪਟੀਸ਼ਨ 'ਤੇ ਸੁਣਵਾਈ 15 ਮਾਰਚ ਨੂੰ ਕਰਨ 'ਤੇ ਸਹਿਮਤੀ ਦੇ ਦਿੱਤੀ ਹੈ। ਜਸਟਿਸ ਸੰਜੀਵ ਖੰਨਾ ਦੀ ਅਗਵਾਈ ਵਾਲੀ ਬੈਂਚ ਨੇ ਐੱਨ ਜੀ ਓ 'ਐਸੋਸੀਏਸ਼ਨ ਫਾਰ ਡੈਮੋਕ੍ਰੇਟਿਕ ਰਿਫਾਰਮਜ਼' ਵੱਲੋਂ ਪੇਸ਼ ਵਕੀਲ ਪ੍ਰਸ਼ਾਂਤ ਭੂਸ਼ਣ ਦੀਆਂ ਦਲੀਲਾਂ ਦਾ ਨੋਟਿਸ ਲਿਆ ਅਤੇ ਸ਼ੁੱਕਰਵਾਰ ਨੂੰ ਸੁਣਵਾਈ ਤੈਅ ਕੀਤੀ। ਭੂਸ਼ਣ ਨੇ ਪਟੀਸ਼ਨ ਦੀ ਤੁਰੰਤ ਸੁਣਵਾਈ ਲਈ ਠੋਸ ਦਲੀਲਾਂ ਪੇਸ਼ ਕੀਤੀਆਂ ਸਨ।

ਭੂਸ਼ਣ ਨੇ ਕਿਹਾ ਕਿ ਕੇਂਦਰ ਸਰਕਾਰ ਨੂੰ ਹਦਾਇਤ ਕੀਤੀ ਜਾਵੇ ਕਿ ਦੋ ਚੋਣ ਕਮਿਸ਼ਨਰਾਂ ਦੀ ਨਿਯੁਕਤੀ ਕਰਨ ਵਾਲੀ ਕਮੇਟੀ ਵਿਚ ਚੀਫ ਜਸਟਿਸ ਨੂੰ ਸ਼ਾਮਲ ਕੀਤਾ ਜਾਵੇ। ਮਾਰਚ 2023 ਵਿਚ ਪੰਜ ਮੈਂਬਰੀ ਸੰਵਿਧਾਨਕ ਬੈਂਚ ਨੇ ਰੂਲਿੰਗ ਦਿੱਤੀ ਸੀ ਕਿ ਮੁੱਖ ਚੋਣ ਕਮਿਸ਼ਨਰ ਤੇ ਚੋਣ ਕਮਿਸ਼ਨਰ ਪ੍ਰਧਾਨ ਮੰਤਰੀ, ਲੋਕ ਸਭਾ ਵਿਚ ਆਪੋਜ਼ੀਸ਼ਨ ਦੇ ਆਗੂ ਤੇ ਚੀਫ ਜਸਟਿਸ 'ਤੇ ਅਧਾਰਤ ਤਿੰਨ ਮੈਂਬਰੀ ਕਮੇਟੀ ਦੀ ਸਲਾਹ ਨਾਲ ਕੀਤੀ ਜਾਵੇ। ਇਸ ਤੋਂ ਬਾਅਦ ਸਰਕਾਰ ਨੇ ਸੰਸਦ ਵਿਚ ਕਾਨੂੰਨ ਪਾਸ ਕਰਵਾ ਕੇ ਚੀਫ ਜਸਟਿਸ ਨੂੰ ਬਾਹਰ ਕਰ ਦਿੱਤਾ। ਨਵੇਂ ਕਾਨੂੰਨ ਮੁਤਾਬਕ ਨਿਯੁਕਤੀਆਂ ਪ੍ਰਧਾਨ ਮੰਤਰੀ, ਉਨ੍ਹਾ ਵੱਲੋਂ ਨਿਯੁਕਤ ਮੰਤਰੀ ਤੇ ਆਪੋਜ਼ੀਸ਼ਨ ਦੇ ਆਗੂ 'ਤੇ ਅਧਾਰਤ ਤਿੰਨ ਮੈਂਬਰੀ ਕਮੇਟੀ ਦੀ ਸਲਾਹ ਨਾਲ ਹੋਵੇਗੀ। ਇਸ ਨੂੰ ਸੁਪਰੀਮ ਕੋਰਟ ਵਿਚ ਚੈਲੰਜ ਕੀਤਾ ਗਿਆ ਸੀ ਪਰ ਸੁਪਰੀਮ ਕੋਰਟ ਨੇ ਸਟੇਅ ਦੇਣ ਤੋਂ ਨਾਂਹ ਕਰ ਦਿੱਤੀ ਸੀ। ਇਕ ਚੋਣ ਕਮਿਸ਼ਨਰ ਅਨੂਪ ਕੁਮਾਰ ਪਾਂਡੇ ਫਰਵਰੀ 2024 ਵਿਚ ਰਿਟਾਇਰ ਹੋ ਗਏ ਸਨ ਤੇ ਦੂਜੇ ਕਮਿਸ਼ਨਰ ਅਰੁਣ ਗੋਇਲ ਨੇ 10 ਮਾਰਚ ਨੂੰ ਅਸਤੀਫਾ ਦੇ ਦਿੱਤਾ। ਇਨ੍ਹਾਂ ਦੀ ਥਾਂ ਨਿਯੁਕਤੀਆਂ ਕੀਤੀਆਂ ਜਾਣੀਆਂ ਹਨ।

## 16 ਮਾਰਚ ਤੋਂ ਸ਼ੁੱਭਕਰਨ ਦੀ ਦੇਸ਼-ਵਿਆਪੀ ਕਲਸ਼ ਯਾਤਰਾ

**ਪਟਿਆਲਾ** : ਕਿਸਾਨ ਅੰਦੋਲਨ ਦਾ ਪਹਿਲਾ ਮਹੀਨਾ ਪੂਰਾ ਹੋਣ 'ਤੇ ਬੁੱਧਵਾਰ ਅੰਦੋਲਨਕਾਰੀ ਕਿਸਾਨਾਂ ਨੇ ਦੇਸ਼ ਭਰ 'ਚ ਸ਼ਹੀਦ ਕਿਸਾਨ ਸ਼ੁੱਭਕਰਨ ਸਿੰਘ ਦੀਆਂ ਅਸਥੀਆਂ ਦੀ ਕਲਸ਼ ਯਾਤਰਾ ਕੱਢਣ ਦਾ ਐਲਾਨ ਕੀਤਾ ਹੈ, ਜਿਸ ਦਾ ਆਗਾਜ਼ 16 ਮਾਰਚ ਨੂੰ ਹਰਿਆਣਾ ਤੋਂ ਕੀਤਾ ਜਾਵੇਗਾ। ਇਸ ਦੌਰਾਨ ਜਿੱਥੇ 22 ਮਾਰਚ ਨੂੰ ਹਿਸਾਰ ਵਿਖੇ ਸ਼ਰਧਾਂਜਲੀ ਸਮਾਰੋਹ ਕੀਤਾ ਜਾਵੇਗਾ, ਉਥੇ 31 ਮਾਰਚ ਨੂੰ ਅੰਬਾਲਾ ਨੇੜੇ ਮੋਹੜਾ ਮੰਡੀ 'ਚ ਵੀ ਸਮਾਰੋਹ ਹੋਵੇਗਾ। ਬਾਕੀ ਰਾਜਾਂ 'ਚ ਕੀਤੀ ਜਾਣ ਵਾਲੀ ਕਲਸ਼ ਯਾਤਰਾ ਸੰਬੰਧੀ ਤਰੀਕਾਂ ਦਾ ਐਲਾਨ ਬਾਅਦ 'ਚ ਕੀਤਾ ਜਾਵੇਗਾ। ਇਹ ਜਾਣਕਾਰੀ ਸ਼ੰਭੂ ਬਾਰਡਰ 'ਤੇ ਪ੍ਰੈੱਸ ਕਾਨਫਰੰਸ ਦੌਰਾਨ ਕਿਸਾਨ ਆਗੂ ਸਰਵਣ ਸਿੰਘ ਪੰਧੇਰ, ਜਗਜੀਤ ਸਿੰਘ ਡੱਲੇਵਾਲ, ਮਨਜੀਤ ਸਿੰਘ ਘੁਮਾਣਾ ਤੇ ਨਿਰਮਲ ਸਿੰਘ ਮੋਹੜੀ ਸਮੇਤ ਹਰਿਆਣਾ ਅਤੇ ਬਿਹਾਰ ਦੇ ਕਿਸਾਨ ਆਗੂਆਂ ਨੇ ਦਿੱਤੀ।

## ਭਾਜਪਾ ਦੀ ਦੂਜੀ ਲਿਸਟ 'ਚ ਖੱਟਰ ਸਣੇ ਤਿੰਨ ਸਾਬਕਾ ਮੁੱਖ ਮੰਤਰੀ

### ਹੰਸ ਰਾਜ ਹੰਸ ਨੂੰ ਦਿੱਲੀ ਤੋਂ ਮੁੜ ਟਿਕਟ ਨਹੀਂ

**ਨਵੀਂ ਦਿੱਲੀ** : ਭਾਜਪਾ ਨੇ ਬੁੱਧਵਾਰ ਲੋਕ ਸਭਾ ਲਈ 72 ਉਮੀਦਵਾਰਾਂ ਦੀ ਦੂਜੀ ਲਿਸਟ ਜਾਰੀ ਕੀਤੀ। ਇਨ੍ਹਾਂ ਵਿਚ ਮੱਧ ਪ੍ਰਦੇਸ਼ ਦੀਆਂ 5, ਗੁਜਰਾਤ ਦੀਆਂ 7, ਦਿੱਲੀ ਦੀਆਂ 2, ਹਰਿਆਣਾ ਦੀਆਂ 6, ਹਿਮਾਚਲ ਦੀਆਂ 2, ਦਾਦਰ ਤੇ ਨਗਰ ਹਵੇਲੀ ਦੀ ਇੱਕ, ਕਰਨਾਟਕ ਦੀਆਂ 20, ਤਿਲੰਗਾਨਾ ਦੀਆਂ 6, ਤ੍ਰਿਪੁਰਾ ਦੀ ਇਕ, ਮਹਾਰਾਸ਼ਟਰ ਦੀਆਂ 20 ਤੇ ਉੱਤਰਾਖੰਡ ਦੀਆਂ 2 ਸੀਟਾਂ ਸ਼ਾਮਲ ਹਨ। ਪੂਰਬੀ ਦਿੱਲੀ ਤੋਂ ਹਰਸ਼ ਮਲਹੋਤਰਾ ਤੇ ਉੱਤਰ-ਪੱਛਮੀ ਦਿੱਲੀ (ਰਿਜ਼ਰਵ) ਤੋਂ ਯੋਗੇਂਦਰ ਚੰਦੋਲੀਆ ਉਮੀਦਵਾਰ ਬਣਾਏ ਗਏ ਹਨ। ਇਸ ਤਰ੍ਹਾਂ ਹੰਸ ਰਾਜ ਹੰਸ ਨੂੰ ਦਿੱਲੀ ਤੋਂ ਟਿਕਟ ਨਹੀਂ ਮਿਲੀ। ਉਹ ਉੱਤਰ-ਪੱਛਮੀ ਦਿੱਲੀ ਤੋਂ ਸਾਂਸਦ ਹਨ। ਹਰਿਆਣਾ ਦੇ ਸਾਬਕਾ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਕਰਨਾਲ, ਅਸ਼ੋਕ ਤੰਵਰ ਸਿਰਸਾ, ਬੰਤੋ ਕਟਾਰੀਆ ਅੰਬਾਲਾ, ਚੌਧਰੀ ਧਰਮਬੀਰ ਸਿੰਘ ਭਿਵਾਨੀ-ਮਹਿੰਦਰਗੜ੍ਹ, ਰਾਓ ਇੰਦਰਜੀਤ ਸਿੰਘ ਯਾਦਵ ਗੁੜਗਾਓਂ ਤੇ ਕ੍ਰਿਸ਼ਨ ਪਾਲ ਗੁਰਜਰ ਫਰੀਦਾਬਾਦ ਤੋਂ ਉਮੀਦਵਾਰ ਹੋਣਗੇ। ਕੇਂਦਰੀ ਮੰਤਰੀ ਅਨੁਰਾਗ ਠਾਕੁਰ ਹਿਮਾਚਲ ਦੇ ਹਮੀਰਪੁਰ ਤੇ ਸੁਰੇਸ਼ ਕੁਮਾਰ ਕਸ਼ਯਪ ਸ਼ਿਮਲਾ ਤੋਂ ਉਮੀਦਵਾਰ ਬਣਾਏ ਗਏ ਹਨ। ਉੱਤਰਾਖੰਡ ਦੇ ਸਾਬਕਾ ਮੁੱਖ ਮੰਤਰੀ ਤ੍ਰਿਵੇਂਦਰ ਸਿੰਘ ਰਾਵਤ ਹਰਿਦੁਆਰ ਤੇ ਅਨਿਲ ਬਲੂਨੀ ਗੜ੍ਹਵਾਲ ਤੋਂ ਉਮੀਦਵਾਰ ਹੋਣਗੇ। ਕਰਨਾਟਕ ਦੇ ਸਾਬਕਾ ਮੁੱਖ ਮੰਤਰੀ ਬਸਵਰਾਜ ਬੋਮਈ ਹਵੇਰੀ ਤੋਂ ਚੋਣ ਲੜਨਗੇ। ਕੇਂਦਰੀ ਮੰਤਰੀ ਨਿਤਿਨ ਗਡਕਰੀ ਨਾਗਪੁਰ ਤੇ ਕੇਂਦਰੀ ਮੰਤਰੀ ਪੀਯੂਸ਼ ਗੋਇਲ ਮੁੰਬਈ ਨਾਰਥ ਤੋਂ ਚੋਣ ਲੜਨਗੇ।

## 22,217 ਚੋਣ ਬਾਂਡਾਂ 'ਚੋਂ 22,030 ਬਾਂਡ ਭੁਨਾਏ ਗਏ

ਨਵੀਂ ਦਿੱਲੀ : ਭਾਰਤੀ ਸਟੇਟ ਬੈਂਕ ਨੇ ਸੁਪਰੀਮ ਕੋਰਟ 'ਚ ਹੁਕਮ ਦੀ ਪਾਲਣਾ ਬਾਰੇ ਹਲਫਨਾਮਾ ਦਾਇਰ ਕਰਦਿਆਂ ਕਿਹਾ ਹੈ ਕਿ ਉਸ ਨੇ ਚੋਣ ਕਮਿਸ਼ਨ ਨੂੰ ਚੋਣ ਬਾਂਡ ਦੇ ਵੇਰਵੇ ਜਮ੍ਹਾਂ ਕਰਾ ਦਿੱਤੇ ਹਨ। ਇਸ 'ਚ ਚੋਣ ਬਾਂਡ ਦੀ ਖਰੀਦ ਮਿਤੀ, ਖਰੀਦਦਾਰਾਂ ਦੇ ਨਾਂਅ ਅਤੇ ਕੀਮਤ ਦੇ ਵੇਰਵੇ ਸ਼ਾਮਲ ਹਨ। ਬੈਂਕ ਨੇ ਦੱਸਿਆ ਕਿ ਚੋਣ ਬਾਂਡ ਭੁਨਾਉਣ ਦੀ ਮਿਤੀ ਅਤੇ ਚੰਦਾ ਪ੍ਰਾਪਤ ਕਰਨ ਵਾਲੀਆਂ ਸਿਆਸੀ ਪਾਰਟੀਆਂ ਦੇ ਨਾਵਾਂ ਦੀ ਜਾਣਕਾਰੀ ਵੀ ਚੋਣ ਕਮਿਸ਼ਨ ਨੂੰ ਸੌਂਪੀ ਗਈ ਹੈ। 1 ਅਪਰੈਲ 2019 ਤੋਂ 15 ਫਰਵਰੀ 2024 ਦਰਮਿਆਨ ਖਰੀਦੇ ਚੋਣ ਬਾਂਡਾਂ ਦੇ ਸੰਬੰਧ 'ਚ ਚੋਣ ਕਮਿਸ਼ਨ ਨੂੰ ਵੇਰਵੇ ਸੌਂਪੇ ਗਏ ਹਨ। 1 ਅਪਰੈਲ 2019 ਤੋਂ 15 ਫਰਵਰੀ 2024 ਦੇ ਵਿਚਕਾਰ 22,217 ਚੋਣ ਬਾਂਡ ਖਰੀਦੇ ਗਏ ਸਨ। ਬੈਂਕ ਨੇ ਦੱਸਿਆ ਕਿ 1 ਅਪਰੈਲ 2019 ਅਤੇ 11 ਅਪਰੈਲ 2019 ਵਿਚਕਾਰ 3,346 ਚੋਣ ਬਾਂਡ ਖਰੀਦੇ ਗਏ ਸਨ ਅਤੇ ਇਨ੍ਹਾਂ ਵਿੱਚੋਂ 1,609 ਨੂੰ ਭੁਨਾਇਆ ਕੀਤਾ ਗਿਆ ਸੀ। 12 ਅਪਰੈਲ 2019 ਤੋਂ 15 ਫਰਵਰੀ 2024 ਤੱਕ 18,871 ਚੋਣ ਬਾਂਡ ਖਰੀਦੇ ਗਏ ਸਨ। ਕੁੱਲ 22,217 ਚੋਣ ਬਾਂਡ ਖਰੀਦੇ ਗਏ ਸਨ ਅਤੇ ਇਨ੍ਹਾਂ ਵਿੱਚੋਂ 22,030 ਬਾਂਡ ਸਿਆਸੀ ਪਾਰਟੀਆਂ ਵੱਲੋਂ ਭੁਨਾਏ ਗਏ।

### ਪ੍ਰਧਾਨ ਮੰਤਰੀ ਨੂੰ ਡਰ ਕਾਹਦਾ ?

**ਨਵੀਂ ਦਿੱਲੀ** : ਕਾਂਗਰਸ ਨੇ ਬੁੱਧਵਾਰ ਦੋਸ਼ ਲਾਇਆ ਕਿ ਸਰਕਾਰ ਸਟੇਟ ਬੈਂਕ ਆਫ ਇੰਡੀਆ ਰਾਹੀਂ ਇਸ ਗੱਲ ਦਾ ਖੁਲਾਸਾ ਕਰਨ ਤੋਂ ਰੋਕਣ ਜਾਂ ਦੇਰੀ ਕਰਨ ਦੀ ਲਗਾਤਾਰ ਕੋਸ਼ਿਸ਼ ਕਰ ਰਹੀ ਹੈ ਕਿ ਕਿਸ ਨੇ ਕਿਸ ਸਿਆਸੀ ਪਾਰਟੀ ਨੂੰ ਕਿੰਨਾ ਚੰਦਾ ਦਿੱਤਾ ਹੈ। ਪਾਰਟੀ ਦੇ ਜਨਰਲ ਸਕੱਤਰ ਜੈਰਾਮ ਰਮੇਸ਼ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਕਿਸ ਗੱਲ ਤੋਂ ਡਰਦੇ ਹਨ? ਰਮੇਸ਼ ਨੇ ਐਕਸ 'ਤੇ ਪੋਸਟ ਕੀਤਾ-ਸੁਪਰੀਮ ਕੋਰਟ ਦੇ 15 ਫਰਵਰੀ 2024 ਨੂੰ ਚੋਣ ਬਾਂਡ ਨੂੰ ਗੈਰ-ਸੰਵਿਧਾਨਕ ਕਰਾਰ ਦੇਣ ਦੇ ਫੈਸਲੇ ਤੋਂ ਬਾਅਦ ਮੋਦੀ ਸਰਕਾਰ ਐੱਸ ਬੀ ਆਈ ਰਾਹੀਂ ਲਗਾਤਾਰ ਇਸ ਗੱਲ ਦਾ ਖੁਲਾਸਾ ਕਰਨ ਤੋਂ ਰੋਕਣ ਜਾਂ ਦੇਰੀ ਕਰਨ ਦੀ ਕੋਸ਼ਿਸ਼ ਕਰ ਰਹੀ ਹੈ ਕਿ ਕਿਸ ਨੇ ਕਿਸ ਪਾਰਟੀ ਨੂੰ ਕਿੰਨਾ ਪੈਸਾ ਦਾਨ ਦਿੱਤਾ ਹੈ। ਪ੍ਰਧਾਨ ਮੰਤਰੀ ਕਿਸ ਗੱਲ ਤੋਂ ਇੰਨੇ ਡਰੇ ਹੋਏ ਹਨ? ਚੋਣ ਬਾਂਡ ਡੇਟਾ ਤੋਂ ਕਿਹੜਾ ਨਵਾਂ ਘਪਲਾ ਸਾਹਮਣੇ ਆਵੇਗਾ? ਉਨ੍ਹਾ ਦਾਅਵਾ ਕੀਤਾ ਕਿ 20 ਫਰਵਰੀ 2024 ਨੂੰ ਇਹ ਗੱਲ ਸਾਹਮਣੇ ਆਈ ਸੀ ਕਿ ਈ ਡੀ, ਸੀ ਬੀ ਆਈ ਜਾਂ ਇਨਕਮ ਟੈਕਸ ਵਿਭਾਗ ਵੱਲੋਂ ਛਾਪੇਮਾਰੀ ਜਾਂ ਜਾਂਚ ਤੋਂ ਤੁਰੰਤ ਬਾਅਦ ਭਾਜਪਾ ਨੂੰ 30 ਕੰਪਨੀਆਂ ਤੋਂ 335 ਕਰੋੜ ਰੁਪਏ ਤੱਕ ਦਾ ਚੰਦਾ ਮਿਲਿਆ ਸੀ।

## ਧਮਾਕੇ ਤੋਂ ਬਾਅਦ ਸ਼ਿਲਾਂਗ ਦੇ ਸਿੱਖਾਂ 'ਚ ਸਹਿਮ, ਸ਼ਾਹ ਤੋਂ ਦਖਲ ਦੀ ਮੰਗ

**ਸ਼ਿਲਾਂਗ** : ਇੱਥੇ ਵਿਵਾਦਤ ਪੰਜਾਬੀ ਲੇਨ ਦੇ ਵਸਨੀਕਾਂ ਨੇ 9 ਮਾਰਚ ਨੂੰ ਉਨ੍ਹਾਂ ਦੇ ਇਲਾਕੇ 'ਚ ਹੋਏ ਆਈ ਈ ਡੀ ਧਮਾਕੇ ਤੋਂ ਬਾਅਦ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਤੋਂ ਦਖਲ ਦੇਣ ਦੀ ਮੰਗ ਕੀਤੀ ਹੈ। ਧਮਾਕੇ ਕਾਰਨ ਇੱਕ ਵਿਅਕਤੀ ਜ਼ਖਮੀ ਹੋ ਗਿਆ ਸੀ। ਸ਼ਾਹ ਨੂੰ ਲਿਖੇ ਪੱਤਰ 'ਚ ਹਰੀਜਨ ਪੰਚਾਇਤ ਕਮੇਟੀ ਦੇ ਸਕੱਤਰ ਗੁਰਜੀਤ ਸਿੰਘ ਨੇ ਕਿਹਾ ਕਿ ਧਮਾਕੇ ਨੇ ਵਸਨੀਕਾਂ 'ਚ ਡਰ ਪੈਦਾ ਕਰ ਦਿੱਤਾ ਹੈ। ਵਿਵਾਦ ਵਾਲੇ ਖੇਤਰ 'ਚ ਰਹਿਣ ਵਾਲੇ ਸਿੱਖ ਭਾਈਚਾਰੇ ਦਾ ਮੰਨਣਾ ਹੈ ਕਿ ਇਹ ਧਮਾਕਾ ਉਨ੍ਹਾਂ ਨੂੰ ਮਿਊਂਸਪਲ ਜ਼ਮੀਨ 'ਚ ਤਬਦੀਲ ਕਰਨ ਦੇ ਉਦੇਸ਼ ਨਾਲ ਗੱਲਬਾਤ 'ਚ ਵਿਘਨ ਪਾਉਣ ਲਈ ਕੀਤਾ ਗਿਆ। ਉਨ੍ਹਾ ਸ਼ਾਹ ਨੂੰ ਜ਼ੋਰ ਦੇ ਕੇ ਕਿਹਾ ਹੈ ਕਿ ਧਮਾਕਾ ਸ਼ਾਂਤੀ ਦੀਆਂ ਕੋਸ਼ਿਸ਼ਾਂ ਨੂੰ ਤਾਰਪੀਡੋ ਕਰਨ ਲਈ ਕੀਤਾ ਗਿਆ। ਉਨ੍ਹਾ ਕਿਹਾ ਕਿ ਪੰਜਾਬੀ ਬਸਤੀ ਦੇ ਸਿੱਖਾਂ ਨੂੰ ਵੱਖ-ਵੱਖ ਕਬਾਇਲੀ ਸਮੂਹਾਂ ਵੱਲੋਂ ਧਮਕੀਆਂ ਦਿੱਤੀਆਂ ਜਾ ਰਹੀਆਂ ਹਨ। ਇਹ ਸਮੂਹ ਮੇਘਾਲਿਆ 'ਚ ਗੈਰ-ਆਦਿਵਾਸੀਆਂ ਦੀ ਮੌਜੂਦਗੀ ਦਾ ਖੁੱਲ੍ਹੇਆਮ ਵਿਰੋਧ ਕਰ ਰਹੇ ਹਨ, ਜਿਸ ਨਾਲ ਡਰ ਦਾ ਮਾਹੌਲ ਬਣਿਆ ਹੋਇਆ ਹੈ।

## 'ਆਪ' ਵਿਧਾਇਕਾਂ ਨੂੰ ਮਲੰਗ ਕਹਿਣਾ ਸੁਖਬੀਰ ਦੀ ਜਗੀਰੂ ਸੋਚ : ਕੰਗ



**ਚੰਡੀਗੜ੍ਹ, (ਗੁਰਜੀਤ ਬਿੱਲਾ)** - ਆਮ ਆਦਮੀ ਪਾਰਟੀ (ਆਪ) ਨੇ ਸੁਖਬੀਰ ਬਾਦਲ ਵੱਲੋਂ 'ਆਪ' ਵਿਧਾਇਕਾਂ ਨੂੰ 'ਮਲੰਗ' ਕਹਿਣ ਦੇ ਬਿਆਨ ਦੀ ਸਖ਼ਤ ਨਿਖੇਧੀ ਕਰਦਿਆਂ ਕਿਹਾ ਕਿ ਇਹ ਬਿਆਨ ਉਨ੍ਹਾ ਦੀ ਜਗੀਰਦਾਰੀ ਸੋਚ ਨੂੰ ਦਰਸਾਉਂਦਾ ਹੈ। ਬੁੱਧਵਾਰ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ 'ਆਪ' ਪੰਜਾਬ ਦੇ ਮੁੱਖ ਬੁਲਾਰੇ ਮਲਵਿੰਦਰ ਸਿੰਘ ਕੰਗ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੇ 92 ਵਿਧਾਇਕਾਂ ਨੂੰ ਪਾਰਟੀ ਵਰਕਰਾਂ ਨੇ ਨਹੀਂ, ਸਗੋਂ ਪੰਜਾਬ ਦੇ ਤਿੰਨ ਕਰੋੜ ਲੋਕਾਂ ਨੇ ਲੋਕਤੰਤਰੀ ਢੰਗ ਨਾਲ ਚੁਣਿਆ ਹੈ। ਇਸ ਲਈ ਸੁਖਬੀਰ ਬਾਦਲ ਨੂੰ ਪੰਜਾਬ ਦੇ ਲੋਕਾਂ ਦੀਆਂ ਭਾਵਨਾਵਾਂ ਦਾ ਸਤਿਕਾਰ ਕਰਨਾ ਚਾਹੀਦਾ ਹੈ। ਇਸ ਬਿਆਨ ਤੋਂ ਪਤਾ ਲੱਗਦਾ ਹੈ ਕਿ ਸੁਖਬੀਰ ਦਾ ਆਮ ਲੋਕਾਂ ਪ੍ਰਤੀ ਵਤੀਰਾ ਰਾਜਾਸ਼ਾਹੀ ਦੀ ਪਰਜਾ ਵਰਗਾ ਹੈ। ਇਹ ਲੋਕ ਆਮ ਪੰਜਾਬੀਆਂ ਨੂੰ ਆਪਣਾ ਸੇਵਕ ਸਮਝਦੇ ਹਨ ਅਤੇ ਸੱਤਾ ਨੂੰ ਆਪਣਾ ਜਨਮ ਸਿੱਧ ਅਧਿਕਾਰ ਸਮਝਦੇ ਹਨ। ਇਹ ਲੋਕ ਆਮ ਲੋਕਾਂ ਨੂੰ ਕੀੜੇ-ਮਕੌੜੇ ਸਮਝਦੇ ਹਨ।

● ਬਾਕੀ ਸਫ਼ਾ 2 'ਤੇ

## ਪੁਲਸ ਅਧਿਕਾਰੀ ਨਿਰਪੱਖ ਤੇ ਸ਼ਾਂਤਮਈ ਚੋਣਾਂ ਲਈ ਪੁਖਤਾ ਬੰਦੋਬਸਤ ਕਰਨ : ਮਾਨ



**ਲੁਧਿਆਣਾ** : ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਬੁੱਧਵਾਰ ਪੁਲਸ ਅਧਿਕਾਰੀਆਂ ਨੂੰ ਅਗਾਮੀ ਲੋਕ ਸਭਾ ਚੋਣਾਂ ਬਿਨਾਂ ਕਿਸੇ ਡਰ-ਭੈਅ, ਨਿਰਪੱਖ ਅਤੇ ਸ਼ਾਂਤਮਈ ਢੰਗ ਨਾਲ ਕਰਵਾਉਣ ਲਈ ਆਖਿਆ।

ਇੱਥੇ ਇੰਸਪੈਕਟਰ ਜਨਰਲ, ਪੁਲਸ ਕਮਿਸ਼ਨਰਾਂ ਅਤੇ ਐੱਸ ਐੱਸ ਪੀਜ਼ ਸਮੇਤ ਸੀਨੀਅਰ ਪੁਲਸ ਅਧਿਕਾਰੀਆਂ ਨਾਲ ਮੀਟਿੰਗ ਦੌਰਾਨ ਮੁੱਖ ਮੰਤਰੀ ਨੇ ਕਿਹਾ ਕਿ ਇਹ ਚੋਣਾਂ ਨਿਰਵਿਘਨ ਤੇ ਸੁਚਾਰੂ ਢੰਗ ਨਾਲ ਹੋਣੀਆਂ ਲਾਜ਼ਮੀ ਹਨ, ਤਾਂ ਕਿ ਲੋਕ ਆਜ਼ਾਦੀ ਨਾਲ ਵੋਟ ਪਾ ਸਕਣ। ਉਨ੍ਹਾ ਕਿਹਾ ਕਿ ਇਹ ਚੋਣਾਂ ਜਮਹੂਰੀਅਤ ਦਾ ਜਸ਼ਨ ਹਨ, ਜਿਸ ਕਰਕੇ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਹਰੇਕ ਵੋਟਰ ਬੇਖੌਫ਼ ਹੋ ਕੇ ਇਨ੍ਹਾਂ ਚੋਣਾਂ ਵਿੱਚ ਹਿੱਸਾ ਲਵੇ।

ਮਾਨ ਨੇ ਕਿਹਾ ਕਿ ਪੁਲਸ ਅਧਿਕਾਰੀਆਂ ਨੂੰ ਇਸ ਮੰਤਵ ਲਈ ਢੁਕਵੇਂ ਪ੍ਰਬੰਧ ਕਰਨੇ ਚਾਹੀਦੇ ਹਨ ਅਤੇ ਇਸ ਨੇਕ ਕਾਰਜ ਲਈ ਕੋਈ ਕਸਰ ਬਾਕੀ ਨਹੀਂ ਛੱਡਣੀ ਚਾਹੀਦੀ। ਮੁੱਖ ਮੰਤਰੀ ਨੇ ਪੁਲਸ ਅਧਿਕਾਰੀਆਂ ਨੂੰ ਕਿਹਾ ਕਿ ਇਹ ਚੋਣਾਂ ਸ਼ਾਂਤਮਈ ਢੰਗ ਨਾਲ ਕਰਵਾਉਣ ਲਈ ਸਿਆਸੀ ਪਾਰਟੀਆਂ ਸਮੇਤ ਸਾਰੇ ਪ੍ਰਮੁੱਖ ਭਾਈਵਾਲਾਂ ਨਾਲ ਤਾਲਮਲ ਕੀਤਾ ਜਾਵੇ। ਸਿਆਸੀ ਪਾਰਟੀਆਂ ਵਿੱਚ ਸੁਰੱਖਿਆ ਅਤੇ ਹਿਫਾਜ਼ਤ ਦੀ ਭਾਵਨਾ ਹੋਣੀ ਚਾਹੀਦੀ ਹੈ, ਤਾਂ ਕਿ ਸਾਰੀਆਂ ਪਾਰਟੀਆਂ ਵਧ-ਚੜ੍ਹ

● ਬਾਕੀ ਸਫ਼ਾ 2 'ਤੇ

## ਸੈਣੀ ਨੇ ਭਰੋਸੇ ਦਾ ਵੋਟ ਜਿੱਤਿਆ

**ਚੰਡੀਗੜ੍ਹ** : ਹਰਿਆਣਾ ਵਿਧਾਨ ਸਭਾ 'ਚ ਬੁੱਧਵਾਰ ਨਵੇਂ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਸਰਕਾਰ ਨੇ ਭਰੋਸੇ ਦਾ ਵੋਟ ਜਿੱਤ ਲਿਆ। ਕਾਂਗਰਸ ਨੇ ਭਰੋਸੇ ਦੇ ਮਤੇ 'ਤੇ ਗੁਪਤ ਵੋਟਿੰਗ ਕਰਵਾਉਣ ਦੀ ਮੰਗ ਕੀਤੀ, ਪਰ ਸਪੀਕਰ ਗਿਆਨ ਚੰਦ ਗੁਪਤਾ ਨੇ ਅਜਿਹਾ ਕੋਈ ਨਿਯਮ ਨਾ ਹੋਣ ਦਾ ਦਾਅਵਾ ਕਰਦਿਆਂ ਮੰਗ ਨੂੰ ਠੁਕਰਾ ਦਿੱਤਾ। ਇਹ ਮਤਾ ਜ਼ੁਬਾਨੀ ਵੋਟਾਂ ਰਾਹੀਂ ਪਾਸ ਕਰ ਦਿੱਤਾ ਗਿਆ। ਇਸ ਤੋਂ ਪਹਿਲਾਂ ਸੈਣੀ ਵੱਲੋਂ ਪੇਸ਼ ਭਰੋਸੇ ਦੇ ਮਤੇ 'ਤੇ ਸਪੀਕਰ ਨੇ ਚਰਚਾ ਲਈ ਦੋ ਘੰਟੇ ਦਾ ਸਮਾਂ ਤੈਅ ਕੀਤਾ। ਜਦੋਂ ਭਰੋਸੇ ਦਾ ਮਤਾ ਰੱਖਿਆ ਗਿਆ ਅਤੇ ਚਰਚਾ ਸ਼ੁਰੂ ਹੋਈ ਤਾਂ ਜਨਨਾਇਕ ਜਨਤਾ ਪਾਰਟੀ (ਜਜਪਾ) ਦੇ ਵਿਧਾਇਕ ਦੇਵੇਂਦਰ ਸਿੰਘ ਬਬਲੀ, ਰਾਮ ਕੁਮਾਰ ਗੌਤਮ, ਈਸ਼ਵਰ ਸਿੰਘ, ਰਾਮ ਨਿਵਾਸ ਅਤੇ ਜੋਗੀ ਰਾਮ ਸਿਹਾਗ ਸਦਨ 'ਚੋਂ ਬਾਹਰ ਚਲੇ ਗਏ। ਜਜਪਾ ਨੇ ਵ੍ਹਿਪ ਜਾਰੀ ਕਰਕੇ ਆਪਣੇ 10 ਵਿਧਾਇਕਾਂ ਨੂੰ ਵਿਸ਼ਵਾਸ ਮਤੇ 'ਤੇ ਵੋਟਿੰਗ ਦੌਰਾਨ ਸਦਨ 'ਚੋਂ ਗੈਰਹਾਜ਼ਰ ਰਹਿਣ ਲਈ ਕਿਹਾ ਸੀ। ਰਾਜ ਦੇ ਸਾਬਕਾ ਗ੍ਰਹਿ ਮੰਤਰੀ ਅਨਿਲ ਵਿਜ ਸਦਨ 'ਚ ਮੌਜੂਦ ਹਨ, ਜਿਹੜੇ ਸੈਣੀ ਦੇ ਸਹੁੰ ਚੁੱਕ ਸਮਾਗਮ ਵਿਚ ਸ਼ਾਮਲ ਨਹੀਂ ਹੋਏ ਸਨ।

## ਸੀ ਏ ਏ ਦੰਗਿਆਂ ਦਾ ਸਬੱਬ ਬਣ ਸਕਦੈ : ਕੇਜਰੀਵਾਲ



**ਨਵੀਂ ਦਿੱਲੀ** : ਆਮ ਆਦਮੀ ਪਾਰਟੀ ਦੇ ਕਨਵੀਨਰ ਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਬੁੱਧਵਾਰ ਕਿਹਾ ਕਿ ਲੋਕ ਸਭਾ ਚੋਣਾਂ ਤੋਂ ਪਹਿਲਾਂ ਨਾਗਰਿਕਤਾ (ਸੋਧ) ਕਾਨੂੰਨ ਨੂੰ ਲਾਗੂ ਕਰਨਾ ਭਾਜਪਾ ਦੀ ਗੰਦੀ ਵੋਟ ਬੈਂਕ ਦੀ ਰਾਜਨੀਤੀ ਹੈ। ਉਨ੍ਹਾ ਕਿਹਾ ਕਿ ਲੋਕ ਚਾਹੁੰਦੇ ਹਨ ਕਿ ਇਸ ਕਾਨੂੰਨ ਨੂੰ ਰੱਦ ਕੀਤਾ ਜਾਵੇ। ਕੇਜਰੀਵਾਲ ਨੇ ਪ੍ਰੈੱਸ

● ਬਾਕੀ ਸਫ਼ਾ 2 'ਤੇ

## ਅੱਜ-ਨਾਮਾ

ਚੜ੍ਹਿਆ ਆ ਰਿਹਾ ਜਿੱਦਾਂ ਟਰੰਪ ਲੱਗਦਾ,
ਹੋਣਾ ਬਾਇਡੇਨ ਦੇ ਨਾਲ ਹੀ ਭੇੜ ਮੀਆਂ।
ਦੋਵੇਂ ਲੱਗਦੇ ਮਜ਼ਬੂਤ ਹਨ ਪਾਰਟੀ ਵਿੱਚ,
ਮੁੱਢਲਾ ਜਾਪਦਾ ਇੱਕੋ ਜਿਹਾ ਗੇੜ ਮੀਆਂ।
ਦਾਅਵੇ ਦੋਵੇਂ ਹੀ ਇਹੋ ਜਿਹੇ ਕਰੀ ਜਾਂਦੇ,
ਦੇਣੇ ਨੇ ਵਿਰੋਧ ਦੇ ਕਦਮ ਉਖੇੜ ਮੀਆਂ।
ਮਾੜੇ ਬੰਦੇ ਨਾ ਬਾਇਡੇਨ ਦੇ ਨਾਲ ਜੁੜਦੇ,
ਕਰਨ ਟਰੰਪ ਦਾ ਸਾਊ ਨਹੀਂ ਨੇੜ ਮੀਆਂ।
ਜਾਪਦਾ ਇਹੀ ਦੁਰਾਡੇ ਜਿਹਾਂ ਬੈਠਿਆਂ ਨੂੰ,
ਪਤਾ ਨਹੀਂ ਅਸਲ ਨੇ ਕੀ ਹਾਲਾਤ ਮੀਆਂ।
ਜਿਹੜਾ ਜਿੱਤਿਆ, ਕਰੂਗਾ ਸਾਫ ਦਾਅਵਾ,
ਕੀਤਾ ਈ ਨੇਕੀ ਨੇ ਬਦੀ ਨੂੰ ਮਾਤ ਮੀਆਂ।

-ਤੀਸ ਮਾਰ ਖਾਂ

# ਫਾਸ਼ੀਵਾਦੀ ਤਾਕਤਾਂ ਵਿਰੁੱਧ ਇਕ ਮੰਚ 'ਤੇ ਇਕੱਠੇ ਹੋਣ ਦੀ ਲੋੜ : ਬੰਤ ਬਰਾੜ

### *ਕਾਮਰੇਡ ਮੁਕੰਦ ਲਾਲ ਨਵਾਂਸ਼ਹਿਰ ਨੂੰ ਭਰਪੂਰ ਸ਼ਰਧਾਂਜਲੀਆਂ*





**ਨਵਾਂ ਸ਼ਹਿਰ, (ਕੁਲਵਿੰਦਰ ਸਿੰਘ ਦੁਰਗਾਪੁਰੀਆ/ ਅਵਤਾਰ ਕਲੇਰ)**-ਭਾਰਤੀ ਕਮਿਊਨਿਸਟ ਪਾਰਟੀ ਦੇ ਸੀਨੀਅਰ ਆਗੂ, ਸੀ ਪੀ ਆਈ ਨਵਾਂ ਸ਼ਹਿਰ ਤਹਿਸੀਲ ਦੇ ਸਕੱਤਰ, ਪੰਜਾਬ ਰੋਡਵੇਜ਼ ਦੇ ਸੇਵਾ-ਮੁਕਤ ਮੁਲਾਜ਼ਮ ਅਤੇ ਤਰਕਸ਼ੀਲ ਸੁਸਾਇਟੀ ਦੇ ਜ਼ੋਨ ਨਵਾਂ ਸ਼ਹਿਰ ਦੇ ਸਰਗਰਮ ਆਗੂ ਕਾਮਰੇਡ ਮੁਕੰਦ ਲਾਲ ਦਾ ਸ਼ਰਧਾਂਜਲੀ ਸਮਾਗਮ ਬੁੱਧਵਾਰ ਇੱਥੇ ਹੋਇਆ। ਬੀਤੀ 5 ਮਾਰਚ ਨੂੰ ਕਾਮਰੇਡ ਮੁਕੰਦ ਲਾਲ ਦਾ ਦਿਲ ਦੀ ਧੜਕਣ ਬੰਦ ਹੋਣ ਕਾਰਨ ਦੇਹਾਂਤ ਹੋ ਗਿਆ ਸੀ। ਇਸ ਮੌਕੇ ਸੀ ਪੀ ਆਈ ਦੇ ਸੂਬਾ ਸਕੱਤਰ ਬੰਤ ਸਿੰਘ ਬਰਾੜ ਨੇ ਸੰਬੋਧਨ ਕਰਦਿਆਂ ਕਿਹਾ ਕਿ ਕਾਮਰੇਡ ਮੁਕੰਦ ਲਾਲ ਬਹੁਪੱਖੀ ਸ਼ਖਸੀਅਤ ਸਨ, ਜਿਹਨਾ ਦੇ ਤੁਰ ਜਾਣ ਨਾਲ ਖੱਬੀ ਲਹਿਰ, ਤਰਕਸ਼ੀਲ ਲਹਿਰ ਅਤੇ ਉਹਨਾ ਦੇ ਪਰਵਾਰ ਨੂੰ ਵੱਡਾ ਘਾਟਾ ਪਿਆ। ਕਾਮਰੇਡ ਮੁਕੰਦ ਲਾਲ ਜ਼ਮੀਨ ਨਾਲ ਜੁੜੇ ਲੋਕ ਆਗੂ ਸਨ। ਉਹ ਲੋਕ ਘੋਲਾਂ ਦੀ ਭੱਠੀ ਵਿਚ ਤਪ ਕੇ ਨਿਕਲੇ ਪਰਪੱਕ ਆਗੂ ਸਨ। ਉਹਨਾ ਦੀ ਖੱਬੇਪੱਖੀ ਅਤੇ ਵਿਗਿਆਨਕ ਸੋਚ ਮੌਜੂਦਾ ਫਾਸ਼ੀਵਾਦੀ ਹਾਕਮਾਂ ਦੇ ਹੱਲਿਆਂ ਵਿਰੁੱਧ ਇਕ ਮੰਚ ਉੱਤੇ ਇਕੱਠੇ ਹੋ ਕੇ ਲੜਨ ਦੀ ਮੰਗ ਕਰਦੀ ਹੈ। ਸਾਥੀ ਬਰਾੜ ਨੇ ਕਿਹਾ ਕਿ ਸੀ ਏ ਏ ਲਾਗੂ ਕਰਨਾ ਲੋਕਤੰਤਰ ਦੇ ਖਿਲਾਫ ਹੈ ਅਤੇ ਸੰਵਿਧਾਨ ਖਤਰੇ 'ਚ ਹੈ। ਉਨ੍ਹਾ ਕਿਹਾ ਕਿ ਸੁਪਰੀਮ ਕੋਰਟ ਨੂੰ ਆਪ ਦਖਲ ਦੇ ਕੇ ਇਹੋ ਜਿਹਾ ਕਨੂੰਨ ਰੱਦ ਕਰਨਾ ਚਾਹੀਦਾ ਹੈ। ਉਨ੍ਹਾ ਕਿਹਾ ਕਿ ਕਾਮਰੇਡ ਮੁਕੰਦ ਲਾਲ ਨੂੰ ਇਹੋ ਹੀ ਸੱਚੀ ਸ਼ਰਧਾਂਜਲੀ ਹੋਵੇਗੀ ਕਿ ਫਿਰਕੂਵਾਦ ਵਿਰੁੱਧ ਲੜਾਈ ਰਲਮਿਲ ਕੇ ਲੜੀਏ।

ਖੇਤ ਮਜ਼ਦੂਰ ਸਭਾ ਪੰਜਾਬ ਦੇ ਜਨਰਲ ਸਕੱਤਰ ਦੇਵੀ ਕੁਮਾਰੀ ਨੇ ਕਿਹਾ ਕਿ ਕਾਮਰੇਡ ਮੁਕੰਦ ਲਾਲ ਦੇ ਵਿਛੋੜੇ ਨਾਲ ਖੇਤ ਮਜ਼ਦੂਰ ਸਭਾ ਨੂੰ ਬਹੁਤ ਘਾਟਾ ਪਿਆ ਹੈ। ਉਨ੍ਹਾ ਨੂੰ ਇਹੋ ਹੀ ਸੱਚੀ ਸ਼ਰਧਾਂਜਲੀ ਹੋਵੇਗੀ ਕਿ ਉਹਨਾ ਵੱਲੋਂ ਵਿੱਢਿਆ ਕਾਫਲਾ ਜਾਰੀ ਰੱਖਿਆ ਜਾਵੇ। ਸੀ ਪੀ ਆਈ ਦੇ ਜ਼ਿਲ੍ਹਾ ਕਾਰਜਕਾਰੀ ਸਕੱਤਰ ਨਰੰਜਣ ਦਾਸ ਮੇਹਲੀ, ਕਿਸਾਨ ਆਗੂ ਅਤੇ ਜ਼ਿਲ੍ਹਾ ਸਹਾਇਕ ਸਕੱਤਰ ਜਸਵਿੰਦਰ ਸਿੰਘ ਭੰਗਲ, ਪਰਮਿੰਦਰ ਮੇਨਕਾ ਬਲਾਚੌਰ, ਤਰਕਸ਼ੀਲ ਸੁਸਾਇਟੀ ਦੇ ਆਗੂਆਂ ਜੁਗਿੰਦਰ ਕੁੱਲੇਵਾਲ, ਸਤਪਾਲ ਸਲੋਹ, ਅਜਮੇਰ ਸਿੱਧੂ ਅਤੇ ਮਾਸਟਰ ਜਗਦੀਸ਼ ਨੇ ਕਿਹਾ ਕਿ ਮੁਕੰਦ ਲਾਲ ਚਾਨਣ ਦਾ ਪਸਾਰਾ ਕਰਨ ਵਾਲੇ ਅਣਥੱਕ ਤਰਕਸ਼ੀਲ ਆਗੂ ਸਨ, ਜਿਹਨਾ ਆਪਣੀ

● ਬਾਕੀ ਸਫ਼ਾ 2 'ਤੇ

## ਬੀ.ਕੇ.ਯੂ. (ਰਾਜੇਵਾਲ) ਦਾ ਜੱਥਾ ਹੋਇਆ ਦਿੱਲੀ ਰਵਾਨਾ



**ਸਮਰਾਲਾ, (ਸੁਰਜੀਤ ਸਿੰਘ)** ਸੰਯੁਕਤ ਕਿਸਾਨ ਮੋਰਚੇ ਦੇ ਸੱਦੇ 14 ਮਾਰਚ ਨੂੰ ਦਿੱਲੀ ਦੇ ਰਾਮ ਲੀਲਾ ਗਰਾਊਂਡ ਵਿੱਚ ਕਿਸਾਨਾਂ ਦੀ ਜੋ ਮਹਾਂਪੰਚਾਇਤ ਹੋ ਰਹੀ ਹੈ, ਜਿਸ ਵਿੱਚ ਸ਼ਾਮਲ ਹੋਣ ਲਈ ਭਾਰਤੀ ਕਿਸਾਨ ਯੂਨੀਅਨ (ਰਾਜੇਵਾਲ) ਦਾ ਇੱਕ ਜਥਾ ਮੁਖਤਿਆਰ ਸਿੰਘ ਸਰਵਰਪੁਰ ਜ਼ਿਲ੍ਹਾ ਮੀਤ ਪ੍ਰਧਾਨ (ਰਾਜੇਵਾਲ) ਅਤੇ ਕੁਲਵਿੰਦਰ ਸਿੰਘ ਪੂਰਬਾ ਬਲਾਕ ਪ੍ਰਧਾਨ (ਰਾਜੇਵਾਲ) ਅਗਵਾਈ ਹੇਠ ਰੇਲ ਗੱਡੀ ਰਾਹੀਂ ਦਿੱਲੀ ਲਈ ਰਵਾਨਾ ਹੋਇਆ।ਰਵਾਨਾ ਹੋਣ ਤੋਂ ਪਹਿਲਾਂ ਆਗੂਆਂ ਨੇ ਕਿਹਾ ਕਿ ਦਿੱਲੀ ਵਿਖੇ ਸੱਦੀ ਗਈ ਮਹਾਂਪੰਚਾਇਤ ਵਿੱਚ ਕਿਸਾਨੀ ਮੁੱਦਿਆਂ ਅਤੇ ਮਸਲਿਆਂ ਸਬੰਧੀ ਵਿਚਾਰਾਂ ਕੀਤੀਆਂ ਜਾਣਗੀਆਂ ਤੇ ਉਸ ਸਬੰਧੀ ਸਾਰਥਿਕ ਸੁਝਾਅ ਮੰਗ ਕੇ ਉਨ੍ਹਾਂ ਦੇ ਵਿਚਾਰ ਚਰਚਾ ਕਰਕੇ ਵਧੀਆਂ ਸੁਝਾਵਾਂ ਨੂੰ ਮੰਗਾਂ ਵਿੱਚ ਸ਼ਾਮਲ ਕੀਤਾ ਜਾਵੇਗਾ।ਇਸ ਮਹਾਂ ਪੰਚਾਇਤ ਵਿੱਚ ਸੰਯੁਕਤ ਕਿਸਾਨ ਮੋਰਚੇ ਦੇ ਸਾਰੇ ਆਗੂ ਸ਼ਾਮਲ ਹੋਣਗੇ ਤੇ ਪੂਰੇ ਭਾਰਤ ਵਿੱਚੋਂ ਕਿਸਾਨ ਵੀ ਹਿੱਸਾ ਲੈਣਗੇ।ਇਸ ਸਬੰਧ ਵਿੱਚ ਸਮਰਾਲਾ ਤੋਂ ਇੱਕ ਜਥਾ ਕਿਸਾਨਾਂ ਨਾਲ ਰੇਲ ਗੱਡੀ ਰਾਹੀਂ ਜਾ ਰਿਹਾ ਹੈ ਅਤੇ ਕਈ ਜਥੇ ਸਵੇਰੇ ਤੜਕੇ ਬੱਸਾਂ ਰਾਹੀਂ ਦਿੱਲੀ ਨੂੰ ਰਵਾਨਾ ਹੋਣਗੇ ਤੇ ਮਹਾਂ ਪੰਚਾਇਤ ਦਾ ਹਿੱਸਾ ਬਣਨਗੇ।ਰਵਾਨਾ ਹੋਣ ਵਾਲੇ ਜਥੇ ਵਿੱਚ ਉਪਰੋਕਤ ਤੋਂ ਇਲਾਵਾ ਜਗਦੇਵ ਸਿੰਘ ਮੁਤਿਓਂ, ਨਿਰਮਲ ਸਿੰਘ ਮਾਨੂੰਪੁਰ, ਕਸ਼ਮੀਰਾ ਸਿੰਘ ਸੁੱਖਾ ਬਾਬਾ, ਜਗਵੰਤ ਸਿੰਘ ਰੋਹਲੇ, ਸਤਨਾਮ ਸਿੰਘ ਪੂਰਬਾ, ਧਿਆਨ ਸਿੰਘ, ਬੂਟਾ ਸਿੰਘ ਬਗਲੀ, ਹੈਪੀ ਰਾਜੇਵਾਲ, ਕੁਲਵਿੰਦਰ ਸਿੰਘ ਰੁਪਾਲੋਂ, ਸ਼ੇਰਾ ਟੌਡਰਪੁਰ, ਚੌਧਰੀ ਸੰਗਤਪੁਰਾ, ਬਿੰਦਾ ਬਰਮਾਂ, ਕਰਮ ਸਿੰਘ ਉਟਾਲਾਂ ਆਦਿ ਤੋਂ ਇਲਾਵਾ ਹੋਰ ਵੀ ਯੂਨੀਅਨ ਦੇ ਵਰਕਰ ਹਾਜ਼ਰ ਸਨ।

## ਸੂਬਾ ਸਕੱਤਰ ਅਰਾਧਨਾ ਕਾਂਗੜਾ ਦੀ ਨਿਯੁਕਤੀ ਨਾਲ ਖ਼ੁਸ਼ੀ ਦੀ ਲਹਿਰ

**ਸੰਗਰੂਰ (ਪ੍ਰਵੀਨ ਸਿੰਘ)** ਸ਼੍ਰੀਮਤੀ ਪੂਨਮ ਕਾਂਗੜਾ ਤੇ ਸੀਨੀਅਰ ਦਲਿਤ ਲੀਡਰ ਸ਼੍ਰੀ ਦਰਸ਼ਨ ਸਿੰਘ ਕਾਂਗੜਾ ਦੀ ਨੂੰਹ ਸ਼੍ਰੀਮਤੀ ਅਰਾਧਨਾ ਕਾਂਗੜਾ ਦੀ ਪੰਜਾਬ ਪ੍ਰਦੇਸ਼ ਮਹਿਲਾ ਕਾਂਗਰਸ ਦੇ ਸੂਬਾ ਸਕੱਤਰ ਵਜੋਂ ਹੋਈ ਨਿਯੁਕਤੀ ਨੂੰ ਲੈ ਕੇ ਪੰਜਾਬ ਭਰ ਵਿੱਚ ਖੁਸ਼ੀ ਦਾ ਮਾਹੌਲ ਪਾਇਆ ਜਾ ਰਿਹਾ ਹੈ।ਨਿਯੁਕਤੀ ਦਾ ਜ਼ੋਰਦਾਰ ਸਵਾਗਤ ਕਰਦਿਆਂ ਜ਼ਿਲ੍ਹਾ ਮਾਲੇਰਕੋਟਲਾ, ਜ਼ਿਲ੍ਹਾ ਬਰਨਾਲਾ ਤੇ ਜ਼ਿਲ੍ਹਾ ਸੰਗਰੂਰ ਦੀਆਂ ਵੱਖ ਵੱਖ ਥਾਵਾਂ ਤੇ ਸ਼੍ਰੀਮਤੀ ਅਰਾਧਨਾ ਕਾਂਗੜਾ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ, ਜਿਸ ਸਬੰਧੀ ਮਲਕੀਤ ਸਿੰਘ, ਰਾਜਨ ਚੰਡਾਲੀਆ, ਨਰਿੰਦਰ ਸਿੰਘ ਬਿੱਲੂ, ਮੰਡੀ ਐਸੋਸੀਏਸ਼ਨ ਦੇ ਵਾਇਸ ਪ੍ਰਧਾਨ ਦੀਦਾਰ ਸਿੰਘ ਚਾਵਰੀਆ, ਰਾਜੇਸ਼ ਕੁਮਾਰ, ਕੇਵਲ ਸਿੰਘ, ਜਰਨੈਲ ਸਿੰਘ, ਗੁਰਮੁੱਖ ਸਿੰਘ ਧਾਲੀਵਾਲ, ਕਮਲਜੀਤ ਕੌਰ, ਜਗਸੀਰ ਸਿੰਘ, ਅਮਨ ਸਿੱਖਨ ਸੁਨਾਮ, ਅਕਾਸ਼ ਧਾਲੀਵਾਲ, ਮਨੋਜ ਕੁਮਾਰ, ਭੁਪਿੰਦਰ ਕੁਮਾਰ ਭਿੰਦਾ, ਸ਼ੰਕਰ ਸਿੰਘ ਆਦਿ ਆਗੂਆਂ ਨੇ ਕਿਹਾ ਕਿ ਕਾਂਗੜਾ ਪਰਵਾਰ ਬਹੁਤ ਹੀ ਮਿਹਨਤੀ ਪਰਵਾਰ ਹੈ, ਜੋ ਪਿਛਲੇ ਲੰਮੇ ਸਮੇਂ ਤੋਂ ਸਮਾਜ ਦੀ ਸੇਵਾ ਕਰਦਾ ਆ ਰਿਹਾ ਹੈ।

## ਪੰਜਾਬ ਬਚਾਓ ਯਾਤਰਾ ਨੂੰ ਸ.ਫਲ ਬਣਾਉਣ ਲਈ ਕੀਤੀਆਂ ਵਿਚਾਰਾਂ

**ਕੋਟਕਪੂਰਾ, (ਰਛਪਾਲ ਭੁੱਲਰ)** ਮਨਤਾਰ ਸਿੰਘ ਬਰਾੜ ਮੁੱਖ ਸੇਵਾਦਾਰ ਵੱਲੋਂ ਹਲਕਾ ਕੋਟਕਪੂਰਾ ਵਿੱਚ ਹੋਣ ਵਾਲੀ ਸੁਖਬੀਰ ਸਿੰਘ ਬਾਦਲ ਦੀ ਪੰਜਾਬ ਬਚਾਓ ਯਾਤਰਾ ਦੇ ਸੰਬੰਧ ਵਿੱਚ ਹਲਕੇ ਦੇ ਪਿੰਡ ਦੇਵੀਵਾਲਾ, ਸਿਰਸਿੜੀ, ਨੱਥੇਵਾਲਾ, ਨਵਾਂ ਨੱਥੇਵਾਲਾ, ਹਰੀ ਨੌਂ, ਮੌੜ, ਥਾੜਾ, ਦੁਆਰੇਆਣਾ, ਢੀਮਾਂਵਾਲੀ, ਰੱਤੀਰੋੜੀ, ਚੱਕ ਕਲਿਆਣ, ਫਿੱਡੇ ਖੁਰਦ, ਫਿੱਡੇ ਕਲਾਂ, ਦਾਨਾ ਰੋਮਾਣਾ, ਡੱਗੋ ਰੋਮਾਣਾ, ਸੰਗੋ ਰੋਮਾਣਾ ਅਤੇ ਕੋਟਕਪੂਰਾ ਦੇ ਵਾਰਡ ਨੰਬਰ 22, ਵਾਰਡ ਨੰਬਰ 23, ਤੇ 24 ਵਾਰਡ ਨੰਬਰ ਵਿਖੇ ਜਾ ਕੇ ਪਾਰਟੀ ਦੇ ਵਰਕਰਾਂ ਨਾਲ਼ ਯਾਤਰਾ ਵਿੱਚ ਸ਼ਾਮਲ ਹੋ ਕੇ ਯਾਤਰਾ ਨੂੰ ਸ.ਫਲ ਬਣਾਉਣ ਬਾਰੇ ਵਿਚਾਰ ਵਟਾਂਦਰਾ ਕੀਤੀਆਂ।

## ਕਿਸਾਨ ਮਹਾਂਪੰਚਾਇਤ 'ਚ ਵੱਡੀ ਗਿਣਤੀ 'ਚ ਸ਼ਾਮਲ ਹੋਣਗੇ ਕਿਸਾਨ : ਦੇਹ ਕਲਾਂ, ਨਿਆਮੀਆਂ

**ਖਰੜ (ਹਰਨਾਮ ਸਿੰਘ ਡੱਲਾ)** ਭਾਰਤੀ ਕਿਸਾਨ ਯੂਨੀਅਨ (ਲੱਖੋਵਾਲ) ਜ਼ਿਲ੍ਹਾ ਮੋਹਾਲੀ ਦੇ ਅਹੁਦੇਦਾਰਾਂ ਦੀ ਮੀਟਿੰਗ ਇਤਿਹਾਸਕ ਗੁਰਦੁਆਰਾ ਚੱਪੜਚਿੜੀ ਵਿਖੇ ਦਵਿੰਦਰ ਸਿੰਘ ਦੇਹ ਕਲਾਂ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿੱਚ ਚੌਦਾਂ ਮਾਰਚ ਦੀ ਦਿੱਲੀ ਵਿਖੇ ਹੋ ਰਹੀ ਕਿਸਾਨ ਮਹਾਂਪੰਚਾਇਤ, ਆਵਾਰਾ ਗਊਆਂ ਅਤੇ ਕੁੱਤਿਆਂ ਵੱਲੋਂ ਲੋਕਾਂ ਦੇ ਜਾਨੀ ਅਤੇ ਮਾਲੀ ਨੁਕਸਾਨ, ਗੜ੍ਹੇਮਾਰੀ ਨਾਲ ਕਿਸਾਨਾਂ ਦੀ ਫ਼ਸਲ ਦੇ ਹੋਏ ਨੁਕਸਾਨ ਅਤੇ ਜ਼ਿਲ੍ਹੇ ਪਿੰਡਾਂ ਨੂੰ ਰੋਪੜ ਨਾਲ ਜੋੜਨ ਬਾਰੇ ਵਿਚਾਰ ਵਟਾਂਦਰਾ ਕੀਤਾ ਗਿਆ। ਜਥੇਬੰਦੀ ਦੇ ਜ਼ਿਲ੍ਹਾ ਜਨਰਲ ਸਕੱਤਰ ਜਸਪਾਲ ਸਿੰਘ ਨਿਆਮੀਆਂ ਨੇ ਮੀਟਿੰਗ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਸੰਯੁਕਤ ਕਿਸਾਨ ਮੋਰਚੇ (ਭਾਰਤ) ਦੇ ਸੱਦੇ ਉੱਤੇ ਪੰਜਾਬ ਦੀਆਂ ਮੋਰਚੇ ਨਾਲ ਸਬੰਧਤ ਜਥੇਬੰਦੀਆਂ 14 ਮਾਰਚ ਨੂੰ ਵੱਡੀ ਗਿਣਤੀ ਵਿੱਚ ਦਿੱਲੀ ਪਹੁੰਚ ਰਹੀਆਂ ਹਨ। ਉਨ੍ਹਾਂ ਮੀਟਿੰਗ ਵਿੱਚ ਸਾਮਲ ਸਾਰੇ ਆਹੁਦੇਦਾਰਾਂ ਨੂੰ ਅਪੀਲ ਕੀਤੀ ਕਿ ਉਕਤ ਮਹਾਂਪੰਚਾਇਤ ਵਿੱਚ ਵੱਡੀ ਗਿਣਤੀ ਵਿੱਚ ਪਹੁੰਚਣ ਦੀ ਖੇਚਲ ਕਰਨ। ਇੱਕ ਮਤੇ ਰਾਹੀਂ ਯੂਨੀਅਨ ਨੇ ਜ਼ਿਲ੍ਹੇ ਵਿੱਚ ਘੁੰਮ ਰਹੇ ਅਵਾਰਾ ਪਸ਼ੂਆਂ ਤੇ ਅਵਾਰਾ ਕੁੱਤਿਆਂ ਵੱਲੋਂ ਲੋਕਾਂ ਦੇ ਜਾਨੀ ਤੇ ਮਾਲੀ ਨੁਕਸਾਨ ਬਾਰੇ ਚਿੰਤਾ ਪ੍ਰਗਟਾਈ ਅਤੇ ਸਰਕਾਰ ਤੋਂ ਮੰਗ ਕੀਤੀ ਕਿ ਕੋਈ ਠੋਸ ਨੀਤੀ ਅਪਨਾ ਕੇ ਇਸ ਸਮੱਸਿਆ ਦਾ ਜਲਦ ਹੱਲ ਕੀਤਾ ਜਾਵੇ। ਇਸ ਤੋਂ ਬਿਨਾਂ ਪਿਛਲੇ ਦਿਨੀਂ ਮੀਂਹ ਅਤੇ ਗੜ੍ਹੇਮਾਰੀ ਨਾਲ ਕਿਸਾਨਾਂ ਦੀਆਂ ਫਸਲਾਂ ਦੇ ਹੋਏ ਨੁਕਸਾਨ ਦਾ ਜਾਇਜ਼ਾ ਲਾ ਕੇ ਸਰਕਾਰ ਤੋਂ ਮੁਆਵਜ਼ੇ ਦੀ ਮੰਗ ਵੀ ਕੀਤੀ। ਇੱਕ ਹੋਰ ਮਤੇ ਰਾਹੀਂ ਕਿਸਾਨਾਂ ਨੇ ਸ੍ਰੀ ਆਨੰਦਪੁਰ ਸਾਹਿਬ ਦੇ ਜ਼ਿਲ੍ਹਾ ਬਣਾਏ ਜਾਣ ਦੀ ਸੂਰਤ ਵਿੱਚ ਮੋਹਾਲੀ ਦੇ ਪਿੰਡਾਂ ਨੂੰ ਰੋਪੜ ਵਿੱਚ ਸ਼ਾਮਲ ਕਰਨ ਤੋਂ ਗੁਰੇਜ ਕਰਨ ਦੀ ਵੀ ਸਰਕਾਰ ਤੋਂ ਮੰਗ ਕੀਤੀ ਗਈ।

## ਅਧਿਆਪਕ ਦੀ ਕੁੱਟਮਾਰ ਕਰਕੇ ਜ਼ਖ਼ਮੀ ਕਰਨ ਦੇ ਦੋਸ਼ 'ਚ 3 ਖਿਲਾ.ਫ ਮਾਮਲਾ ਦਰਜ

**ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ)** ਪ੍ਰੀਤ ਨਗਰ ਵਿਖੇ ਸਰਕਾਰੀ ਅਧਿਆਪਕ ਦੀ ਕੁੱਟਮਾਰ ਕਰਕੇ ਜ਼ਖ਼ਮੀ ਕਰਨ ਦੇ ਦੋਸ਼ ਵਿੱਚ ਥਾਣਾ ਸਿਟੀ ਫ਼ਿਰੋਜ਼ਪੁਰ ਪੁਲਸ ਨੇ 3 ਅਣਪਛਾਤੇ ਵਿਅਕਤੀਆਂ ਖਿਲਾਫ 307, 341, 427, 34 ਆਈਪੀਸੀ ਤਹਿਤ ਮਾਮਲਾ ਦਰਜ ਕੀਤਾ ਹੈ। ਪੁਲਸ ਨੂੰ ਦਿੱਤੇ ਬਿਆਨਾਂ ਵਿੱਚ ਅਧਿਆਪਕ ਧਰਿੰਦਰ ਸਚਦੇਵਾ ਪੁੱਤਰ ਹਰੀ ਚੰਦ ਵਾਸੀ ਪ੍ਰੀਤ ਨਗਰ ਸਿਟੀ ਫ਼ਿਰੋਜ਼ਪੁਰ ਨੇ ਦੱਸਿਆ ਕਿ ਉਹ ਗੌਰਮਿੰਟ ਸੀਨੀਅਰ ਸੈਕੰਡਰੀ ਸਕੂਲ ਫ਼ਿਰੋਜ਼ਪੁਰ ਵਿਖੇ ਟੀਚਰ ਲੱਗਾ ਹੋਇਆ ਹੈ। ਧਰਿੰਦਰ ਸਚਦੇਵਾ ਨੇ ਦੱਸਿਆ ਕਿ ਮਿਤੀ 12 ਮਾਰਚ 2024 ਨੂੰ ਕਰੀਬ 3 ਪੀਐੱਮ 'ਤੇ ਉਹ ਸਕੂਲ ਤੋਂ ਆਪਣੇ ਘਰ ਪ੍ਰੀਤ ਨਗਰ ਪਾਸ ਪੁੱਜਾ ਤਾਂ ਅਚਾਨਕ ਮੋਟਰਸਾਈਕਲ 'ਤੇ ਤਿੰਨ ਅਣਪਛਾਤੇ ਵਿਅਕਤੀ ਆਏ, ਜਿਨ੍ਹਾਂ ਦੇ ਹੱਥਾਂ ਵਿਚ ਬੇਸਬਾਲ ਤੇ ਲੋਹਾ ਦੀ ਰਾਡ ਸੀ, ਜਿਨ੍ਹਾਂ ਨੇ ਉਸ ਉਪਰ ਹਮਲਾ ਕਰ ਦਿੱਤਾ ਤੇ ਲੋਹੇ ਦੀ ਰਾਡਾਂ ਨਾਲ ਵਾਰ ਕਰਨੇ ਸ਼ੁਰੂ ਕਰ ਦਿੱਤੇ। ਧਰਿੰਦਰ ਸਚਦੇਵਾ ਨੇ ਦੱਸਿਆ ਕਿ ਅਣਪਛਾਤੇ ਵਿਅਕਤੀਆਂ ਨੇ ਮਾਰ ਦੇਣ ਦੀ ਨੀਅਤ ਨਾਲ ਉਸ ਦੇ ਸਿਰ ਉਪਰ ਇਕ ਵਾਰ ਕੀਤਾ ਤੇ ਸਰੀਰ 'ਤੇ ਕਈ ਵਾਰ ਕੀਤੇ ਤੇ ਉਸ ਦੇ ਮੋਟਰਸਾਈਕਲ ਦੀ ਭੰਨ ਤੋੜ ਕੀਤੀ ਅਤੇ ਮੌਕੇ ਤੋਂ ਹਥਿਆਰਾਂ ਸਮੇਤ ਫਰਾਰ ਹੋ ਗਏ। ਧਰਿੰਦਰ ਸਚਦੇਵਾ ਨੇ ਦੱਸਿਆ ਕਿ ਉਸ ਦਾ ਇਲਾਜ ਅਨਿਲ ਬਾਗੀ ਹਸਪਤਾਲ ਵਿਖੇ ਚੱਲ ਰਿਹਾ ਹੈ। ਇਸ ਮਾਮਲੇ ਦੀ ਜਾਂਚ ਕਰ ਰਹੇ ਸਹਾਇਕ ਥਾਣੇਦਾਰ ਰਮਨ ਕੁਮਾਰ ਨੇ ਦੱਸਿਆ ਕਿ ਪੁਲਿਸ ਨੇ ਅਣਪਛਾਤੇ ਵਿਅਕਤੀਆਂ ਖਿਲਾਫ ਮੁਕੱਦਮਾ ਦਰਜ ਰਜਿਸਟਰ ਕਰਕੇ ਅਗਲੀ ਕਾਰਵਾਈ ਅਮਲ ਵਿੱਚ ਲਿਆਂਦੀ ਜਾ ਰਹੀ ਹੈ।

## ਸੇਵਾ ਭਾਰਤੀ ਵੱਲੋਂ ਖ਼ੂਨਦਾਨ ਕੈਂਪ ਭਲਕੇ

**ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ)** ਲੋੜਵੰਦਾਂ ਦੀ ਮੱਦਦ ਕਰਨ ਦੇ ਮੰਤਵ ਨਾਲ ਸਮਾਜ ਸੇਵੀ ਸੰਸਥਾ ਸੇਵਾ ਭਾਰਤੀ ਫ਼ਿਰੋਜ਼ਪੁਰ ਵੱਲੋਂ 15 ਮਾਰਚ ਨੂੰ ਵਿਸ਼ੇਸ਼ ਖ਼ੂਨਦਾਨ ਕੈਂਪ ਲਾਇਆ ਜਾ ਰਿਹਾ ਹੈ। ਸੰਸਥਾ ਦੇ ਅਹੁਦੇਦਾਰਾਂ ਨੇ ਦੱਸਿਆ ਕਿ ਸੰਸਥਾ ਵੱਲੋਂ 15 ਮਾਰਚ ਨੂੰ ਸਵੇਰੇ 9 ਵਜੇ ਤੋਂ ਬਾਅਦ ਦੁਪਹਿਰ 3 ਵਜੇ ਤੱਕ ਕੱਚਾ ਜ਼ੀਰਾ ਰੋਡ, ਦਾਣਾ ਮੰਡੀ, ਫ਼ਿਰੋਜ਼ਪੁਰ ਸ਼ਹਿਰ ਨੇੜੇ ਹਾਰਮਨੀ ਆਯੁਰਵੈਦਿਕ ਮੈਡੀਕਲ ਕਾਲਜ ਅਤੇ ਹਸਪਤਾਲ ਵਿਖੇ ਇੱਕ ਵਿਸ਼ੇਸ਼ ਖ਼ੂਨਦਾਨ ਕੈਂਪ ਲਾਇਆ ਜਾ ਰਿਹਾ ਹੈ। ਉਨ੍ਹਾਂ ਨੌਜਵਾਨਾਂ ਅਤੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਵੱਧ ਤੋਂ ਵੱਧ ਗਿਣਤੀ ਵਿੱਚ ਕੈਂਪ 'ਚ ਭਾਗ ਲੈ ਕੇ ਖ਼ੂਨਦਾਨ ਕਰਕੇ ਲੋੜਵੰਦਾਂ ਦੀ ਮਦਦ ਕਰਨ।

## ਗਗਨਦੀਪ ਸਿੰਘ ਧੂਰੀ ਪਦਉੱਨਤ ਹੋ ਕੇ ਇੰਸਪੈਕਟਰ ਬਣੇ

**ਧੂਰੀ (ਸੁਖਦੇਵ ਧੂਰੀ)** ਗਗਨਦੀਪ ਸਿੰਘ ਧੂਰੀ ਦੇ ਇੰਸਪੈਕਟਰ ਬਣਨ 'ਤੇ ਸਟਾਰ ਐਸ ਐਸ ਪੀ ਮਾਲੇਰਕੋਟਲਾ ਹਰਕਮਲਪ੍ਰੀਤ ਸਿੰਘ ਖੱਖ, ਗੁਰਦੇਵ ਸਿੰਘ ਡੀ ਐਸ ਪੀ ਮਾਲੇਰਕੋਟਲਾ ਤੇ ਰਣਜੀਤ ਸਿੰਘ ਡੀ ਐਸ ਪੀ ਸਪੈਸਲ ਬ੍ਰਾਂਚ ਨੇ ਲਾਇਆ। ਇੰਸਪੈਕਟਰ ਪ੍ਰਮੋਟ ਹੋਣ 'ਤੇ ਖ਼ੁਸ਼ੀ ਜ਼ਾਹਰ ਕਰਦਿਆਂ ਗਗਨਦੀਪ ਸਿੰਘ ਧੂਰੀ ਨੇ ਕਿਹਾ ਕਿ ਉਹ ਆਪਣੀ ਡਿਊਟੀ ਪਹਿਲਾਂ ਦੀ ਤਰ੍ਹਾਂ ਪੂਰੀ ਜ਼ਿੰਮੇਵਾਰੀ ਅਤੇ ਤਨਦੇਹੀ ਨਾਲ ਨਿਭਾਉਣਗੇ।

## ਪਾਰਕ ਦੇ ਨਵੀਨੀਕਰਨ ਤੇ ਓਪਨ ਜਿੰਮ ਦਾ ਨੀਂਹ ਪੱਥਰ ਰੱਖਿਆ

**ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ)** ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਿੱਚ ਪੰਜਾਬ ਸਰਕਾਰ ਰਾਜ ਨੂੰ ਮੁੜ ਰੰਗਲਾ ਪੰਜਾਬ ਬਣਾਉਣ ਵਿੱਚ ਕੋਈ ਕਸਰ ਬਾਕੀ ਨਹੀਂ ਛੱਡੇਗੀ।ਇਸ ਮੰਤਵ ਲਈ ਪਹਿਲੇ ਦਿਨ ਤੋਂ ਹੀ ਸਰਕਾਰ ਹਰ ਵਰਗ ਦੀ ਖ਼ੁਸ਼ਹਾਲੀ ਤੇ ਤਰੱਕੀ ਲਈ ਕਾਰਜਸ਼ੀਲ ਹੈ।ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਵਿਧਾਇਕ ਰਣਬੀਰ ਸਿੰਘ ਭੁੱਲਰ ਵੱਲੋਂ ਹਲਕਾ ਫ਼ਿਰੋਜ਼ਪੁਰ ਸ਼ਹਿਰੀ ਅਧੀਨ ਬਸਤੀ ਟੈਂਕਾਂ ਵਾਲੀ ਵਿਖੇ 3.50 ਲੱਖ ਰੁਪਏ ਦੀ ਲਾਗਤ ਨਾਲ ਪਾਰਕ ਦੇ ਨਵੀਨੀਕਰਣ ਤੇ 2.25 ਲੱਖ ਰੁਪਏ ਦੀ ਲਾਗਤ ਨਾਲ ਓਪਨ ਜਿੰਮ ਦਾ ਨੀਂਹ ਪੱਥਰ ਰੱਖਣ ਮੌਕੇ ਕੀਤਾ ਗਿਆ।ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਆਪਣੇ ਲੋਕਾਂ ਨੂੰ ਸਿਹਤਮੰਦ, ਸਾਫ-ਸੁਥਰਾ ਤੇ ਹਰਿਆ-ਭਰਿਆ ਵਾਤਾਵਰਣ ਮੁਹੱਈਆ ਕਰਾਉਣ ਲਈ ਵਚਨਬੱਧ ਹੈ।ਇਸ ਲਈ ਪੰਜਾਬ ਸਰਕਾਰ ਵੱਲੋਂ ਰਾਜ ਭਰ ਵਿੱਚ ਸੀਐੱਮ ਦੀ ਯੋਗਸ਼ਾਲਾ ਵੀ ਸ਼ੁਰੂ ਕੀਤੀ ਗਈ ਹੈ।ਉਨ੍ਹਾਂ ਕਿਹਾ ਕਿ ਇਸ ਪਾਰਕ ਵਿੱਚ ਸੁੰਦਰ ਫੁੱਲਾਂ ਦੇ ਬੂਟੇ ਛਾਂਦਾਰ ਰੁੱਖ, ਨੌਜਵਾਨਾਂ ਨੂੰ ਕਸਰਤ ਕਰਨ ਲਈ ਓਪਨ ਜਿੰਮ ਲਗਾ ਕੇ ਪਾਰਕ ਦਾ ਸੁੰਦਰੀਕਰਨ ਕੀਤਾ ਜਾਵੇਗਾ, ਜਿਸ ਦਾ ਲਾਭ ਆਮ ਲੋਕਾਂ ਨੂੰ ਮਿਲੇਗਾ ਅਤੇ ਉਹ ਇੱਥੇ ਸਵੇਰੇ ਸ਼ਾਮ ਆ ਕੇ ਸੈਰ, ਕਸਰਤ ਤੇ ਯੋਗਾ ਆਦਿ ਕਰ ਕੇ ਆਪਣੇ ਆਪ ਨੂੰ ਸਰੀਰਕ ਤੌਰ ਤੇ ਫਿਟ ਰੱਖ ਸਕਨਗੇ।ਇਸ ਮੌਕੇ ਚੇਅਰਮੈਨ ਮਾਰਕੀਟ ਕਮੇਟੀ ਬਲਰਾਜ ਕਟੋਰਾ, ਐਮਈ ਚਰਨਪਾਲ ਸਿੰਘ, ਜੇਈ ਲਵਪ੍ਰੀਤ ਸਿੰਘ, ਨੇਕ ਪ੍ਰਤਾਪ ਸਿੰਘ, ਰਾਜ ਬਹਾਦਰ ਸਿੰਘ, ਬਲਦੇਵ ਸਿੰਘ ਮਲੀ, ਗੁਲਸ਼ਨ ਗੱਖੜ, ਦਿਲਬਾਗ ਕਟੋਰਾ, ਦਰਸ਼ੂ ਐੱਮਸੀ., ਐਡਵੋਕੇਟ ਕ੍ਰਿਸ਼ਨ ਅਵਸਥੀ, ਮਨਦੀਪ ਠਾਕੁਰ, ਅਮਰਿੰਦਰ ਬਰਾੜ ਤੇ ਮਨਪ੍ਰੀਤ ਚੀਮਾ ਹਾਜ਼ਰ ਸਨ।

## ਗੌਰਮਿੰਟ ਸਕੂਲ ਟੀਚਰਜ਼ ਯੂਨੀਅਨ ਵੱਲੋਂ ਅਧਿਆਪਕ 'ਤੇ ਹਮਲੇ ਦੀ ਨਿੰਦਾ

**ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ)** ਧਰਿੰਦਰ ਸਚਦੇਵਾ ਐੱਸਐੱਸ ਮਾਸਟਰ ਉੱਪਰ ਅਣਪਛਾਤੇ ਵਿਅਕਤੀਆਂ ਵੱਲੋਂ ਕਾਤਲਾਨਾ ਹਮਲਾ ਕੀਤਾ ਗਿਆ, ਜਿਸ ਵਿੱਚ ਉਹ ਗੰਭੀਰ ਰੂਪ ਵਿੱਚ ਜ਼ਖ਼ਮ ਹੋ ਗਿਆ, ਜਿਸ ਦੀ ਗੌਰਮਿੰਟ ਸਕੂਲ ਟੀਚਰਜ਼ ਯੂਨੀਅਨ ਪੰਜਾਬ ਸਖਤ ਸ਼ਬਦਾਂ ਵਿੱਚ ਨਿੰਦਾ ਕਰਦੀ ਹੈ।ਗੌਰਮਿੰਟ ਸਕੂਲ ਟੀਚਰਜ਼ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਸੁਖਜਿੰਦਰ ਸਿੰਘ ਖਾਨਪੁਰ, ਸਕੱਤਰ ਪਰਮਿੰਦਰ ਸਿੰਘ ਸੋਢੀ, ਸੂਬਾ ਵਿੱਤ ਸਕੱਤਰ ਨਵੀਨ ਕੁਮਾਰ ਸਚਦੇਵਾ, ਐਡੀਸ਼ਨਲ ਸਕੱਤਰ ਬਾਜ ਸਿੰਘ ਭੁੱਲਰ, ਤਹਿਸੀਲ ਪ੍ਰਧਾਨ ਗੁਰਮੀਤ ਸਿੰਘ ਸੰਧੂ, ਰਾਜਵੀਰ ਸਿੰਘ ਢਿੱਲੋਂ ਨੇ ਕਿਹਾ ਕਿ ਸਮਾਜ ਦੇ ਨਿਰਮਾਤਾ ਤੇ ਇਸ ਤਰ੍ਹਾਂ ਦੇ ਕਾਤਲਾਨਾ ਹਮਲਾ ਕਰਨਾ ਅਤੀ ਨਿੰਦਣਯੋਗ ਹੈ।ਇਹ ਅਧਿਆਪਕ ਆਪਣੀ ਸਕੂਲ ਡਿਊਟੀ ਤੋਂ ਸਮੇਂ ਬਾਅਦ ਆਪਣੇ ਘਰ ਜਾ ਰਿਹਾ ਸੀ, ਜਿਸ ਨੂੰ ਕੁਝ ਅਣਪਛਾਤੇ ਵਿਅਕਤੀਆਂ ਵੱਲੋਂ ਘੇਰ ਕੇ ਕੁੱਟਿਆ ਗਿਆ।ਯੂਨੀਅਨ ਪ੍ਰਸ਼ਾਸਨ ਅਤੇ ਪੁਲਿਸ ਤੋਂ ਮੰਗ ਕਰਦੀ ਹੈ ਕਿ ਜਲਦੀ ਤੋਂ ਜਲਦੀ ਅਧਿਆਪਕ ਉੱਪਰ ਕਾਤਲਾਨਾ ਹਮਲਾ ਕਰਨ ਵਾਲੇ ਵਿਅਕਤੀਆਂ ਨੂੰ ਫੜਿਆ ਜਾਵੇ ਤੇ ਉਨ੍ਹਾਂ ਉੱਪਰ ਸਖਤ ਤੋਂ ਸਖਤ ਕਾਰਵਾਈ ਕੀਤੀ ਜਾਵੇ, ਨਹੀਂ ਤਾਂ ਯੂਨੀਅਨ ਇਸ ਸਬੰਧੀ ਸਖਤ ਐਕਸ਼ਨ ਲੈਣ ਨੂੰ ਮਜਬੂਰ ਹੋਵੇਗੀ।

## 'ਵਰਤਮਾਨ ਸਿੱਖਿਆ ਤੇ ਨਵ-ਰੁਜ਼ਗਾਰ ਸੰਭਾਵਨਾਵਾਂ' ਵਿਸ਼ੇ 'ਤੇ ਸੈਮੀਨਾਰ ਕਰਾਉਣ ਦਾ .ਫ਼ੈਸਲਾ



**ਮਾਨਸਾ (ਆਤਮਾ ਸਿੰਘ ਪਮਾਰ)** ਵਾਇਸ ਆਫ਼ ਮਾਨਸਾ ਵੱਲੋਂ ਮਾਨਸਾ ਦੇ ਜ਼ਿਲ੍ਹਾ ਬਣਨ ਦੀ ਮਨਾਈ ਜਾ ਰਹੀ 32ਵੀਂ ਵਰ੍ਹੇਗੰਢ ਮੌਕੇ 19 ਮਾਰਚ ਨੂੰ ਵਰਤਮਾਨ ਸਿੱਖਿਆ ਤੇ ਨਵ-ਰੋਜ਼ਗਾਰ ਸੰਭਾਵਨਾਵਾਂ ਵਿਸ਼ੇ 'ਤੇ ਸਿੱਖਿਆ ਸੈਮੀਨਾਰ ਡਾਇਟ ਅਹਿਮਦਪੁਰ ਵਿਖੇ ਕਰਾਉਣ ਦਾ ਫੈਸਲਾ ਕੀਤਾ ਹੈ, ਜਿਸ ਦੇ ਮੁੱਖ ਬੁਲਾਰੇ ਡਾ. ਧਰਮਿੰਦਰ ਸਿੰਘ ਉੱਭਾ ਪ੍ਰਿੰਸੀਪਲ ਖਾਲਸਾ ਕਾਲਜ ਪਟਿਆਲਾ, ਡਾ. ਬੂਟਾ ਸਿੰਘ ਸੇਖੋਂ ਸਹਾਇਕ ਡਾਇਰੈਕਟਰ ਐੱਸ. ਸੀ. ਈ. ਆਰ.ਟੀ.ਸਕੂਲ ਸਿੱਖਿਆ ਵਿਭਾਗ ਪੰਜਾਬ ਹੋਣਗੇ।

ਵਾਈਸ ਆਫ਼ ਮਾਨਸਾ ਦੀ ਸਿੱਖਿਆ ਕਮੇਟੀ ਦੀ ਮੀਟਿੰਗ ਡਾ. ਜਨਕ ਰਾਜ ਸਿੰਗਲਾ ਦੀ ਪ੍ਰਧਾਨਗੀ ਹੇਠ ਹੋਈ, ਜਿਸ ਦੌਰਾਨ ਵਰਤਮਾਨ ਸਿੱਖਿਆ ਅਤੇ ਰੋਜ਼ਗਾਰ ਸਬੰਧੀ ਡੂੰਘੀ ਵਿਚਾਰ ਚਰਚਾ ਕੀਤੀ ਗਈ ਤੇ ਵਿਦਿਆਰਥੀਆਂ ਨੂੰ ਉਸਾਰੂ ਦਿਸ਼ਾ ਦੇਣ ਲਈ ਸਿੱਖਿਆ ਸੈਮੀਨਾਰ ਕਰਾਉਣ ਦਾ ਫੈਸਲਾ ਲੈਂਦਿਆਂ ਸਿੱਖਿਆ ਸਬੰਧੀ ਸਾਲ ਭਰ ਪ੍ਰੋਗਰਾਮ ਜਾਰੀ ਰੱਖਣ ਦਾ ਵੀ ਅਹਿਮ ਨਿਰਣਾ ਵੀ ਲਿਆ ਗਿਆ।

ਪ੍ਰੋਜੈਕਟ ਚੇਅਰਮੈਨ ਲਖਵਿੰਦਰ ਸਿੰਘ ਮੂਸਾ ਨੇ ਕਿਹਾ ਕਿ ਵਰਤਮਾਨ ਸਮੇਂ ਦੌਰਾਨ ਸਾਡੇ ਬਹੁਤੇ ਵਿਦਿਆਰਥੀ ਪਹਿਲੀ ਰਵਾਇਤੀ ਸਿੱਖਿਆ ਤੱਕ ਹੀ ਸੀਮਤ ਹਨ, ਜਦੋਂ ਕਿ ਸਮੇਂ ਦੇ ਬਦਲਣ ਨਾਲ ਨਵੀਆਂ ਸੰਭਾਵਨਾਵਾਂ ਪੈਦਾ ਹੋ ਰਹੀਆਂ ਹਨ। ਉਨ੍ਹਾਂ ਦੱਸਿਆ ਕਿ ਵਰਤਮਾਨ ਸਮੇਂ ਦੌਰਾਨ ਅਜਿਹੇ ਵਿਸ਼ਿਆਂ ਦੀ ਅਹਿਮੀਅਤ ਹੈ,ਜਿਸ ਦੀ ਸਾਡੇ ਵਿਦਿਆਰਥੀਆਂ ਨੂੰ ਜਾਣਕਾਰੀ ਹੀ ਨਹੀਂ, ਜਿਸ ਕਰਕੇ ਸੰਸਥਾ ਨੇ ਫੈਸਲਾ ਲਿਆ ਹੈ ਕਿ ਸਿੱਖਿਆ ਸਬੰਧੀ ਪ੍ਰੋਗਰਾਮਾਂ ਨੂੰ ਵੱਖ-ਵੱਖ ਪੜਾਵਾਂ ਪ੍ਰਾਇਮਰੀ, ਮਿਡਲ, ਹਾਈ, ਸੈਕੰਡਰੀ ਵਰਗ ਅਤੇ ਸੈਕੰਡਰੀ ਸਿੱਖਿਆ ਤੋਂ ਉੱਚ ਪੱਧਰ ਦੀ ਯੋਗਤਾ ਤੱਕ ਵੰਡਿਆ ਗਿਆ ਹੈ। ਵਿਦਿਆਰਥੀਆਂ ਨੂੰ ਇਨ੍ਹਾਂ ਵੱਖ-ਵੱਖ ਵਰਗਾਂ 'ਚ ਵੰਡ ਕੇ ਉਨ੍ਹਾਂ ਦੀ ਕੌਂਸਲਿੰਗ ਕਰਦਿਆਂ ਉਨ੍ਹਾਂ ਨੂੰ ਵਿਸ਼ਿਆਂ ਦੀ ਚੋਣ ਅਤੇ ਭਵਿੱਖ ਦੀਆਂ ਰੋਜ਼ਗਾਰ ਸੰਭਾਵਨਾਵਾਂ ਬਾਰੇ ਵੱਖ-ਵੱਖ ਸਿੱਖਿਆ ਮਾਹਿਰਾਂ ਦੁਆਰਾ ਜਾਣਕਾਰੀ ਹਾਸਲ ਕਰਾਈ ਜਾਵੇਗੀ।

## ਦੇਵ ਸਮਾਜ ਕਾਲਜ ਫ਼ਾਰ ਵੂਮੈਨ 'ਚ ਫ਼ੈਸ਼ਨ ਸ਼ੋਅ ਕਰਾਇਆ

**ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ)** ਦੇਵ ਸਮਾਜ ਕਾਲਜ ਫ਼ਾਰ ਵਿਮਨ ਦੇ ਚੇਅਰਮੈਨ ਨਿਰਮਲ ਸਿੰਘ ਢਿੱਲੋਂ ਦੀ ਛਤਰ ਛਾਇਆ ਹੇਠ ਅਤੇ ਕਾਲਜ ਪ੍ਰਿੰਸੀਪਲ ਡਾ. ਸੰਗੀਤਾ ਦੀ ਯੋਗ ਅਗਵਾਈ ਹੇਠ ਵਿੱਦਿਅਕ ਗਤੀਵਿਧੀਆਂ ਦੇ ਨਾਲ-ਨਾਲ ਸਮਾਜਿਕ ਤੇ ਸੱਭਿਆਚਾਰਕ ਗਤੀਵਿਧੀਆਂ ਵਿਚ ਵੀ ਨਿਰੰਤਰ ਅਗਰਸਰ ਹੈ।ਅੰਤਰ ਰਾਸ਼ਟਰੀ ਮਹਿਲਾ ਦਿਵਸ ਮੌਕੇ ਅਸਤਿਤਵਾ ਫੈਸ਼ਨ ਸ਼ੋਅ ਕਰਾਇਆ ਗਿਆ। ਇਸ ਵਿੱਚ ਡਾ. ਨਿਧੀ ਕੁਮੁਦ ਬਾਂਬਾ, ਪੀਸੀਐੱਸ, ਏ-ਡੀ-ਸੀ (ਜੀ) ਫ਼ਿਰੋਜ਼ਪੁਰ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਡਾ. ਨਿਧੀ ਨੇ ਆਪਣੇ ਵਿਚਾਰ ਪ੍ਰਗਟ ਕਰਦਿਆਂ ਕਿਹਾ ਕਿ ਵਿਗਿਆਨ ਤੇ ਕਲਾ ਦਾ ਆਪਸ ਵਿਚ ਡੂੰਘਾ ਸਬੰਧ ਹੈ ਅਤੇ ਕਲਾ ਤੋਂ ਬਿਨਾਂ ਵਿਗਿਆਨ ਦੀ ਕੋਈ ਮਹੱਤਤਾ ਨਹੀਂ ਹੈ।ਕਲਾ ਤੇ ਵਿਗਿਆਨ ਇੱਕ ਦੂਜੇ ਦੇ ਪੂਰਕ ਹਨ।ਉਨ੍ਹਾਂ ਕਾਲਜ ਦੀਆਂ ਵਿਦਿਆਰਥਣਾਂ ਵੱਲੋਂ ਤਿਆਰ ਕੀਤੇ ਪਹਿਰਾਵੇ ਤੇ ਗਹਿਣਿਆਂ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਅੱਜ ਦੀ ਔਰਤ ਦਾ ਆਤਮ ਨਿਰਭਰ ਹੋਣਾ ਬਹੁਤ ਜ਼ਰੂਰੀ ਹੈ।ਇਸ ਦੇ ਨਾਲ ਹੀ ਮੁੱਖ ਮਹਿਮਾਨ ਵਜੋਂ ਮਾਨਵਤਾ ਪਬਲਿਕ ਸਕੂਲ ਦੀ ਪ੍ਰਿੰਸੀਪਲ ਅਤੇ ਸਾਬਕਾ ਵਿਦਿਆਰਥਣ ਮੈਡਮ ਸਪਨਾ ਵੀ ਮੌਜੂਦ ਸਨ।ਉਨ੍ਹਾਂ ਵਿਦਿਆਰਥਣਾਂ ਨੂੰ ਪ੍ਰੇਰਿਤ ਕਰਦਿਆਂ ਕਿਹਾ ਕਿ ਪੜ੍ਹਾਈ ਦੇ ਨਾਲ-ਨਾਲ ਉਨ੍ਹਾਂ ਨੂੰ ਹੋਰ ਗਤੀਵਿਧੀਆਂ ਵਿੱਚ ਵੀ ਭਾਗ ਲੈਣ ਲਈ ਪ੍ਰੇਰਿਤ ਕੀਤਾ, ਜਿਸ ਨਾਲ ਉਨ੍ਹਾਂ ਕਿਹਾ ਕਿ ਸਾਡੀ ਸ਼ਖ਼ਸੀਅਤ ਦਾ ਸੰਪੂਰਨ ਵਿਕਾਸ ਹੁੰਦਾ ਹੈ। ਇਸ ਦੇ ਨਾਲ ਹੀ ਕਾਲਜ ਦੀਆਂ ਸਾਬਕਾ ਵਿਦਿਆਰਥਣਾਂ 'ਚ ਮਿਸ ਗ਼ਜ਼ਲ ਗਾਬਾ, ਮਿਸ ਸ਼ਕਤੀ ਓਹਰੀ, ਮਿਸ ਸ਼ੈਲੀ ਚੱਡਾ ਜੋ ਕਾਲਜ ਦੀ ਵਜ੍ਹਾ ਨਾਲ ਉੱਚੇ ਮੁਕਾਮ 'ਤੇ ਹਨ, ਉਹ ਖਾਸ ਤੌਰ 'ਤੇ ਪਹੁੰਚੀਆਂ।ਕਾਲਜ ਪ੍ਰਿੰਸੀਪਲ ਡਾ. ਸੰਗੀਤਾ ਨੇ ਕਿਹਾ ਕਿ ਦੇਵ ਸਮਾਜ ਕਾਲਜ ਫ਼ਾਰ ਵਿਮਨ ਨਾ ਸਿਰਫ਼ ਵਿਦਿਆਰਥਣਾਂ ਨੂੰ ਸਿੱਖਿਆ ਪ੍ਰਦਾਨ ਕਰਦਾ ਹੈ, ਸਗੋਂ ਉਨ੍ਹਾਂ ਦੀ ਸਮੁੱਚੀ ਸ਼ਖ਼ਸੀਅਤ ਦਾ ਵਿਕਾਸ ਵੀ ਕਰਦਾ ਹੈ।ਰਵਾਇਤੀ ਪਹਿਰਾਵੇ 'ਚ ਬੈਸਟ ਡਰੈੱਸ ਡਿਜ਼ਾਈਨਰ ਦਾ ਖਿਤਾਬ ਵਿਦਿਆਰਥਣ ਸੰਦੀਪ ਕੌਰ, ਇਨੋਵੇਟਿਵ ਰਾਊਂਡ 'ਚ ਬੈਸਟ ਇਨੋਵੇਟਿਵ ਡਰੈਸ ਡਿਜਾਇਨਰ ਦਾ ਖਿਤਾਬ ਵਿਦਿਆਰਥਣ ਸਨੇਹਾ ਸ਼ਰਮਾ, ਪੰਜਾਬੀ ਰਾਊਂਡ 'ਚ ਬੈਸਟ ਪੰਜਾਬੀ ਡਰੈੱਸ ਡਿਜ਼ਾਇਨਰ ਦਾ ਖਿਤਾਬ ਵਿਦਿਆਰਥਣ ਰੇਣੂਕਾ, ਕੇਜੂਅਲ ਰਾਊਂਡ 'ਚ ਬੈਸਟ ਕੈਜ਼ੂਅਲ ਡਰੈੱਸ ਡਿਜਾਇਨਰ ਦਾ ਖਿਤਾਬ ਵਿਦਿਆਰਥਣ ਹਰਮੀਤ ਕੌਰ, ਅਸੈਸਰੀ ਰਾਊਂਡ 'ਚ ਬੈਸਟ ਅਸੈਸਰੀ ਡਿਜ਼ਾਈਨਰ ਦਾ ਖਿਤਾਬ ਵਿਦਿਆਰਥਣ ਸਿਮਰਨ ਕੌਰ ਨੇ ਹਾਸਲ ਕੀਤਾ।ਇਨ੍ਹਾਂ ਵਿਦਿਆਰਥਣਾਂ ਦਾ ਮੇਕਅੱਪ ਬੀ.ਵੋਕ ਕੌਸਮੋਲੋਜੀ ਵਿਭਾਗ ਦੀਆਂ ਵਿਦਿਆਰਥਣਾਂ ਵੱਲੋਂ ਕੀਤਾ ਗਿਆ।

## .ਗੈਰ-ਸੰਚਾਰੀ ਬਿਮਾਰੀਆਂ ਤੋਂ ਪੀੜਤ ਲੋਕਾਂ ਨੂੰ ਕੀਤਾ ਜਾਵੇ ਸੂਚੀਬੱਧ : ਸਿਵਲ ਸਰਜਨ



**ਫ਼ਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)** - ਡਾਇਰੈਕਟਰ ਸਿਹਤ ਤੇ ਪਰਿਵਾਰ ਭਲਾਈ ਵਿਭਾਗ, ਪੰਜਾਬ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਅਤੇ ਸਿਵਲ ਸਰਜਨ ਡਾ. ਦਵਿੰਦਰਜੀਤ ਕੌਰ ਦੀ ਅਗਵਾਈ ਹੇਠ ਜ਼ਿਲ੍ਹੇ ਦੇ ਮੈਡੀਕਲ ਅਫ਼ਸਰਾਂ, ਕਮਿਊਨਿਟੀ ਹੈਲਥ ਅਫ਼ਸਰਾਂ ਤੇ ਬੀ ਈ ਈ ਨੂੰ ਨੈਸ਼ਨਲ ਪ੍ਰੋਗਰਾਮ ਫਾਰ ਪਰਵੈਂਸ਼ਨ ਐਂਡ ਕੰਟਰੋਲ ਆਫ਼ ਕੈਂਸਰ, ਡਾਇਬਟੀਜ਼, ਕਾਰਡੀਓਵੈਸਕੂਲਰ ਡਿਜ਼ੀਜ਼ ਤੇ ਸਟਰੋਕ ਪ੍ਰੋਗਰਾਮ ਤਹਿਤ ਗੈਰ ਸੰਚਾਰੀ ਬਿਮਾਰੀਆਂ ਸਬੰਧੀ ਇਕਰੋਜ਼ਾ ਟ੍ਰੇਨਿੰਗ ਦਿੱਤੀ ਗਈ।ਟ੍ਰੇਨਿੰਗ ਨੂੰ ਸੰਬੋਧਨ ਕਰਦਿਆਂ ਡਾ. ਦਵਿੰਦਰਜੀਤ ਕੌਰ ਨੇ ਕਿਹਾ ਕਿ ਜਾਗਰੂਕ ਹੋ ਕੇ ਗੈਰ ਸੰਚਾਰੀ ਬਿਮਾਰੀਆਂ ਤੋਂ ਬਚਿਆ ਜਾ ਸਕਦਾ ਹੈ, ਜਿਨ੍ਹਾਂ ਵਿੱਚ ਹਾਈ ਬਲੱਡ ਪ੍ਰੈਸ਼ਰ, ਸ਼ੂਗਰ, ਕੈਂਸਰ, ਸਟਰੋਕ ਆਦਿ ਸ਼ਾਮਲ ਹਨ।ਉਨ੍ਹਾਂ ਕਿਹਾ ਕਿ ਇਨ੍ਹਾਂ ਬਿਮਾਰੀਆਂ ਵਿੱਚ ਹਾਈ ਬਲੱਡ ਪ੍ਰੈਸ਼ਰ ਇੱਕ ਸਾਈਲੈਂਟ ਕਿਲਰ ਹੈ, ਕਿਉਂਕਿ ਬਹੁਤ ਸਾਰੇ ਕੇਸਾਂ ਵਿੱਚ ਬਿਨਾਂ ਸੁਚੇਤ ਕੀਤਿਆਂ ਇਹ ਵਿਅਕਤੀ ਦੇ ਦਿਲ, ਗੁਰਦਿਆਂ, ਨਾੜਾਂ ਅਤੇ ਸਰੀਰ ਦੇ ਹੋਰ ਅੰਗਾਂ ਨੂੰ ਖਰਾਬ ਕਰ ਦਿੰਦਾ ਹੈ।ਜ਼ਿਲ੍ਹਾ ਪਰਵਾਰ ਭਲਾਈ ਅਫਸਰ ਡਾ ਦਲਜੀਤ ਕੌਰ ਨੇ ਦੱਸਿਆ ਕਿ ਰੋਜ਼ਾਨਾ ਜੀਵਨ ਵਿੱਚ ਨਮਕ , ਆਚਾਰ, ਡੱਬਾ ਬੰਦ ਭੋਜਨ, ਤਲਿਆ ਭੋਜਨ, ਫਾਸਟ ਫੂਡ, ਤੇਲ, ਮੈਦਾ, ਚੀਨੀ, ਘਿਓ ਆਦਿ ਦੀ ਲੋੜ ਨਾਲੋਂ ਵਧੇਰੇ ਵਰਤੋਂ ਗੈਰ ਸੰਚਾਰੀ ਬਿਮਾਰੀਆਂ ਨੂੰ ਜਨਮ ਦਿੰਦੀ ਹੈ। ਉਹਨਾਂ ਕਿਹਾ ਇਹਨਾਂ ਬਿਮਾਰੀਆਂ ਤੋਂ ਬਚਣ ਲਈ ਸਾਨੂੰ ਸੰਤੁਲਿਤ ਭੋਜਨ, ਤਣਾਅ ਰਹਿਤ ਜੀਵਨ, ਬੀੜੀ , ਸਿਗਰਟ ,ਤੰਬਾਕੂ ਦੀ ਵਰਤੋਂ ਨਾ ਕਰਨਾ, ਖਾਣ ਪੀਣ ਸਬੰਧੀ ਚੰਗੀਆਂ ਆਦਤਾਂ, ਹਰ ਰੋਜ਼ ਕਸਰਤ, ਆਦਿ ਗੱਲਾਂ ਵੱਲ ਧਿਆਨ ਦੇਣਾ ਚਾਹੀਦਾ ਹੈ।ਵਿਸ਼ਵ ਸਿਹਤ ਸੰਸਥਾ ਤੋਂ ਕਾਰਡੀਓਵੈਸਕੂਲਰ ਹੈਲਥ ਅਫਸਰ ਡਾਕਟਰ ਨਵਦੀਪ, ਜਿਨ੍ਹਾਂ ਨੇ ਬਤੌਰ ਮਾਸਟਰ ਟ੍ਰੇਨਰ ਸ਼ਿਰਕਤ ਕੀਤੀ, ਨੇ ਟ੍ਰੇਨਿੰਗ ਨੂੰ ਸੰਬੋਧਨ ਕਰਦਿਆਂ ਗੈਰ ਸੰਚਾਰੀ ਬਿਮਾਰੀਆਂ ਦੇ ਚਿੰਨ੍ਹ ਲੱਛਣ ਤੇ ਸਰਕਾਰ ਵੱਲੋਂ ਉਨਾਂ ਦੇ ਕੀਤੇ ਜਾ ਰਹੇ ਮੁਫ਼ਤ ਇਲਾਜ ਸਬੰਧੀ ਵਿਸਥਾਰ ਸਹਿਤ ਜਾਣਕਾਰੀ ਦਿੱਤੀ ਤੇ ਕਿਹਾ ਕਿ ਆਪੋ ਆਪਣੀ ਸਿਹਤ ਸੰਸਥਾ ਅਧੀਨ ਆਉਂਦੇ ਖੇਤਰ ਵਿਚ ਆਸ਼ਾ ਵਰਕਰਾਂ ਤੋਂ ਫੀਲਡ ਸਰਵੇ ਕਰਵਾਇਆ ਜਾਵੇ ਅਤੇ ਗੈਰ ਸੰਸਾਰੀ ਬਿਮਾਰੀਆਂ ਦੇ ਸ਼ੱਕੀ ਵਿਅਕਤੀਆਂ ਨੂੰ ਸਿਹਤ ਸੰਸਥਾ ਵਿੱਚ ਰੈਫਰ ਕੀਤਾ ਜਾਵੇ।

## ਉਮੀਦਵਾਰ ਤੋਂ ਇਸ਼ਤਿਹਾਰਾਂ ਦੀ ਮਨਜ਼ੂਰੀ ਲੈਣਾ ਬਣਾਇਆ ਜਾਵੇ ਯਕੀਨੀ : ਡੀ ਸੀ

**ਫ਼ਰੀਦਕੋਟ (ਐਲਿਗਜੈਂਡਰ ਡਿਸੂਜਾ)** ਡਿਪਟੀ ਕਮਿਸ਼ਨਰ ਕਮ ਜ਼ਿਲ੍ਹਾ ਚੋਣ ਅਫਸਰ ਸ੍ਰੀ ਵਿਨੀਤ ਕੁਮਾਰ ਦੇ ਦਿਸ਼ਾ ਨਿਰਦੇਸ਼ਾਂ ਹੇਠ ਜ਼ਿਲ੍ਹਾ ਲੋਕ ਸੰਪਰਕ ਅਫਸਰ ਗੁਰਦੀਪ ਸਿੰਘ ਮਾਨ ਨੇ ਐਮ.ਸੀ.ਐਮ.ਸੀ (ਮੀਡੀਆ ਸਰਟੀਫਿਕੇਸਨ ਐਂਡ ਮੀਡੀਆ ਮੋਨੀਟਰਿੰਗ ਕਮੇਟੀ) ਦੇ ਟੀਮ ਮੈਂਬਰਾਂ ਨੂੰ ਟ੍ਰੇਨਿੰਗ ਮੁਹਈਆ ਕਰਾਈ।ਗੁਰਦੀਪ ਸਿੰਘ ਮਾਨ ਨੇ ਦੱਸਿਆ ਕਿ ਇਹ ਟੀਮ ਇਲੈਕਸ਼ਨ ਕੋਡ ਲੱਗਣ ਉਪਰੰਤ ਪ੍ਰਿੰਟ ਮੀਡੀਆ, ਇਲੈਕਟ੍ਰਾਨਿਕ ਤੇ ਸੋਸ਼ਲ ਮੀਡੀਆ ਦੀ ਲਗਾਤਾਰ ਨਿਗਰਾਨੀ ਕਰੇਗੀ ਅਤੇ ਇਸ ਦੇ ਨਾਲ ਰਾਜਨੀਤਿਕ ਪਾਰਟੀਆਂ/ਉਮੀਦਵਾਰਾਂ ਵੱਲੋਂ ਇਸ਼ਤਿਹਾਰਾਂ ਨੂੰ ਪੂਰਵ ਮਨਜ਼ੂਰੀ ਦੇਵੇਗੀ।ਉਨ੍ਹਾਂ ਦੱਸਿਆ ਕਿ ਇਸ ਮਨਜ਼ੂਰੀ ਵਿੱਚ ਉਮੀਦਵਾਰ ਵੱਲੋਂ ਅਖਬਾਰਾਂ, ਟੈਲੀਵਿਜ਼ਨ, ਕੇਬਲ ਨੈਟਵਰਕ ਅਤੇ ਸੋਸ਼ਲ ਮੀਡੀਆ ਵਿੱਚ ਪ੍ਰਕਾਸ਼ਿਤ ਇਸ਼ਤਿਹਾਰਾਂ ਦੀ ਪੂਰਵ ਮਨਜ਼ੂਰੀ ਦੇ ਨਾਲ ਖਰਚੇ ਦਾ ਵੇਰਵਾ ਵੀ ਦੇਣਾ ਲਾਜ਼ਮੀ ਹੋਵੇਗਾ।ਉਨ੍ਹਾਂ ਦੱਸਿਆ ਕਿ ਕਿਸੇ ਵੀ ਕਿਸਮ ਦੀ ਇਸ਼ਤਿਹਾਰਬਾਜ਼ੀ ਵਿੱਚ ਭੱਦੀ ਸ਼ਬਦਾਵਲੀ, ਕਿਸੇ ਵੀ ਧਰਮ ਦੇ ਖਿਲਾਫ ਵਰਤੀ ਜਾਂਦੀ ਸ਼ਬਦਾਵਲੀ ਜਿਸ ਨਾਲ ਅਮਨ ਕਾਨੂੰਨ ਦੀ ਸਥਿਤੀ ਵਿਗੜਦੀ ਹੋਵੇ, ਇਸ਼ਤਿਹਾਰ ਨੂੰ ਨਾ ਮਨਜ਼ੂਰ ਕੀਤਾ ਜਾਵੇ।ਉਨ੍ਹਾਂ ਦੱਸਿਆ ਕਿ ਸੂਬਾ ਪੱਧਰ ਅਤੇ ਰਾਸ਼ਟਰੀ ਪੱਧਰ ਤੇ ਰਜਿਸਟਰਡ ਰਾਜਨੀਤਿਕ ਪਾਰਟੀਆਂ ਆਪਣੇ ਇਸ਼ਤਿਹਾਰ ਦੀ ਮਨਜ਼ੂਰੀ ਲਈ ਤਿੰਨ ਦਿਨ ਪਹਿਲਾਂ ਐਮ.ਸੀ.ਐਮ.ਸੀ ਸੈੱਲ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਫਰੀਦਕੋਟ ਵਿਖੇ ਅਰਜ਼ੀ ਦੇਣਗੀਆਂ ਜਦ ਕਿ ਗੈਰ ਰਜਿਸਟਰਡ ਅਤੇ ਆਜ਼ਾਦ ਉਮੀਦਵਾਰ ਪਾਰਟੀਆਂ ਸੱਤ ਦਿਨ ਪਹਿਲਾਂ ਇਹ ਮਨਜ਼ੂਰੀ ਪ੍ਰਾਪਤ ਕਰਨ ਲਈ ਅਰਜੀ ਦੇਣਗੀਆਂ।ਵੀਡੀਓ ਦੇ ਮਾਮਲੇ ਵਿੱਚ ਵੀਡੀਓ ਤੋਂ ਇਲਾਵਾ ਲਿਖਤੀ ਤਸਦੀਕ ਸੁਦਾ ਸਕ੍ਰਿਪਟ ਵੀ ਦੇਣੀ ਲਾਜ਼ਮੀ ਹੋਵੇਗੀ।ਇਸ ਦੇ ਨਾਲ ਹੀ ਵੀਡੀਓ ਬਣਾਉਣ ਤੇ ਕੀਤੇ ਗਏ ਖਰਚੇ ਦਾ ਵੇਰਵਾ ਵੀ ਦੱਸਣਾ ਹੋਵੇਗਾ।ਉਨ੍ਹਾਂ ਇਹ ਵੀ ਦੱਸਿਆ ਕਿ ਰਾਜਨੀਤਕ ਪਾਰਟੀਆਂ ਦੇ ਨੁਮਾਇੰਦਿਆਂ ਵੱਲੋਂ ਜਿਸ ਦਿਨ ਇਸ਼ਤਿਹਾਰ ਛਾਪਿਆ ਜਾਵੇਗਾ, ਉਸ ਦਾ ਵੇਰਵਾ ਵੀ ਦੇਣਾ ਲਾਜ਼ਮੀ ਹੋਵੇਗਾ।ਇਸ ਦੇ ਨਾਲ ਹੀ ਉਨ੍ਹਾਂ ਟੀਮ ਮੈਂਬਰਾਂ ਨੂੰ ਝੂਠੀਆਂ ਖਬਰਾਂ, ਪੇਡ ਨਿਊਜ਼ 'ਤੇ ਵੀ ਲਗਾਤਾਰ ਨਜ਼ਰਸਾਨੀ ਸੰਬੰਧੀ ਵੀ ਜਾਣਕਾਰੀ ਦਿੱਤੀ।

## ਕੈਪਟਨ ਪਰਵਾਰ ਨੇ ਹਮੇਸ਼ਾ ਪੰਜਾਬੀਆਂ ਦੀ ਪਿੱਠ 'ਚ ਛੁਰਾ ਮਾਰਿਆ : ਦਲਬੀਰ ਗਿੱਲ

**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)** ਕੈਪਟਨ ਪਰਵਾਰ ਨੇ ਹਮੇਸ਼ਾ ਹੀ ਪੰਜਾਬੀਆਂ ਨਾਲ ਧੋਖਾ ਕਰਦਿਆਂ ਪਿੱਠ 'ਚ ਛੁਰਾ ਮਾਰਿਆ ਹੈ।ਪੰਜਾਬੀਆਂ ਨੇ ਕੈਪਟਨ ਪਰਵਾਰ 'ਤੇ ਵਿਸ਼ਵਾਸ ਕਰਦਿਆਂ ਜਿੱਥੇ ਦੋ ਵਾਰ ਸੂਬੇ ਦਾ ਮੁੱਖ ਮੰਤਰੀ ਬਣਾਇਆ, ਉੱਥੇ ਉਨ੍ਹਾਂ ਦੀ ਧਰਮਪਤਨੀ ਪ੍ਰਨੀਤ ਕੌਰ ਨੂੰ ਚਾਰ ਵਾਰ ਪਟਿਆਲਾ ਤੋਂ ਲੋਕ ਸਭਾ ਮੈਂਬਰ ਬਣਾਇਆ, ਪਰ ਫਿਰ ਵੀ ਕੈਪਟਨ ਪਰਿਵਾਰ ਪੰਜਾਬ ਨਾਲ ਨਹੀਂ ਸਗੋਂ ਕਿਸਾਨੀ ਦੀ ਦੁਸ਼ਮਣ ਪਾਰਟੀ ਭਾਜਪਾ ਦੇ ਹੱਕ 'ਚ ਹੀ ਖੜੇ।ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਆਮ ਆਦਮੀ ਪਾਰਟੀ ਲੋਕ ਸਭਾ ਪਟਿਆਲਾ ਦੇ ਸੀਨੀਅਰ ਆਗੂ ਦਲਬੀਰ ਦਲਬੀਰ ਸਿੰਘ ਗਿੱਲ ਨੇ ਕੀਤਾ।

'ਆਪ' ਆਗੂ ਦਲਬੀਰ ਸਿੰਘ ਗਿੱਲ ਯੂਕੇ ਕਿਹਾ ਕਿ ਕਾਂਗਰਸ ਤੋਂ ਜਿੱਤ ਕੇ ਚਾਰ ਵਾਰ ਲੋਕ ਸਭਾ ਮੈਂਬਰ ਰਹੇ ਸ੍ਰੀਮਤੀ ਪ੍ਰਨੀਤ ਕੌਰ ਹੁਣ ਭਾਜਪਾ 'ਚ ਸ਼ਾਮਲ ਹੋਣ ਦਾ ਡਰਾਮਾ ਕਰਨ ਜਾ ਰਹੇ ਹਨ, ਜਦੋਂਕਿ ਸਾਰਾ ਪਰਵਾਰ ਭਾਜਪਾ 'ਚ ਕਾਫੀ ਸਮੇਂ ਤੋਂ ਸ਼ਾਮਲ ਹੋ ਚੁੱਕੇ ਹਨ, ਸਿਰਫ ਲੋਕ ਸਭਾ ਮੈਂਬਰੀ ਬਚਾਉਣ ਦਾ ਡਰਾਮਾ ਹੀ ਕੀਤਾ ਜਾ ਰਿਹਾ ਹੈ।ਉਨ੍ਹਾਂ ਕਿਹਾ ਕਿ ਆ ਰਹੀਆਂ ਲੋਕ ਸਭਾ ਚੋਣਾਂ ਦੌਰਾਨ ਲੋਕ ਇਨ੍ਹਾਂ ਤੋਂ ਪਿੰਡਾਂ 'ਚ ਸਵਾਲ ਪੁੱਛਣਗੇ, ਕਿਉਂਕਿ ਹੁਣ ਉਹ ਇਨ੍ਹਾਂ ਦੀਆਂ ਲੂੰਬੜਚਾਲਾਂ ਸਮਝ ਚੁੱਕੇ ਹਨ।ਉਨ੍ਹਾਂ ਅੱਗੇ ਕਿਹਾ ਕਿ ਕਾਂਗਰਸ, ਭਾਜਪਾ ਤੇ ਅਕਾਲੀ ਦਲ ਨੇ ਪੰਜਾਬ ਦਾ ਹਮੇਸ਼ਾ ਹੀ ਨੁਕਸਾਨ ਕੀਤਾ ਹੈ, ਕਿਉਂਕਿ ਗੈਂਗਸਟਰ ਕਲਚਰ, ਨਸ਼ਾ ਕਲਚਰ ਇਨ੍ਹਾਂ ਦੀ ਰਾਜ ਕਰਨ ਦੀ ਨੀਅਤ ਦੀ ਦੇਣ ਹੈ, ਜਿਨ੍ਹਾਂ ਨੇ ਰਾਜ ਕਰਨ ਦੇ ਚੱਕਰ 'ਚ ਪੰਜਾਬ ਦੀ ਜਵਾਨੀ ਦਾ ਘਾਣ ਹੀ ਕੀਤਾ ਹੈ।

## 5 ਮੋਬਾਇਲ ਐਂਬੂਲੈਂਸ ਵੈਨਾਂ ਨੂੰ ਦਿਖਾਈ ਹਰੀ ਝੰਡੀ



**ਧੂਰੀ (ਸੁਖਦੇਵ ਧੂਰੀ)** ਭਗਵੰਤ ਸਿੰਘ ਮਾਨ ਵੱਲੋਂ ਸਿਹਤ ਸਹੂਲਤਾਂ ਨੂੰ ਘਰ-ਘਰ ਪੁਚਾਉਣ ਲਈ ਸਿਵਲ ਹਸਪਤਾਲ ਵਿੱਚ ਪ੍ਰੋ ਓਂਕਾਰ ਸਿੰਘ ਸਿੱਧੂ ਓ.ਐਸ.ਡੀ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਸਿਵਲ ਸਰਜਨ ਡਾ. ਕ੍ਰਿਪਾਲ ਸਿੰਘ ਨੇ ਪੰਜ ਮੋਬਾਇਲ ਐਂਬੂਲੈਂਸ ਵੈਨਾਂ ਨੂੰ ਹਰੀ ਝੰਡੀ ਦੇ ਕੇ ਰਵਾਨਾ ਕੀਤਾ। ਇਸ ਮੌਕੇ ਮੁੱਖ ਮੰਤਰੀ ਭਗਵੰਤ ਮਾਨ ਦੇ ਓ ਐਸ ਡੀ ਪ੍ਰੋ ਓਂਕਾਰ ਸਿੰਘ ਸਿੱਧੂ ਨੇ ਕਿਹਾ ਕਿ ਮਾਨ ਸਰਕਾਰ ਲੋਕਾਂ ਨੂੰ ਵਧੀਆ ਸਿਹਤ ਸਹੂਲਤਾਂ ਮੁਹੱਈਆ ਕਰਾਉਣ ਲਈ ਵਚਨਬੱਧ ਹੈ ਤੇ ਇਸੇ ਤਹਿਤ ਹਲਕੇ ਲਈ ਪੰਜ ਮੋਬਾਇਲ ਐਂਬੂਲੈਂਸ ਵੈਨਾਂ ਡਾਕਟਰੀ ਸਟਾਫ਼ ਨਾਲ ਹਸਪਤਾਲ ਵਿੱਚ ਨਾ ਪਹੁੰਚਣ ਵਾਲੇ ਲੋਕਾਂ ਦਾ ਇਲਾਜ ਕਰਨ ਗਿਆ ਤੇ ਘਰ-ਘਰ ਜਾ ਕੇ ਲੋਕਾਂ ਨੂੰ ਸਿਹਤ ਸਹੂਲਤਾਂ ਮੁਹੱਈਆ ਕਰਾਉਣ ਗਈਆਂ। ਇਸ ਮੌਕੇ ਸਿਵਲ ਸਰਜਨ ਡਾ ਕਿਰਪਾਲ ਸਿੰਘ, ਅੰਮ੍ਰਿਤ ਬਰਾੜ ਇੰਚਾਰਜ ਮੁੱਖ ਮੰਤਰੀ ਕੈਂਪਸ, ਵਕਫ ਬੋਰਡ ਪੰਜਾਬ ਦੇ ਮੈਂਬਰ ਡਾ ਅਨਵਰ ਭਸੌੜ, ਐਸ ਐਮ ਓ ਡਾ. ਮੁਹੰਮਦ ਅਖ਼ਤਰ, ਮਿਲਖ ਰਾਜ ਸਹਿਰੀ ਬਲਾਕ ਪ੍ਰਧਾਨ, ਤੀਰਥ ਸਿੰਘ ਭੱਦਲਵੜ੍ਹ, ਗੁਰਤੇਜ ਸਿੰਘ ਤੇਜੀ ਕੱਕੜਵਾਲ ਤੇ ਸੂਬੇਦਾਰ ਸੁਖਵੰਤ ਸਿੰਘ ਦਿਹਾਤੀ ਬਲਾਕ ਪ੍ਰਧਾਨ ਆਮ ਆਦਮੀ ਪਾਰਟੀ, ਅਨਿਲ ਮਿੱਤਲ, ਹਮੀਰ ਸਿੰਘ, ਕੌਂਸਲਰ ਪੁਸ਼ਪਿੰਦਰ ਸਰਮਾ ਅਤੇ ਹੋਰ ਵੀ ਹਾਜ਼ਰ ਸਨ ।

## ...ਸ.ਫ਼ਾ 1 ਦੇ ਬਾਕੀ

### ਫਾਸ਼ੀਵਾਦੀ ਤਾਕਤਾਂ...

ਉਮਰ ਦਾ ਲੰਮਾ ਸਮਾਂ ਵਿਗਿਆਨਕ ਸੋਚ ਦਾ ਫੈਲਾਅ ਕੀਤਾ। ਉਹ ਕਹਿਣੀ ਅਤੇ ਕਰਨੀ ਦੇ ਇਕ ਸਨ, ਜਿਹਨਾ ਆਪਣਾ ਸਰੀਰ ਮੈਡੀਕਲ ਖੋਜਾਂ ਲਈ ਦਾਨ ਕੀਤਾ ਹੋਇਆ ਸੀ ਅਤੇ ਉਹਨਾ ਦੇ ਪਰਵਾਰ ਨੇ ਉਹਨਾ ਵੱਲੋਂ ਭਰੇ ਪ੍ਰਣ ਪੱਤਰ ਅਨੁਸਾਰ ਉਹਨਾ ਦਾ ਸਰੀਰ ਸੀ ਐੱਮ ਸੀ ਨੂੰ ਦੇ ਦਿੱਤਾ।

ਇਸ ਮੌਕੇ ਸੀ ਪੀ ਆਈ (ਐੱਮ ਐੱਲ) ਨਿਊ ਡੈਮੋਕਰੇਸੀ ਦੇ ਆਗੂ ਅਵਤਾਰ ਸਿੰਘ ਤਾਰੀ, ਸੀ ਪੀ ਆਈ (ਐੱਮ) ਦੇ ਆਗੂ ਬਲਵੀਰ ਸਿੰਘ ਜਾਡਲਾ, ਆਰ ਐੱਮ ਪੀ ਆਈ ਦੇ ਆਗੂ ਕੁਲਦੀਪ ਸਿੰਘ ਸੁੱਜੋਂ, ਸਤਨਾਮ ਸਿੰਘ ਗੁਲਾਟੀ, ਇਸਤਰੀ ਜਾਗ੍ਰਿਤੀ ਮੰਚ ਦੇ ਸੂਬਾ ਪ੍ਰਧਾਨ ਗੁਰਬਖਸ਼ ਕੌਰ ਸੰਘਾ ਨੇ ਕਿਹਾ ਕਿ ਉਹ ਖੱਬੀਆਂ ਧਿਰਾਂ ਦੇ ਸਰਬਸਾਂਝੇ ਮਾਨਤਾ ਪ੍ਰਾਪਤ ਆਗੂ ਸਨ, ਜਿਹਨਾ ਆਪਣਾ ਸਾਰਾ ਪਰਵਾਰ ਖੱਬੀ ਅਤੇ ਤਰਕਸ਼ੀਲ ਲਹਿਰ ਨਾਲ ਜੋੜਿਆ।

ਇਸ ਮੌਕੇ ਸੀ ਪੀ ਆਈ ਦੇ ਸੂਬਾ ਸਕੱਤਰ ਬੰਤ ਬਰਾੜ ਅਤੇ ਤਰਕਸ਼ੀਲ ਸੁਸਾਇਟੀ ਵੱਲੋਂ ਕਾਮਰੇਡ ਮੁਕੰਦ ਲਾਲ ਦੇ ਪਰਵਾਰ ਨੂੰ ਸਨਮਾਨਤ ਵੀ ਕੀਤਾ ਗਿਆ। ਅੰਤ ਵਿੱਚ ਕਾਮਰੇਡ ਮੁਕੰਦ ਲਾਲ ਦੀ ਬੇਟੀ ਪੰਕਜ ਕੁਮਾਰੀ ਡਿਪਟੀ ਡਾਇਰੈਕਟਰ ਚੰਡੀਗੜ੍ਹ (ਏਡਜ਼ ਵਿਭਾਗ) ਨੇ ਸਾਰਿਆਂ ਦਾ ਧੰਨਵਾਦ ਕੀਤਾ ਅਤੇ ਕਿਹਾ ਕਿ ਅਸੀਂ ਸਾਰਾ ਪਰਵਾਰ ਡੈਡੀ ਜੀ ਦੀ ਸੋਚ 'ਤੇ ਪਹਿਰਾ ਦਿਆਂਗੇ । ਇਸ ਮੌਕੇ ਬੂਟਾ ਸਿੰਘ ਮਹਿਮੂਦਪੁਰ, ਦਿਲਬਾਗ ਸਿੰਘ ਸੇਵਾ-ਮੁਕਤ ਜ਼ਿਲ੍ਹਾ ਸਿੱਖਿਆ ਅਫਸਰ, ਆਰ ਐੱਮ ਪੀ ਆਈ, ਸਤਨਾਮ ਸਿੰਘ ਸੁੱਜੋਂ, ਕੁਲਦੀਪ ਸਿੰਘ ਸੁੱਜੋਂ, ਸਤਨਾਮ ਗੁਲਾਟੀ ਨੇ ਵੀ ਸੰਬੋਧਨ ਕੀਤਾ। ਇਸ ਮੌਕੇ ਕਾਮਰੇਡ ਮੁਕੰਦ ਲਾਲ ਦੀ ਪਤਨੀ ਜਸਵੀਰ ਕੌਰ, ਬੇਟਾ ਰਾਹੁਲ, ਬੇਟੀ ਪੂਜਾ ਅਤੇ ਪੰਕਜ ਕੁਮਾਰੀ, ਇਫਟੂ ਪੰਜਾਬ ਕਮੇਟੀ ਦੇ ਸੂਬਾ ਪ੍ਰੈੱਸ ਸਕੱਤਰ ਜਸਬੀਰ ਦੀਪ, ਸੁਰਿੰਦਰ ਪਾਲ ਸਰਪੰਚ ਮੇਹਲੀ, ਅਮਰਜੀਤ ਮੇਹਲੀ, ਹੁਸਨ ਲਾਲ, ਦਸੌਂਧਾ ਸਿੰਘ, ਸੰਤੋਖ ਪਾਲ , ਬਲਜਿੰਦਰ ਸਿੰਘ, ਜਗਤਾਰ ਸਿੰਘ, ਚਰਨਜੀਤ ਦੌਲਤਪੁਰ , ਗੁਰਮੇਜ ਮੇਹਲੀ , ਜਰਨੈਲ ਪਨਾਮ, ਕਿਰਤੀ ਕਿਸਾਨ ਯੂਨੀਅਨ ਦੇ ਸੁਰਿੰਦਰ ਸਿੰਘ ਬੈਂਸ, ਬੀਨਾ ਰਾਣੀ, ਸਿਮਰ ਕੌਰ, ਰਾਧਾ, ਲਵਲੀ , ਰਾਮ ਮੂਰਤੀ, ਰੋਡਵੇਜ਼ ਦੇ ਪ੍ਰਧਾਨ, ਸੈਕਟਰੀ ਬਿਕਰਮਜੀਤ ਸਿੰਘ, ਹਰਬੰਸ ਲਾਲ ਮਹਿੰਦੀਪੁਰ, ਚਰਨਜੀਤ ਸਿੰਘ ਦੌਲਤਪੁਰ, ਜਰਨੈਲ ਸਿੰਘ ਰਾਣੇਵਾਲ, ਨਿਰਮਲ ਸਿੰਘ, ਗੁਰਦੇਵ ਸਿੰਘ, ਸੁੱਖਾ ਰਾਹੋਂ, ਕਮਲਜੀਤ ਸਨਾਵਾ, ਮਨਜਿੰਦਰ, ਸੂਬਾ ਸੈਕਟਰੀ ਦਵਿੰਦਰ ਕੁਮਾਰ, ਰਿਪਨਦੀਪ ਸਿੰਘ, ਅੰਮ੍ਰਿਤਪਾਲ ਸਿੰਘ, ਰੇਹੜੀ ਵਰਕਰ ਯੂਨੀਅਨ ਦੇ ਆਗੂ ਹਰੇ ਰਾਮ, ਪਰਵੀਨ ਕੁਮਾਰ ਨਿਰਾਲਾ, ਡਾਕਟਰ ਅਵਤਾਰ ਬਾਲੀ ਸੂਬਾ ਜਨਰਲ ਸਕੱਤਰ ਨਿਊ ਮੈਡੀਕਲ ਪ੍ਰੈਕਟੀਸ਼ਨਰ ਐਸੋਸੀਏਸ਼ਨ ਪੰਜਾਬ , ਡਾ. ਤਜਿੰਦਰ ਸਿੰਘ ਢਿੱਲੋਂ ਸੂਬਾ ਪ੍ਰਧਾਨ, ਡਾ. ਮਾਘ ਸਿੰਘ ਮਾਣਕੀ ਖਜ਼ਾਨਚੀ, ਡਾਕਟਰ ਮਨਜਿੰਦਰ ਬੰਗਾ, ਬਲਵਿੰਦਰ ਨੌਰਾ, ਰਾਹੁਲ ਦੇਵ, ਸੁਰਜੀਤ ਰਾਮ, ਰੋਸ਼ਨ ਲਾਲ, ਰਾਮ ਕਪੂਰ, ਇੰਦਰਜੀਤ, ਦਿਲਬਾਗ ਸਿੰਘ, ਸੰਦੀਪ ਮੱਟੂ, ਸਤਨਾਮ ਸਿੰਘ, ਸੋਢੀ ਰਾਮ, ਸੁਰਿੰਦਰ ਪਾਲ, ਨਿਰਮਲ ਰਾਮ, ਰਣਜੀਤ ਸਿੰਘ, ਨਗੀਨ ਸਿੰਘ, ਦਲਵੀਰ ਸਿੰਘ, ਜੀਵਨ ਸਿੰਘ ਤੇ ਏ ਬੀ ਅਰੋੜਾ ਵੀ ਮੌਜੂਦ ਸਨ। ਇਸ ਮੌਕੇ ਬੂਟਿਆਂ ਦਾ ਪ੍ਰਸ਼ਾਦ ਵੀ ਵੰਡਿਆ ਗਿਆ। ਅਗਾਂਹਵਧੂ ਸਾਹਿਤ ਦਾ ਸਟਾਲ ਵੀ ਲਾਇਆ ਗਿਆ।

### 'ਆਪ' ਵਿਧਾਇਕਾਂ ਨੂੰ ...

ਉਨ੍ਹਾਂ ਨੂੰ ਲੱਗਦਾ ਹੈ ਕਿ ਵੱਡੀਆਂ-ਵੱਡੀਆਂ ਕਾਰਾਂ ਅਤੇ ਵੱਡੀਆਂ ਜਾਇਦਾਦਾਂ ਵਾਲੇ ਹੀ ਵਿਧਾਇਕ, ਮੰਤਰੀ ਬਣਨੇ ਚਾਹੀਦੇ ਹਨ, ਜਿਨ੍ਹਾਂ ਨੂੰ ਸਿਰਫ਼ ਆਪਣੇ ਪਰਵਾਰ, ਰਿਸ਼ਤੇਦਾਰਾਂ ਅਤੇ ਆਪਣੇ ਨਿੱਜੀ ਫਾਇਦੇ ਦੀ ਚਿੰਤਾ ਹੈ।ਨਿੱਜੀ ਲਾਭ ਲਈ ਸੁਖਬੀਰ ਬਾਦਲ ਨੇ ਆਪਣੀ ਸਰਕਾਰ ਵੇਲੇ ਕੈਬਨਿਟ ਮੀਟਿੰਗ ਵਿੱਚ ਪ੍ਰਸਤਾਵ ਪਾਸ ਕਰਵਾ ਕੇ ਆਪਣੇ ਹੋਟਲ ਲਈ ਜੰਗਲਾਤ ਵਿਭਾਗ ਦੀ ਜ਼ਮੀਨ ਲੈ ਲਈ ਅਤੇ ਟਰਾਂਸਪੋਰਟ ਵਿਭਾਗ ਦੇ ਦਿਸ਼ਾ-ਨਿਰਦੇਸ਼ਾਂ ਦੀ ਉਲੰਘਣਾ ਕਰਕੇ ਆਪਣੀਆਂ ਲਗਜ਼ਰੀ ਬੱਸਾਂ ਚਲਾਉਣੀਆਂ ਸ਼ੁਰੂ ਕਰ ਦਿੱਤੀਆਂ।

ਕੰਗ ਨੇ ਕਿਹਾ ਕਿ ਤਿੰਨੋਂ ਪਾਰਟੀਆਂ ਅਕਾਲੀ ਦਲ, ਭਾਜਪਾ ਅਤੇ ਕਾਂਗਰਸ ਜਗੀਰਦਾਰੀ ਸੋਚ ਵਾਲੇ ਲੋਕਾਂ ਨਾਲ ਭਰੀਆਂ ਹੋਈਆਂ ਹਨ। ਕੁਝ ਮਹੀਨੇ ਪਹਿਲਾਂ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਨੇ ਵੀ ਜਲੰਧਰ 'ਚ 'ਆਪ' ਵਿਧਾਇਕਾਂ 'ਤੇ ਟਿੱਪਣੀ ਕੀਤੀ ਸੀ ਅਤੇ ਪੁੱਛਿਆ ਸੀ ਕਿ ਕਿਸ ਤਰ੍ਹਾਂ ਦੀਆਂ ਚੀਜ਼ਾਂ ਆਈਆਂ ਹਨ। ਸੁਨੀਲ ਜਾਖੜ ਵੀ ਇਸੇ ਮਾਨਸਿਕਤਾ ਦਾ ਬੰਦਾ ਹੈ। ਇਨ੍ਹਾਂ ਲੋਕਾਂ ਨੇ ਸੱਤਾ 'ਚ ਰਹਿੰਦਿਆਂ ਹੀ ਆਪਣਾ ਲਾਭ ਕਮਾਇਆ ਹੈ।

ਉਹਨਾ ਕਿਹਾ ਕਿ ਅਕਾਲੀ ਦਲ ਬਾਦਲ ਪੰਥਕ ਪਾਰਟੀ ਹੋਣ ਦਾ ਝੂਠਾ ਦਾਅਵਾ ਕਰਦਾ ਹੈ ਅਤੇ ਸੁਖਬੀਰ ਬਾਦਲ ਦੀ 'ਪੰਜਾਬ ਬਚਾਓ ਯਾਤਰਾ' ਪੰਜਾਬ ਅਤੇ ਪੰਥ ਨੂੰ ਬਚਾਉਣ ਲਈ ਨਹੀਂ, ਇਹ ਯਾਤਰਾ ਪਰਵਾਰ ਬਚਾਉਣ ਦੀ ਯਾਤਰਾ ਹੈ। ਉਨ੍ਹਾ ਕਿਹਾ ਕਿ ਭਾਈ ਕਾਨ੍ਹ ਸਿੰਘ ਨਾਭਾ ਨੇ ਆਪਣੀਆਂ ਲਿਖਤਾਂ ਵਿੱਚ ਮਲੰਗ ਦੇ ਅਰਥਾਂ ਨੂੰ ਬੇਪਰਵਾਹ ਦੱਸਿਆ ਹੈ, ਉਹ ਮਨੁੱਖ ਜਿਸ ਨੂੰ ਕੋਈ ਲਾਲਚ ਨਹੀਂ। ਇਹ ਵੀ ਸਹੀ ਹੈ, ਕਿਉਂਕਿ ਸਾਡੇ ਮੁੱਖ ਮੰਤਰੀ, ਮੰਤਰੀਆਂ ਅਤੇ ਵਿਧਾਇਕਾਂ ਵਿੱਚ ਕੋਈ ਲਾਲਚ ਨਹੀਂ। ਸੇਵਾ ਦੀ ਭਾਵਨਾ ਨਾਲ ਅਸੀਂ ਪੰਜਾਬ ਦੀ ਬਿਹਤਰੀ ਲਈ ਰਾਜਨੀਤੀ ਕਰ ਰਹੇ ਹਾਂ ਅਤੇ ਪੰਜਾਬ ਨੂੰ ਇਨ੍ਹਾਂ ਲੁਟੇਰਿਆਂ ਤੋਂ ਬਚਾਉਣ ਲਈ, ਜਿਨ੍ਹਾਂ ਕਈ ਪੀੜ੍ਹੀਆਂ ਤੱਕ ਪੰਜਾਬ 'ਤੇ ਰਾਜ ਕੀਤਾ, ਆਪਣੇ ਵੱਡੇ-ਵੱਡੇ ਅੰਪਾਇਰ ਲਗਾਏ ਅਤੇ ਪੰਜਾਬ ਦੇ ਨੌਜਵਾਨਾਂ ਨੂੰ ਦਰ-ਦਰ ਭਟਕਣ ਲਈ ਮਜਬੂਰ ਕੀਤਾ।

### ਪੁਲਸ ਅਧਿਕਾਰੀ ...

ਕੇ ਚੋਣਾਂ ਵਿੱਚ ਹਿੱਸਾ ਲੈ ਸਕਣ। ਉਹਨਾ ਕਿਹਾ ਕਿ ਦੇਸ਼ ਦਾ ਸੰਵਿਧਾਨ ਸਾਰੀਆਂ ਸਿਆਸੀ ਪਾਰਟੀਆਂ ਨੂੰ ਬਰਾਬਰ ਦੇ ਮੌਕੇ ਪ੍ਰਦਾਨ ਕਰਦਾ ਹੈ, ਤਾਂ ਕਿ ਉਹ ਚੋਣਾਂ ਵਿੱਚ ਸ਼ਿਰਕਤ ਕਰ ਸਕਣ ਅਤੇ ਇਸ ਦੀ ਪਾਲਣਾ ਨੂੰ ਹਰ ਹਾਲ ਵਿੱਚ ਯਕੀਨੀ ਬਣਾਇਆ ਜਾਵੇ।

ਇਕ ਹੋਰ ਮਸਲੇ 'ਤੇ ਗੱਲ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਪੁਲਸ ਦੀ ਸਹਾਇਤਾ ਲਈ ਅਰਧ ਸੈਨਿਕ ਬਲਾਂ ਦੀਆਂ ਕਈ ਕੰਪਨੀਆਂ ਵੀ ਸੂਬੇ ਵਿੱਚ ਛੇਤੀ ਹੀ ਪਹੁੰਚ ਜਾਣਗੀਆਂ। ਇਹ ਫੋਰਸਾਂ ਸੂਬੇ ਦੀਆਂ ਰਵਾਇਤਾਂ, ਧਰਮ ਅਤੇ ਰੀਤਾ-ਰਿਵਾਜਾਂ ਤੋਂ ਅਣਜਾਣ ਹੁੰਦੀਆਂ ਹਨ, ਜਿਸ ਕਰਕੇ ਪੰਜਾਬ ਪੁਲਸ ਨੂੰ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਲੋਕਾਂ ਦੀਆਂ ਧਾਰਮਕ ਭਾਵਨਾਵਾਂ ਨੂੰ ਕਿਸੇ ਤਰ੍ਹਾਂ ਠੇਸ ਨਾ ਪਹੁੰਚੇ। ਇਸ ਦੀ ਪਾਲਣਾ ਕਰਨਾ ਬਹੁਤ ਮਹੱਤਵਪੂਰਨ ਹੈ, ਕਿਉਂਕਿ ਸੂਬੇ ਵਿੱਚ ਅਮਨ-ਕਾਨੂੰਨ ਦੀ ਵਿਵਸਥਾ ਕਾਇਮ ਰੱਖਣ ਲਈ ਲੋਕਾਂ ਦੀਆਂ ਭਾਵਨਾਵਾਂ ਦਾ ਖਿਆਲ ਰੱਖਣਾ ਸਭ ਤੋਂ ਜ਼ਰੂਰੀ ਹੈ।ਮਾਨ ਨੇ ਕਿਹਾ ਕਿ ਪੁਲਸ ਨੂੰ ਸੂਬੇ ਵਿੱਚ ਗੈਰ-ਕਾਨੂੰਨੀ ਹਥਿਆਰਾਂ ਦੀ ਸਮੱਸਿਆ ਨੂੰ ਰੋਕਣ ਲਈ ਵਿਆਪਕ ਪੱਧਰ ਉਤੇ ਮੁਹਿੰਮ ਚਲਾਉਣੀ ਚਾਹੀਦੀ ਹੈ ਅਤੇ ਅਜਿਹੇ ਹਥਿਆਰ ਰੱਖਣ ਵਾਲਿਆਂ ਖਿਲਾਫ਼ ਸਖ਼ਤ ਕਾਰਵਾਈ ਕਰਨੀ ਚਾਹੀਦੀ ਹੈ। ਸੂਬਾ ਭਰ ਵਿੱਚ ਲਾਇਸੰਸੀ ਹਥਿਆਰਾ ਜਮ੍ਹਾਂ ਕਰਵਾਉਣ ਦੀ ਪ੍ਰਕਿਰਿਆ ਵਿੱਚ ਤੇਜ਼ੀ ਲਿਆਉਣੀ ਚਾਹੀਦੀ ਹੈ ਅਤੇ ਇਸ ਨੂੰ ਚੋਣਾਂ ਤੋਂ ਪਹਿਲਾਂ ਮੁਕੰਮਲ ਕੀਤਾ ਜਾਵੇ।

### ਸੀ ਏ ਏ ਦੰਗਿਆਂ...

ਕਾਨਫਰੰਸ 'ਚ ਕਿਹਾ ਕਿ ਇਸ ਕਾਨੂੰਨ ਰਾਹੀਂ ਕੇਂਦਰ 'ਚ ਭਾਜਪਾ ਦੀ ਅਗਵਾਈ ਵਾਲੀ ਸਰਕਾਰ ਨੇ ਪਾਕਿਸਤਾਨ ਅਤੇ ਬੰਗਲਾਦੇਸ਼ ਤੋਂ ਵੱਡੀ ਗਿਣਤੀ 'ਚ ਗਰੀਬ ਘੱਟਗਿਣਤੀਆਂ ਦੇ ਭਾਰਤ ਆਉਣ ਦੇ ਦਰਵਾਜ਼ੇ ਖੋਲ੍ਹ ਦਿੱਤੇ ਹਨ। ਪਾਕਿਸਤਾਨ, ਅਫਗਾਨਿਸਤਾਨ ਅਤੇ ਬੰਗਲਾਦੇਸ਼ ਵਿੱਚ 3.5 ਕਰੋੜ ਘੱਟਗਿਣਤੀ ਲੋਕ ਹਨ। ਭਾਜਪਾ ਪਾਕਿਸਤਾਨ ਅਤੇ ਬੰਗਲਾਦੇਸ਼ ਦੇ ਗਰੀਬ ਪਰਵਾਸੀਆਂ ਨੂੰ ਨੌਕਰੀਆਂ ਅਤੇ ਘਰ ਦੇ ਕੇ ਵਸਾਉਣ ਲਈ ਸਾਡੇ ਲੋਕਾਂ ਦਾ ਪੈਸਾ ਖਰਚਣਾ ਚਾਹੁੰਦੀ ਹੈ।

ਉਨ੍ਹਾ ਦਾਅਵਾ ਕੀਤਾ ਕਿ ਆਉਣ ਵਾਲੀਆਂ ਚੋਣਾਂ 'ਚ ਭਾਜਪਾ ਨੂੰ ਫਾਇਦਾ ਹੋਵੇਗਾ, ਕਿਉਂਕਿ ਗੁਆਂਢੀ ਮੁਲਕਾਂ ਤੋਂ ਭਾਰਤ 'ਚ ਆ ਕੇ ਵੱਸਣ ਵਾਲੀਆਂ ਗਰੀਬ ਘੱਟਗਿਣਤੀਆਂ ਇਸ ਦਾ ਵੋਟ ਬੈਂਕ ਬਣ ਜਾਣਗੀਆਂ। ਉਨ੍ਹਾ ਕਿਹਾ ਕਿ ਗੁਆਂਢੀ ਦੇਸ਼ਾਂ ਤੋਂ ਘੱਟਗਿਣਤੀਆਂ ਦੇ ਆਉਣ ਨਾਲ ਖਤਰਨਾਕ ਸਥਿਤੀ ਪੈਦਾ ਹੋ ਜਾਵੇਗੀ। ਇਹ 1947 ਨਾਲੋਂ ਵੀ ਵੱਡੀ ਹਿਜਰਤ ਹੋਵੇਗੀ। ਦੰਗੇ ਵੀ ਹੋ ਸਕਦੇ ਹਨ।

## 13.74 ਕਰੋੜ ਰੁਪਏ ਨਾਲ ਬਣੀਆਂ 4 ਜਲ ਸਪਲਾਈ ਸਕੀਮਾਂ ਲੋਕਾਂ ਨੂੰ ਸਮਰਪਤ

**ਫ਼ਾਜ਼ਿਲਕਾ (ਨਿਸ਼ਾ ਸ਼ਰਮਾ)** ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਅਬੋਹਰ ਉਪਮੰਡਲ ਦੇ ਚਾਰ ਪਿੰਡਾਂ ਵਿੱਚ ਬਣਾਈਆਂ ਪੇਂਡੂ ਜਲ ਸਪਲਾਈ ਸਕੀਮਾਂ ਨੂੰ ਲੋਕ ਸਮਰਪਤ ਕੀਤਾ ਗਿਆ।ਇਹ ਪ੍ਰੋਜੈਕਟ ਜਲ ਸਪਲਾਈ ਮੰਤਰੀ ਬ੍ਰਹਮ ਸ਼ੰਕਰ ਜਿੰਪਾ ਦੀ ਗਤੀਸ਼ੀਲ ਅਗਵਾਈ ਹੇਠ ਮੁਕੰਮਲ ਹੋਏ ਹਨ। ਸਮਾਗਮਾਂ ਵਿੱਚ ਵਧੀਕ ਡਿਪਟੀ ਕਮਿਸ਼ਨਰ ਵਿਕਾਸ ਅਨੀਤਾ ਦਰਸ਼ੀ ਤੇ ਸਾਬਕਾ ਵਿਧਾਇਕ ਸ੍ਰੀ ਅਰੁਣ ਨਾਰੰਗ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਏ, ਜਿਨ੍ਹਾਂ ਨੇ ਇਹ ਪ੍ਰੋਜੈਕਟ ਪਿੰਡਾਂ ਦੇ ਲੋਕਾਂ ਨੂੰ ਸਮਰਪਤ ਕੀਤੇ।

ਇਸ ਦੌਰਾਨ ਪਿੰਡ ਤੂਤ ਵਾਲਾ ਵਿੱਚ 2.98 ਕਰੋੜ ਰੁਪਏ ਦੀ ਲਾਗਤ ਨਾਲ ਬਣੀ ਜਲ ਸਪਲਾਈ ਸਕੀਮ ਨੂੰ ਲੋਕਾਂ ਨੂੰ ਸਮਰਪਤ ਕੀਤਾ ਗਿਆ।ਇਸੇ ਤਰ੍ਹਾਂ 3.43 ਕਰੋੜ ਰੁਪਏ ਨਾਲ ਭੰਗਰ ਖੇੜਾ ਵਿੱਚ ਬਣੀ ਜਲ ਸਪਲਾਈ ਸਕੀਮ ਨੂੰ ਵੀ ਲੋਕਾਂ ਨੂੰ ਸਮਰਪਤ ਕੀਤਾ ਗਿਆ।ਪਿੰਡ ਪਟੀ ਬੀਹਲਾ ਵਿੱਚ 3.39 ਕਰੋੜ ਰੁਪਏ ਨਾਲ ਨਵਾਂ ਵਾਟਰ ਵਰਕਸ ਬਣਿਆ ਹੈ।ਪਿੰਡ ਕਿਲਿਆਂਵਾਲੀ ਵਿੱਚ 3.94 ਕਰੋੜ ਰੁਪਏ ਨਾਲ ਨਵੀਂ ਵਾਟਰ ਸਕੀਮ ਦਾ ਉਦਘਾਟਨ ਕੀਤਾ ਗਿਆ।ਸਾਬਕਾ ਵਿਧਾਇਕ ਸ਼੍ਰੀ ਅਰੁਣ ਨਾਰੰਗ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਲੋਕਾਂ ਨੂੰ ਬਿਹਤਰ ਸਹੂਲਤਾਂ ਮੁਹੱਈਆ ਕਰਾਉਣ ਲਈ ਦ੍ਰਿੜ ਸੰਕਲਪਿਤ ਹੈ।ਉਨ੍ਹਾਂ ਕਿਹਾ ਕਿ ਪਿੰਡ ਪੱਤਰੇ ਵਾਲਾ ਵਿਖੇ ਇੱਕ ਨਹਿਰੀ ਪਾਣੀ ਤੇ ਅਧਾਰਤ ਮੈਗਾ ਵਾਟਰ ਵਰਕਸ ਵੀ ਬਣ ਰਿਹਾ ਹੈ। ਜਿਸ ਦੇ ਪੂਰਾ ਹੋਣ ਤੇ ਇਲਾਕੇ ਦੇ ਸਾਰੇ ਪਿੰਡਾਂ ਨੂੰ ਉਥੋਂ ਵੀ ਸਾਫ ਸੁਥਰਾ ਨਹਿਰੀ ਪਾਣੀ ਸਪਲਾਈ ਕੀਤਾ ਜਾਵੇਗਾ। ਵਧੀਕ ਡਿਪਟੀ ਕਮਿਸ਼ਨਰ ਅਨੀਤਾ ਦਰਸ਼ੀ ਨੇ ਕਿਹਾ ਕਿ ਸਾਫ਼ ਸੁਥਰਾ ਪਾਣੀ ਮਿਲਣ ਨਾਲ ਲੋਕ ਪੀਣ ਦੇ ਪਾਣੀ ਤੋਂ ਹੋਣ ਵਾਲੀਆਂ ਬਿਮਾਰੀਆਂ ਤੋਂ ਵੀ ਬਚਣਗੇ ਤੇ ਤੰਦਰੁਸਤ ਹੋਣਗੇ।

## ਮਹਾਂਪੰਚਾਇਤ ਲਈ ਕ੍ਰਾਂਤੀਕਾਰੀ ਕਿਸਾਨ ਯੂਨੀਅਨ ਦਾ ਜੱਥਾ ਰਵਾਨਾ

**ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ)** ਸੰਯੁਕਤ ਕਿਸਾਨ ਮੋਰਚੇ ਦੇ ਸੱਦੇ 'ਤੇ ਦਿੱਲੀ ਵਿਖੇ ਕੀਤੀ ਜਾ ਰਹੀ ਕਿਸਾਨ ਮਜ਼ਦੂਰ ਮਹਾਂਪੰਚਾਇਤ ਰੈਲੀ ਲਈ ਕ੍ਰਾਂਤੀਕਾਰੀ ਕਿਸਾਨ ਯੂਨੀਅਨ ਪੰਜਾਬ ਦਾ ਸੈਂਕੜੇ ਕਿਸਾਨਾਂ ਦਾ ਜੱਥਾ ਸੂਬਾ ਜਨਰਲ ਸਕੱਤਰ ਗੁਰਮੀਤ ਸਿੰਘ ਮਹਿਮਾ ਤੇ ਜ਼ਿਲ੍ਹਾ ਪ੍ਰਧਾਨ ਗੁਰਮੀਤ ਸਿੰਘ ਪੋਜੋਕੇ ਦੀ ਅਗਵਾਈ ਵਿੱਚ ਰਵਾਨਾ ਹੋਇਆ।ਮੰਗਾਂ ਨੂੰ ਦੁਹਰਾਉਂਦਿਆਂ ਹੋਇਆ ਕਿਸਾਨਾਂ ਨੇ ਕੇਂਦਰ ਸਰਕਾਰ ਖਿਲਾਫ ਨਾਅਰੇਬਾਜ਼ੀ ਕਰਦਿਆਂ ਆਪਣਾ ਰੋਸ ਜ਼ਾਹਰ ਕੀਤਾ। ਸੂਬਾ ਪ੍ਰੈਸ ਸਕੱਤਰ ਅਵਤਾਰ ਸਿੰਘ ਮਹਿਮਾ ਨੇ ਦੱਸਿਆ ਕਿ ਕਿਸਾਨਾਂ ਦੇ ਕਰਜ਼ੇ 'ਤੇ ਲੀਕ ਫੇਰਨ, ਸਾਰੀਆਂ ਫ਼ਸਲਾਂ ਦਾ ਸੀ 2 +50 ਪ੍ਰਤੀਸ਼ਤ ਭਾਅ ਨਾਲ ਖਰੀਦ ਦਾ ਗਰੰਟੀ ਕਾਨੂੰਨ ਬਣਾਉਣ, ਬਜ਼ੁਰਗ ਕਿਸਾਨਾਂ ਤੇ ਮਜ਼ਦੂਰਾਂ ਨੂੰ 10 ਹਜ਼ਾਰ ਪੈਨਸ਼ਨ, ਫ਼ਸਲੀ ਬੀਮਾ ਯੋਜਨਾ, ਲਖੀਮਪੁਰ ਖੀਰੀ ਦੇ ਕਿਸਾਨਾਂ ਨੂੰ ਇਨਸਾਫ ਦਿਵਾਉਣ ਸਮੇਤ ਸਾਰੀਆਂ ਮੰਗਾਂ ਨੰਬਰ ਲੈ ਕੇ ਭਾਰਤ ਦੇ ਵੱਖ-ਵੱਖ ਸੂਬਿਆਂ ਦੇ ਲੱਖਾਂ ਕਿਸਾਨ ਤੇ ਮਜ਼ਦੂਰ ਜੁਟਣਗੇ।

## ਸਰਕਾਰ ਦੀਆਂ ਨੀਤੀਆਂ ਤੇ ਲੋਕਾਂ ਦੇ ਸਹਿਯੋਗ ਸਦਕਾ ਸੂਬਾ ਮੁੜ ਵਿਕਾਸ ਦੀਆਂ ਬੁਲੰਦੀਆਂ 'ਤੇ : ਰਾਏ



**ਫ਼ਤਹਿਗੜ੍ਹ ਸਾਹਿਬ, (ਪ੍ਰਮੋਦ ਭਾਰਦਵਾਜ)** -ਪੰਜਾਬ ਸਰਕਾਰ ਆਪਣੀਆਂ ਨੇਕ ਨੀਤੀਆਂ ਕਾਰਨ ਤੇ ਲੋਕਾਂ ਦੇ ਸਹਿਯੋਗ ਨਾਲ ਪੰਜਾਬ ਨੂੰ ਮੁੜ ਤੋਂ ਰੰਗਲਾ ਪੰਜਾਬ ਬਣਾਉਣ ਵੱਲ ਤੇਜ਼ੀ ਨਾਲ ਅੱਗੇ ਵੱਧ ਰਹੀ ਹੈ।ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਵਿਧਾਇਕ ਐਡਵੋਕੇਟ ਲਖਵੀਰ ਸਿੰਘ ਰਾਏ ਨੇ ਖੇੜਾਂ ਬਲਾਕ ਦੇ ਵੱਖ-ਵੱਖ ਪਿੰਡਾਂ ਵਿੱਚ 01 ਕਰੋੜ ਤੋਂ ਵੱਧ ਦੀ ਲਾਗਤ ਨਾਲ ਕਰਾਏ ਗਏ ਵਿਕਾਸ ਕਾਰਜਾਂ ਦਾ ਉਦਘਾਟਨ ਕਰਨ ਮੌਕੇ ਕੀਤਾ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਨੌਜਵਾਨਾਂ ਨੂੰ ਨਸ਼ਿਆਂ ਦੀ ਦਲਦਲ ਵਿੱਚੋਂ ਕੱਢ ਕੇ ਖੇਡਾਂ ਨਾਲ ਜੋੜਨ ਲਈ ਵਿਸ਼ੇਸ਼ ਉਪਰਾਲੇ ਕਰ ਰਹੀ ਹੈ ਤਾਂ ਜੁ ਪੰਜਾਬ ਨੂੰ ਮੁੜ ਤੋਂ ਰੰਗਲਾ ਪੰਜਾਬ ਬਣਾਇਆ ਜਾ ਸਕੇ।ਉਨ੍ਹਾਂ ਕਿਹਾ ਕਿ ਕੇਂਦਰ ਵੱਲੋਂ 85 ਹਜ਼ਾਰ ਕਰੋੜ ਰੁਪਏ ਰੋਕੇ ਜਾਣ ਉਪਰੰਤ ਪੰਜਾਬ ਸਰਕਾਰ ਬੇਮਿਸਾਲ ਵਿਕਾਸ ਕਰ ਰਹੀ ਹੈ।ਸ੍ਰੀ ਰਾਏ ਨੇ ਦੱਸਿਆ ਕਿ ਖੇੜਾ ਬਲਾਕ ਦੇ ਪਿੰਡ ਹਿੰਦੂਪੁਰ ਵਿਖੇ 43 ਲੱਖ ਰੁਪਏ ਦੀ ਲਾਗਤ ਨਾਲ ਖੇਡ ਸਟੇਡੀਅਮ ਤਿਆਰ ਕੀਤਾ ਗਿਆ ਹੈ, ਜਿਸ ਵਿੱਚ ਨੌਜਵਾਨਾਂ ਦੇ ਖੇਡਣ ਲਈ ਸਾਰੀਆਂ ਖੇਡਾਂ ਦਾ ਸਮਾਨ ਮੁਹੱਈਆ ਕਰਾਇਆ ਜਾਵੇਗਾ ਅਤੇ ਛੋਟੇ ਬੱਚਿਆਂ ਲਈ ਖੇਡਣ ਲਈ ਝੂਲੇ ਆਦਿ ਦਾ ਪ੍ਰਬੰਧ ਵੀ ਕੀਤਾ ਜਾਵੇਗਾ।ਇਸ ਤੋਂ ਇਲਾਵਾ ਬਜ਼ੁਰਗਾਂ ਦੇ ਬੈਠਣ ਲਈ ਸੱਥ ਤਿਆਰ ਕੀਤੀ ਗਈ ਹੈ ਤੇ ਗਰਾਊਂਡ ਵਿੱਚ ਸੈਰ ਕਰਨ ਲਈ ਵਧੀਆ ਟਰੈਕ ਤਿਆਰ ਕੀਤਾ ਜਾਵੇਗਾ।ਸ੍ਰੀ ਰਾਏ ਨੇ ਦੱਸਿਆ ਕਿ ਰਜਿੰਦਰਗੜ੍ਹ ਵਿਖੇ ਕਰੀਬ 40 ਲੱਖ ਰੁਪਏ ਦੀ ਲਾਗਤ ਨਾਲ ਕਮਿਊਨਿਟੀ ਸੈਂਟਰ ਤਿਆਰ ਕੀਤਾ ਗਿਆ ਹੈ ਜਿੱਥੇ ਆਰਥਿਕ ਪੱਖੋਂ ਗਰੀਬ ਬੱਚਿਆਂ ਦਾ ਪੈਲਿਸ ਵਿੱਚ ਵਿਆਹ ਕਰਵਾਉਣ ਦਾ ਸੁਪਨਾ ਵੀ ਪੂਰਾ ਹੋਵੇਗਾ। ਕਿਉਂਕਿ ਪੈਲਿਸਾਂ ਦੀ ਕਿਰਾਏ ਇੰਨੇ ਜ਼ਿਆਦਾ ਹੋ ਗਏ ਹਨ ਕਿ ਹਰੇਕ ਵਿਅਕਤੀ ਦਾ ਪੈਲਿਸ ਵਿੱਚ ਵਿਆਹ ਕਰਨਾ ਮੁਸ਼ਕਿਲ ਹੋ ਗਿਆ ਹੈ। ਇਸ ਲਈ ਪੰਜਾਬ ਸਰਕਾਰ ਵੱਲੋਂ ਪਿੰਡਾਂ ਵਿੱਚ ਆਧੁਨਿਕ ਸਹੂਲਤਾਂ ਵਾਲੇ ਕਮਿਊਨਿਟੀ ਸੈਂਟਰ ਉਸਾਰੇ ਜਾ ਰਹੇ ਹਨ ਉਹਨਾਂ ਹੋਰ ਦੱਸਿਆ ਕਿ ਪਿੰਡ ਝਾਂਮਪੁਰ ਵਿਖੇ 07 ਲੱਖ ਰੁਪਏ ਦੀ ਲਾਗਤ ਨਾਲ ਆਂਗਨਵਾੜੀ ਦਾ ਕੰਮ ਕੀਤਾ ਗਿਆ ਹੈ। ਇਸ ਤੋਂ ਇਲਾਵਾ 10 ਲੱਖ ਰੁਪਏ ਨਾਲ ਭਗੜਾਨਾ ਵਿਖੇ ਪਾਰਕ ਤਿਆਰ ਕੀਤਾ ਗਿਆ ਹੈ ਜਿਸ ਨਾਲ ਜਿੱਥੇ ਲੋਕਾਂ ਨੂੰ ਸੈਰ ਕਰਨ ਦੀ ਸਹੂਲਤ ਪ੍ਰਾਪਤ ਹੋਵੇਗੀ ਉੱਥੇ ਹੀ ਪਿੰਡ ਦਾ ਵਾਤਾਵਰਨ ਵੀ ਸ਼ੁੱਧ ਹੋਵੇਗਾ। ਸ੍ਰੀ ਰਾਏ ਨੇ ਦੱਸਿਆ ਕਿ ਪਿੰਡ ਚੁੰਨੀ ਮਾਜਰਾ ਵਿਖੇ 05 ਲੱਖ ਰੁਪਏ ਦੀ ਲਾਗਤ ਨਾਲ ਗੰਦੇ ਪਾਣੀ ਦੀ ਨਿਕਾਸੀ ਲਈ ਮਨਰੇਗਾ ਅਧੀਨ ਨਾਲੇ ਦੀ ਉਸਾਰੀ ਕਰਵਾਈ ਗਈ ਹੈ ਜਿਸ ਨਾਲ ਗਲੀਆਂ ਵਿੱਚ ਗੰਦੇ ਪਾਣੀ ਖੜ੍ਹਨ ਦੀ ਸਮੱਸਿਆ ਦੂਰ ਹੋਵੇਗੀ।

ਵਿਧਾਇਕ ਨੇ ਦੱਸਿਆ ਕਿ ਲੋਕਾਂ ਨੂੰ ਮਿਆਰੀ ਸਿਹਤ ਸਹੂਲਤਾਂ ਦੇਣ ਲਈ ਪੰਜਾਬ ਸਰਕਾਰ ਵੱਲੋਂ 850 ਆਮ ਆਦਮੀ ਕਲੀਨਿਕ ਖੋਲ੍ਹੇ ਗਏ ਹਨ, ਜਿਨ੍ਹਾਂ ਵਿੱਚ ਹੁਣ ਤੱਕ 01 ਕਰੋੜ ਮਰੀਜ਼ ਮੁਫ਼ਤ ਇਲਾਜ ਕਰਾ ਚੁੱਕੇ ਹਨ ਤੇ 30 ਲੱਖ ਲੋਕ ਸਰਕਾਰੀ ਲੈਬੋਟਰੀਆਂ ਤੋਂ ਵੱਖ-ਵੱਖ ਤਰ੍ਹਾਂ ਦੇ ਟੈਸਟ ਕਰਾ ਚੁੱਕੇ ਹਨ।ਉਨ੍ਹਾਂ ਇਹ ਵੀ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਹਰ ਮਹੀਨੇ ਬਿਜਲੀ ਦੀਆਂ 300 ਯੂਨਿਟਾਂ ਮੁਫ਼ਤ ਕਰਨ ਨਾਲ 71 ਹਜ਼ਾਰ ਘਰਾਂ ਦਾ ਜ਼ੀਰੋ ਬਿਜਲੀ ਬਿੱਲ ਆਉਣ ਲੱਗਿਆ ਹੈ। ਉਨ੍ਹਾਂ ਹਲਕੇ ਦੇ ਲੋਕਾਂ ਨੂੰ ਅਪੀਲ ਕੀਤੀ ਕਿ ਜਿਸ ਤਰ੍ਹਾਂ ਤੁਸੀ ਆਮ ਆਦਮੀ ਪਾਰਟੀ ਨੂੰ ਵੱਡੇ ਬਹੁਮਤ ਲਈ ਜਿਤਾਇਆ ਹੈ, ਉਸੇ ਤਰ੍ਹਾਂ ਆਉਣ ਵਾਲੀਆਂ ਲੋਕ ਸਭਾ ਚੋਣਾਂ ਦੌਰਾਨ ਆਮ ਆਦਮੀ ਪਾਰਟੀਦੇ ਉਮੀਦਵਾਰਾਂ ਨੂੰ ਭਾਰੀ ਬਹੁਮਤ ਨਾਲ ਜਿਤਾ ਕੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੂੰ ਹੋਰ ਮਜ਼ਬੂਤ ਕਰੋਗੇ ਤਾਂ ਜੁ ਕੇਂਦਰ ਤੋਂ ਵਧੇਰੇ ਫੰਡ ਲਿਆਂਦੇ ਜਾ ਸਕਨ ਤੇ ਪੰਜਾਬ ਦਾ ਵਧੇਰੇ ਵਿਕਾਸ ਕਰਵਾਇਆ ਜਾ ਸਕੇ।

## ਦੇਸ ਭਗਤ 'ਵਰਸਿਟੀ ਨੇ ਸੱਭਿਆਚਾਰਕ ਏਕਤਾ ਦਾ ਜਸ਼ਨ ਮਨਾਇਆ

**ਫ਼ਤਿਹਗੜ੍ਹ ਸਾਹਿਬ, (ਪ੍ਰਮੋਦ ਭਾਰਦਵਾਜ)** ਦੇਸ਼ ਭਗਤ ਯੂਨੀਵਰਸਿਟੀ ਨੇ ਸਾਲਾਨਾ ਗਲੋਬਲ ਹਾਰਮਨੀ ਅਗਰੈਸਿੰਗ ਡਾਇਵਰਸਿਟੀ ਪ੍ਰੋਗਰਾਮ ਦਾ ਆਯੋਜਨ ਕੀਤਾ, ਜਿਸ ਨੇ ਅੰਤਰਰਾਸ਼ਟਰੀ ਵਿਦਿਆਰਥੀਆਂ ਵਿੱਚ ਸੱਭਿਆਚਾਰਕ ਏਕਤਾ ਤੇ ਸਮਝ ਦੀ ਸੁੰਦਰਤਾ ਪੇਸ਼ ਕੀਤੀ। ਕੈਂਪਸ ਵਿੱਚ ਆਯੋਜਤ ਇਹ ਪ੍ਰੋਗਰਾਮ ਏਕਤਾ ਅਤੇ ਸੱਭਿਆਚਾਰਕ ਆਦਰਸ਼ਾਂ ਦਾ ਜਸ਼ਨ ਮਨਾਉਣ ਲਈ ਵੱਖ-ਵੱਖ ਪਿਛੋਕੜਾਂ ਦੇ ਵਿਦਿਆਰਥੀਆਂ ਨੂੰ ਇਕੱਠਾ ਕਰਦਾ ਹੈ। ਪ੍ਰੋਗਰਾਮ ਦੀ ਸ਼ੁਰੂਆਤ ਲਗਭਗ 10 ਅੰਤਰਰਾਸ਼ਟਰੀ ਵਿਦਿਆਰਥੀਆਂ ਦੀ ਭਾਗੀਦਾਰੀ ਨਾਲ ਹੋਈ। ਗਲੋਬਲ ਆਰਕਸ ਦੇ ਸਚਿਨ ਸ਼ੇਖਰ ਮੁੱਖ ਮਹਿਮਾਨ ਵਜੋਂ ਮੌਜੂਦ ਸਨ। ਡਾ. ਜ਼ੋਰਾ ਸਿੰਘ, ਚਾਂਸਲਰ ਤੇ ਡਾ. ਤਜਿੰਦਰ ਕੌਰ, ਪ੍ਰੋ-ਚਾਂਸਲਰ ਨੇ ਅੰਤਰਰਾਸ਼ਟਰੀ ਵਿਦਿਆਰਥੀਆਂ ਨੂੰ ਸਨਮਾਨਤ ਕਰਦੇ ਹੋਏ ਡੀਬੀਯੂ ਵਿਖੇ ਸੱਭਿਆਚਾਰਕ ਅਦਾਨ-ਪ੍ਰਦਾਨ ਨੂੰ ਉਤਸ਼ਾਹਤ ਕਰਨ ਲਈ ਆਪਣਾ ਸਮਰਥਨ ਤੇ ਉਤਸ਼ਾਹ ਜ਼ਾਹਰ ਕੀਤਾ।

ਡਾ. ਹਰਸ਼ ਸਦਾਵਰਤੀ, ਵੀਪੀ ਨੇ ਗਲੋਬਲ ਏਕਤਾ ਨੂੰ ਉਤਸ਼ਾਹਤ ਕਰਨ ਵਿੱਚ ਸੱਭਿਆਚਾਰਕ ਵਿਭਿੰਨਤਾ ਦੀ ਮਹੱਤਤਾ 'ਤੇ ਚਾਨਣਾ ਪਾਉਂਦਿਆਂ ਇੱਕ ਸ਼ਾਨਦਾਰ ਸਵਾਗਤੀ ਭਾਸ਼ਣ ਦਿੱਤਾ। ਉਸ ਨੇ ਇਸ ਘਟਨਾ ਨੂੰ ਵਸੁਧੈਵ ਕੁਟੁੰਬਕਮ ਦੇ ਅਦਾਨ-ਪ੍ਰਦਾਨ ਨਾਲ ਜੋੜ ਕੇ ਸੱਚਮੁੱਚ ਵਿਸ਼ਵ ਏਕਤਾ ਦੀ ਭਾਵਨਾ ਨੂੰ ਪ੍ਰਗਟ ਕੀਤਾ। ਸਮਾਗਮ ਵਿੱਚ ਰੰਗਾਰੰਗ ਸੱਭਿਆਚਾਰਕ ਪੇਸ਼ਕਾਰੀ ਪੇਸ ਕੀਤੀ ਗਈ, ਜਿਵੇਂ ਨਾਚ ਤੇ ਗੀਤ ਜੋ ਅਫ਼ਰੀਕਾ ਮਹਾਂਦੀਪ ਦੇ ਵੱਖ-ਵੱਖ ਸੱਭਿਆਚਾਰਾਂ ਦੀ ਵਿਰਾਸਤ ਨੂੰ ਦਰਸਾਉਂਦੇ ਹਨ। ਡਾ. ਐਰਿਕ ਕੁਆਾਵਸੀ ਨੇ ਜੋਸ਼ ਨਾਲ ਭਰੇ ਸਟੇਜ ਦਾ ਸੰਚਾਲਨ ਕੀਤਾ।

ਨਵਾਂ ਜ਼ਮਾਨਾ
ਪੋਸਟ ਬਾਕਸ ਨੰ. 134

Printed and Published by Gurmit Singh Shugli for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar. Editor: Chand Fatehpuri
ਸੰਪਾਦਕ : ਚੰਦ ਫਤਿਹਪੁਰੀ * ਪੀ ਆਰ ਬੀ ਐਕਟ ਤਹਿਤ ਖ਼ਬਰਾਂ ਦੀ ਚੋਣ ਲਈ ਜ਼ਿੰਮੇਵਾਰ। ਪ੍ਰਕਾਸ਼ਕ ਤੇ ਛਾਪਕ ਗੁਰਮੀਤ ਸਿੰਘ ਸ਼ੁਗਲੀ ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ।
ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in

# ਮੋਦੀ ਸਰਕਾਰ ਕਿਸਾਨਾਂ ਨਾਲ ਧੱਕੇਸ਼ਾਹੀ ਬੰਦ ਕਰੇ : ਬਲਵਿੰਦਰ ਸਿੰਘ

**ਚੋਹਲਾ ਸਾਹਿਬ (ਰਮਨ ਚੱਢਾ)**

ਪ੍ਰੈੱਸ ਨੂੰ ਜਾਣਕਾਰੀ ਦਿੰਦਿਆਂ ਕੁੱਲ ਹਿੰਦ ਕਿਸਾਨ ਸਭਾ ਦੇ ਆਗੂ ਬਲਵਿੰਦਰ ਸਿੰਘ ਦਦੇਹਰ ਸਹਿਬ ਅਤੇ ਤਰਕਸ਼ੀਲ ਸੁਸਾਇਟੀ ਇਕਾਈ ਚੋਹਲਾ ਦੇ ਵਿੱਤ ਮੁਖੀ ਸੁਖਵਿੰਦਰ ਸਿੰਘ ਖਾਰਾ ਨੇ ਦੱਸਿਆ ਕਿ ਜਦੋਂ ਦੀ ਕੇਂਦਰ ਵਿੱਚ ਮੋਦੀ ਸਰਕਾਰ ਆਈ ਹੈ ਕਿਸਾਨ ਵਿਰੋਧੀ ਲਗਾਤਾਰ ਕਾਨੂੰਨ ਬਣਾ ਰਹੀ ਹੈ।ਇਸ ਤੋਂ ਇਲਾਵਾ ਜਾਤਾਂ-ਪਾਤਾਂ ਅਤੇ ਧਰਮਾਂ ਦੇ ਭਾਈਚਾਰਿਆਂ ਵਿੱਚ ਨਫਰਤ ਫੈਲਾਅ ਕੇ ਸਿਆਸਤ ਕਰਦੀ ਆ ਰਹੀ ਹੈ। ਮੋਦੀ ਸਰਕਾਰ ਵਲੋਂ ਨਾਗਰਿਕਤਾ ਸੋਧ ਬਿੱਲ ਫੇਰ ਲਾਗੂ ਕਰਨਾ ਮੰਦਭਾਗਾ ਫੈਸਲਾ ਹੈ।ਇਸ ਵਿੱਚ ਘੱਟ ਗਿਣਤੀ ਦੇ ਭਾਈਚਾਰਿਆਂ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ।ਪਹਿਲਾਂ ਵੀ ਕਿਸਾਨਾਂ ਨੇ ਖੇਤੀ ਦੇ ਕਾਲੇ ਕਾਨੂੰਨਾਂ ਵਿਰੁਧ ਦਿੱਲੀ ਦੀਆਂ ਬਰੂਹਾਂ ਤੇ ਚੌਦਾਂ ਮਹੀਨੇ ਸ਼ਾਂਤਮਈ ਸੰਘਰਸ਼ ਲੜਿਆ ਸੀ।ਜਿਸ ਵਿੱਚ ਸੱਤ ਸੌ ਤੋਂ ਵੱਧ ਕਿਸਾਨਾਂ ਦੀਆਂ ਸ਼ਹੀਦੀਆਂ ਹੋਈਆਂ ਸਨ।ਅੰਤ ਵਿੱਚ ਕੇਂਦਰ ਦੀ ਮੋਦੀ ਸਰਕਾਰ ਨੂੰ ਕਾਲੇ ਕਨੂੰਨ ਵਾਪਿਸ ਲੈਣੇ ਪਏ ਸਨ। ਪਰੰਤੂ ਮੰਨੀਆਂ ਹੋਈਆਂ ਮੰਗਾਂ ਤੋਂ ਮੋਦੀ ਸਰਕਾਰ ਭੱਜ ਗਈ ਹੈ ਜਿਸ ਕਰਕੇ ਹੁਣ ਕਿਸਾਨਾਂ ਨੂੰ ਦੁਬਾਰਾ ਦਿੱਲੀ ਵਲ ਕੂਚ ਕਰਨਾ ਪਿਆ ਹੈ।ਪਰੰਤੂ ਸ਼ੰਭੂ ਅਤੇ ਖਨੌਰੀ ਬਾਰਡਰਾਂ ਤੇ ਖੱਟਰ ਸਰਕਾਰ ਵਲੋਂ, ਜਲ੍ਹਿਆਂਵਾਲੇ ਬਾਗ ਦੀ ਤਰ੍ਹਾਂ ਅੰਨ੍ਹੇਵਾਹ ਅੱਥਰੂ ਗੈਸ ਦੇ ਗੋਲੇ ਸੁੱਟ ਕੇ ਸੈਂਕੜੇ ਕਿਸਾਨਾਂ ਦੀਆਂ ਅੱਖਾਂ ਖਰਾਬ ਕਰ ਦਿੱਤੀਆਂ ਹਨ।ਇਸ ਤੋਂ ਇਲਾਵਾ ਇਕ ਕਿਸਾਨ ਸ਼ੁਭਕਰਨ ਦੀ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ ਹੈ।ਸੈਂਕੜੇ ਕਿਸਾਨ ਜ਼ਖਮੀ ਕਰ ਦਿੱਤੇ ਹਨ। ਇਸ ਤੋਂ ਇਲਾਵਾ ਬਹੁਤ ਸਾਰੇ ਕਿਸਾਨ ਖੱਟਰ ਦੀ ਬੁੱਚੜ ਸਰਕਾਰ ਵਲੋਂ ਅਗਵਾ ਕੀਤੇ ਗਏ ਸਨ।ਸਭ ਤੋਂ ਵੱਧ ਕਿਸਾਨਾਂ ਦੀ ਹਮਦਰਦ ਅਖਵਾਉਣ ਵਾਲੀ ਪਾਰਟੀ ਸ਼੍ਰੋਮਣੀ ਅਕਾਲੀ ਦਲ ਬਾਦਲ, ਕਿਸਾਨਾਂ ਦੇ ਲਹੂ ਦੀ ਪਿਆਸੀ ਭਾਜਪਾ ਨਾਲ ਗੱਠਜੋੜ ਕਰਨ ਲਈ ਤਰਲੋਮੱਛੀ ਹੋ ਰਹੀ ਹੈ।ਬਲਵਿੰਦਰ ਕਾਮਰੇਡ ਦਦੇਹਰ ਨੇ ਪੰਜਾਬ ਬਾਰੇ ਗੱਲਬਾਤ ਕਰਦਿਆਂ ਦੱਸਿਆ ਕਿ ਮਾਨ ਸਰਕਾਰ ਕੰਮ ਘੱਟ ਤੇ ਡਰਾਮੇ ਵੱਧ ਕਰ ਰਹੀ ਹੈ।ਬੀਬੀਆਂ ਨੂੰ ਹਜਾਰ ਰੁਪਏ ਮਹੀਨਾ ਹਾਲੇ ਤਕ ਨਹੀਂ ਦਿੱਤਾ ਗਿਆ। ਲੁੱਟਾਂ ਖੋਹਾਂ/ਕਤਲ ਚਿੱਟੇ ਦਿਨ ਹੋ ਰਹੇ ਹਨ। ਪੰਜਾਬ ਦੀ ਜਵਾਨੀ ਚਿੱਟੇ ਦੇ ਨਸ਼ੇ ਨਾਲ ਮਰ ਰਹੀ ਹੈ।ਅੱਧੀ ਜਵਾਨੀ ਬੇਰੁਜ਼ਗਾਰੀ ਦਾ ਕਰਕੇ ਵਿਦੇਸ਼ਾਂ ਵਲ ਦੌੜ ਗਈ ਹੈ।ਕਨੂੰਨ ਦੀ ਹਾਲਤ ਲਗਾਤਾਰ ਵਿਗੜ ਰਹੀ ਹੈ।ਇਹੋ ਜਿਹੇ ਹਾਲਾਤ ਵਿੱਚ ਪੰਜਾਬ ਦੇ ਲੋਕ ਸਹਿਮ ਅਤੇ ਡਰ ਵਿੱਚ ਦਿਨ ਕੱਟੀ ਕਰ ਰਹੇ ਹਨ।ਇਸ ਮੌਕੇ ਖੇਤ ਮਜ਼ਦੂਰ ਸਭਾ ਦੇ ਆਗੂ ਸੇਵਾ ਸਿੰਘ ਸੇਵਾ ਸਿੰਘ ਦਦੇਹਰ, ਗੁਰਭੇਜ ਸਿੰਘ ਖਾਰਾ, ਸੁਖਵਿੰਦਰ ਸਿੰਘ ਖਾਰਾ ਵੀ ਹਾਜ਼ਰ ਸਨ।



# ਗੋਡੇ-ਗੋਡੇ ਗੰਦਾ ਪਾਣੀ ਭਰਿਆ ਪੰਜਵੜ ਕਲਾਂ ਦੀਆਂ ਗਲੀਆਂ 'ਚ

**ਸਰਾਏ ਅਮਾਨਤ ਖਾਂ (ਮੱਖਣ ਮਨੋਜ)**

ਵਿਧਾਇਕ ਸਾਹਿਬ ਪੰਜਵੜ ਕਲਾਂ ਦੇ ਗੰਦੇ ਪਾਣੀ ਦੇ ਨਿਕਾਸ ਦਾ ਵੀ ਕੋਈ ਹੱਲ ਕਰੋ? ਲੋਕ ਸਭਾ ਦੇ ਸਾਬਕਾ ਸਪੀਕਰ ਗੁਰਦਿਆਲ ਸਿੰਘ ਦੀ ਕੋਠੀ, ਗੁਰਦੁਆਰਾ ਸਾਹਿਬ ਤੇ ਪਿੰਡ ਦੀਆ ਗਲੀਆ ਗੰਦੇ ਪਾਣੀ ਨਾਲ ਭਰੀਆਂ ਪਈਆਂ ਹਨ।ਇਸ ਸਬੰਧੀ ਗੁਰਦੁਆਰਾ ਬਾਬਾ ਬੁੱਢਾ ਜੀ ਬੀੜ ਸਾਹਿਬ ਦੇ ਸਾਬਕਾ ਰਿਸੀਵਰ, ਸੀਨੀਅਰ ਅਕਾਲੀ ਆਗੂ ਤੇ ਸਾਬਕਾ ਸਰਪੰਚ ਕਰਮਜੀਤ ਸਿੰਘ ਢਿੱਲੋਂ ਪੰਜਵੜ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਮੀਡੀਆ ਰਾਹੀਂ ਹਲਕਾ ਵਧਾਇਕ ਡਾ. ਕਸ਼ਮੀਰ ਸਿੰਘ ਸੋਹਲ ਨੂੰ ਪਿੰਡ ਦੇ ਗੰਦੇ ਪਾਣੀ ਦੀ ਸਮੱਸਿਆ ਦਾ ਮਾਮਲਾ ਤੇ ਹੋਰ ਮੁਸ਼ਕਲਾਂ ਨੂੰ ਧਿਆਨ ਵਿੱਚ ਲਿਆਉਂਦਿਆਂ ਦੱਸਿਆ ਕਿ ਪਿਛਲੀ ਕਾਂਗਰਸ ਦੀ ਸਰਕਾਰ ਵੇਲੇ ਪਿੰਡ ਪੰਜਵੜ ਕਲਾਂ ਨੂੰ ਥਾਪਰ ਸਕੀਮ ਅਧੀਨ ਲਿਆਂਦੇ ਜਾਣ 'ਤੇ ਕਰੀਬ 35 ਲੱਖ ਰੁਪਏ ਦੀ ਗ੍ਰਾਂਟ ਮੌਜੂਦਾ ਸਰਪੰਚ ਪੰਜਵੜ ਕਲਾਂ ਨੂੰ ਪ੍ਰਾਪਤ ਹੋਈ ਸੀ।ਥਾਪਰ ਸਕੀਮ ਤਾਹਿਤ ਬਣਨ ਵਾਲੇ ਛੱਪੜਾਂ ਨੂੰ ਬਣਾਉਣ ਦਾ ਉਦਘਾਟਨ ਉਸ ਵੇਲੇ ਦੇ ਵਧਾਇਕ ਡਾ. ਧਰਮਬੀਰ ਅਗਨੀਹੋਤਰੀ ਵੱਲੋਂ ਕੀਤੇ ਜਾਣ ਤੇ ਕੰਮ ਦੀ ਸ਼ੁਰੂਆਤ ਕੀਤੀ ਗਈ ਸੀ ਜਿਸ ਤੇ ਪਿੰਡ ਦੇ ਗੰਦੇ ਪਾਣੀ ਦੇ ਨਿਕਾਸ ਹੋਣ ਦੀ ਪਿੰਡ ਵਾਸੀਆਂ ਨੂੰ ਕੁਝ ਆਸ ਬੱਝੀ ਸੀ।ਪਰ ਆਮ ਪਾਰਟੀ ਦੀ ਸਰਕਾਰ ਬਣਨ ਤੇ ਥਾਪਰ ਸਕੀਮ ਅਧੀਨ ਚੱਲ ਰਿਹਾ ਕੰਮ ਵਿੱਚੇ ਲਟਕਣ ਕਾਰਨ ਪਿੰਡ ਦੇ ਗੰਦੇ ਪਾਣੀ ਦੇ ਨਿਕਾਸ ਲਈ ਪਾਏ ਗਏ ਪੋਰਿਅ ਰਾਹੀਂ ਪਾਣੀ ਨਾ ਲੰਘਣ ਕਾਰਨ ਪਿੰਡ ਦਾ ਗੰਦਾ ਪਾਣੀ ਜਿੱਥੇ ਸਾਬਕਾ ਸਪੀਕਰ ਮਰਹੂਮ ਗੁਰਦਿਆਲ ਸਿੰਘ ਢਿੱਲੋਂ ਦੀ ਕੋਠੀ ਅੱਗੇ ਖੜਾ ਹੋ ਜਾਂਦਾ ਹੈ ਉਥੇ ਹੀ ਗੁਰਦੁਆਰਾ ਸਾਹਿਬ ਅਤੇ ਪਿੰਡ ਦੀਆਂ ਗਲੀਆਂ ਨਾਲੀਆਂ ਵਿੱਚ ਗੰਦਾ ਪਾਣੀ ਖੜਾ ਹੋਣ ਕਰਕੇ ਪਿੰਡ ਵਾਸੀਆਂ ਲਈ ਅਨੇਕਾਂ ਜਾਨਲੇਵਾ ਬਿਮਾਰੀਆਂ ਦਾ ਕਾਰਨ ਬਣ ਰਿਹਾ ਹੈ। ਕਰਮਜੀਤ ਸਿੰਘ ਢਿੱਲੋਂ ਨੇ ਅੱਗੇ ਕਿਹਾ ਕਿ ਇਸ ਸਬੰਧੀ ਉਨ੍ਹਾਂ ਵੱਲੋਂ ਬੀਡੀਪੀਓ ਬਲਾਕ ਤਰਨਤਾਰਨ, ਐਸਡੀਓ, ਪੰਚਾਇਤ ਸਕੱਤਰ ਸਮੇਤ ਹੋਰ ਸਬੰਧਿਤ ਅਧਿਕਾਰੀਆਂ ਨੂੰ ਵੀ ਜਾਣੂ ਕਰਵਾਇਆ ਹੈ। ਇਸ ਦੇ ਨਾਲ ਹੀ ਸਰਕਾਰੀ ਹਾਈ ਸਕੂਲ ਪੰਜਵੜ ਕਲਾਂ ਦੀ ਗਰਾਊਂਡ ਲਈ ਦੋ ਏਕੜ ਜ਼ਮੀਨ ਜਿਸ 'ਤੇ ਬੋਰਡ ਵੀ ਲੱਗਾ ਹੈ, ਵੀ ਗੰਦੇ ਪਾਣੀ ਦੇ ਛੱਪੜ ਦਾ ਰੂਪ ਧਾਰਨ ਕਰ ਚੁੱਕੀ ਹੈ।ਇਸ ਬਾਰੇ ਐੱਸਡੀਓ ਹਰਭਜਨ ਸਿੰਘ ਢਿੱਲੋਂ ਨਾਲ ਸੰਪਰਕ ਕਰਨ ਤੇ ਉਨ੍ਹਾਂ ਕਿਹਾ ਕਿ ਫਿਲਹਾਲ ਇਸ ਮਾਮਲੇ ਸਬੰਧੀ ਉਨ੍ਹਾਂ ਕੋਲ ਕੋਈ ਵੀ ਤਜਵੀਜ਼ ਨਹੀਂ ਹੈ। ਇਸ ਸਬੰਧੀ (ਬੀਡੀਪੀਓ) ਬਲਾਕ ਡਿਵੈਲਪਮੈਂਟ ਪੰਚਾਇਤ ਅਫਸਰ ਤਰਨ ਤਾਰਨ ਸੁਖਵਿੰਦਰ ਸਿੰਘ ਗਿੱਲ ਨਾਲ ਸੰਪਰਕ ਕਰਨ ਤੇ ਉਨ੍ਹਾਂ ਕਿਹਾ ਕਿ ਉਨ੍ਹਾਂ ਦੇ ਧਿਆਨ ਵਿੱਚ ਨਹੀਂ ਸੀ ਪਰ ਪੰਜਵੜ ਕਲਾਂ ਦੀ ਜੋ ਵੀ ਸਮੱਸਿਆ ਹੈ, ਦਾ ਹੱਲ ਕੀਤਾ ਜਾਵੇਗਾ।



## ਮਿਡ ਡੇਅ ਵਰਕਰ ਯੂਨੀਅਨ ਨੇ ਮੁੱਖ ਮੰਤਰੀ ਦੇ ਨਾਂਅ ਸੌਂਪਿਆ ਮੰਗ ਪੱਤਰ

**ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)**-ਮਿਡ ਡੇਅ ਮੀਲ ਵਰਕਰ ਯੂਨੀਅਨ ਬਲਾਕ ਕਾਹਨੂੰਵਾਨ ਦੀ ਬਲਾਕ ਪੱਧਰੀ ਰੈਲੀ ਪ੍ਰਧਾਨ ਸੁਨੀਤਾ ਅਤੇ ਦਵਿੰਦਰ ਦੀ ਪ੍ਰਧਾਨਗੀ ਹੇਠ ਹੋਈ।ਰੈਲੀ ਵਿੱਚ ਵਰਕਰਾਂ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਮਹਿੰਗਾਈ ਦੇ ਯੁੱਗ ਵਿਚ ਘੱਟੋ ਘੱਟ ਜੀਣ ਯੋਗ ਉਜਰਤ 26000 ਪ੍ਰਤੀ ਮਹੀਨਾ ਤਨਖਾਹ ਕੀਤੀ ਜਾਵੇ।ਸਿਹਤ ਬੀਮਾ ਅਤੇ ਵਰਦੀਆਂ ਦਿੱਤੀਆਂ ਜਾਣ।ਵਰਕਰਾਂ ਕਿਹਾ ਕਿ 3000 ਰੁਪਏ ਮਹੀਨੇ ਦੀ ਉਜਰਤ ਨਾਲ ਘਰਾਂ ਦਾ ਗੁਜ਼ਾਰਾ ਨਹੀਂ ਹੋ ਰਿਹਾ।ਰੈਲੀ ਉਪਰੰਤ ਬਜ਼ਾਰ ਵਿੱਚ ਮਾਰਚ ਕਰਕੇ ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ ਰਾਹੀਂ ਮੁੱਖ ਮੰਤਰੀ ਨੂੰ ਮੰਗ ਪੱਤਰ ਭੇਜਿਆ ਗਿਆ।ਆਗੂਆਂ ਮੰਗ ਕੀਤੀ ਕਿ ਮਿਡ ਡੇਅ ਮੀਲ ਮੈਨੇਜਰਾਂ ਨੂੰ ਵੀ ਪੱਕਾ ਕੀਤਾ ਜਾਵੇ।ਬਲਾਕ ਪ੍ਰਾਇਮਰੀ ਸਿੱਖਿਆ ਅਫਸਰ ਲਖਵਿੰਦਰ ਸਿੰਘ ਸੇਖੋਂ ਨੇ ਵਰਕਰਾਂ ਦਾ ਮੰਗ ਪੱਤਰ ਲੈ ਕੇ ਬਲਾਕ ਪੱਧਰ ਦੀਆਂ ਸਮੱਸਿਆਵਾਂ ਹੱਲ ਕਰਨ ਦਾ ਭਰੋਸਾ ਦਿੱਤਾ।ਇਸ ਸਮੇਂ ਗੁਰਪ੍ਰੀਤ ਕੌਰ, ਰੀਟਾ, ਬੁਈ, ਰਤਨ ਕੌਰ, ਮਨਜੀਤ ਕੌਰ ਵੜੈਚ, ਸੁਰਜੀਤ ਕੌਰ, ਹਰਜੀਤ ਕੌਰ, ਇੰਦਰਜੀਤ ਕੌਰ, ਪਿੰਕੀ, ਤਾਰੋ ਦੇਵੀ, ਪਰਮਜੀਤ ਕੌਰ, ਡਿੰਪਲ, ਸੋਮਾ ਦੇਵੀ, ਆਸ਼ਾ ਰਾਣੀ ਅਤੇ ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ ਦੇ ਆਗੂ ਸੁਰਿੰਦਰ ਸਿੰਘ, ਅਨਿਲ ਕੁਮਾਰ ਲਾਹੌਰੀਆ, ਕੁਲਦੀਪ ਪੁਰੋਵਾਲ ਆਦਿ ਹਾਜ਼ਰ ਸਨ।



## ਸ਼ਹੀਦ ਭਗਤ ਸਿੰਘ ਦਾ ਸ਼ਹੀਦੀ ਦਿਹਾੜਾ ਜਥੇਬੰਦਕ ਕਾਨਫਰੰਸ ਕਰਕੇ ਮਨਾਇਆ ਜਾਵੇਗਾ: ਦਰਾਜਕੇ, ਪੰਡੋਰੀ

**ਪੱਟੀ (ਬਲਦੇਵ ਸਿੰਘ ਸੰਧੂ/ਸ਼ਮਸ਼ੇਰ ਸਿੰਘ ਯੋਧਾ)**-ਸ਼ਹੀਦ ਭਗਤ ਸਿੰਘ ਦਾ ਸ਼ਹੀਦੀ ਦਿਹਾੜਾ 23 ਮਾਰਚ ਨੂੰ ਦਿਹਾਤੀ ਮਜ਼ਦੂਰ ਸਭਾ ਵਲੋਂ ਜਥੇਬੰਦਕ ਕਾਨਫਰੰਸ ਕਰਕੇ ਮਨਾਇਆ ਜਾਵੇਗਾ। ਇਹ ਫੈਸਲਾ ਦਿਹਾਤੀ ਮਜਦਦੂਰ ਸਭਾ ਦੀ ਤਹਿਸੀਲ ਕਮੇਟੀ ਤਰਨ ਤਾਰਨ ਦੀ ਮੀਟਿੰਗ 'ਚ ਜਰਨੈਲ ਸਿੰਘ ਰਸੂਲਪੁਰ ਦੀ ਪ੍ਰਧਾਨਗੀ ਹੇਠ ਕੀਤਾ ਗਿਆ।ਮੀਟਿੰਗ ਨੂੰ ਸੰਬੋਧਨ ਕਰਦਿਆਂ ਸਭਾ ਦੇ ਜ਼ਿਲ੍ਹਾ ਸਕੱਤਰ ਚਮਨ ਲਾਲ ਦਰਾਜਕੇ ਅਤੇ ਸੂਬਾਈ ਆਗੂ ਬਲਦੇਵ ਸਿੰਘ ਪੰਡੋਰੀ ਨੇ ਕਿਹਾ ਕਿ ਸਾਡੇ ਸੂਰਬੀਰ ਬਹਾਦਰ ਯੋਧਿਆਂ ਨੇ ਦੇਸ਼ ਨੂੰ ਆਜ਼ਾਦ ਕਰਾਉਣ ਲਈ ਚੜ੍ਹਦੀਆਂ ਜਵਾਨੀਆਂ 'ਚ ਫਾਂਸੀਆਂ ਦੇ ਰੱਸਿਆਂ ਨੂੰ ਚੁੰਮਿਆ ਅਤੇ ਆਜ਼ਾਦੀ ਲੈ ਕੇ ਦਿੱਤੀ। ਦੇਸ਼ ਦੀ ਬੀਜੇਪੀ ਦੀ ਸਰਕਾਰ ਭਗਤ ਸਿੰਘ ਦੇ ਸੁਪਨਿਆਂ ਨਾਲ ਗਦਾਰੀ ਕਰਕੇ ਵੱਖ-ਵੱਖ ਵਿਰੋਧੀ ਵਿਚਾਰਾਂ ਵਾਲੇ ਲੋਕਾਂ ਕੋਲੋਂ ਬੋਲਣ/ਲਿਖਣ ਦੀ ਆਜ਼ਾਦੀ ਖੋਹ ਰਹੀ ਹੈ। ਇਨ੍ਹਾਂ ਆਗੂਆਂ ਨੇ ਕਿਹਾ ਕਿ ਸ਼ਹੀਦ ਭਗਤ ਸਿੰਘ ਦੇ ਸੁਪਨਿਆਂ ਦਾ ਸਮਾਜ ਸਿਰਜਣ ਲਈ ਮਜ਼ਦੂਰ ਜਮਾਤ ਨੂੰ ਇਕੱਠੇ ਹੋ ਕੇ ਸੰਘਰਸ਼ ਦੇ ਮੈਦਾਨ ਵਿੱਚ ਆਉਣ ਦੀ ਅਪੀਲ ਕੀਤੀ। ਇਸ ਮੌਕੇ ਕਰਮ ਸਿੰਘ ਪੰਡੋਰੀ, ਜਸਵੰਤ ਸਿੰਘ, ਨਿੰਦਰ ਸਿੰਘ ਫੌਜੀ ਰਟੌਲ, ਮੀਨਾ ਕੌਰ ਚੀਮਾ ਖੁਰਦ, ਪ੍ਰਮਜੀਤ ਸਿੰਘ ਗੰਡੀਵਿੰਡ, ਹਰਜਿੰਦਰ ਸਿੰਘ, ਗੁਰਨਾਮ ਸਿੰਘ ਬਾਠ ਆਦਿ ਹਾਜ਼ਰ ਸਨ।



# ਮਜ਼ਦੂਰ ਆਗੂਆਂ ਦੀਆਂ ਗ੍ਰਿਫ਼ਤਾਰੀਆਂ ਤੇ ਲਾਠੀਚਾਰਜ ਦੀ ਸਖਤ ਨਿਖੇਧੀ

**ਪੱਟੀ (ਬਲਦੇਵ ਸਿੰਘ ਸੰਧੂ/ ਸ਼ਮਸ਼ੇਰ ਸਿੰਘ ਯੋਧਾ)**

ਆਪਣੀਆਂ ਹੱਕੀ ਮੰਗਾਂ ਦੀ ਪੂਰਤੀ ਲਈ ਕਿਸਾਨ ਮਜ਼ਦੂਰ ਜਥੇਬੰਦੀਆਂ ਦੇ ਸੱਦੇ ਤੇ ਸੂਬੇ ਅੰਦਰ ਵੱਖ-ਵੱਖ ਥਾਵਾਂ ਤੇ ਹੱਕੀ ਮੰਗਾਂ ਦੀ ਪੂਰਤੀ ਲਈ ਉਲੀਕੇ ਰੇਲ ਰੋਕੋ ਪ੍ਰੋਗਰਾਮ ਨੂੰ ਅਸਫਲ ਕਰਨ ਲਈ ਮਜ਼ਦੂਰ ਆਗੂਆਂ ਅਤੇ ਵਰਕਰਾਂ ਦੀਆਂ ਵੱਡੀ ਗਿਣਤੀ ਵਿਚ ਕੀਤੀਆਂ ਗਈਆਂ ਗ੍ਰਿਫ਼ਤਾਰੀਆਂ ਤੇ ਲਾਠੀਚਾਰਜ ਤੇ ਖੱਜਲ-ਖੁਆਰੀ ਦੀ ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਪੰਜਾਬ ਰਜਿ. 295 ਨੇ ਪੁਰਜ਼ੋਰ ਨਿਖੇਧੀ ਕਰਦਿਆਂ ਸੂਬਾ ਸਰਕਾਰ ਤੋਂ ਮੰਗ ਕੀਤੀ ਕਿ ਮਜ਼ਦੂਰਾਂ ਦੀਆਂ ਹੱਕੀ ਅਤੇ ਜਾਇਜ਼ ਮੰਗਾਂ ਦਾ ਤੁਰੰਤ ਹੱਲ ਕਰੇ ਅਤੇ ਗ੍ਰਿਫਤਾਰ ਕੀਤੇ ਆਗੂਆਂ, ਵਰਕਰਾਂ ਦੀ ਬਿਨਾਂ ਸ਼ਰਤ ਰਿਹਾਈ ਕੀਤੀ ਜਾਵੇ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਪੰਜਾਬ ਦੇ ਸੂਬਾਈ ਆਗੂਆਂ ਧੰਨਾ ਮੱਲ ਗੋਇਲ, ਗੁਰਮੇਲ ਸਿੰਘ ਮਾਛੀਕੇ, ਐੱਚ. ਐੱਸ. ਰਾਣੂ, ਸੁਰਜੀਤ ਸਿੰਘ, ਨਛੱਤਰ ਸਿੰਘ ਚੀਮਾ ਨੇ ਕੀਤਾ ਅਤੇ ਸੰਯੁਕਤ ਕਿਸਾਨ ਮੋਰਚੇ ਵੱਲੋਂ ਮੰਗਾਂ ਪੂਰੀਆਂ ਕਰਵਾਉਣ ਲਈ 14 ਮਾਰਚ ਨੂੰ ਰਾਮ ਲੀਲਾ ਗਰਾਊਂਡ ਦਿੱਲੀ ਵਿਖੇ ਕੀਤੀ ਜਾਣ ਵਾਲੀ ਆਲ ਇੰਡੀਆ ਕਿਸਾਨ ਮਜ਼ਦੂਰ ਮਹਾਂ ਪੰਚਾਇਤ ਦੀ ਹਮਾਇਤ ਕਰਦਿਆਂ ਕਿਹਾ ਕਿ ਸਾਡੀ ਜਥੇਬੰਦੀ ਹਮੇਸ਼ਾ ਸਾਂਝੇ ਸੰਘਰਸ਼ਾਂ ਦੀ ਹਾਮੀ ਹੈ ਅਤੇ ਕਿਰਤੀ ਲੋਕਾਂ ਦੇ ਸਾਂਝੇ ਸੰਘਰਸ਼ਾਂ ਵਿੱਚ ਅਪਣੇ ਵਿੱਤ ਅਨੁਸਾਰ ਯੋਗਦਾਨ ਪਾਉਣ ਲਈ ਹਮੇਸ਼ਾ ਤੱਤਪਰ ਰਹਿੰਦੀ ਹੈ। ਸਮੂਹ ਮੈਡੀਕਲ ਪ੍ਰੈਕਟੀਸ਼ਨਰਾਂ, ਭਰਾਤਰੀ ਜਥੇਬੰਦੀਆਂ ਅਤੇ ਇਨਸਾਫ ਪਸੰਦ ਲੋਕਾਂ ਨੂੰ ਮਹਾਂ-ਪੰਚਾਇਤ ਵਿੱਚ ਸ਼ਮੂਲੀਅਤ ਕਰਨ ਦੀ ਅਪੀਲ ਕੀਤੀ ਗਈ।



## 'ਐਕਸ-ਗਰੇਸ਼ੀਆ ਸਕੀਮ ਦਾ ਲਾਭ ਲੈਣ ਲਈ 31 ਤੱਕ ਦਸਤਾਵੇਜ਼ ਜਮ੍ਹਾ ਕਰਵਾਏ ਜਾਣ'

**ਗੁਰਦਾਸਪੁਰ, (ਜਨਕ ਮਹਾਜਨ)**- ਨਵਦੀਪ ਸਿੰਘ, ਲੇਬਰ ਇਨਫੋਰਸਮੈਂਟ ਅਫ਼ਸਰ, ਗੁਰਦਾਸਪੁਰ ਨੇ ਜਾਣਕਾਰੀ ਦਿੰਦਿਆਂ ਦੱਸਿਆ ਹੈ ਕਿ ਸਰਕਾਰ ਵੱਲੋਂ ਅਸੰਗਠਿਤ ਖੇਤਰ ਜਿਵੇਂ ਰੇਹੜੀ ਲਾਉਣ, ਘਰੇਲੂ ਮਦਦ, ਉਸਾਰੀ ਖੇਤ ਮਜ਼ਦੂਰੀ, ਦਿਹਾੜੀ, ਦੋਧੀ ਆਦਿ ਦਾ ਕੰਮ ਕਰਨ ਵਾਲੇ ਕਿਰਤੀਆਂ ਨੂੰ ਸੁਨਹਿਰੀ ਮੌਕਾ ਦਿੱਤਾ ਗਿਆ ਹੈ। ਇਹ ਕਿਰਤੀ ਆਪਣੇ ਨੇੜਲੇ ਸੇਵਾ ਕੇਂਦਰ (ਸੀਐੱਸਸੀ) ਵਿਖੇ ਜਾ ਕੇ ਜਾਂ ਵੈਬਸਾਈਟ eshram.gov.in 'ਤੇ ਆਨ-ਲਾਈਨ ਖ਼ੁਦ ਨੂੰ ਈ-ਸ਼੍ਰਮ ਨਾਲ ਰਜਿਸਟਰਡ ਕਰ ਸਕਦੇ ਹਨ। ਲੇਬਰ ਇਨਫੋਰਸਮੈਂਟ ਅਫ਼ਸਰ ਨਵਦੀਪ ਸਿੰਘ ਨੇ ਦੱਸਿਆ ਕਿ ਈ-ਸ਼੍ਰਮ ਤਹਿਤ ਮਿਤੀ 31 ਮਾਰਚ 2022 ਤੋਂ ਪਹਿਲਾਂ ਰਜਿਸਟਰਡ ਅਸੰਗਠਿਤ ਕਿਰਤੀਆਂ ਦੀ ਹੋਈ ਮੌਤ ਜਾਂ ਅਪੰਗਤਾ ਦੀ ਸੂਰਤ ਵਿੱਚ ਕੇਂਦਰ ਸਰਕਾਰ ਵੱਲੋਂ ਚਲਾਈ ਜਾ ਰਹੀ ਐਕਸ-ਗਰੇਸ਼ੀਆ ਸਕੀਮ ਦਾ ਲਾਭ ਲੈਣ ਲਈ ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ/ਸਹਾਇਕ ਕਿਰਤ ਕਮਿਸ਼ਨਰ ਦਫ਼ਤਰ ਨਾਲ ਸੰਪਰਕ ਕਰਕੇ ਜ਼ਰੂਰੀ ਦਸਤਾਵੇਜ਼ ਮਿਤੀ 31 ਮਾਰਚ 2024 ਤੋਂ ਪਹਿਲਾਂ ਜਮ੍ਹਾ ਕਰਵਾਏ ਜਾ ਸਕਦੇ ਹਨ। ਉਨ੍ਹਾਂ ਕਿਹਾ ਕਿ ਇਸ ਸਬੰਧੀ ਵਧੇਰੇ ਜਾਣਕਾਰੀ ਲਈ eshram.gov.in 'ਤੇ ਜਾਇਆ ਜਾ ਸਕਦਾ ਹੈ। ਇਸ ਤੋਂ ਇਲਾਵਾ ਹੈਲਪ ਲਾਈਨ ਨੰਬਰ 14434 'ਤੇ ਵੀ ਸੰਪਰਕ ਕੀਤਾ ਜਾ ਸਕਦਾ ਹੈ।

# ਢੀਂਡਸਾ ਦੀ ਸ਼੍ਰੋਮਣੀ ਅਕਾਲੀ ਦਲ 'ਚ ਵਾਪਸੀ ਨਾਲ ਪਾਰਟੀ ਹੋਰ ਮਜ਼ਬੂਤ ਹੋਵੇਗੀ : ਪੱਖੋਕੇ

**ਝਬਾਲ (ਹਰਜਿੰਦਰ ਸਿੰਘ ਸੋਨੀ)**

ਟਕਸਾਲੀ ਆਗੂ ਸੁਖਦੇਵ ਸਿੰਘ ਢੀਂਡਸਾ ਵੱਲੋਂ ਆਪਣੇ ਸਮੁੱਚੇ ਸਾਥੀਆਂ ਸਮੇਤ ਆਪਣੀ ਮਾਂ ਪਾਰਟੀ ਸ਼੍ਰੋਮਣੀ ਅਕਾਲੀ ਦਲ ਵਿੱਚ ਘਰ ਵਾਪਸੀ ਕਰਨ ਦਾ ਭਰਪੂਰ ਸਵਾਗਤ ਕਰਦੇ ਹੋਏ ਸ਼੍ਰੋਮਣੀ ਅਕਾਲੀ ਦਲ ਪੰਜਾਬ ਦੇ ਮੀਤ ਪ੍ਰਧਾਨ ਰਾਜਬੀਰ ਸਿੰਘ ਪੱਖੋਕੇ ਨੇ ਆਖਿਆ ਕਿ ਇਸ ਤਰ੍ਹਾਂ ਪੰਥਕ ਏਕਤਾ ਨਾਲ ਸ਼੍ਰੋਮਣੀ ਅਕਾਲੀ ਦਲ ਨੂੰ ਬਲ ਮਿਲਿਆ ਹੈ।ਪਾਰਟੀ ਹੋਰ ਮਜ਼ਬੂਤ ਹੋਵੇਗੀ ਅਤੇ ਪੰਥਕ ਮਸਲਿਆਂ ਦੇ ਹੱਲ ਤੇ ਪੰਥ ਦੇ ਵਡੇਰੇ ਹਿੱਤਾਂ ਲਈ ਵੀ ਇਹ ਏਕਤਾ ਸਹਾਈ ਹੋਵੇਗੀ।ਰਾਜਬੀਰ ਪੱਖੋਕੇ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਪ੍ਰਧਾਨ ਸੁਖਬੀਰ ਸਿੰਘ ਬਾਦਲ ਅਤੇ ਬਿਕਰਮਜੀਤ ਸਿੰਘ ਮਜੀਠੀਆ ਵੱਲੋਂ ਜੋ ਪਿਛਲੇ ਸਮੇਂ ਦੌਰਾਨ ਪੰਥਕ ਏਕਤਾ ਲਈ ਭਰਪੂਰ ਯਤਨ ਕੀਤੇ ਗਏ ਅਤੇ ਪੰਜਾਬ ਦੇ ਮਸਲਿਆਂ ਨੂੰ ਲੈ ਕੇ ਜਿਸ ਤਰ੍ਹਾਂ ਲਗਾਤਾਰ ਆਵਾਜ਼ ਬੁਲੰਦ ਕੀਤੀ ਜਾ ਰਹੀ ਹੈ, ਉਸ ਨੂੰ ਦੇਖਦਿਆਂ ਸੁਖਦੇਵ ਸਿੰਘ ਢੀਂਡਸਾ ਨੇ ਸ਼੍ਰੋਮਣੀ ਅਕਾਲੀ ਦਲ ਵਿੱਚ ਘਰ ਵਾਪਸੀ ਕਰਨ ਦਾ ਫੈਸਲਾ ਕੀਤਾ ਹੈ।ਉਸ ਦੀ ਜਿੰਨੀ ਵੀ ਤਾਰੀਫ਼ ਕੀਤੀ ਜਾਵੇ ਓਨੀ ਘੱਟ ਹੈ।ਰਾਜਬੀਰ ਸਿੰਘ ਪੱਖੋਕੇ ਨੇ ਹੋਰ ਪੰਥਕ ਆਗੂਆਂ ਨੂੰ ਵੀ ਅਪੀਲ ਕੀਤੀ ਕਿ ਉਹ ਵੀ ਆਪਸੀ ਮਤਭੇਦ ਭੁਲਾ ਕੇ ਪੰਥ ਦੇ ਵਡੇਰੇ ਹਿੱਤਾਂ ਲਈ ਆਪਣੀ ਮਾਂ ਪਾਰਟੀ ਸ਼੍ਰੋਮਣੀ ਅਕਾਲੀ ਦਲ ਵਿੱਚ ਵਾਪਸੀ ਕਰਦਿਆਂ ਪੰਥ ਤੇ ਪੰਜਾਬ ਦੇ ਹਿੱਤਾਂ ਲਈ ਇੱਕਜੁੱਟ ਹੋ ਕੇ ਲੜਾਈ ਲੜਨ ਲਈ ਇੱਕਠੇ ਹੋਣ। ਸਾਨੂੰ ਸਾਰਿਆਂ ਨੂੰ ਪੰਜਾਬ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਹੁਰਾਂ ਦੇ ਪਾਏ ਪੂਰਨਿਆਂ ਤੇ ਚਲਦੇ ਹੋਏ ਇੱਕਜੁੱਟ ਹੋ ਕੇ ਬਿਨਾਂ ਭੇਦਭਾਵ ਕੌਮ ਤੇ ਪੰਜਾਬ ਦੇ ਲੋਕਾਂ ਦੀ ਸੇਵਾ ਕਰਨੀ ਚਾਹੀਦੀ ਹੈ।ਇਸ ਮੌਕੇ ਨੰਬਰਦਾਰ ਕੁਲਦੀਪ ਸਿੰਘ ਪੱਖੋਕੇ, ਮਲਕੀਤ ਸਿੰਘ ਪੱਖੋਕੇ, ਕਿਸ਼ਨ ਸਿੰਘ ਪੱਖੋਕੇ, ਬੱਗਾ ਪੱਖੋਕੇ, ਕੇਵਲ ਸਿੰਘ ਬਾਠ, ਜੁਵਰਾਜ ਸਿੰਘ, ਸ਼ੇਰ ਸਿੰਘ ਸੰਘਾ, ਕਰਤਾਰ ਸਿੰਘ ਕੱਲਾ, ਪ੍ਰਭਜੀਤ ਸਿੰਘ ਦੁੱਗਲ ਵਾਲਾ, ਗੁਰਵੇਲ ਸਿੰਘ ਸਰਹਾਲੀ, ਕੁਲਦੀਪ ਸਿੰਘ ਮਾਲਚੱਕ, ਗੋਗਾ ਪਹਿਲਵਾਨ ਬਾਨੀਆਂ ਆਦਿ ਆਗੂ ਹਾਜ਼ਰ ਸਨ।



## ਬੱਬੇਹਾਲੀ ਨਹਿਰ ਦੇ ਪੁਲ ਦੀ ਉਸਾਰੀ ਦਾ ਕੰਮ ਮੁਕੰਮਲ

**ਗੁਰਦਾਸਪੁਰ, (ਜਨਕ ਮਹਾਜਨ)**-ਚੇਅਰਮੈਨ ਰਮਨ ਬਹਿਲ ਦੀਆਂ ਕੋਸ਼ਿਸ਼ਾਂ ਸਦਕਾ ਪਿੰਡ ਬੱਬੇਹਾਲੀ ਸਮੇਤ ਸਮੁੱਚੇ ਇਲਾਕੇ ਦੇ ਲੋਕਾਂ ਨੂੰ ਨਹਿਰ ਉੱਪਰ ਪੁਲ ਦੀ ਵੱਡੀ ਸਹੂਲਤ ਮਿਲੀ ਹੈ। ਪੁਲ ਦਾ ਉਦਘਾਟਨ ਚੇਅਰਮੈਨ ਬਹਿਲ ਵੱਲੋਂ ਕਰ ਦਿੱਤਾ ਗਿਆ। ਉਦਘਾਟਨ ਉਪਰੰਤ ਰਮਨ ਬਹਿਲ ਨੇ ਕਿਹਾ ਕਿ ਸਾਲ 2014 ਵਿੱਚ ਅਕਾਲੀ-ਭਾਜਪਾ ਦੀ ਗੱਠਜੋੜ ਸਰਕਾਰ ਵੱਲੋਂ ਬੱਬੇਹਾਲੀ ਪਿੰਡ ਵਿਖੇ ਅਪਰਬਾਰੀ ਦੁਆਬ ਨਹਿਰ ਉਪਰ 169.70 ਲੱਖ ਰੁਪਏ ਦੀ ਲਾਗਤ ਨਾਲ ਬਣਨ ਵਾਲੇ ਇਸ ਪੁਲ ਬਣਾਉਣ ਦਾ ਨੀਂਹ ਪੱਥਰ ਰੱਖਿਆ ਗਿਆ ਸੀ। ਹੁਣ ਤਕ ਉਸਾਰੀ ਵੱਲ ਕੋਈ ਧਿਆਨ ਨਹੀਂ ਸੀ ਦਿੱਤਾ ਗਿਆ। ਬਹਿਲ ਨੇ ਕਿਹਾ ਕਿ ਲੋਕ ਹਿਤ ਦਾ ਜਿਹੜਾ ਕੰਮ ਅਕਾਲੀ-ਭਾਜਪਾ ਅਤੇ ਕਾਂਗਰਸ ਦੀਆਂ ਸਰਕਾਰ ਪਿਛਲੇ 10 ਸਾਲਾਂ 'ਚ ਨਹੀਂ ਕਰ ਸਕੀਆਂ ਉਹ ਕੰਮ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਮਹਿਜ਼ ਦੋ ਸਾਲਾਂ ਵਿੱਚ ਹੀ ਕਰ ਕੇ ਦਿਖਾ ਦਿੱਤਾ ਹੈ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਆਮ ਲੋਕਾਂ ਦੀ ਸਰਕਾਰ ਹੈ ਅਤੇ ਇਸ ਸਰਕਾਰ ਨੂੰ ਆਮ ਲੋਕਾਂ ਦੇ ਦੁੱਖ ਤਕਲੀਫ਼ਾਂ ਦਾ ਪੂਰਾ ਅਹਿਸਾਸ ਹੈ। ਇਸ ਮੌਕੇ ਇਕੱਤਰ ਹੋਏ ਪਿੰਡ ਬੱਬੇਹਾਲੀ ਦੇ ਵਸਨੀਕਾਂ ਨੇ ਬਹਿਲ ਅਤੇ ਪੰਜਾਬ ਸਰਕਾਰ ਦਾ ਧੰਨਵਾਦ ਕੀਤਾ ਹੈ।

# ਰਾਜਨ ਸ਼ਰਮਾ ਤਹਿਸੀਲ ਕੰਪਲੈਕਸ ਦੇ ਸਰਬਸੰਮਤੀ ਨਾਲ ਪ੍ਰਧਾਨ ਨਿਯੁਕਤ



**ਪੱਟੀ, (ਬਲਦੇਵ ਸਿੰਘ ਸੰਧੂ/ਸ਼ਮਸ਼ੇਰ ਸਿੰਘ ਯੋਧਾ)**

ਤਹਿਸੀਲ ਕੰਪਲੈਕਸ ਅੰਦਰ ਕੰਮ ਕਰਦੇ ਸਮੂਹ ਦੁਕਾਨਦਾਰਾਂ ਦੀ ਮੀਟਿੰਗ ਤਹਿਸੀਲ ਕੰਪਲੈਕਸ ਦੇ ਪ੍ਰਧਾਨ ਤੇ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਪਲਵਿੰਦਰ ਸਿੰਘ ਭੋਲਾ ਰਾੜੀਆ ਦੀ ਅਗਵਾਈ ਹੇਠ ਹੋਈ।ਤਹਿਸੀਲਦਾਰ ਤੇ ਐੱਸਡੀਐੱਮ ਦਫਤਰ ਅੰਦਰ ਸਰਕਾਰੀ ਕੰਮਕਾਜ ਕਰਵਾਉਣ ਸਮੇਂ ਰਿਸ਼ਵਤਖੋਰੀ ਦੇ ਬੋਲਬਾਲੇ ਸਮੇਤ ਆਉਂਦੀਆਂ ਔਕੜਾਂ ਤੇ ਸੂਬਾ ਸਰਕਾਰ ਵੱਲੋਂ ਦੁਕਾਨਾਂ ਦੇ ਹੱਦੋਂ ਵੱਧ ਵਧਾਏ ਕਿਰਾਏ ਸਬੰਧੀ ਵਿਸਥਾਰ ਨਾਲ ਵਿਚਾਰ ਵਟਾਂਦਰਾ ਕੀਤਾ। ਤਹਿਸੀਲ ਅੰਦਰ ਕੰਮਕਾਜ ਸਿਰਫ ਦਿਖਾਵਾ ਤੇ ਨਾਮਾਤਰ ਹੀ ਰਹਿ ਗਿਆ, ਆਮਦਨ ਨਾਲੋਂ ਖਰਚੇ ਵੱਧ ਹਨ। ਨਵੇਂ ਨਿਯਮਾਂ ਅਨੁਸਾਰ ਦੁਕਾਨਦਾਰ ਕਿਰਾਇਆ ਦੇਣ ਤੋਂ ਅਸਮਰਥ ਹਨ।ਸੂਬਾ ਸਰਕਾਰ ਤੋਂ ਮੰਗ ਕੀਤੀ ਗਈ ਕਿ ਦੁਕਾਨਾਂ ਦਾ ਕਿਰਾਇਆ ਪਹਿਲਾਂ ਜਿੰਨਾ ਵਸੂਲ ਕੀਤਾ ਜਾਵੇ।ਭੋਲਾ ਰਾੜੀਆ, ਵਸੀਕਾ ਨਵੀਸ ਰੇਸ਼ਮ ਸਿੰਘ ਗਿੱਲ, ਵਸੀਕਾ ਨਵੀਸ ਵਜੀਰ ਸਿੰਘ ਪਾਰਸ ਸਮੇਤ ਸਮੂਹ ਦੁਕਾਨਦਾਰਾਂ ਵੱਲੋਂ ਰਾਜਨ ਸ਼ਰਮਾ ਦੇ ਨਾਂ 'ਤੇ ਪ੍ਰਧਾਨ ਦੀ ਮੋਹਰ ਲਗਾਈ ਗਈ।ਰਾਜਨ ਸ਼ਰਮਾ ਨੂੰ ਸਰਬਸੰਮਤੀ ਨਾਲ ਤਹਿਸੀਲ ਕੰਪਲੈਕਸ ਦਾ ਪ੍ਰਧਾਨ ਥਾਪਿਆ ਗਿਆ।ਸ਼ਰਮਾ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਆਖਿਆ ਕਿ ਜਿਹੜੇ ਵਿਸ਼ਵਾਸ ਨਾਲ ਤਹਿਸੀਲ ਕੰਪਲੈਕਸ ਦੇ ਪ੍ਰਧਾਨ ਦੀ ਜ਼ੁੰਮੇਵਾਰੀ ਉਨ੍ਹਾਂ ਨੂੰ ਸੌਂਪੀ ਗਈ ਪੂਰੀ ਈਮਾਨਦਾਰੀ ਤੇ ਤਨਦੇਹੀ ਨਾਲ ਨਿਭਾਉਣ ਲਈ ਆਪਣੀ ਪੂਰੀ ਵਾਹ ਲਾਉਣਗੇ।ਇਸ ਮੌਕੇ ਵਸੀਕਾ ਨਵੀਸ ਚਰਨ ਸਿੰਘ ਚੀਮਾ, ਜਸਵੰਤ ਰਾਏ ਵਸੀਕਾ ਨਵੀਸ, ਜਸਵੰਤ ਸਿੰਘ, ਹਰਦੀਪ ਸਿੰਘ, ਯੋਗਰਾਜ ਸੇਠੀ, ਸੰਜੀਵ ਕੁਮਾਰ ਬੌਬੀ, ਮਨਜੀਤ ਸਿੰਘ ਬੱਬੀ, ਐਡਵੋਕੇਟ ਹਰਪ੍ਰੀਤ ਸਿੰਘ, ਐਡਵੋਕੇਟ ਸੁਰਿੰਦਰ ਸਿੰਘ, ਵਿਕਾਸ ਕੁਮਾਰ ਸੋਨੂੰ, ਬਲਜਿੰਦਰ ਸਿੰਘ ਸ਼ਹੀਦ, ਵਿਕਰਮਪੁਰੀ, ਨਿਸ਼ਾਨ ਸਿੰਘ ਢਿੱਲੋਂ,ਅੰਗਰੇਜ ਸਿੰਘ ਨੰਬਰਦਾਰ, ਸੁਖਦੇਵ ਸਿੰਘ ਕੰਡਿਆਲਾ, ਹਰਜਿੰਦਰ ਸਿੰਘ ਢਿੱਲੋਂ ਪੰਨੂ, ਜਿੰਮੀ, ਮੋਹਨ ਸਿੰਘ, ਦੀਪਕ ਕੁਮਾਰ, ਹਰਵੰਤ ਸਿੰਘ ਗੰਡੀਵਿੰਡ, ਸੁਖਵਿੰਦਰ ਸਿੰਘ ਭੁੱਲਰ, ਰਮਨ ਕੁਮਾਰ, ਸ਼ੇਰਾ, ਸੁਭਾਸ, ਗੁਰਵਿੰਦਰ ਸਿੰਘ ਸੋਨੂ, ਪਵਨ ਕੁਮਾਰ, ਸ਼ਮਸ਼ੇਰ ਸਿੰਘ, ਗੁਰਵਿੰਦਰ ਸਿੰਘ ਕਿਰਤੋਵਾਲ, ਲਖਬੀਰ ਸੰਧੂ ਆਦਿ ਹਾਜ਼ਰ ਸਨ।

# ਸੈਂਕੜਿਆਂ ਦੀ ਗਿਣਤੀ 'ਚ ਕਾਂਗਰਸ, ਅਕਾਲੀ ਤੇ ਭਾਜਪਾ ਨੂੰ ਅਲਵਿਦਾ ਆਖ ਆਮ ਆਦਮੀ ਪਾਰਟੀ 'ਚ ਸ਼ਾਮਲ

**ਮਾਹਿਲਪੁਰ (ਸਫਰੀ)**

ਵਿਧਾਨ ਸਭਾ ਹਲਕਾ ਗੜ੍ਹਸ਼ੰਕਰ 'ਚ ਆਮ ਆਦਮੀ ਪਾਰਟੀ ਨੂੰ ਉਸ ਸਮੇਂ ਭਾਰੀ ਬਲ ਮਿਲਿਆ ਜਦੋਂ ਹਲਕਾ ਵਿਧਾਇਕ ਤੇ ਡਿਪਟੀ ਸਪੀਕਰ ਜੈ ਕ੍ਰਿਸ਼ਨ ਸਿੰਘ ਰੋੜੀ ਦੀ ਅਗਵਾਈ 'ਚ ਜ਼ਿਲ੍ਹਾ ਪ੍ਰੀਸ਼ਦ ਮੈਂਬਰ ਤੇ ਕਾਂਗਰਸੀ ਆਗੂ ਚੌਧਰੀ ਪਵਨ ਕਟਾਰੀਆ ਕਾਂਗਰਸੀ ਆਗੂ ਤੇ ਬਲਾਕ ਸਮੰਤੀ ਗੜ੍ਹਸ਼ੰਕਰ ਦੇ ਚੇਅਰਮੈਨ ਕੁਲਦੀਪ ਸਿੰਘ ਢਿੱਲੋਂ, ਜ਼ਿਲ੍ਹਾ ਪ੍ਰੀਸ਼ਦ ਮੈਂਬਰ ਹਰਮੇਸ਼ ਸਿੰਘ ਵਰ ਸਿੰਘ ਚੌਧਰੀ, ਭਵੀਸ਼ਨ ਦਾਸ ਸਰਪੰਚ ਡੱਲੇਵਾਲ, ਨਰਿੰਦਰ ਸਿੰਘ ਸਰਪੰਚ ਪ੍ਰਸ਼ੋਤਾ, ਹਰਮੇਸ਼ ਸਿੰਘ ਸਰਪੰਚ ਰਾਮਪੁਰ, ਖੇਵਜ ਸ਼ੰਭੂ ਸਰਪੰਚ ਬਿਲੜੋਂ, ਡਾ. ਕੇਵਕ ਸਿੰਘ, ਕਮਲਜੀਤ ਕੁਮਾਰ ਰਿਕਾ, ਸਾਬਕਾ ਜਿਲ੍ਹਾ ਪ੍ਰੀਸ਼ਦ ਮੈਂਬਰ ਗੁਰਮੇਜ ਸਿੰਘ ਬਸਿਆਲਾ, ਅਮਰਜੀਤ ਸਿੰਘ ਸਰਪੰਚ ਸਿੰਬਲੀ, ਪ੍ਰਵੇਸ਼ ਚੰਦਰ ਸਰਪੰਚ, ਮਲਕੋਵਾਲ, ਕੁਲਵੰਤ ਰਾਏ ਸਰਪੰਚ ਡਾਨਸੀਵਾਲ, ਤੀਰਥ ਸਿੰਘ ਸਰਪੰਚ ਖੁਸ਼ੀ ਪੱਦੀ, ਰਜਿੰਦਰ ਸਿੰਘ ਸਰਪੰਚ ਬੱਠਲਾਂ, ਦਲਜੀਤ ਸਿੰਘ ਸਰਪੰਚ ਮਹਿਦੂਦ, ਸਬਕਾ ਸੰਮਤੀ ਮੈਂਬਰ ਸੁਰਿੰਦਰ ਸਿੰਘ ਪਨਾਮ, ਗੁਰਸੇਵਕ ਸਿੰਘ ਧਮਾਈ, ਜੱਸਾ ਵਰਿਆਣਾ, ਵਿਨੋਦ ਕੁਮਾਰ ਸਰਪੰਚ ਕੁਨੈਲ, ਬਲਵਿੰਦਰ ਸਿੰਘ ਸਾਬਕਾ ਸਰਪੰਚ ਕੁਨੈਲ, ਮੋਹਨ ਲਾਲ ਸਾਬਕਾ ਸਰਪੰਚ ਹਾਜੀਪੁਰ, ਮਿੰਟੂ ਰਾਣਾ, ਸੰਜੀਵ ਰਾਣਾ ਸਰਪੰਚ ਕੋਕੋਵਾਲ, ਰਾਜੀਵ ਠਾਕੁਰ ਸਰਪੰਚ ਚੋਹੜਾਂ ਤੋਂ ਇਲਾਵਾ ਸੈਕੜਿਆਂ ਦੀ ਗਿਣਤੀ 'ਚ ਕਾਂਗਰਸ, ਅਕਾਲੀ ਤੇ ਭਾਜਪਾ ਨੂੰ ਅਲਵਿਦਾ ਆਖ ਕੇ ਆਮ ਆਦਮੀ ਪਾਰਟੀ 'ਚ ਸ਼ਾਮਲ ਹੋਏ। ਜੈ ਕ੍ਰਿਸ਼ਨ ਸਿੰਘ ਰੌੜੀ ਨੇ ਨਵੇਂ ਸ਼ਾਮਿਲ ਹੋਏ ਸਾਥੀਆਂ ਦਾ ਆਮ ਆਦਮੀ ਪਾਰਟੀ ਵਿੱਚ ਸਵਾਗਤ ਕਰਦਿਆਂ ਕਿਹਾ ਕਿ ਜਿਨ੍ਹਾਂ ਆਸਾਂ ਉਮੀਦਾਂ ਨਾਲ ਸਾਥੀ ਪਾਰਟੀ 'ਚ ਸ਼ਾਮਿਲ ਹੋਏ ਉਨ੍ਹਾਂ 'ਤੇ ਸਹੀ ਉਤਰਾਂਗੇ। ਸ਼ਾਮਿਲ ਹੋਣ ਵਾਲੇ ਸਾਥੀਆਂ ਨੂੰ ਪਾਰਟੀ ਵਿੱਚ ਉਚਿਤ ਸਥਾਨ ਦਿੱਤਾ ਜਾਵੇਗਾ। ਇਸ ਮੌਕੇ ਓ ਐਸ ਡੀ. ਚਰਨਜੀਤ ਸਿੰਘ ਚੰਨੀ, ਬਲਦੀਪ ਸਿੰਘ ਇਬਰਾਹੀਮਪੁਰ, ਹਰਜਿੰਦਰ ਧੰਜਲ, ਪ੍ਰਿੰਸ ਚੌਧਰੀ, ਅਸ਼ੋਕ ਕੁਮਾਰ ਸਰਪੰਚ ਹਾਜੀਪੁਰ, ਰਿੰਕੂ ਟਿੰਬੀਆਂ ਹਾਜ਼ਰ ਸਨ।



## ਗੰਡੀਵਿੰਡ ਦੀ ਅਗਵਾਈ 'ਚ ਕਿਸਾਨ ਆਗੂਆਂ ਤੇ ਵਰਕਰਾਂ ਦਾ ਕਾਫਲਾ ਰਵਾਨਾ

**ਸਰਾਏ ਅਮਾਨਤ ਖਾਂ/ ਝਬਾਲ (ਮੱਖਣ ਮਨੋਜ)**-ਸੰਯੁਕਤ ਮੋਰਚੇ ਵੱਲੋਂ ਕੇਂਦਰ ਸਰਕਾਰ ਕੋਲੋਂ ਆਪਣੀਆਂ ਹੱਕੀ ਮੰਗਾਂ ਮਨਵਾਉਣ ਲਈ ਵਿੱਢੇ ਸੰਘਰਸ਼ ਦੌਰਾਨ ਦਿੱਲੀ ਦੀ ਰਾਮ ਲੀਲਾ ਮੈਦਾਨ 'ਚ 14 ਮਾਰਚ ਨੂੰ ਹੋ ਰਹੀ ਕਿਸਾਨ ਮਹਾ ਪੰਚਾਇਤ ਵਿੱਚ ਸ਼ਮੂਲੀਅਤ ਕਰਨ ਲਈ ਗੁਰਦੁਆਰਾ ਬਾਬਾ ਲੰਗਾਹ ਸਾਹਿਬ ਤੋਂ ਤਰਨ ਤਾਰਨ ਤੋਂ ਭਾਰਤੀ ਕਿਸਾਨ ਯੂਨੀਅਨ (ਉਗਰਾਹਾਂ) ਦੇ ਜ਼ਿਲ੍ਹਾ ਆਗੂ ਜਗਬੀਰ ਸਿੰਘ ਬੱਬੂ ਗੰਡੀਵਿੰਡ ਦੀ ਅਗਵਾਈ ਹੇਠ ਕਿਸਾਨ ਆਗੂਆਂ ਤੇ ਵਰਕਰਾਂ ਦਾ ਕਾਫਲਾ ਰਵਾਨਾ ਹੋਇਆ।ਇਸ ਮੌਕੇ ਬੀਕੇਯੂ ਦੇ ਜ਼ਿਲ੍ਹਾ ਆਗੂ ਜਗਬੀਰ ਸਿੰਘ ਬੱਬੂ ਗੰਡੀਵਿੰਡ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਮੋਦੀ ਦੀ ਕੇਂਦਰ ਸਰਕਾਰ ਦੀਆਂ ਕਿਸਾਨ, ਮਜ਼ਦੂਰ, ਦੁਕਾਨਦਾਰ ਤੇ ਵਪਾਰੀਆਂ ਵਿਰੋਧੀ ਕੋਝੀਆਂ ਚਾਲਾਂ ਨੂੰ ਦੇਸ਼ ਦੇ ਕਿਸਾਨ ਕਿਸੇ ਵੀ ਕੀਮਤ 'ਤੇ ਕਾਮਯਾਬ ਨਹੀਂ ਹੋਣ ਦੇਣਗੇ।ਜਦ ਤੱਕ ਕੇਂਦਰ ਸਰਕਾਰ ਕਿਸਾਨਾਂ ਦੀਆਂ ਮੰਗਾਂ ਨਹੀਂ ਮੰਨਦੀ ਉਨੀ ਦੇਰ ਕਿਸਾਨੀ ਸੰਘਰਸ਼ ਜਾਰੀ ਰਹੇਗਾ।ਇਸ ਮੌਕੇ ਉਨ੍ਹਾਂ ਨਾਲ ਬੀਕੇਯੂ ਜ਼ਿਲ੍ਹਾ ਆਗੂ ਸੁਖਬੀਰ ਸਿੰਘ ਗੱਗੋਬੂਹਾ, ਬਲਜਿੰਦਰ ਸਿੰਘ ਬਾਬਾ ਕਾਲਾ ਬਾਬਾ ਲੰਗਾਹ, ਮੱਸਾ ਸਿੰਘ ਪ੍ਰਧਾਨ ਢੰਡ, ਅਮਰਜੀਤ ਸਿੰਘ ਢੰਡ, ਜਗਜੀਤ ਸਿੰਘ ਗੰਡੀਵਿੰਡ, ਸਰਬਰਿੰਦਰ ਸਿੰਘ ਨੰਬਰਦਾਰ ਗੰਡੀਵਿੰਡ ਆਦਿ ਵੀ ਮੌਜੂਦ ਸਨ।



## ਟਰੈਫ਼ਿਕ ਨਿਯਮਾਂ ਦੇ ਮੱਦੇਨਜ਼ਰ ਸੜਕਾਂ 'ਤੇ ਯੈਲੋ ਲਾਈਨਾਂ ਲੱਗਣੀਆਂ ਸ਼ੁਰੂ

**ਗੁਰਦਾਸਪੁਰ, (ਜਨਕ ਮਹਾਜਨ)**-ਡਿਪਟੀ ਕਮਿਸ਼ਨਰ ਗੁਰਦਾਸਪੁਰ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਕਾਰਜਸਾਧਕ ਅਫ਼ਸਰ ਨਗਰ ਕੌਂਸਲ ਗੁਰਦਾਸਪੁਰ ਵਲੋਂ ਸ਼ਹਿਰ ਵਾਸੀਆਂ ਨੂੰ ਸੂਚੇਤ ਕੀਤਾ ਗਿਆ ਹੈ ਕਿ ਟਰੈਫ਼ਿਕ ਸਮੱਸਿਆ ਦੇ ਮੱਦੇਨਜ਼ਰ ਰੱਖਦੇ ਹੋਏ ਸ਼ਹਿਰ ਦੀਆਂ ਕੁਝ ਸੜਕਾਂ ਵਿਚ ਜ਼ੈਲੋ ਲਾਈਨ ਲਗਾ ਦਿੱਤੀ ਜਾਵੇਗੀ ਜਿਸ ਦੇ ਤਹਿਤ ਦੋ ਪਹੀਆ ਵਾਹਨ ਇਸ ਲਾਈਨ ਦੇ ਘੇਰੇ ਅੰਦਰ ਹੀ ਰਹਿਣਗੇ। ਇਹ ਯੈਲੋ ਲਾਈਨ ਫਿਲਹਾਲ ਨਗਰ ਕੌਂਸਲ ਦਫ਼ਤਰ ਤੋਂ ਸ਼ੁਰੂ ਹੋ ਕੇ ਬੀਜਾਂ ਵਾਲੀ ਮਾਰਕੀਟ ਰਾਹੀਂ ਹੁੰਦੀ ਹੋਈ ਲਾਇਬ੍ਰੇਰੀ ਚੌਕ, ਹਨੂੰਮਾਨ ਚੌਕ, ਜ਼ਹਾਜ ਚੌਕ, ਡਾਕਖਾਨਾ ਚੌਕ ਅਤੇ ਗੁਰੂ ਨਾਨਕ ਪਾਰਕ ਵੱਲ ਲੱਗੇਗੀ। ਉਨ੍ਹਾਂ ਦੱਸਿਆ ਕਿ ਇਨ੍ਹਾਂ ਹੁਕਮਾਂ ਦੀ ਉਲੰਘਣਾ ਕਰਨ ਵਾਲੇ ਫੌਰ ਵੀਲ੍ਹਰ ਚਾਲਕਾਂ ਦੀਆਂ ਗੱਡੀਆਂ ਪੁਲਿਸ ਦੁਆਰਾ ਟੋਚਨ ਕਰਕੇ ਥਾਣੇ ਵਿਚ ਲਿਜਾਈਆਂ ਜਾਣਗੀਆਂ ਜਿੱਥੇ ਉਨ੍ਹਾਂ ਨੂੰ ਇਕ ਹਜ਼ਾਰ ਤੋਂ ਲੈ ਕੇ ਚਾਰ ਹਜ਼ਾਰ ਰੁਪਏ ਤੱਕ ਦਾ ਜੁਰਮਾਨਾ ਕੀਤਾ ਜਾ ਸਕਦਾ ਹੈ। ਉਨ੍ਹਾਂ ਨੇ ਦੁਕਾਨਦਾਰਾਂ ਨੂੰ ਅਪੀਲ ਕੀਤੀ ਕਿ ਉਹ ਵੀ ਇਨਕਰੋਚਮੈਂਟ ਨਾ ਕਰਨ ਅਤੇ ਆਪਣਾ ਸਾਮਾਨ ਦੁਕਾਨਾਂ ਦੀ ਹੱਦ ਅੰਦਰ ਹੀ ਰੱਖਣ ਤਾਂ ਜੋ ਲੋਕਾਂ ਨੂੰ ਆਵਾਜਾਈ ਵਿਚ ਕੋਈ ਮੁਸ਼ਕਿਲ ਪੇਸ਼ ਨਾ ਆਵੇ ਨਹੀਂ ਤਾਂ ਦੁਕਾਨਦਾਰਾਂ ਦਾ ਸਾਮਾਨ ਵੀ ਜ਼ਬਤ ਕੀਤਾ ਜਾਵੇਗਾ।

## ਗੁਰੂ ਨਾਨਕ ਦੇਵ ਯੂਨੀਵਰਸਿਟੀ 'ਚ ਲਗਾਇਆ ਵੋਟਰ ਜਾਗਰੂਕਤਾ ਕੈਂਪ

**ਅੰਮ੍ਰਿਤਸਰ ( ਜਸਬੀਰ ਸਿੰਘ ਪੱਟੀ)**-ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਪ੍ਰੋ. ਜਸਪਾਲ ਸਿੰਘ ਸੰਧੂ ਸੁਚੱਜੀ ਅਗਵਾਈ ਹੇਠ ਡੀਨ ਵਿਦਿਆਰਥੀ ਭਲਾਈ ਦੇ ਦਫ਼ਤਰ ਵਿਖੇ ਵੋਟਰ ਜਾਗਰੂਕਤਾ ਕੈਂਪ ਲਗਾਇਆ ਗਿਆ। ਇਹ ਕੈਂਪ ਨੌਜਵਾਨਾਂ ਵਿੱਚ ਵੋਟਰ ਸਾਖਰਤਾ ਨੂੰ ਵਧਾਉਣ ਲਈ ਸਿੱਖਿਆ ਮੰਤਰਾਲੇ ਦੁਆਰਾ ਸ਼ੁਰੂ ਕੀਤੀ ਗਈ ਮੁਹਿੰਮ 'ਮੇਰਾ ਪਹਿਲਾ ਵੋਟ ਦੇਸ਼ ਕੇ ਲੀਏ' ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਆਯੋਜਿਤ ਕੀਤਾ ਗਿਆ ਸੀ। ਡਾ. ਸਤਨਾਮ ਸਿੰਘ ਦਿਓਲ, ਮੁਖੀ, ਰਾਜਨੀਤੀ ਸ਼ਾਸਤਰ ਵਿਭਾਗ ਅਤੇ ਡਾ. ਨਿਰਮਲ ਸਿੰਘ, ਨੋਡਲ ਅਫ਼ਸਰ, ਇਲੈਕਟੋਰਲ ਲਿਟਰੇਸੀ ਕਲੱਬ ਵੀ ਹਾਜ਼ਰ ਸਨ। ਵੱਖ-ਵੱਖ ਵਿਭਾਗਾਂ ਦੇ ਵਿਦਿਆਰਥੀਆਂ ਨੇ ਭਾਰਤੀ ਲੋਕਤੰਤਰ ਅਤੇ ਵੋਟ ਦੇ ਅਧਿਕਾਰ ਬਾਰੇ ਆਪਣੇ ਵਿਚਾਰ ਪ੍ਰਗਟ ਕੀਤੇ। ਜੇਤੂਆਂ ਨੂੰ ਇਨਾਮਾਂ ਦੀ ਵੰਡ ਡਾ. ਪ੍ਰੀਤ ਮਹਿੰਦਰ ਸਿੰਘ ਬੇਦੀ ਅਤੇ ਡਾ. ਮਲਕੀਅਤ ਸਿੰਘ, ਡਿਪਟੀ ਡਾਇਰੈਕਟਰ, ਏਆਈਐੱਸ ਸੈਂਟਰ ਨੇ ਕੀਤੀ।

## ਮੈਡੀਕਲ ਪ੍ਰੈਕਟੀਸ਼ਨਰਜ਼ ਦੀ ਮਹੀਨਾਵਾਰ ਮੀਟਿੰਗ



**ਨਵਾਂਸ਼ਹਿਰ ( ਕੁਲਵਿੰਦਰ ਸਿੰਘ ਦੁਰਗਾਪੁਰੀਆ)**- ਮੈਡੀਕਲ ਪ੍ਰੈਕਟੀਸ਼ਨਰਜ਼ ਐਸੋ (295) ਬਲਾਕ ਨਵਾਂਸ਼ਹਿਰ ਦੀ ਮਹੀਨਾਵਾਰ ਮੀਟਿੰਗ, ਬਲਾਕ ਪ੍ਰਧਾਨ ਪਰਮਜੀਤ ਸਲੋਹ ਦੀ ਪ੍ਰਧਾਨਗੀ ਹੇਠ ਹੋਈ।ਮੀਟਿੰਗ ਵਿੱਚ ਜਥੇਬੰਦੀ ਨੂੰ ਪੇਸ਼ ਆ ਰਹੀਆਂ ਮੁਸ਼ਕਲਾਂ 'ਤੇ ਵਿਚਾਰ ਵਟਾਂਦਰਾ ਕੀਤਾ ਗਿਆ।ਉਪਰੰਤ ਜ਼ਿਲ੍ਹਾ ਸਕੱਤਰ ਡਾਕਟਰ ਪ੍ਰੇਮ ਸਲੋਹ ਨੇ 23 ਮਾਰਚ ਦੀ ਖਟਕੜ ਕਲਾਂ ਦੀ ਰੈਲੀ ਬਾਰੇ ਜਾਣਕਾਰੀ ਦਿੱਤੀ ਅਤੇ ਸਮੂਹ ਬਲਾਕ ਨੂੰ ਸ਼ਹੀਦ ਭਗਤ ਸਿੰਘ, ਖਟਕੜ ਕਲਾਂ ਪਹੁੰਚ ਕੇ ਸ਼ਰਧਾਂਜਲੀ ਭੇਟ ਕਰਨ ਨੂੰ ਤਾਕੀਦ ਕੀਤੀ।ਮੀਟਿੰਗ ਵਿੱਚ ਡਾਕਟਰ ਮਨਜਿੰਦਰ ਬੰਗਾ, ਬਲਵਿੰਦਰ ਨੌਰਾ, ਰਾਹੁਲ ਦੇਵ, ਸੁਰਜੀਤ ਰਾਮ, ਰੋਸ਼ਨ ਲਾਲ, ਰਾਮ ਕਪੂਰ, ਇੰਦਰਜੀਤ ਦਿਲਬਾਗ ਸਿੰਘ, ਸੰਦੀਪ ਮੱਟੂ, ਸਤਨਾਮ ਸਿੰਘ, ਸੋਢੀ ਰਾਮ, ਸੁਰਿੰਦਰ ਪਾਲ, ਨਿਰਮਲ ਰਾਮ, ਰਣਜੀਤ ਸਿੰਘ, ਨਗੀਨ ਸਿੰਘ, ਦਲਵੀਰ ਸਿੰਘ, ਜੀਵਨ ਸਿੰਘ, ਏਬੀ ਅਰੋੜਾ ਹਾਜ਼ਰ ਸਨ।

## ਆਦਰਸ਼ ਬਿਰਧ ਆਸ਼ਰਮ ਨੇ ਦਿੱਤਾ ਇੱਕ ਹੋਰ ਬੇਸਹਾਰਾ ਬਜ਼ੁਰਗ ਨੂੰ ਸਹਾਰਾ

**ਗੁਰਦਾਸਪੁਰ (ਦਿਨੇਸ਼ ਕੁਮਾਰ)**-ਆਦਰਸ਼ ਬਿਰਧ ਆਸ਼ਰਮ ਝਾਖੋਲਾਹੜੀ ਨੇ ਇੱਕ ਬਜ਼ੁਰਗ ਬਾਪੂ ਕਾਢੀ ਦਾਸ ਜ਼ਿਲ੍ਹਾ ਹੁਸ਼ਿਆਰਪੁਰ ਨੂੰ ਬਿਰਧ ਆਸ਼ਰਮ ਵਿਚ ਸਹਾਰਾ ਦੇ ਕੇ ਉਸ ਦਾ ਜੀਵਨ ਸੁਖਾਲਾ ਬਣਾਇਆ।ਬਜ਼ੁਰਗ ਬਾਪੂ ਨੇ ਆਪਣੀ ਦਰਦ ਭਰੀ ਕਹਾਣੀ ਦੱਸਦਿਆਂ ਦੱਸਿਆ ਹੈ ਕਿ ਅਸੀਂ ਤਿੰਨ ਭਰਾ ਹਾਂ ਅਤੇ ਮੇਰੇ ਮਾਤਾ ਪਿਤਾ ਇਸ ਦੁਨੀਆਂ ਤੋਂ ਚਲਾਣਾ ਕਰ ਗਏ ਸਨ।ਕਿਸੇ ਨਿੱਜੀ ਕਾਰਨ ਕਰਕੇ ਮੈਂ ਵਿਆਹ ਨਹੀਂ ਸੀ ਕਰਵਾਇਆ।ਅੱਜ ਮੇਰੇ ਇਹ ਸਾਰੇ ਭਰਾ ਜ਼ਮੀਨ ਕਰਕੇ ਮੇਰੇ ਨਾਲ ਹਮੇਸ਼ਾ ਲੜਦੇ ਰਹਿੰਦੇ ਸਨ।ਉਹ ਮੈਨੂੰ ਇਕ ਸਮੇਂ ਵੀ ਰੋਟੀ ਨਹੀਂ ਦਿੰਦੇ ਤੇ ਬਹੁਤ ਮਾਰਦੇ ਕੁੱਟਦੇ ਵੀ ਹਨ। ਮੇਰੇ ਘਰ ਦੇ ਹਾਲਾਤ ਬਹੁਤ ਮਾੜੇ ਹਨ।ਉਹ ਦਵਾਈ ਵੀ ਲੈ ਕੇ ਨਹੀਂ ਦਿੰਦੇ ਜਿਸ ਕਰਕੇ ਮੈਂ ਮਜਬੂਰ ਹੋ ਕੇ ਆਪਣਾ ਘਰ ਛੱਡ ਕੇ ਚਲਾ ਗਿਆ।ਵੱਖ-ਵੱਖ ਮੰਦਰਾਂ/ਗੁਰਦੁਆਰਿਆਂ ਵਿੱਚ ਵੀ ਆਪਣਾ ਜੀਵਨ ਬਤੀਤ ਕੀਤਾ ਹੈ।ਆਪਣੇ ਪਰਿਵਾਰ ਤੋਂ ਦੁਖੀ ਹੋ ਕੇ ਇਥੇ ਸਹਾਰਾ ਲੈਣ ਲਈ ਆਇਆ ਹਾਂ।ਇਹ ਸਾਰੀ ਦਰਦ ਭਰੀ ਕਹਾਣੀ ਸੁਣ ਕੇ ਆਸ਼ਰਮ ਪ੍ਰਧਾਨ ਸਤਨਾਮ ਸਿੰਘ ਤੇ ਆਸ਼ਰਮ ਸੁਪਰਡੈਂਟ ਮੈਡਮ ਮਿਸ ਅੰਜਲੀ ਸ਼ਰਮਾ ਨੇ ਇਸ ਬਾਪੂ ਨੂੰ ਆਸ਼ਰਮ ਵਿੱਚ ਰਹਿਣ ਦੀ ਆਗਿਆ ਦੇ ਦਿੱਤੀ।ਇਸ ਮੌਕੇ ਆਸ਼ਰਮ ਪ੍ਰਬੰਧਕ ਅਤੇ ਹੋਰ ਸਮੂਹ ਸਟਾਫ ਮੈਂਬਰ ਸਵਿਤਾ, ਅੰਜੂ ਬਾਲਾ, ਆਰਤੀ, ਅਨਿਲ, ਤਰਸੇਮ ਲਾਲ, ਸਰੋਜ ਆਦਿ ਵੀ ਮੌਜੂਦ ਸਨ।

# ਦੁਧਾਰੂ ਪਸ਼ੂਆਂ ਲਈ ਹਰੇ ਚਾਰੇ ਦੇ ਅਚਾਰ ਸਬੰਧੀ ਕੈਂਪ ਲਗਾਇਆ

**ਪੱਟੀ, (ਬਲਦੇਵ ਸਿੰਘ ਸੰਧੂ/ਸ਼ਮਸ਼ੇਰ ਸਿੰਘ ਯੋਧਾ)**

ਕ੍ਰਿਸ਼ੀ ਵਿਗਿਆਨ ਕੇਂਦਰ, ਬੂਹ ਵੱਲੋਂ ਪਿੰਡ ਮੱਦਰ ਮਥੁਰਾ ਭਾਗੀ ਵਿਖੇ ਦੁਧਾਰੂ ਪਸ਼ੂਆਂ ਲਈ ਹਰੇ ਚਾਰੇ ਦਾ ਅਚਾਰ ਬਣਾਉਣ ਸਬੰਧੀ ਜਾਗਰੂਕਤਾ ਕੈਂਪ ਲਗਾਇਆ ਗਿਆ।ਇਸ ਕੈਂਪ ਦਾ ਮੁੱਖ ਮਕਸਦ ਪਸ਼ੂ ਪਾਲਕ ਵੀਰਾਂ ਨੂੰ ਵਿਗਿਆਨਿਕ ਢੰਗ ਨਾਲ ਹਰੇ ਚਾਰੇ ਦਾ ਅਚਾਰ ਬਣਾਉਣ ਸਬੰਧੀ ਜਾਣਕਾਰੀ ਦੇਣਾ ਸੀ।ਇਸ ਕੈਂਪ ਵਿੱਚ ਸਰਹੱਦੀ ਪਿੰਡਾਂ ਦੇ ਕਿਸਾਨ ਵੀਰਾਂ ਨੇ ਭਾਗ ਲਿਆ।ਕੈਂਪ ਵਿੱਚ ਡਾ. ਨਵਜੋਤ ਸਿੰਘ ਬਰਾੜ ਨੇ ਅਚਾਰ ਬਣਾਉਣ ਲਈ ਬਹਾਰ ਰੁੱਤ ਦੀ ਮੱਕੀ ਦੀ ਕਾਸ਼ਤ ਸਬੰਧੀ ਜਾਣਕਾਰੀ ਦਿੱਤੀ। ਉਨ੍ਹਾਂ ਨੇ ਕਿਸਾਨ ਵੀਰਾਂ ਨੂੰ ਕਿਹਾ ਕਿ ਬਹਾਰ ਰੁੱਤ ਦੀ ਮੱਕੀ ਦੀ ਚੌੜੇ ਬੈੱਡਾਂ ਤੇ ਬਿਜਾਈ ਕਰਕੇ ਅਤੇ ਇਸ ਵਿੱਚ ਤੁਪਕਾ ਸਿੰਚਾਈ ਵਰਤ ਕੇ ਪਾਣੀ ਦੀ ਬੱਚਤ ਕੀਤੀ ਜਾ ਸਕਦੀ ਹੈ ਅਤੇ ਵੱਧ ਪੈਦਾਵਾਰ ਲਈ ਜਾ ਸਕਦੀ ਹੈ। ਉਨ੍ਹਾਂ ਨੇ ਕਿਸਾਨ ਵੀਰਾਂ ਨੂੰ ਜਵੀ, ਕਣਕ ਅਤੇ ਜੌਆਂ ਦਾ ਅਚਾਰ ਬਣਾਉਣ ਸਬੰਧੀ ਵੀ ਜਾਣਕਾਰੀ ਦਿੱਤੀ। ਕਿਸਾਨ ਵੀਰਾਂ ਨੂੰ ਅਪੀਲ ਕੀਤੀ ਗਈ ਕਿ ਅਚਾਰ ਬਣਾਉਣ ਲਈ ਮੱਕੀ ਦੀ ਕਾਸ਼ਤ ਕਣਕ ਦੀ ਕਟਾਈ ਤੋਂ ਬਾਅਦ ਨਾਂ ਕਰਨ।ਇਹ ਵੀ ਦੱਸਿਆ ਗਿਆ ਕਿ ਕਣਕ ਤੋਂ ਬਾਅਦ ਬੀਜੀ ਗਈ ਮੱਕੀ ਨੂੰ ਪਾਣੀ ਜ਼ਿਆਦਾ ਲੱਗਦੇ ਹਨ ਅਤੇ ਇਸਦੀ ਕਟਾਈ ਅਤੇ ਅਚਾਰ ਬਣਾਉਣ ਸਮੇਂ ਬਾਰਿਸ਼ਾ ਸ਼ੁਰੂ ਹੋ ਜਾਂਦੀਆਂ ਹਨ ਜਿਸ ਨਾਲ ਅਚਾਰ ਦੀ ਗੁਣਵੱਤਾ ਤੇ ਮਾੜਾ ਅਸਰ ਪੈਂਦਾ ਹੈ।ਕੈਂਪ ਦੇ ਅੰਤ ਵਿੱਚ ਡਾ. ਪ੍ਰਭਜੀਤ ਸਿੰਘ, ਉਪ ਨਿਰਦੇਸ਼ਕ ਨੇ ਕੇ.ਵੀ.ਕੇ. ਤਰਨ ਤਾਰਨ ਵਿਖੇ ਕਿਸਾਨਾਂ ਦੀ ਭਲਾਈ ਲਈ ਚੱਲ ਰਹੀਆਂ ਵੱਖ-ਵੱਖ ਸਕੀਮਾਂ/ਸਹੂਲਤਾਂ ਸਬੰਧੀ ਜਾਣਕਾਰੀ ਦਿੱਤੀ।



## ਘਰਾਲਾ ਤੋਂ ਵੱਡਾ ਕਾਫਲਾ ਦਿੱਲੀ ਕਿਸਾਨ ਮਹਾਂ-ਪੰਚਾਇਤ ਲਈ ਰਵਾਨਾ

**ਗੁਰਦਾਸਪੁਰ, (ਜਨਕ ਮਹਾਜਨ)**-ਪਿੰਡ ਘਰਾਲਾ ਵਿਖੇ ਜਮਹੂਰੀ ਕਿਸਾਨ ਸਭਾ ਦੇ ਘਰਾਲਾ ਯੂਨਿਟ ਦੀ ਮੀਟਿੰਗ ਪ੍ਰਧਾਨ ਬਰਿੰਦਰ ਸਿੰਘ ਲਾਡੀ ਸ਼ਾਹ ਅਤੇ ਸਕੱਤਰ ਬਲਪ੍ਰੀਤ ਸਿੰਘ ਪ੍ਰਿੰਸ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਵਿੱਚ ਮੱਖਣ ਸਿੰਘ ਕੁਹਾੜ, ਅਜੀਤ ਸਿੰਘ ਹੁੰਦਲ, ਗੁਰਮੀਤ ਸਿੰਘ ਥਾਣੇਵਾਲ ਅਤੇ ਕਪੂਰ ਸਿੰਘ ਘੁੰਮਣ ਉਚੇਚੇ ਤੌਰ ਤੇ ਪੁੱਜੇ। ਮੀਟਿੰਗ ਨੂੰ ਸੰਬੋਧਨ ਕਰਦਿਆਂ ਆਗੂਆਂ ਨੇ ਆਖਿਆ ਕਿ ਭਾਜਪਾ ਦੀ ਮੋਦੀ ਹਕੂਮਤ ਕਿਸਾਨਾਂ ਮਜ਼ਦੂਰਾਂ ਦੇ ਖਿਲਾਫ ਕੰਮ ਕਰ ਰਹੀ ਹੈ ਉਹ ਕਿਸਾਨੀ ਤੋਂ ਅਨਾਜ ਉਤਪੱਤੀ ਦੇ ਸਾਧਨ 'ਤੇ ਜ਼ਮੀਨ ਖੋਹ ਕੇ ਭੋਜਨ ਤੇ ਮੁਕੰਮਲ ਤੌਰ 'ਤੇ ਕਾਰਪੋਰੇਟ ਸੈਕਟਰ ਦਾ ਕਬਜ਼ਾ ਕਰਾਉਣਾ ਚਾਹੁੰਦੀ ਹੈ ਜਿੱਥੇ ਮਜ਼ਦੂਰ ਦੀ ਦਿਹਾੜੀ 8 ਦੀ ਥਾਂ 12 ਘੰਟੇ ਕਰ ਦਿੱਤੀ ਹੈ ਅਤੇ ਉਨ੍ਹਾਂ ਦੇ ਪੱਖ ਦੇ ਸਾਰੇ ਕਾਨੂੰਨ ਰੱਦ ਕਰ ਦਿੱਤੇ ਹਨ ਉਥੇ ਕਿਸਾਨੀ ਸੰਘਰਸ਼ ਦੌਰਾਨ ਰੱਦ ਕੀਤੇ ਕਾਲੇ ਕਾਨੂੰਨ ਫਿਰ ਤੋਂ ਟੇਢੇ ਢੰਗ ਨਾਲ ਲਾਗੂ ਕਰਨਾ ਚਾਹੁੰਦੀ ਹੈ। ਸ਼ੰਭੂ ਅਤੇ ਖਨੌਰੀ ਬਾਰਡਰਾਂ ਤੇ ਕੀਤੇ ਜ਼ੁਲਮ ਨਾਲ ਸਰਕਾਰ ਦਾ ਜ਼ਾਲਮ ਚਿਹਰਾ ਨੰਗਾ ਹੋ ਗਿਆ ਹੈ। ਫੈਸਲਾ ਕੀਤਾ ਗਿਆ ਕਿ 14 ਦੀ ਸੰਯੁਕਤ ਕਿਸਾਨ ਮੋਰਚੇ ਦੀ ਦਿੱਲੀ ਮਹਾਂ ਪੰਚਾਇਤ ਲਈ ਰੇਲ ਰਾਹੀਂ ਇੱਕ ਵੱਡਾ ਜਥਾ ਦਿੱਲੀ ਲਈ ਰਵਾਨਾ ਹੋ ਚੁੱਕਾ ਹੈ। ਇਸ ਮੌਕੇ ਹੋਰਨਾਂ ਤੋਂ ਇਲਾਵਾ ਰਣਜੀਤ ਸਿੰਘ, ਅਵਤਾਰ ਸਿੰਘ, ਦਲਜੀਤ ਸਿੰਘ, ਕੁਲਦੀਪ ਸਿੰਘ, ਭੁਪਿੰਦਰ ਸਿੰਘ, ਚਨਪ੍ਰੀਤ ਸਿੰਘ, ਕਪੂਰ ਸਿੰਘ, ਰਜਿੰਦਰ ਸਿੰਘ, ਭੁਪਿੰਦਰ ਸਿੰਘ, ਸੁਖਜਿੰਦਰ ਸਿੰਘ, ਸਾਈਂ ਦਾਸ, ਗੁਰਦੇਵ ਸਿੰਘ ਆਦਿ ਵੀ ਹਾਜ਼ਰ ਸਨ।



# ਸ਼ੈਰੀ ਕਲਸੀ ਵੱਲੋਂ ਕਲੇਰ ਕਲਾਂ 'ਚ ਆਮ ਆਦਮੀ ਕਲੀਨਿਕ ਦਾ ਉਦਘਾਟਨ



**ਬਟਾਲਾ, (ਤਰਲੋਕ ਬੱਗਾ)**

ਆਮ ਆਦਮੀ ਕਲੀਨਿਕਾਂ ਵਿੱਚ ਰੋਜ਼ਾਨਾ ਮਰੀਜ਼ ਵਧੀਆ ਸਿਹਤ ਸੇਵਾਵਾਂ ਦਾ ਲਾਭ ਰਹੇ ਹਨ ਅਤੇ ਆਮ ਆਦਮੀ ਕਲੀਨਿਕਾਂ ਦੀ ਬਿਹਤਰ ਕਾਰੁਜ਼ਗਾਰੀ ਅਤੇ ਆਪ ਪਾਰਟੀ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦੀ ਦੋ ਸਾਲਾਂ ਦੀ ਸ਼ਾਨਦਾਰ ਕਾਰਗੁਜ਼ਾਰੀ ਦੇਖ ਕੇ ਵਿਰੋਧੀ ਪਾਰਟੀਆਂ ਵਾਲੇ ਘਬਰਾਏ ਪਏ ਹਨ। ਇਹ ਪ੍ਰਗਟਾਵਾ ਅਮਨਸ਼ੇਰ ਸਿੰਘ ਸ਼ੈਰੀ ਕਲਸੀ, ਹਲਕਾ ਵਿਧਾਇਕ ਬਟਾਲਾ ਵਲੋਂ ਪਿੰਡ ਕਲੇਰ ਕਲਾਂ ਵਿਖੇ ਆਮ ਆਦਮੀ ਕਲੀਨਿਕ ਦਾ ਉਦਘਾਟਨ ਕਰਨ ਉਪਰੰਤ ਲੋਕਾਂ ਨੂੰ ਸੰਬੋਧਨ ਹੁੰਦਿਆਂ ਕੀਤਾ।ਉਨ੍ਹਾਂ ਕਿਹਾ ਕਿ ਸੂਬੇ ਭਰ ਵਿੱਚ ਕਰੀਬ 829 ਆਮ ਆਦਮੀ ਕਲੀਨਿਕ ਸਫਲਤਾਪੂਰਵਕ ਚੱਲ ਰਹੇ ਹਨ।ਉਨ੍ਹਾਂ ਬਟਾਲਾ ਹਲਕੇ ਦੇ ਵਿਕਾਸ ਦੀ ਗੱਲ ਕਰਦਿਆਂ ਕਿਹਾ ਕਿ ਹਲਕੇ ਦਾ ਚਹੁਪੱਖੀ ਵਿਕਾਸ ਤੇ ਲੋਕਾਂ ਦੀਆਂ ਮੁੱਢਲੀਆਂ ਸਮੱਸਿਆਵਾਂ ਹੱਲ ਕਰਨ ਲਈ ਉਹ ਵਚਨਬੱਧ ਹਨ ਅਤੇ ਲੋਕ ਭਲਾਈ ਸਕੀਮਾਂ ਦਾ ਲਾਭ ਲੋਕਾਂ ਤੱਕ ਪੁੱਜਦਾ ਕਰਨ ਨੂੰ ਯਕੀਨੀ ਬਣਾਇਆ ਗਿਆ ਹੈ। ਉਨ੍ਹਾਂ ਕਿਹਾ ਕਿ ਤੁਸੀਂ ਮੈਨੂੰ ਸੇਵਾ ਕਰਨ ਦਾ ਮੌਕਾ ਦਿੱਤਾ, ਮੈਂ ਤੁਹਡੀ ਸੇਵਾ ਵਿੱਚ ਚੌਵੀ ਘੰਟੇ ਹਾਜ਼ਰ ਹਾਂ ਅਤੇ ਲੋਕਾਂ ਦੇ ਸਹਿਯੋਗ ਨਾਲ ਬਟਾਲਾ ਹਲਕੇ ਨੂੰ ਵਿਕਾਸ ਪੱਖੋਂ ਨਮੂਨੇ ਦਾ ਹਲਕਾ ਬਣਾਇਆ ਜਾਵੇਗਾ।

# ਭੈਣੀ ਮੀਆਂ ਖਾਂ 'ਚ ਸੀ ਐੱਨ ਐੱਫ਼ ਦੀ 13 ਮੈਂਬਰੀ ਕਮੇਟੀ ਦਾ ਗਠਨ

**ਧਾਰੀਵਾਲ, (ਮਨਦੀਪ ਸਿੰਘ ਵਿੱਕੀ)**

ਪਿੰਡ ਭੈਣੀ ਮੀਆਂ ਖਾਂ ਵਿਖੇ ਕ੍ਰਿਸਚੀਅਨ ਨੈਸ਼ਨਲ ਫਰੰਟ (ਸੀ.ਐੱਨ.ਐੱਫ.) ਦੀ ਮੀਟਿੰਗ ਜ਼ਿਲ੍ਹਾ ਮੀਤ ਪ੍ਰਧਾਨ ਰਾਜਨ ਮਸੀਹ ਕਾਹਨੂੰਵਾਨ ਅਤੇ ਜ਼ਿਲ੍ਹਾ ਸਕੱਤਰ ਮੰਗਤ ਮਸੀਹ ਦੀ ਪ੍ਰਧਾਨਗੀ ਹੇਠ ਐਸ ਡੀ ਏ ਚਰਚ ਦੇ ਪਾਸਟਰ ਸਨੀ ਮਸੀਹ ਦੇ ਸਹਿਯੋਗ ਨਾਲ ਹੋਈ। ਮੀਟਿੰਗ ਵਿੱਚ ਰਾਸ਼ਟਰੀ ਪ੍ਰਧਾਨ ਲਾਰੈਂਸ ਚੌਧਰੀ ਅਤੇ ਪੰਜਾਬ ਯੂਥ ਪ੍ਰਧਾਨ ਬੱਬਾ ਗਿੱਲ ਨੇ ਵਿਸ਼ੇਸ਼ ਮਹਿਮਾਨ ਵਜੋਂ ਸ਼ਿਰਕਤ ਕੀਤੀ। ਪ੍ਰਾਰਥਨਾ ਨਾਲ ਮੀਟਿੰਗ ਨੂੰ ਸ਼ੁਰੂ ਕੀਤਾ ਗਿਆ ਇਸ ਮੌਕੇ 13 ਮੈਂਬਰੀ ਸੀ ਐਨ ਐਫ਼ ਇਕਾਈ ਦਾ ਸਰਬਸੰਮਤੀ ਨਾਲ ਮੁੱਖਾਂ ਮਸੀਹ ਨੂੰ ਪ੍ਰਧਾਨ, ਬਾਵਾ ਮਸੀਹ ਨੂੰ ਮੀਤ ਪ੍ਰਧਾਨ, ਲਾਭਾ ਮਸੀਹ ਸਲਾਹਕਾਰ, ਰਾਜ ਮਸੀਹ ਨੂੰ ਖਜਾਨਚੀ, ਮੁਰਾਦ ਮਸੀਹ, ਵਿਲਸਨ ਮਸੀਹ, ਰਵੀ ਭੱਟੀ, ਰਾਜਨ ਮਸੀਹ, ਰਾਜੂ ਮਸੀਹ, ਤਰਸੇਮ ਮਸੀਹ, ਸਲਾਮਤ ਭੱਟੀ, ਸੁੱਚਾ ਮਸੀਹ, ਲਖਵਿੰਦਰ ਮਸੀਹ ਨੂੰ ਮੈਂਬਰ ਚੁਣਿਆ ਗਿਆ।ਰਾਸ਼ਟਰੀ ਪ੍ਰਧਾਨ ਲਾਰੈਂਸ ਚੌਧਰੀ ਨੇ ਚੁਣੀ ਕਮੇਟੀ ਨੂੰ ਨਿਯੁਕਤੀ ਪੱਤਰ ਭੇਟ ਕੀਤੇ।ਮੀਟਿੰਗ ਨੂੰ ਰਾਸ਼ਟਰੀ ਪ੍ਰਧਾਨ ਲਾਰੈਂਸ ਚੌਧਰੀ ਨੇ ਸੰਬੋਧਨ ਕਰਦਿਆਂ ਕਿਹਾ ਕਿ ਭਾਈਚਾਰੇ ਦੀ ਦਿਨ-ਬ-ਦਿਨ ਖ਼ਰਾਬ ਹੋ ਰਹੀ ਆਰਥਿਕ, ਸਮਾਜਿਕ, ਸਿੱਖਿਅਕ ਅਤੇ ਰਾਜਨੀਤੀਕ ਹਾਲਤ ਲਈ ਸਰਕਾਰਾਂ ਵੱਧ ਜ਼ਿੰਮੇਵਾਰ ਹਨ।ਕੇਂਦਰ ਅਤੇ ਸੂਬਾ ਸਰਕਾਰ ਦੀਆਂ ਭਲਾਈ ਸਕੀਮਾਂ ਪ੍ਰਸ਼ਾਸਨ ਦੀ ਅਣਗਹਿਲੀ ਕਾਰਨ ਭਾਈਚਾਰੇ ਤੱਕ ਨਹੀਂ ਪਹੁੰਚਦੀਆਂ।ਉਨ੍ਹਾਂ ਕਿਹਾ ਕਿ ਭਾਜਪਾ ਦੇ ਪਰਨੇ ਪੁਆਉਣ ਤੋਂ ਪਹਿਲਾਂ ਮਸੀਹੀ ਲੋਕਾਂ ਨੂੰ ਮਣੀਪੁਰ ਵਿੱਚ ਚਰਚਾਂ ਨੂੰ ਅੱਗ ਲਾਉਣ ਅਤੇ ਔਰਤਾਂ ਨੂੰ ਨੰਗਾ ਕਰਕੇ ਭਾਜਪਾ ਦੇ ਵਰਕਰਾਂ ਵੱਲੋਂ ਕੀਤੀ ਗੁੰਡਾਗਰਦੀ ਨੂੰ ਜ਼ਰੂਰ ਯਾਦ ਕਰ ਲੈਣਾ ਚਾਹੀਦਾ ਹੈ।ਉਨ੍ਹਾਂ ਕਿਹਾ ਸੰਵਿਧਾਨ ਅਤੇ ਲੋਕਤੰਤਰ ਨੂੰ ਬਚਾਉਂਣ ਲਈ ਫਿਰਕਾਪ੍ਰਸਤ ਪਾਰਟੀਆਂ ਨੂੰ ਹਰਾਉਣਾ ਬਹੁਤ ਜ਼ਰੂਰੀ ਹੈ। ਭਾਜਪਾ ਸਾਸ਼ਿਤ ਸੂਬਿਆਂ ਵਿੱਚ ਘੱਟਗਿਣਤੀਆਂ ਤੇ ਹਮਲੇ ਪਹਿਲਾਂ ਨਾਲੋਂ ਵੱਧ ਹੋ ਰਹੇ ਨੇ ਕੁਝ ਦਿਨ ਪਹਿਲਾਂ ਛੱਤੀਸਗੜ੍ਹ ਵਿੱਚ ਪਾਸਟਰ, ਉਸਦੀ ਪਤਨੀ ਅਤੇ ਬੇਟੇ ਨੂੰ ਕੱਟੜਪੰਥੀ ਅਨਸਰਾਂ ਵਲੋਂ ਕੁੱਟਦੇ ਹੋਏ ਪ੍ਰੇਡ ਕਰਵਾਈ ਅਤੇ ਜੈ ਸ੍ਰੀ ਰਾਮ ਦੇ ਧੱਕੇ ਨਾਲ ਨਾਰੇ ਲੁਆਏ ਸਰਕਾਰ ਦੀ ਫਿਰਕਾਪ੍ਰਸਤੀ ਸੋਚ ਕਾਰਣ ਮਾੜੇ ਅਨਸਰਾਂ ਦੇ ਮਸੀਹੀ ਭਾਈਚਾਰੇ ਦੇ ਲੋਕਾਂ ਤੇ ਧੱਕਾ ਕਰਨ ਲਈ ਹੌਸਲੇ ਬੁਲੰਦ ਹੋ ਰਹੇ ਨੇ ਉਹਨਾ ਛੱਤੀਸਗੜ੍ਹ ਸਰਕਾਰ ਤੋਂ ਦੋਸ਼ੀਆਂ ਵਿਰੁੱਧ ਕਾਰਵਾਈ ਕਰਨ ਅਤੇ ਭਾਈਚਾਰੇ ਦੇ ਆਰਥਿਕ, ਸਮਾਜਿਕ, ਵਿੱਦਿਅਕ ਅਤੇ ਰਾਜਨੀਤੀਕ ਹਿੱਤਾਂ ਨੂੰ ਸੁਰੱਖਿਅਤ ਕਰਨ ਦੀ ਮੰਗ ਕੀਤੀ।ਉਨ੍ਹਾਂ ਕਿਹਾ ਕਿ ਹੱਕੀ ਮੰਗਾਂ ਦੀ ਪੂਰਤੀ ਲਈ ਪਿੰਡ ਪਿੰਡ ਇਕਾਈਆਂ ਦਾ ਗਠਨ ਕਰਕੇ ਲੋਕਾਂ ਨੂੰ ਲਾਮਬੰਦ ਕਰਨ ਲਈ ਪਾਰਟੀ ਅਹੁਦੇਦਾਰਾਂ ਨੂੰ ਦਿਨ ਰਾਤ ਕੰਮ ਕਰਨ ਦੀ ਅਪੀਲ ਕੀਤੀ।ਇਸ ਮੌਕੇ ਪਾਸਟਰ ਸਤਪਾਲ, ਪਾ. ਮਨਦੀਪ ਮਸੀਹ, ਸਲਾਮਤ ਮਸੀਹ ਜਿਲਾ ਜ. ਸਕੱਤਰ, ਪ੍ਰਧਾਨ ਵਿਜੇ ਪ੍ਰਧਾਨ ਬੱਬੇਹਾਲੀ, ਬਿੱਲਾ ਮਸੀਹ, ਸ਼ਿੰਦਾ ਮਸੀਹ, ਪ੍ਰੇਮ ਮਸੀਹ, ਕੇਵਲ ਮਸੀਹ, ਸੋਹਣ ਮਸੀਹ, ਲੰਬੜ ਮਸੀਹ, ਤਰਸੇਮ ਮਸੀਹ, ਸਲਾਮਤ ਮਸੀਹ, ਮੈਂਬਰ ਡੇਵਿਡ ਮਸੀਹ, ਮੁਸ਼ਤਾਕ ਮਸੀਹ, ਕਾਲੀ ਮਸੀਹ, ਜਸਨ ਭੱਟੀ, ਨੀਸ਼ੂ ਮਹਾਜਨ, ਸੁਲੱਖਣ ਮਸੀਹ ਆਦਿ ਸ਼ਾਮਿਲ ਹੋਏ।



## ਸ਼ਹਿਰੀ ਯੋਜਨਾਕਾਰਾਂ ਦੀ ਭਰਤੀ 'ਚ ਜੀਐੱਨਡੀਯੂ ਦੇ ਵਿਦਿਆਰਥੀ ਛਾਏ



**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)**- ਪੰਜਾਬ ਮਿਊਂਸਪਲ ਇਨਫਰਸਟਰਕਚਰ ਡਿਵੈਲਪਮੈਂਟ ਕੰਪਨੀ, ਸਥਾਨਕ ਸਰਕਾਰਾਂ ਵਿਭਾਗ, ਪੰਜਾਬ ਵੱਲੋਂ ਅੰਮ੍ਰਿਤ ਦੀ ਸਿਟੀ ਮਿਸ਼ਨ ਮੈਨੇਜਮੈਂਟ ਯੂਨਿਟ ਅਧੀਨ 10 ਸ਼ਹਿਰੀ ਯੋਜਨਾਕਾਰਾਂ ਦੀ ਕੀਤੀ ਭਰਤੀ ਵਿਚ ਸਾਰੀਆਂ ਅਸਾਮੀਆਂ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਗੁਰੂ ਰਾਮਦਾਸ ਸਕੂਲ ਆਫ਼ ਪਲੈਨਿੰਗ ਦੇ ਗ੍ਰੈਜੂਏਟਾਂ ਨੇ ਹੀ ਹਾਸਲ ਕੀਤੀਆਂ ਹਨ। ਸਕੂਲ ਦੇ ਮੁਖੀ, ਪ੍ਰੋ. ਅਸ਼ਵਨੀ ਲੂਥਰਾ ਨੇ ਦੱਸਿਆ ਕਿ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਪ੍ਰੋ. ਡਾ: ਜਸਪਾਲ ਸਿੰਘ ਨੇ ਵਿਭਾਗ ਦੇ ਸਫਲ ਗ੍ਰੈਜੂਏਟਾਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਇਸ ਵੱਡੀ ਪ੍ਰਾਪਤੀ ਨੂੰ ਹਾਸਲ ਕਰਨ ਨਾਲ ਵਿਦਿਆਰਥੀਆਂ ਦੀ ਸਖ਼ਤ ਮਿਹਨਤ ਦਾ ਮੁੱਲ ਪਿਆ ਹੈ। ਉਨ੍ਹਾਂ ਕਿਹਾ ਕਿ ਸਕੂਲ ਦੇ ਅਧਿਆਪਕਾਂ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਯੂਨੀਵਰਸਿਟੀ ਦਾ ਗੁਰੂ ਰਾਮਦਾਸ ਸਕੂਲ ਆਫ਼ ਪਲੈਨਿੰਗ ਉੱਚ ਪੱਧਰੀ ਵਿੱਦਿਆ ਦੇ ਮਾਰਗ 'ਤੇ ਉਚ ਸਥਾਨਾਂ 'ਤੇ ਪਹੁੰਚ ਰਿਹਾ ਹੈ।

14-March-PAGE-4.qxd 3/13/2024 10:56 PM Page 1



# ਭਾਜਪਾ ਨੂੰ ਡਰ

ਭਾਜਪਾ ਆਗੂਆਂ ਦਾ ਨਾਅਰਾ 'ਇਸ ਵਾਰ 400 ਪਾਰ' ਦਾ ਹੈ, ਪਰ ਡਰ ਨਾਲ ਲੱਤਾਂ ਲੜਖੜਾ ਰਹੀਆਂ ਹਨ। ਸਾਂਸਦ ਮੈਦਾਨ ਛੱਡ ਰਹੇ ਹਨ। ਕਿਸੇ ਨੂੰ ਆਪਣੀ ਖੇਡ ਦਾ ਪਿਆਰ ਜਾਗ ਰਿਹਾ ਹੈ, ਕੋਈ ਵਾਤਾਵਰਣ ਦੀ ਰੱਖਿਆ ਲਈ ਸਮਰਪਤ ਹੋਣ ਦਾ ਬਹਾਨਾ ਬਣਾ ਰਿਹਾ ਹੈ ਤੇ ਕੋਈ ਕਹਿ ਰਿਹਾ ਹੈ ਕਿ ਉਸ ਨੂੰ ਉਸ ਦਾ ਡਾਕਟਰੀ ਪੇਸ਼ਾ ਬੁਲਾ ਰਿਹਾ ਹੈ। ਹੁਣ ਤੱਕ ਤਿੰਨ ਸਾਂਸਦ ਕਾਂਗਰਸ ਦਾ ਪੱਲਾ ਫੜ ਚੁੱਕੇ ਹਨ। ਇਹ ਚੋਣਾਂ ਦਾ ਐਲਾਨ ਹੋਣ ਤੋਂ ਬਾਅਦ ਪੈਣ ਵਾਲੀ ਭਾਜੜ ਦਾ ਸੰਕੇਤ ਹੈ।

ਪ੍ਰਧਾਨ ਸੇਵਕ ਕਸ਼ਮੀਰ ਤੋਂ ਕੰਨਿਆ ਕੁਮਾਰੀ ਅਤੇ ਗੁਜਰਾਤ ਤੋਂ ਗੁਹਾਟੀ ਤੱਕ ਬਿਨਾਂ ਰੁਕੇ ਕਦਮ ਤਾਲ ਕਰ ਰਿਹਾ ਹੈ। ਦਿੱਲੀ ਬੈਠਾ ਦੋ ਨੰਬਰੀ ਈ ਡੀ ਤੇ ਸੀ ਬੀ ਆਈ ਰਾਹੀਂ ਭ੍ਰਿਸ਼ਟ ਕਾਂਗਰਸੀਆਂ ਨੂੰ ਤੋੜ-ਤੋੜ ਕੇ ਭਾਜਪਾ ਨੂੰ ਕਾਂਗਰਸ-ਯੁਕਤ ਕਰਨ ਵਿੱਚ ਲੱਗਾ ਹੋਇਆ ਹੈ। ਇਸ ਦੇ ਨਾਲ ਹੀ ਉਹ ਹਰ ਰਾਜ ਵਿੱਚ ਦੂਜੀਆਂ ਪਾਰਟੀਆਂ ਦੀਆਂ ਫਾਹੁੜੀਆਂ ਦਾ ਜੁਗਾੜ ਕਰਕੇ ਅਧਰੰਗ ਮਾਰੀ ਭਾਜਪਾ ਨੂੰ ਤੁਰਨ ਜੋਗੀ ਕਰਨ ਦੇ ਆਹਰ ਵਿੱਚ ਲੱਗਾ ਹੋਇਆ ਹੈ।

ਦੁਨੀਆ ਦੀ ਸਭ ਤੋਂ ਵੱਧ ਮੈਂਬਰਾਂ ਵਾਲੀ ਪਾਰਟੀ ਨੂੰ ਆਖਰ ਏਨਾ ਡਰ ਕਿਉਂ ਹੈ? ਅਸਲ ਵਿੱਚ ਉਸ ਨੇ ਜੋ ਸੋਚਿਆ ਸੀ, ਹਕੀਕਤ ਉਹ ਨਹੀਂ ਹੈ। ਧਰੁਵੀਕਰਨ ਵਾਲਾ ਹਥਿਆਰ ਖੁੰਢਾ ਹੋ ਚੁੱਕਾ ਹੈ। ਰਾਮ ਮੰਦਰ ਦੀ ਪ੍ਰਾਣ ਪ੍ਰਤਿਸ਼ਠਾ ਦੀ ਕਿਆਸੀ ਗਈ ਲਹਿਰ ਦੇ ਪ੍ਰਾਣ ਨਿਕਲ ਚੁੱਕੇ ਹਨ। ਅੰਧ-ਰਾਸ਼ਟਰਵਾਦ ਦੀ ਹਵਾ ਵੀ ਹਵਾ ਹੋ ਚੁੱਕੀ ਹੈ। ਸਚਾਈ ਇਹ ਹੈ ਕਿ ਭਾਜਪਾ ਵੱਲੋਂ ਕਰਾਏ ਗਏ ਅੰਦਰੂਨੀ ਸਰਵੇ ਨੇ ਦੱਸ ਦਿੱਤਾ ਹੈ ਕਿ ਉੱਤਰੀ ਤੇ ਮੱਧ ਭਾਰਤ ਦੇ ਜਿਹੜੇ ਰਾਜਾਂ ਵਿੱਚ ਪਿਛਲੀਆਂ ਲੋਕ ਸਭਾ ਚੋਣਾਂ ਵਿੱਚ ਉਸ ਨੇ ਹੂੰਝਾ ਫੇਰੂ ਜਿੱਤ ਰਾਹੀਂ 247 ਸੀਟਾਂ ਜਿੱਤੀਆਂ ਸਨ, ਉਹ 103 ਉੱਤੇ ਆ ਕੇ ਅਟਕ ਗਈਆਂ ਹਨ। ਮਸਲਾ ਹੁਣ 400 ਦਾ ਨਹੀਂ 273 ਤੱਕ ਪੁੱਜਣ ਦਾ ਹੈ।

ਇਸ ਲਈ ਓਹੜ-ਪੋਹੜ ਦੀਆਂ ਕੋਸ਼ਿਸ਼ਾਂ ਜਾਰੀ ਹਨ। ਹਰਿਆਣੇ ਵਿੱਚ ਕਿਸਾਨ ਅੰਦੋਲਨ ਨੇ ਮੁੱਖ ਮੰਤਰੀ ਖੱਟਰ ਦੀ ਬਲੀ ਲੈ ਲਈ ਹੈ। ਇਸ ਦੇ ਬਾਵਜੂਦ ਉਥੇ ਭਾਜਪਾ ਨੂੰ ਮਾਂਜਾ ਫਿਰਨ ਤੋਂ ਰੋਕਿਆ ਨਹੀਂ ਜਾ ਸਕਦਾ। ਜਾਖਲ ਵਿੱਚ ਖੇਤੀ ਮੰਤਰੀ ਦੀਆਂ ਜਿਸ ਤਰ੍ਹਾਂ ਕਿਸਾਨਾਂ ਨੇ ਦੌੜਾਂ ਲਗਾਈਆਂ ਹਨ, ਉਹ ਇਸ ਦਾ ਟਰੇਲਰ ਹੈ। ਮਹਿੰਗਾਈ, ਬੇਰੁਜ਼ਗਾਰੀ ਤੇ ਖੇਤੀ ਸੰਕਟ ਕਾਰਨ ਲੋਕਾਂ ਦਾ ਗੁੱਸਾ ਅਸਮਾਨ ਛੂਹ ਰਿਹਾ ਹੈ। ਸੋਸ਼ਲ ਮੀਡੀਆ ਉੱਤੇ ਮੋਦੀ ਵਿਰੁੱਧ ਟਿੱਪਣੀਆਂ ਤੇ ਵਿਅੰਗਾਤਮਕ ਵੀਡੀਓਜ਼ ਦਾ ਹੜ੍ਹ ਆਇਆ ਹੋਇਆ ਹੈ। ਭਾਜਪਾ ਦੀ ਸੋਸ਼ਲ ਮੀਡੀਆ ਆਰਮੀ ਨੂੰ ਲਕਵਾ ਮਾਰ ਚੁੱਕਾ ਹੈ। ਬਿਹਾਰ ਵਿੱਚ ਹੱਥਾਂ ਵਿੱਚ ਕਮਲ ਫੁੱਲ ਵਾਲੇ ਭਗਵਾਂ ਝੰਡੇ ਲੈ ਕੇ ਕੇਂਦਰੀ ਮੰਤਰੀ ਗਿਰੀਰਾਜ ਦੀ ਕਾਰ ਘੇਰ ਕੇ ਮੁਰਦਾਬਾਦ ਦੇ ਨਾਅਰੇ ਲਾ ਰਹੇ ਭਾਜਪਾ ਕਾਰਕੁਨਾਂ ਦਾ ਵੀਡੀਓ ਅੱਗੇ ਤੋਂ ਅੱਗੇ ਵਧ ਰਿਹਾ ਹੈ।

ਦੇਸ਼ ਦੇ ਸਭ ਤੋਂ ਵੱਡੇ ਘਪਲੇ ਚੋਣ ਬਾਂਡਾਂ ਰਾਹੀਂ ਇਕੱਠੇ ਕੀਤੇ ਧਨ ਦੇ ਅੰਕੜੇ ਬਾਹਰ ਨਾ ਆ ਜਾਣ, ਇਸ ਲਈ ਐੱਸ ਬੀ ਆਈ ਰਾਹੀਂ ਪੂਰੀ ਵਾਹ ਲਾਈ ਗਈ, ਪਰ ਸੁਪਰੀਮ ਕੋਰਟ ਦੇ ਡੰਡੇ ਨੇ ਇੱਕ ਨਾ ਚੱਲਣ ਦਿੱਤੀ। ਹੁਣ ਜਦੋਂ ਪੜਾਅ-ਦਰ-ਪੜਾਅ ਭਾਜਪਾ ਦੇ ਭ੍ਰਿਸ਼ਟਾਚਾਰ ਦਾ ਚਿੱਠਾ ਲੋਕਾਂ ਸਾਹਮਣੇ ਆਵੇਗਾ, ਤਾਂ ਭਾਜਪਾ ਦਾ ਭਗਵਾਂ ਰੰਗ ਪੀਲਾ ਪੈ ਜਾਵੇਗਾ। ਇਸ ਤੋਂ ਬਾਅਦ ਸੀ ਏ ਏ ਦਾ ਸੱਪ ਬਾਹਰ ਕੱਢ ਕੇ ਮੁੜ ਧਰੁਵੀਕਰਨ ਦਾ ਦਾਅ ਖੇਡਿਆ ਗਿਆ, ਪਰ ਉਹ ਵੀ ਠੁੱਸ ਹੋ ਗਿਆ ਹੈ। ਮੁਸਲਮਾਨਾਂ ਨੂੰ ਪਤਾ ਹੈ ਕਿ ਇਨ੍ਹਾਂ ਨਫ਼ਰਤੀ ਹਾਕਮਾਂ ਦੀ ਮਿਆਦ ਸਿਰਫ਼ ਤਿੰਨ ਮਹੀਨੇ ਹੀ ਹੈ, ਇਸ ਲਈ ਸਬਰ ਤੋਂ ਕੰਮ ਲਿਆ ਜਾਵੇ। ਉਲਟਾ ਅਸਾਮ ਵਿੱਚ ਇਸ ਵਿਰੁੱਧ ਉਠੇ ਅੰਦੋਲਨ ਨੇ ਭਾਜਪਾ ਨੂੰ ਉਥੋਂ ਵੀ ਹੂੰਝ ਦੇਣਾ ਹੈ।

ਇਹ ਚੰਗੀ ਗੱਲ ਹੈ ਕਿ 'ਇੰਡੀਆ' ਗਠਜੋੜ ਬੋਚ-ਬੋਚ ਕੇ ਕਦਮ ਪੁੱਟ ਰਿਹਾ ਹੈ। ਇਸ ਨੇ ਤਾਮਿਲਨਾਡੂ, ਹਰਿਆਣਾ, ਦਿੱਲੀ ਤੇ ਯੂ ਪੀ ਵਿੱਚ ਸੀਟਾਂ ਦੀ ਵੰਡ ਕਰ ਲਈ ਹੈ। ਰਾਜਸਥਾਨ, ਛਤੀਸਗੜ੍ਹ, ਮੱਧ ਪ੍ਰਦੇਸ਼ ਤੇ ਗੁਜਰਾਤ ਵਿੱਚ ਆਦਿਵਾਸੀ ਪਾਰਟੀਆਂ ਨਾਲ ਗੱਲਬਾਤ ਚੱਲ ਰਹੀ ਹੈ। ਮਹਾਰਾਸ਼ਟਰ ਤੇ ਬਿਹਾਰ ਵਿੱਚ ਸੀਟ ਵੰਡ ਦੀ ਗੱਲਬਾਤ ਆਖਰੀ ਦੌਰ ਵਿੱਚ ਹੈ।

ਯੂ ਪੀ ਵਿੱਚ ਗਠਜੋੜ ਦੀ ਮੁੱਖ ਧਿਰ ਸਪਾ ਤੇ ਭਾਈਵਾਲ ਕਾਂਗਰਸ ਚੁੱਪ ਬੈਠੀਆਂ ਹਨ। ਅਸਲ ਵਿੱਚ ਉਹ ਬਸਪਾ ਨੂੰ ਵੀ ਗਠਜੋੜ ਵਿੱਚ ਸ਼ਾਮਲ ਕਰਨ ਦੀਆਂ ਇੱਛੁਕ ਹਨ। ਇਸ ਲਈ ਚੰਦਰ ਸ਼ੇਖਰ ਵਾਲੀ ਨਗੀਨਾ ਦੀ ਸੀਟ ਦਾ ਵੀ ਫੈਸਲਾ ਨਹੀਂ ਕੀਤਾ, ਕਿਉਂਕਿ ਮਾਇਆਵਤੀ ਉਸ ਦੇ ਵਿਰੋਧ ਵਿੱਚ ਹੈ। ਜੇ ਬਸਪਾ ਵੀ ਇੰਡੀਆ ਗਠਜੋੜ ਵਿੱਚ ਆਉਂਦੀ ਹੈ ਤਾਂ ਦੇਸ਼ ਦਾ ਮਾਹੌਲ ਇਕਦਮ ਬਦਲ ਜਾਵੇਗਾ। ਬਾਕੀ ਰਾਜਾਂ ਵਿੱਚ ਵੀ ਅੰਦਰਖਾਤੇ ਕੋਸ਼ਿਸ਼ਾਂ ਜਾਰੀ ਹਨ, ਬਸ ਉਡੀਕ ਚੋਣਾਂ ਦੇ ਐਲਾਨ ਦੀ ਹੈ।

**-ਚੰਦ ਫਤਿਹਪੁਰੀ**

# ਕਿਹੋ ਜਿਹੀ ਹੋਣ ਵਾਲੀ ਹੈ ਭਵਿੱਖ ਦੀ ਦੁਨੀਆ



ਗੁਰਚਰਨ ਸਿੰਘ ਨੂਰਪੁਰ

ਤੇਜ਼ੀ ਨਾਲ ਬਦਲ ਰਹੀ ਇਹ ਦੁਨੀਆ ਇਸ ਸਮੇਂ ਇੱਕ ਵੱਡੇ ਮੁਕਾਮ 'ਤੇ ਆ ਖੜੀ ਹੋਈ ਹੈ। ਮਾਨਵ ਜਾਤ ਦੇ ਇਤਿਹਾਸ ਵਿੱਚ ਇਹ ਪਹਿਲੀ ਵਾਰ ਹੋਣ ਲੱਗਾ ਹੈ ਕਿ ਇਸ ਸਮੇਂ ਦੁਨੀਆ ਵਿੱਚ ਜੋ ਬਹੁਤ ਮਹੱਤਵਪੂਰਨ ਹੈ, ਇਸ ਵਿੱਚੋਂ ਬਹੁਤ ਕੁਝ ਅਰਥਹੀਣ ਹੋ ਜਾਵੇਗਾ, ਬੀਤੇ ਦੀ ਬਾਤ ਬਣ ਜਾਵੇਗਾ। ਪਿਛਲੇ ਦੌਰ ਦੌਰਾਨ ਬਹੁਤ ਚੀਜ਼ਾਂ ਸਾਡੇ ਦੌਰ ਵਿੱਚ ਆਈਆਂ ਤੇ ਅਲੋਪ ਹੋ ਗਈਆਂ। ਅੱਜ ਦੇ ਬੱਚਿਆਂ ਚੋਂ ਬਹੁਤਿਆਂ ਨੂੰ ਸ਼ਾਇਦ ਇਹ ਪਤਾ ਵੀ ਨਹੀਂ ਹੋਵੇਗਾ ਸੀ ਡੀ ਪਲੇਅਰ ਕਿਸ ਤਰ੍ਹਾਂ ਦਾ ਹੁੰਦਾ ਸੀ? ਵੀ ਸੀ ਆਰ ਕੀ ਸੀ? ਪੇਜ਼ਰ ਕੀ ਸੀ? ਤੇਜ਼ੀ ਨਾਲ ਵਾਪਰ ਰਹੀਆਂ ਤਬਦੀਲੀਆਂ ਦੇ ਇਸ ਦੌਰ ਵਿੱਚ ਹੁਣ ਇੱਕ ਦਮ ਬਹੁਤ ਕੁਝ ਤਬਦੀਲ ਹੋਣ ਜਾ ਰਿਹਾ ਹੈ।

ਭਵਿੱਖ ਵਿੱਚ ਆਰਟੀਫੀਸ਼ੀਅਲ ਇੰਟੈਲੀਜੈਂਸ (ਮਸਨੂਈ ਸਮਝ) ਦੁਨੀਆ ਨੂੰ ਪੂਰੀ ਤਰ੍ਹਾਂ ਤਬਦੀਲ ਕਰ ਦੇਵੇਗੀ। ਜ਼ਰਾ ਸੋਚੋ ਕਿ ਮਨੁੱਖ ਦੀ ਥਾਂ ਸੋਚ ਵਿਚਾਰ ਕਰਨ, ਫੈਸਲੇ ਲੈਣ ਅਤੇ ਉਹਨਾਂ ਫੈਸਲਿਆਂ 'ਤੇ ਅਮਲ ਵਰਗੇ ਕੰਮ ਜੇਕਰ ਮਸ਼ੀਨ ਕਰਨ ਲੱਗ ਪਵੇਗੀ ਤਾਂ ਇਸ ਦੌਰ ਵਿੱਚ ਮਨੁੱਖ ਦੀ ਹੈਸੀਅਤ ਕੀ ਹੋਵੇਗੀ? ਕਲਾਕਾਰ ਇੱਕ ਚਿੱਤਰ ਬਣਾਉਂਦਾ ਹੈ, ਕਵੀ ਕਵਿਤਾ, ਗੀਤਕਾਰ ਗੀਤ, ਕਹਾਣੀਕਾਰ ਕਹਾਣੀ ਲਿਖਦਾ ਹੈ। ਇਸੇ ਤਰ੍ਹਾਂ ਫਿਲਮ ਲੇਖਕ ਫਿਲਮਾਂ ਦੀ ਕਹਾਣੀ ਤੇ ਡਾਇਲਾਗ ਲਿਖਦੇ ਹਨ। ਕਿੰਨੀ ਹੈਰਾਨੀ ਦੀ ਗੱਲ ਹੈ ਕਿ ਇਹ ਸਭ ਕੁਝ 'ਏ ਆਈ' ਕਰਨ ਲੱਗ ਜਾਵੇਗੀ। ਇਸ ਤੋਂ ਵੀ ਅਗਾਂਹ ਫਿਲਮਾਂ ਵਿੱਚ ਵਿਖਾਏ ਜਾਣ ਵਾਲੇ ਦ੍ਰਿਸ਼, ਨਾਇਕ, ਨਾਇਕਾਵਾਂ ਤੇ ਖਲਨਾਇਕ ਇਹ ਸਭ ਕੁਝ ਆਰਟੀਫੀਸ਼ਲ ਹੋਵੇਗਾ ਅਤੇ ਇਹ ਸਭ ਕੁਝ ਹਕੀਕਤ ਵਰਗਾ ਹੀ ਹੋਵੇਗਾ। ਇੱਕ ਨਵੀਂ ਫਿਲਮ ਬਣਾਉਣ ਲਈ ਤੁਸੀਂ ਮਨਪਸੰਦ ਚਾਰ ਫਿਲਮਾਂ ਬਾਰੇ ਆਰਟੀਫੀਸ਼ੀਅਲ ਇੰਟੈਲੀਜੈਂਸ ਨੂੰ ਦੱਸਦੇ ਹੋ ਤਾਂ ਉਹ ਤੁਹਾਨੂੰ ਕੁਝ ਹੀ ਸਮੇਂ ਬਾਅਦ ਪੰਜਵੀਂ ਫਿਲਮ ਤਿਆਰ ਕਰ ਦੇਵੇਗਾ। ਇਸੇ ਤਰ੍ਹਾਂ ਤੁਸੀਂ ਘਰ, ਦਫਤਰ, ਲਾਅਨ ਦਾ ਡਿਜਾਇਨ ਚਾਹੁੰਦੇ ਹੋ ਤਾਂ ਕਈ ਤਰ੍ਹਾਂ ਦੇ ਡਿਜ਼ਾਇਨ ਤੁਹਾਡੇ ਸਾਹਮਣੇ ਪਈ ਸਕਰੀਨ 'ਤੇ ਖੁੱਲ੍ਹ ਜਾਣਗੇ, ਕਿਤੇ ਜਾਣ ਦੀ ਲੋੜ ਨਹੀਂ ਹੋਵੇਗੀ। ਹਰ ਤਰ੍ਹਾਂ ਦੀਆਂ ਵੱਡੀਆਂ, ਛੋਟੀਆਂ ਗੱਡੀਆਂ ਡਰਾਈਵਰ ਰਹਿਤ ਹੋਣਗੀਆਂ। ਆਰਟੀਫੀਸ਼ੀਅਲ ਇੰਟੈਲੀਜੈਂਸ ਰਾਹੀਂ ਚੱਲਣ ਲੱਗਣਗੀਆਂ। ਪੂਰੀ ਦੁਨੀਆ ਵਿੱਚ ਦਫਤਰਾਂ ਵਿੱਚ ਕੰਮ ਕਰਦੇ ਕਰਮਚਾਰੀਆਂ, ਮੁਲਾਜਮਾਂ ਦੀ ਛਾਂਟੀ ਹੋਣ ਲੱਗੇਗੀ। ਸਭ ਦਫਤਰਾਂ ਦੇ ਕੰਮ ਏ ਆਈ ਮਸ਼ੀਨਾਂ ਸਾਂਭ ਲੈਣਗੀਆਂ। ਚਿੱਤਰਕਾਰ, ਫੋਟੋਗ੍ਰਾਫੀ, ਕਲਾਕਾਰ, ਐਕਟਰ, ਲੇਖਕ, ਡਿਜ਼ਾਇਨਰ, ਮਾਡਲ ਆਦਿ ਦੇ ਕਰਨ ਵਾਲੇ ਕਲਾਤਮਿਕ ਕੰਮ ਮਸਨੂਈ ਬੁੱਧੀ ਨਾਲ ਹੋਣ ਲੱਗਣਗੇ। 'ਏ ਆਈ' ਤਕਨੀਕ ਕਿਸੇ ਪੁਰਾਣੀ ਤੋਂ ਪੁਰਾਣੀ ਤਸਵੀਰ ਨੂੰ ਵੀਡੀਓ ਵਿੱਚ ਤਬਦੀਲ ਕਰ ਸਕਦੀ ਹੈ। ਅੰਦਾਜ਼ਾ ਕਰੋ ਭਵਿੱਖ ਦੀ ਦੁਨੀਆ ਕਿਹੋ ਜਿਹੀ ਹੋਣ ਵਾਲੀ ਹੈ।

ਦੁਨੀਆ 'ਤੇ ਸਰਦਾਰੀ ਕਰਨ ਵਾਲੀਆਂ ਸਾਫਟਵੇਅਰ ਬਣਾਉਣ ਵਾਲੀਆਂ ਕੰਪਨੀਆਂ ਬਾਰੇ ਕਦੇ ਕਿਸੇ ਨੇ ਨਹੀਂ ਸੋਚਿਆ ਹੋਣਾ ਕਿ ਇਸ ਸਭ ਕੁਝ ਨੂੰ ਇੱਕ ਦਿਨ ਏ ਆਈ ਨਾਂਅ ਦਾ ਇੱਕੋ ਸਾਫਟਵੇਅਰ ਨਿਗਲ ਲਵੇਗਾ। 'ਏ ਆਈ' ਅਜਿਹੀ ਆਧੁਨਿਕ ਤਕਨੀਕ ਹੈ, ਜਿਸ ਤੋਂ ਤਕਨੀਕੀ ਦੁਨੀਆ ਦੇ ਮਾਹਰ ਵੀ ਡਰਨ ਲੱਗ ਪਏ ਹਨ।

ਇਸ ਤਕਨੀਕ ਨਾਲ ਖੇਤੀਬਾੜੀ ਵਿੱਚ ਇੱਕ ਅਜਿਹਾ ਇਨਕਲਾਬ ਆਵੇਗਾ, ਜਿਸ ਦਾ ਅਸੀਂ ਕਦੇ ਕਿਆਸ ਤੱਕ ਵੀ ਨਹੀਂ ਕੀਤਾ। ਭਵਿੱਖ ਵਿੱਚ ਏ ਆਈ ਮਸ਼ੀਨਾਂ ਸਾਨੂੰ ਦੱਸਣਗੀਆਂ ਕਿ ਤੁਹਾਡੇ ਦੁਆਰਾ ਬੀਜੀ ਜਾ ਰਹੀ ਫਸਲ ਦਾ ਹੁਣ ਤੱਕ ਬਾਜ਼ਾਰ ਵਿੱਚ ਕਿੰਨਾਂ ਬੀਜ ਵਿਕਿਆ ਹੈ ਅਤੇ ਇਹ ਕਿਸ ਦੇਸ਼ ਵਿੱਚ ਕਿੰਨੀ ਮਿਕਦਾਰ ਵਿੱਚ ਬੀਜੀ ਜਾ ਰਹੀ ਹੈ। ਇਸ ਫਸਲ ਲਈ ਮੌਸਮ ਕਿਸ ਤਰ੍ਹਾਂ ਦਾ ਰਹਿਣ ਵਾਲਾ ਹੈ, ਇਸ ਦਾ ਬਾਜ਼ਾਰ ਵਿੱਚ ਮੁੱਲ ਕੀ ਪਵੇਗਾ? ਕਾਫੀ ਹੱਦ ਤੱਕ ਫਸਲਾਂ ਵਿੱਚ ਕੀਤੇ ਜਾਂਦੇ ਕੀਟ ਨਾਸ਼ਕਾਂ ਦੀ ਵਰਤੋਂ ਘੱਟ ਹੋਵੇਗੀ। ਫਸਲ 'ਤੇ ਕਿਸੇ ਕੀੜੇ ਦੇ ਹਮਲੇ ਦਾ ਤੁਰੰਤ ਪਤਾ ਚੱਲੇਗਾ ਅਤੇ ਜਿੱਥੇ ਕਿਤੇ ਜਿਸ ਬੂਟੇ ਵਿੱਚ ਬਿਮਾਰੀ ਦੀ ਲਾਗ ਹੋਵੇਗੀ, ਉੱਥੇ ਉਸ ਥਾਂ 'ਤੇ ਹੀ ਉਸ ਦਾ ਤੁਰੰਤ ਇਲਾਜ ਕੀਤਾ ਜਾ ਸਕੇਗਾ। ਪੂਰੀ ਜ਼ਮੀਨ ਵਿੱਚ ਕੀਟ ਨਾਸ਼ਕ ਦਵਾਈ ਦੀ ਵਰਤੋਂ ਕਰਨ ਦੀ ਲੋੜ ਤਾਂ ਦੂਰ ਕਿਸੇ ਇੱਕ ਪੂਰੇ ਪੌਦੇ ਨੂੰ ਵੀ ਕੀਟ ਨਾਸ਼ਕ ਦੇਣ ਦੀ ਲੋੜ ਨਹੀਂ ਰਹੇਗੀ। ਜ਼ਮੀਨ ਵਿੱਚ ਕਿੱਥੇ ਕਿਸ ਤੱਤ ਦੀ ਘਾਟ ਹੈ, ਇਸ ਸਬੰਧੀ ਏ ਆਈ ਦੀਆਂ ਜਾਣਕਾਰੀਆਂ ਫਸਲਾਂ ਲਈ ਲਾਹੇਵੰਦ ਸਾਬਤ ਹੋਣਗੀਆਂ। ਏ ਆਈ ਮਸ਼ੀਨਾਂ ਕੇਵਲ ਪੱਕੇ ਫਲਾਂ ਦੀ ਤੋੜਾਈ, ਪੁਟਾਈ ਕਰਨਗੀਆਂ ਅਤੇ ਇਸ ਤਰ੍ਹਾਂ ਫਸਲਾਂ ਖਾਸ ਕਰਕੇ ਫਲਾਂ ਦੇ ਝਾੜ ਵਿੱਚ ਸੁਧਾਰ ਤੇ ਵਾਧਾ ਹੋਣਾ ਸ਼ੁਰੂ ਹੋ ਜਾਵੇਗਾ। ਭਵਿੱਖ ਵਿੱਚ ਖੇਤੀਬਾੜੀ ਦੇ ਕੰਮ ਵਿੱਚ ਇੱਕ ਵੱਡੀ ਇੱਕ ਤਰ੍ਹਾਂ ਦੀ ਅਲੌਕਿਕ ਤਬਦੀਲੀ ਭਵਿੱਖ ਵਿੱਚ ਵਾਪਰਨ ਜਾ ਰਹੀ ਹੈ। ਦੁਨੀਆ ਵਿੱਚ ਭੁੱਖਮਰੀ ਅਤੇ ਕੁਪੋਸ਼ਣ ਘੱਟ ਹੋਵੇਗਾ, ਪਰ ਯਾਦ ਰੱਖਣਾ ਇਹ ਕੇਵਲ ਅੰਦਾਜ਼ਾ ਹੈ ਸੱਚਾਈ ਇਸ ਤੋਂ ਵੱਖਰੀ ਵੀ ਹੋ ਸਕਦੀ ਹੈ।

ਦਵਾਈਆਂ ਦੇ ਮਾਲੀਕਿਊਲ ਬਣਾਉਣ ਵਿੱਚ ਮਦਦ ਮਿਲੇਗੀ, ਬਿਮਾਰੀਆਂ ਨੂੰ ਸਮਝਣ ਵਿੱਚ ਵੱਡਾ ਇਨਕਲਾਬ ਆਵੇਗਾ ਅਤੇ ਬਿਮਾਰਾਂ ਦੀ ਸਾਂਭ-ਸੰਭਾਲ ਕਰਨ ਵਿੱਚ ਏ ਆਈ ਵੱਡੀ ਮਦਦਗਾਰ ਸਾਬਿਤ ਹੋਵੇਗੀ। ਜਿਵੇਂ ਖਦਸ਼ਾ ਪਰਗਟ ਕੀਤਾ ਜਾ ਰਿਹਾ ਹੈ ਕਿ ਏ ਆਈ ਬਹੁਤ ਸਾਰੀਆਂ ਨੌਕਰੀਆਂ ਨੂੰ ਖਤਮ ਕਰ ਦੇਵੇਗੀ ਤਾਂ ਕੁਝ ਲੋਕਾਂ ਨੂੰ ਇਹ ਵਿਸ਼ਵਾਸ ਹੈ ਕਿ ਨਵੀ ਤਕਨਾਲੋਜੀ ਦੇ ਆਉਣ ਨਾਲ ਨੌਕਰੀਆਂ ਘੱਟਦੀਆਂ ਨਹੀਂ, ਬਲਕਿ ਵਧਦੀਆਂ ਹਨ, ਜਿਵੇਂ ਕੰਪਿਊਟਰ ਦੇ ਆਉਣ ਨਾਲ ਸੋਚਿਆ ਜਾ ਰਿਹਾ ਸੀ ਕਿ ਦਫਤਰਾਂ ਦੇ ਕੰਮ ਜਦੋਂ ਕੰਪਿਊਟਰ ਕਰਨ ਲੱਗਣਗੇ ਤਾਂ ਬੰਦਿਆਂ ਦੀ ਲੋੜ ਨਹੀਂ ਰਹੇਗੀ, ਇਸ ਲਈ ਕੰਪਿਊਟਰ ਦਾ ਵਿਰੋਧ ਵੀ ਹੋਇਆ, ਪਰ ਕੰਪਿਊਟਰ ਦੇ ਆਉਣ ਨਾਲ ਰੋਜ਼ਗਾਰ ਵਿੱਚ ਵੱਖਰੀਆਂ ਤੇ ਵੱਡੀਆਂ ਸੰਭਾਵਨਾਵਾਂ ਪੈਦਾ ਹੋਈਆਂ। ਇਸ ਲਈ ਕੁਝ ਲੋਕਾਂ ਦਾ ਖਿਆਲ ਹੈ ਕਿ ਨਵੀਂ ਤਕਨੀਕ ਆਉਣ ਨਾਲ ਰੋਜ਼ਗਾਰ ਦੇ ਬੂਹੇ ਹੋਰ ਮੋਕਲੇ ਹੋਣਗੇ। ਇੱਥੇ ਸਾਨੂੰ ਥੋੜ੍ਹਾ ਜਿਹਾ ਸੋਚ-ਵਿਚਾਰ ਕਰਨ ਦੀ ਲੋੜ ਹੈ। ਹੁਣ ਤੱਕ ਜੋ ਵੀ ਤਕਨੀਕੀ ਵਿਕਾਸ ਹੁੰਦਾ ਆਇਆ ਹੈ, ਉਹ ਵਸਤਾਂ ਦਾ ਵਿਕਾਸ ਸੀ। ਨਵੀਆਂ ਵਸਤਾਂ ਨਵੇਂ ਸਾਧਨ ਨਵੇ ਸਾਫਟਵੇਅਰ ਆਦਿ ਬਣਦੇ ਆਏ ਹਨ, ਜਿਹਨਾਂ ਨੂੰ ਮਨੁੱਖ ਪੈਦਾ ਕਰਦੇ ਤੇ ਮਨੁੱਖ ਆਪਣੇ ਹੱਥਾਂ ਨਾਲ ਇਹਨਾਂ ਨੂੰ ਜ਼ਿੰਦਗੀ ਨੂੰ ਸੁਖਾਲਾ ਬਣਾਉਣ ਲਈ ਵਰਤਦਾ ਆਇਆ ਹੈ ਅਤੇ ਵਰਤ ਰਿਹਾ ਹੈ, ਪਰ ਆਰਟੀਫੀਸ਼ੀਅਲ ਇੰਟੈਲੀਜੈਂਸ ਇਸ ਤੋਂ ਬਿਲਕੁਲ ਵੱਖਰੀ ਚੀਜ਼ ਹੈ, ਇਹ ਅਜਿਹੀ 'ਬਣਾਉਟੀ ਸਮਝ' ਹੈ, ਜੋ ਹਰ ਪਲ ਵਧ ਰਹੀ ਹੈ। ਹਰ ਪਲ ਹੋਰ ਬੁਲੰਦ ਹੁੰਦੀ ਜਾਵੇਗੀ। ਮਾਨਵ ਜਾਤ ਦੇ ਇਤਿਹਾਸ ਵਿੱਚ ਇਹ ਪਹਿਲੀ ਵਾਰ ਹੋਣ ਲੱਗਾ ਹੈ ਕਿ ਮਨੁੱਖ ਦੀ ਵਰਤੋਂ ਲਈ ਇੱਕ ਵਿਸ਼ਾਲ ਦਿਮਾਗ ਉਸ ਦੇ ਸਾਹਮਣੇ ਹੋਵੇਗਾ, ਜਿਸ ਵਿੱਚ ਲੱਖਾਂ ਦਿਮਾਗਾਂ ਜਿੰਨੀ ਸਮਝ ਹੋਵੇਗੀ ਅਤੇ ਇਹ ਸਮਝ ਮਨੁੱਖੀ ਬੁੱਧੀ ਤੋਂ ਕਿਤੇ ਵੱਧ ਤੇਜ਼ੀ ਨਾਲ ਵਿਕਸਤ ਹੁੰਦੀ ਜਾਵੇਗੀ, ਕਿਉਂਕਿ ਆਰਟੀਫੀਸ਼ੀਅਲ ਇੰਟੈਲੀਜੈਂਸ ਮਨੁੱਖ ਤੋਂ ਹੀ ਸਿੱਖ ਕੇ ਹਰ ਪਲ ਆਪਣੀ ਸਮਝ ਵਧਾ ਰਿਹਾ ਹੈ ਅਤੇ ਮਨੁੱਖ ਜੋ ਕੰਮ ਕੁਝ ਮਹੀਨਿਆਂ, ਦਿਨਾਂ ਜਾਂ ਘੰਟਿਆ ਵਿੱਚ ਕਰਨਾ ਹੁੰਦਾ ਹੈ, ਇਹ ਉਸ ਕੰਮ ਨੂੰ ਪਲਾਂ ਵਿੱਚ ਕਰਨ ਦੇ ਸਮਰੱਥ ਹੋਵੇਗਾ। ਕਿੰਨੀ ਵਚਿੱਤਰ ਹੋਵੇਗੀ ਭਵਿੱਖ ਦੀ ਦੁਨੀਆ ਜ਼ਰਾ ਕਿਆਸ ਕਰੋ।

ਬੇਸ਼ੱਕ ਏ ਆਈ ਨਾਲ ਮਨੁੱਖ ਦੇ ਜ਼ਿਹਨੀ ਤੇ ਸਰੀਰਕ ਕੰਮ ਘਟ ਜਾਣਗੇ, ਰੋਜ਼ਗਾਰ । ਨੌਕਰੀਆਂ ਘਟ ਜਾਣਗੀਆਂ, ਇਹ ਆਮ ਲੋਕਾਂ ਅਤੇ ਖਾਸ ਕਰਕੇ ਗਰੀਬ ਦੇਸ਼ਾਂ ਦੇ ਬਸ਼ਿੰਦਿਆਂ ਲਈ ਇਹ ਸਥਿਤੀ ਬੇਹੱਦ ਭਿਆਨਕ ਹੋ ਸਕਦੀ ਹੈ। ਏ ਆਈ ਦੇ ਦੌਰ ਤੋਂ ਪਹਿਲਾਂ ਹੀ ਦੁਨੀਆ ਅਜਿਹੇ ਦੌਰ ਵਿੱਚੋਂ ਗੁਜ਼ਰ ਰਹੀ ਹੈ, ਜਿੱਥੇ ਆਮ ਬੰਦੇ ਦੇ ਰੋਜ਼ਗਾਰ ਵੱਲ ਸਰਕਾਰਾਂ ਦਾ ਬਿਲਕੁਲ ਹੀ ਧਿਆਨ ਨਹੀਂ, ਨੌਕਰੀਆਂ ਦੇ ਮੌਕੇ ਘਟ ਰਹੇ ਹਨ। ਸਰਕਾਰਾਂ ਨੇ ਅਜਿਹੀ ਸਥਿਤੀ ਪੈਦਾ ਕੀਤੀ ਕਿ ਵੱਡੀ ਗਿਣਤੀ ਲੋਕਾਂ ਨੇ ਆਪਣੇ ਆਪ ਨੂੰ ਆਟੇ-ਦਾਲ ਵਰਗੀਆਂ ਖੈਰਾਤਾਂ ਲਈ ਸਮਰਪਣ ਕਰ ਦਿੱਤਾ ਹੈ। ਹੁਣ ਤੱਕ ਹਰ ਨਵੀਂ ਤਕਨੀਕ ਦਾ ਸਭ ਤੋਂ ਵੱਧ ਫਾਇਦਾ ਸਰਮਾਏਦਾਰ ਲੈਂਦੇ ਰਹੇ ਹਨ। ਅਜਿਹੀ ਸਥਿਤੀ ਵਿੱਚ ਜਦੋਂ ਏ ਆਈ ਦਾ ਪ੍ਰਵੇਸ਼ ਹੋਣ ਜਾ ਰਿਹਾ ਹੈ ਤਾਂ ਆਮ ਬੰਦੇ ਲਈ ਇਹ ਸਥਿਤੀ ਹੋਰ ਭਿਆਨਕ ਹੋ ਜਾਵੇਗੀ। ਨੌਕਰੀਆਂ, ਰੋਜ਼ਗਾਰ ਹੋਰ ਵੀ ਘੱਟ ਹੋਣਗੇ। ਵਿਹਲਾ ਮਨ ਸ਼ੈਤਾਨ ਦਾ ਘਰ ਵਾਂਗ ਸਮਾਜ ਵਿੱਚ ਬੁਰਾਈਆਂ ਫੈਲਣ ਦਾ ਖਤਰਾ ਹੋਰ ਵਧ ਜਾਵੇਗਾ।

ਏ ਆਈ ਨੂੰ ਬਣਾਉਣ ਵਾਲੇ 75 ਸਾਲਾ ਜਿਓਫਰੀ ਹਿੰਟਨ ਇਸ ਦੇ ਨਤੀਜਿਆਂ ਨੂੰ ਸਮਝਦਿਆਂ ਖੁਦ ਡਰੇ ਹੋਏ ਹਨ। ਉਹਨਾ ਦਾ ਕਹਿਣਾ ਹੈ ਕਿ ਜੇਕਰ ਮੈਂ ਇਸ ਨੂੰ ਨਾ ਬਣਾਉਂਦਾ ਤਾਂ ਹੋ ਸਕਦਾ ਹੈ ਕੋਈ ਹੋਰ ਇਸ ਨੂੰ ਬਣਾ ਦਿੰਦਾ। ਉਹਨਾ ਦਾ ਕਹਿਣਾ ਹੈ ਮਨੁੱਖ ਤੋਂ ਸਿੱਖ ਕੇ ਮਨੁੱਖ 'ਤੇ ਹੀ ਹਾਵੀ ਹੋ ਜਾਣ ਦੇ ਏ ਆਈ ਦੇ ਖਤਰੇ ਨੂੰ ਨਿਕਾਰਿਆ ਨਹੀਂ ਜਾ ਸਕਦਾ। ਜਿਓਫਰੀ ਹਿੰਟਨ ਨੇ 'ਨਿਊਯਾਰਕ ਟਾਈਮਜ਼' ਨੂੰ ਦਿੱਤੀ ਇੱਕ ਇੰਟਰਵਿਊ ਵਿੱਚ ਮੰਨਿਆ ਕਿ ਉਸ ਨੂੰ ਆਪਣੇ ਕੀਤੇ 'ਤੇ ਪਛਤਾਵਾ ਹੋ ਰਿਹਾ ਹੈ। ਉਹਨਾ ਕਿਹਾ, 'ਏ ਆਈ 1000 ਬੰਦੇ ਤੋਂ ਵੱਧ ਜਾਣਦਾ ਹੈ ਅਤੇ ਇਹਦੀ ਇਹ ਜਾਣਕਾਰੀ ਹਰ ਪਲ ਵਧਦੀ ਹੀ ਜਾਵੇਗੀ।' ਇਹ ਸੱਚ ਹੈ ਕਿ ਏ ਆਈ ਨਾਲ ਬਹੁਤ ਸਾਰੇ ਖਤਰੇ ਜੁੜੇ ਹੋਏ ਹਨ ਅਤੇ ਇਹਨਾਂ ਖਤਰਿਆਂ ਨੂੰ ਦੁਨੀਆ ਭਰ ਦੇ ਸੋਚਵਾਨ ਮਨੁੱਖ ਭਾਂਪ ਰਹੇ ਹਨ। ਇਹ ਵੀ ਹੋ ਸਕਦਾ ਹੈ ਭਵਿੱਖ ਵਿੱਚ ਏ ਆਈ ਰਾਹੀਂ ਗਲਤ ਸੂਚਨਾਵਾਂ ਦਾ ਹੜ੍ਹ ਆ ਜਾਵੇ ਅਤੇ ਸਾਨੂੰ ਇਹ ਸਮਝਣ ਵਿੱਚ ਬੜੀ ਵੱਡੀ ਦਿੱਕਤ ਹੋਵੇਗੀ ਸੱਚ ਕੀ ਹੈ ਅਤੇ ਝੂਠ ਕੀ ਹੈ? ਇਹ ਵੀ ਸੰਭਵ ਹੈ ਕਿ ਏ ਆਈ ਦਾ ਕੰਟਰੋਲ ? ਗਲਤ ਹੱਥਾਂ ਵਿੱਚ ਚਲਾ ਜਾਵੇ ਤੇ ਇਹ ਇੱਕ ਦਿਨ ਮਨੁੱਖਾਂ 'ਤੇ ਭਾਰੂ ਹੋ ਕੇ ਮਨੁੱਖੀ ਸੱਭਿਅਤਾ ਲਈ ਹੀ ਖਤਰਾ ਬਣ ਜਾਵੇ। ਦੁਨੀਆਂ ਦੇ ਵੱਡੇ ਕਾਰੋਬਾਰੀ ਈਲੋਨ ਮਸਕ ਦਾ ਕਹਿਣਾ ਹੈ ਕਿ "ਇਸ ਸਮੇਂ ਮਨੁੱਖੀ ਸੱਭਿਅਤਾ ਨੂੰ ਸਭ ਤੋਂ ਵੱਧ ਖਤਰਾ 'ਏ ਆਈ ਤੋਂ ਹੈ।" ਰੂਸ ਦੇ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਦਾ ਮੰਨਣਾ ਹੈ ਕਿ "ਏ ਆਈ ਵਿੱਚ ਸੰਭਾਵਨਾਵਾਂ ਅਤੇ ਖਤਰੇ ਦੋਵੇ ਹਨ।" ਏ ਆਈ ਦੁਨੀਆਂ ਨੂੰ ਕਿਸ ਕਦਰ ਬਦਲ ਦੇਵੇਗੀ ਇਸ ਦਾ ਸਹੀ ਸਹੀ ਅੰਦਾਜ਼ਾ ਕਿਸੇ ਕੋਲ ਹੋਣਾ ਤਾਂ ਦੂਰ, ਇਹਨੂੰ ਈਜ਼ਾਦ ਕਰਨ ਵਾਲਿਆ ਕੋਲ ਵੀ ਨਹੀਂ ਪਰ ਇਹ ਕਿਆਸ ਜ਼ਰੂਰ ਹੈ ਸਾਡੀ ਦੁਨੀਆਂ ਅਜਿਹੇ ਮੋੜ ਤੇ ਖੜੀ ਹੈ ਜਿੱਥੇ ਉਸ ਨੇ ਇੱਕ ਬਿਲਕੁਲ ਵੱਖਰੇ ਦੌਰ ਵਿੱਚ ਪ੍ਰਵੇਸ਼ ਕਰ ਜਾਣਾ ਹੈ।

ਸਾਡੀ ਸਿੱਖਿਆ ਪ੍ਰਣਾਲੀ ਇਸ ਸਮੇਂ ਵੀ ਸਮੇਂ ਦੇ ਹਾਣ ਦੀ ਨਹੀਂ ਹੈ ਇਸ ਵਿੱਚ ਬਹੁਤ ਸਾਰੀਆਂ ਤਰੁੱਟੀਆਂ ਹਨ। ਭਵਿੱਖ ਵਿੱਚ ਸਿੱਖਿਆ ਜਗਤ ਵਿੱਚ ਵੱਡੀਆਂ ਤਬਦੀਲੀਆਂ ਵਾਪਰਨਗੀਆਂ, ਮਨੁੱਖ ਦੀ ਸਾਲਾਂ ਦੀ ਸਿੱਖਿਆ ਅਰਥਹੀਣ ਹੋ ਕੇ ਰਹਿ ਜਾਵੇਗੀ। ਮਨੁੱਖ ਦੇ ਸਿੱਖਣ, ਸਮਝਣ, ਫੈਸਲੇ ਲੈਣ ਅਤੇ ਵਿਹਾਰ ਕਰਨ ਦੇ ਢੰਗ ਨੂੰ ਨਵੀ ਤਕਨੀਕ ਬਿਲਕੁਲ ਹੀ ਬਦਲ ਦੇਵੇਗੀ। ਅਜਿਹੀ ਸਥਿਤੀ ਹੋਵੇਗੀ ਜੋ ਕੁਝ ਅਸੀਂ ਪੰਜ ਸਾਲ ਲਾ ਕੇ ਸਿੱਖਦੇ ਹਾਂ ਉਹ ਕੰਮ ਏ ਆਈ ਮਸ਼ੀਨਾਂ ਮਿੰਟਾਂ ਸਕਿੰਟਾਂ ਵਿੱਚ ਕਰਨ ਦੇ ਸਮਰੱਥ ਹੋਣਗੀਆਂ। ਫਿਲਹਾਲ ਬੋਤਲ ਚੋਂ ਨਿਕਲੇ ਗਏ 'ਏ ਆਈ ਦੇ ਜਿੰਨ ਨੂੰ ਹੁਣ ਮੁੜ ਬੋਤਲ ਵਿੱਚ ਪਾਇਆ ਜਾਣਾ ਅਸੰਭਵ ਹੈ ਪਰ ਅਜੇ ਸ਼ਾਇਦ ਵੇਲਾ ਹੈ ਕਿ ਇਸ ਦੀਆਂ ਹੱਦਾਂ ਨਿਰਧਾਰਤ ਕੀਤੀਆਂ ਜਾਣ। ਦੁਨੀਆਂ ਭਰ ਦੀਆਂ ਸਰਕਾਰਾਂ ਨੂੰ ਮਨੁੱਖੀ ਸੱਭਿਅਤਾ ਦੇ ਭਲੇ ਨੂੰ ਧਿਆਨ ਵਿੱਚ ਰੱਖਦਿਆ ਅਜਿਹਾ ਕਰਨਾ ਸਮੇਂ ਦੀ ਮੰਗ ਹੈ।

**# ਸੰਪਰਕ : 98550-51099**

# ਧਾਰਮਿਕ ਸੰਸਥਾਵਾਂ ਦੇਸ਼ ਦੀਆਂ ਵੱਡੀਆਂ ਸਮੱਸਿਆਵਾਂ ਹੱਲ ਨਹੀਂ ਕਰ ਸਕਦੀਆਂ

ਪਰਮਜੀਤ ਸਿੰਘ ਨਿੱਕੇ ਘੁੰਮਣ

ਭਾਰਤ ਇਕ ਬਹੁਧਰਮੀ ਦੇਸ਼ ਹੈ ਤੇ ਇਹ ਇਸ ਦੀ ਕੌਮਾਂਤਰੀ ਵਿਸ਼ੇਸ਼ਤਾ ਵੀ ਹੈ। ਇੱਥੇ ਅਨੇਕਾਂ ਹੀ ਮਜ਼ਹਬਾਂ ਪੰਥਾਂ ਅਤੇ ਮਤਾਂ -ਮਤਾਂਤਰਾਂ ਦੇ ਲੋਕ ਵੱਸਦੇ ਹਨ ਤੇ ਆਪੋ-ਆਪਣੀ ਆਸਥਾ ਅਨੁਸਾਰ ਆਪੋ-ਆਪਣੇ ਇਸ਼ਟਾਂ ਨੂੰ ਪੂਜਦੇ ਹਨ। ਸਾਰੇ ਭਗਤ ਜਾਂ ਸ਼ਰਧਾਲੂ ਆਪੋ-ਆਪਣੀ ਸਮਰੱਥਾ ਅਨੁਸਾਰ ਇਕ ਰੁਪਏ ਤੋਂ ਲੈ ਕੇ ਇਕ ਅਰਬ ਰੁਪਏ ਤੱਕ ਅਤੇ ਇਕ ਗ੍ਰਾਮ ਚਾਂਦੀ ਤੋਂ ਲੈ ਕੇ ਇਕ ਕੁਇੰਟਲ ਸੋਨੇ ਤੱਕ ਜਾਂ ਬੇਸ਼ਕੀਮਤੀ ਹੀਰੇ-ਜਵਾਹਰਾਤ ਆਦਿ ਨੂੰ ਆਪਣੇ ਧਰਮ ਮੰਦਰ 'ਚ ਜਾ ਕੇ ਆਪਣੇ ਇਸ਼ਟ ਦੇ ਚਰਨਾਂ 'ਚ ਭੇਟ ਕਰਦੇ ਹਨ । ਭਾਰਤ 'ਚ ਤਿਰੂਪਤੀ ਵਿਚਲਾ ਬਾਲਾ ਜੀ ਮੰਦਰ, ਸ਼ਿਰਡੀ ਦਾ ਸਾਈਂ ਬਾਬਾ ਮੰਦਰ ਦਿੱਲੀ ਦਾ ਇਸਕੌਨ ਮੰਦਰ, ਅਜਮੇਰ ਦੀ ਹਜ਼ਰਤ ਨਿਜ਼ਾਮੂਦੀਨ ਦੀ ਦਰਗਾਹ ਤੇ ਅੰਮ੍ਰਿਤਸਰ ਦਾ ਗੋਲਡਨ ਟੈਂਪਲ ਭਾਵ ਸ੍ਰੀ ਹਰਿਮੰਦਰ ਸਾਹਿਬ ਆਦਿ ਜਿਹੇ ਅਨੇਕਾਂ ਹੀ ਧਰਮ ਅਸਥਾਨ ਸਭ ਤੋਂ ਵੱਧ ਚੜ੍ਹਾਵਾ ਹਾਸਲ ਕਰਨ ਦੀ ਸੂਚੀ 'ਚ ਆਉਂਦੇ ਹਨ। ਤਿਰੂਪਤੀ ਬਾਲਾ ਜੀ ਮੰਦਰ ਤੇ ਸ਼ਿਰਡੀ ਦੇ ਸਾਈਂ ਮੰਦਰ ਵਿਚ ਸੋਨਾ, ਚਾਂਦੀ ਤੇ ਹੀਰਿਆਂ ਦੇ ਕੁਇੰਟਲਾਂ ਦੇ ਰੂਪ ਵਿਚ ਭੰਡਾਰ ਪਏ ਹਨ ਅਤੇ ਨਕਦੀ ਤਾਂ ਧਰਮ ਮੰਦਰਾਂ 'ਚ ਬੇਸ਼ੁਮਾਰ ਤੇ ਬੇਹਿਸਾਬ ਆਉਂਦੀ ਹੈ।

ਹੁਣ ਸਵਾਲ ਪੈਦਾ ਹੁੰਦਾ ਹੈ ਕੀ ਭਾਰਤ 'ਚ ਐਨਾ ਧਨ, ਸੋਨਾ, ਚਾਂਦੀ, ਹੀਰੇ ਜ਼ਵਾਹਰਾਤ ਹੋਣ ਦੇ ਬਾਵਜੂਦ ਇੱਥੇ ਗਰੀਬੀ, ਭੁੱਖਮਰੀ ਤੇ ਬੇਰੁਜ਼ਗਾਰੀ ਕਿਉਂ ਹੈ ? ਇਥੇ ਹਜ਼ਾਰਾਂ ਦੀ ਸੰਖਿਆ ਵਿਚ ਕਿਸਾਨ ਅਤੇ ਮਜ਼ਦੂਰ ਗਰੀਬੀ ਹੱਥੋਂ ਤੰਗ ਆ ਕੇ ਖੁਦਕੁਸ਼ੀਆਂ ਕਰ ਰਹੇ ਹਨ। ਮਹਾਂਰਾਸ਼ਟਰ ਸਣੇ ਕਈ ਰਾਜ ਸੋਕੇ ਕਾਰਨ ਬਦਤਰ ਹਾਲਤ ਵਿਚ ਹਨ ਤੇ ਉੱਥੋਂ ਦੇ ਵਸਨੀਕ ਬੂੰਦ-ਬੂੰਦ ਪਾਣੀ ਲਈ ਤਰਸਦੇ, ਲੜਦੇ ਤੇ ਭਿੜਦੇ ਹੋਏ ਖ਼ੂਨ ਤੱਕ ਵਹਾ ਰਹੇ ਹਨ। ਅੰਤਾਂ ਦੀ ਬੇਰੁਜ਼ਗਾਰੀ ਕਾਰਨ ਨੌਜਵਾਨ ਹਤਾਸ਼ ਤੇ ਨਿਰਾਸ਼ ਹਨ। ਕੁਝ ਮੌਤ ਨੂੰ ਗਲੇ ਲਗਾ ਰਹੇ ਹਨ ਤੇ ਕੁਝ ਨਸ਼ਿਆਂ ਦੇ ਲੜ ਲੱਗ ਰਹੇ ਹਨ। ਨਿਰਾਸ਼ਾ ਕਾਰਨ ਅਪਰਾਧਾਂ ਦੀ ਸੰਖਿਆ ਅਤੇ ਅਪਰਾਧਾਂ ਵਿਚਲੀ ਦਰਿੰਦਗੀ ਦਿਨੋ-ਦਿਨ ਵਧ ਰਹੀ ਹੈ।

ਕੀ ਧਰਮ ਮੰਦਰਾਂ 'ਚ ਜਮ੍ਹਾਂ ਪਏ ਸੋਨੇ, ਚਾਂਦੀ ਤੇ ਹੀਰਿਆਂ ਦੇ ਭੰਡਾਰਾਂ ਨਾਲ ਕਿਸਾਨਾਂ , ਮਜ਼ਦੂਰਾਂ ਤੇ ਲਾਚਾਰਾਂ ਦੀ ਗਰੀਬੀ ਦੂਰ ਨਹੀਂ ਕੀਤੀ ਜਾ ਸਕਦੀ? ਕੀ ਉਨ੍ਹਾਂ ਖ਼ਜ਼ਾਨਿਆਂ 'ਚ ਪਈ ਬੇਸ਼ੁਮਾਰ ਦੌਲਤ ਨਾਲ ਲੱਖਾਂ ਬੇਰੁਜ਼ਗਾਰ ਨੌਜਵਾਨਾਂ ਨੂੰ ਰੁਜ਼ਗਾਰ ਪ੍ਰਦਾਨ ਕਰਕੇ ਦੇਸ਼ ਨੂੰ ਤਰੱਕੀ ਅਤੇ ਦੇਸ਼ਵਾਸੀਆਂ ਨੂੰ ਖੁਸ਼ਹਾਲੀ ਦੇ ਰਾਹ ਨਹੀਂ ਤੋਰਿਆ ਜਾ ਸਕਦਾ ਹੈ? ਕੀ ਨਵੀਆਂ ਸੜਕਾਂ, ਨਵੀਆਂ ਰੇਲ ਲਾਈਨਾਂ ਬਣਾ ਕੇ, ਨਵੀਆਂ ਬੱਸਾਂ ਅਤੇ ਨਵੀਆਂ ਰੇਲ ਗੱਡੀਆਂ ਚਲਾ ਕੇ ਨਿੱਤ ਦਿਨ ਬੱਸਾਂ ਤੇ ਰੇਲਾਂ ਵਿਚ ਜਾਨਵਰਾਂ ਵਾਂਗ ਤੂੜੇ ਹੋਏ ਮਨੁੱਖਾਂ ਨੂੰ ਰਾਹਤ ਪ੍ਰਦਾਨ ਨਹੀਂ ਕੀਤੀ ਜਾ ਸਕਦੀ? ਕੀ ਅਜਿਹੇ ਧਨ ਨਾਲ ਗਰੀਬੀ ਕਾਰਨ ਪੜ੍ਹਾਈ ਵਿਚਾਲੇ ਛੱਡ ਕੇ ਹੋਟਲਾਂ, ਢਾਬਿਆਂ ਅਤੇ ਦੁਕਾਨਾਂ 'ਤੇ ਭਾਂਡੇ ਮਾਂਜਦੇ ਬੱਚਿਆਂ ਨੂੰ ਪੜ੍ਹਨ-ਲਿਖਣ ਹਿਤ ਸਕੂਲ ਭੇਜ ਕੇ,ਉਨ੍ਹਾ ਨੂੰ ਚੰਗੇ ਨਾਗਰਿਕ ਬਣਾ ਕੇ, ਵਧੀਆ ਸਮਾਜ ਨਹੀਂ ਸਿਰਜਿਆ ਜਾ ਸਕਦਾ?

ਹੁਣ ਜੇਕਰ ਅਜਿਹਾ ਕਰਨਾ ਸੰਭਵ ਹੈ ਤਾਂ ਸਾਡੇ ਧਰਮ ਮੰਦਰਾਂ ਦੇ ਮੁਖੀ ਜਾਂ ਪ੍ਰਬੰਧਕ, ਸਾਡੇ ਸਮਾਜ ਸੇਵਕ, ਸਾਡੀਆਂ ਨਿਆਂਇਕ ਸੰਸਥਾਵਾਂ ਦੇ ਮੁਖੀ ਇਸ ਸੰਬੰਧੀ ਕੋਈ 'ਵੱਡਾ ਫੈਸਲਾ ਲੈ ਕੇ ਦੇਸ਼ ਦੀ ਤਸਵੀਰ ਅਤੇ ਤਕਦੀਰ ਚੰਦ ਦਿਨਾਂ 'ਚ ਕਿਉਂ ਨਹੀਂ ਬਦਲ ਦਿੰਦੇ ਹਨ ? ਸਾਨੂੰ ਇਹ ਸਮਝ ਲੈਣ ਦੀ ਅੱਜ ਭਾਰੀ ਲੋੜ ਹੈ ਕਿ ਧਰਮ ਮੰਦਰਾਂ 'ਚ ਸੰਗਮਰਮਰ ਜਾਂ ਸੋਨਾ ਲਗਾਉਣ ਦੀ ਥਾਂ ਨਿਛੱਤਿਆਂ ਨੂੰ ਛੱਤ ਭੁੱਖਿਆਂ ਨੂੰ ਰੋਟੀ ਅਤੇ ਬੇਕਾਰਾਂ ਨੂੰ ਰੁਜ਼ਗਾਰ ਦੇਣ ਲਈ ਜੇਕਰ ਹੰਭਲਾ ਮਾਰਿਆ ਜਾਵੇਗਾ ਤਾਂ ਸਾਡਾ ਰੱਬ ਸੱਚਮੁੱਚ ਹੀ ਜ਼ਿਆਦਾ ਖੁਸ਼ ਹੋਵੇਗਾ।

**# ਸੰਪਰਕ : 97816-46008**

# .ਗਰੀਬ ਕਿਸਾਨ ਦੇ ਮਸਲੇ ਤੇ ਸਰਕਾਰ ਦੇ ਪੁੱਟੇ ਟੋਏ



ਗੌਰਵ ਧੀਮਾਨ

ਸਾਨੂੰ ਆਜ਼ਾਦੀ ਕਿਸ ਕੌਮ ਨੇ ਦਿੱਤੀ...ਇਸ ਬਾਰੇ ਸਭ ਜਾਣਦੇ ਹਨ, ਪਰ ਕੀ ਅਸੀਂ ਇਹ ਨਹੀਂ ਜਾਣਦੇ ਕਿ ਸਾਨੂੰ ਭੁੱਖ ਤੋਂ ਤੰਗ ਨਾ ਹੋਣ ਵਾਲਾ ਅੰਨ ਇੱਕ ਗ਼ਰੀਬ ਕਿਸਾਨ ਦੇ ਖੇਤਾਂ ਵਿੱਚੋਂ ਹੀ ਆਉਂਦਾ ਹੈ। ਜੇ ਅਸੀਂ ਇਸ ਬਾਰੇ ਜਾਣੂ ਹਾਂ ਤਾਂ ਫਿਰ ਸਰਕਾਰ ਕੀ ਤਮਾਸ਼ਾ ਕਰਕੇ ਵਖਾਉਣਾ ਚਾਹੁੰਦੀ ਹੈ। ਸਰਕਾਰਾਂ ਦੇ ਬਣਾਏ ਗਏ ਨਿਯਮ ਹਰ ਕੋਈ ਮਨੁੱਖ ਮੰਨਦਾ ਹੈ। ਸਰਕਾਰ ਵਿਰੁੱਧ ਨਾਅਰੇਬਾਜ਼ੀ ਉਦੋਂ ਹੀ ਕੀਤੀ ਜਾਂਦੀ ਹੈ, ਜਦੋਂ ਕਿਸੇ ਪਾਸੇ ਭਰੂਣ ਹੁੰਦਾ ਹੋਵੇ, ਭ੍ਰਿਸ਼ਟਾਖੋਰੀ ਵਧੇਰੇ ਹੁੰਦੀ ਹੋਵੇ, ਧੀਆਂ ਦਾ ਸ਼ਿਕਾਰ ਹੁੰਦਾ ਹੋਵੇ ਜਾਂ ਫਿਰ ਗ਼ਰੀਬ ਕਿਸਾਨਾਂ ਦੀਆਂ ਫਸਲਾਂ ਦਾ ਮੁੱਲ ਹੋਰ ਘਟਾ-ਵਧਾ ਦਿੱਤਾ ਜਾਵੇ ਆਦਿ। ਇਹ ਸਭ ਗੱਲਾਂ ਧਿਆਨ ਵਿੱਚ ਲਿਆਉਂਦੇ ਹੋਏ ਸਾਫ਼ ਸਪੱਸ਼ਟ ਹੁੰਦਾ ਹੈ ਕਿ ਸਰਕਾਰ ਲਾਪ੍ਰਵਾਹ ਬਹੁਤ ਹੈ, ਜਿੱਥੇ ਅੰਨ੍ਹੇ - ਵਾਹ ਸਰਕਾਰ ਫ਼ਾਲਤੂ ਇਰਦ-ਗਿਰਦ ਦਾ ਜਾਇਜ਼ਾ ਲੈ ਕੇ ਯਕੀਨ ਦਿਲਾਉਂਦੀ ਹੈ ਕਿ 'ਸਰਕਾਰ ਆਪ ਕੀ ਸੇਵਾ ਮੇ ਸਦਾ ਹੀ ਹਾਜ਼ਰ ਹੈ ।

ਸਰਕਾਰ ਦੇ ਬੋਲ ਸੁਣੋਂਗੇ ਤਾਂ ਇੰਝ ਲੱਗੇਗਾ ਕਿ ਜਿਵੇਂ ਸੱਚ-ਮੁੱਚ ਇਹ ਸੇਵਾ ਕਰੇਗੀ ਤੇ ਸੱਚਾ ਇਨਸਾਨ ਹੋਣ ਦਾ ਫ਼ਰਜ਼ ਅਦਾ ਕਰੇਗੀ, ਲੇਕਿਨ ਇਹ ਸਭ ਸੁਣ ਕੇ ਹੀ ਵਧੀਆ ਲੱਗਦਾ ਹੈ। ਸੱਚ-ਮੁੱਚ ਤਾਂ ਕੁਝ ਵੀ ਨਹੀਂ ਹੁੰਦਾ । ਸਰਕਾਰ ਦੇ ਫ਼ੈਸਲੇ ਜੋ ਵੀ ਇਹਨਾਂ ਦਿਨਾਂ ਵਿੱਚ ਦੇਖਣ ਨੂੰ ਮਿਲ ਰਹੇ ਹਨ, ਉਹ ਸਭ ਗ਼ਲਤ ਦਿਖਾਈ ਦੇ ਰਹੇ ਹਨ । ਕਿਸਾਨਾਂ ਦੇ ਮੁੱਦੇ ਦੀ ਗੱਲ ਕਰੀਏ ਤਾਂ ਕਿਸਾਨਾਂ ਦਾ ਕਹਿਣਾ ਹੈ ਕਿ ਉਹਨਾਂ ਨੂੰ ਫ਼ਸਲਾਂ 'ਤੇ M.S.P ਸਹੀ ਨਹੀਂ ਦਿੱਤੀ ਜਾ ਰਹੀ, ਮਤਲਬ ਕਿ ਸਹੀ ਮੁੱਲ ਫ਼ਸਲਾਂ 'ਤੇ ਨਹੀਂ ਦਿੱਤਾ ਜਾ ਰਿਹਾ, ਜਿਸ ਨਾਲ ਕਿਸਾਨਾਂ ਦੀ ਮਿਹਨਤ 'ਤੇ ਪਾਣੀ ਫਿਰ ਰਿਹਾ ਹੈ ਤੇ ਉਹਨਾਂ ਦਾ ਵਧੇਰੇ ਨੁਕਸਾਨ ਵੀ ਹੋ ਰਿਹਾ ਹੈ । ਹਰੇਕ ਫ਼ਸਲਾਂ ਦੀ ਕਾਸ਼ਤ ਨੂੰ ਜੇਕਰ ਇੰਝ ਹੀ ਮੁੱਲ ਮਿਲਦਾ ਰਿਹਾ ਤਾਂ ਬਜ਼ਾਰ ਵਿੱਚ ਵਿਕ ਰਹੇ ਆਟੇ ਦਾ ਮੁੱਲ ਤੀਹ-ਪੈਂਤੀ, ਪਰ ਕਿੱਲੋ ਦੀ ਜਗ੍ਹਾ ਸੌ ਰੁਪਏ ਪਰ ਕਿੱਲੋ ਹੋਇਆ ਕਰਨਾ।

ਗ਼ਰੀਬ ਘਰਾਂ ਦੇ ਚੁੱਲ੍ਹੇ ਰੋਟੀ ਪੱਕ ਸਕੇ, ਇਸ ਕਾਰਨ ਕਿਸਾਨ ਆਪਣਾ ਹੱਕ ਮੰਗ ਰਹੇ ਹਨ, ਪਰ ਸਰਕਾਰ ਉਲਝਣਾਂ ਵਿੱਚ ਪਾ ਕੇ ਆਪ ਪੈਸਾ ਖਾਣਾ ਚਾਹੁੰਦੀ ਹੈ, ਜਿਸ ਨਾਲ ਹਰ ਘਰ ਦਾ ਨੁਕਸਾਨ ਹੈ। ਇੱਕ ਕਿਸਾਨ ਜੇਕਰ ਆਵਾਜ਼ ਚੁੱਕਦਾ ਹੈ ਤੇ ਬਾਕੀ ਘਰ ਬੈਠੇ ਉਸ ਨੂੰ ਵੇਖੀ ਜਾਂਦੇ ਹਨ ਤੇ ਕਹਿੰਦੇ ਹਨ ਕਿ ਉਹ ਤਾਂ ਪਾਗ਼ਲ ਨੇ, ਜੋ ਇੰਝ ਆਵਾਜ਼ ਚੁੱਕਦੇ ਹਨ ਤਾਂ ਉਹ ਘਰ ਬੈਠਾ ਇਨਸਾਨ ਮੂਰਖ ਹੈ। ਉਸ ਨੂੰ ਇਸ ਬਾਰੇ ਇੱਕਦਮ ਨਹੀਂ ਪਤਾ ਲੱਗਣਾ, ਜਦੋਂ ਬਜ਼ਾਰ ਵਿੱਚ ਆਟੇ ਦਾ ਭਾਅ ਸੌ ਰੁਪਏ ਕਿੱਲੋ ਹੋ ਗਿਆ, ਉਸ ਦਿਨ ਘਰ ਬੈਠੇ ਹੋਏ ਇਨਸਾਨ ਦੀਆਂ ਅੱਖਾਂ ਖੁੱਲ੍ਹ ਜਾਣਗੀਆਂ।

ਨਿਆਣੇ ਹੁੰਦੇ ਤਾਂ ਮੰਨ ਵੀ ਲੈਂਦੇ ਕਿ ਉਹ ਪਾਗ਼ਲ ਹਨ, ਇੱਥੇ ਤਾਂ ਉਹਨਾਂ ਦੀ ਗੱਲ ਹੋ ਰਹੀ ਹੈ, ਜੋ ਸਾਰਾ ਦਿਨ ਖੇਤਾਂ ਵਿੱਚ ਖੇਤੀ ਕਰਦੇ ਹਨ । ਸਾਰਾ-ਸਾਰਾ ਦਿਨ ਧੁੱਪੇ ਸੜਦੇ ਹਨ ਤੇ ਆਪਣੇ ਖੇਤ ਨੂੰ ਹੀ ਆਪਣੀ ਅੰਨ ਮਾਂ ਸਮਝਦੇ ਹਨ । ਕਿਸਾਨ ਦਾ ਰਿਸ਼ਤਾ ਉਸ ਫ਼ਸਲ ਨਾਲ ਹੁੰਦਾ ਹੈ, ਜਿਸ ਨਾਲ ਉਸ ਨੂੰ ਪਿਆਰ ਵੀ ਹੈ ਤੇ ਇੱਜ਼ਤ ਵੀ...ਕਿਸਾਨ ਕਦੇ ਵੀ ਫ਼ਸਲਾਂ ਵਿੱਚ ਜ਼ਹਿਰ ਨਹੀਂ ਘੋਲੇਗਾ, ਪਰ ਸਰਕਾਰ ਕੀ ਚਾਹੁੰਦੀ ਹੈ, ਇਹ ਸਾਫ਼ ਨਜ਼ਰ ਆਉਂਦਾ ਹੈ । ਕਿਸਾਨਾਂ ਦੇ ਹੱਕ ਦੀ ਆਵਾਜ਼ ਉਸ ਹੱਦ ਬਿਲਕੁੱਲ ਵੀ ਗਲਤ ਨਹੀਂ ਹੈ, ਜਿੱਥੇ ਉਹਨਾਂ ਨਾਲ ਧੱਕਾ ਹੋ ਰਿਹਾ ਹੈ। ਹਰ ਥਾਂ ਤੋਂ ਕਿਸਾਨ ਆਪਣੀ ਖੇਤੀ ਕਰਦਾ ਹੈ ਤੇ ਉਹ ਦੂਜੇ ਕਿਸਾਨ ਦਾ ਮੁੱਲ ਸਮਝਦਾ ਹੈ।



ਇਕਜੁੱਟ ਤਾਕਤ ਹੀ ਕਿਸਾਨਾਂ ਦੇ ਹੱਕ ਦੀ ਆਵਾਜ਼ ਹੈ । ਜੋ ਨੇਤਾ ਬਣ ਕੇ ਉੱਚ ਦਰਜੇ ਦਾ ਤਾਪ ਤੇ ਚੜ੍ਹਤ ਰੱਖਦੇ ਹਨ, ਉਹਨਾਂ ਨੂੰ ਪੁਰਾਣੇ ਦਿਨ ਨਹੀਂ ਭੁੱਲਣੇ ਚਾਹੀਦੇ, ਜਿਹਨਾਂ ਵਿੱਚ ਉਹਨਾਂ ਦੀਆਂ ਮਾਵਾਂ ਨੇ ਕਦੇ ਦੂਜੇ ਘਰ ਕੰਮ ਕਰਕੇ ਦੋ ਸਮੇਂ ਦਾ ਨਿਵਾਲਾ ਮੂੰਹ ਵਿੱਚ ਪਾਇਆ ਹੈ। ਜੋ ਨਿਵਾਲਾ ਮੂੰਹ ਵਿੱਚ ਗਿਆ ਸੀ, ਉਹ ਕਿਸਾਨਾਂ ਵੱਲੋਂ ਉਗਾਈ ਗਈ ਖੇਤੀ ਦੀ ਮਿਹਨਤ ਦਾ ਨਤੀਜਾ ਸੀ। ਅੱਜ ਅਸੀਂ ਭੁੱਖੇ ਨਹੀਂ ਮਰਦੇ, ਕਿਉਂਕਿ ਅੰਨ ਉਗਾਉਣ ਵਾਲਾ ਇੱਕ ਕਿਸਾਨ ਹੀ ਹੈ। ਸਰਕਾਰਾਂ ਦੇ ਨਜ਼ਰੀਏ ਸਾਫ਼-ਸਾਫ਼ ਬਿਆਨ ਹੋ ਰਹੇ ਹਨ ਕਿ ਉਹ ਪੰਜਾਬ ਦੇ ਲੋਕਾਂ ਤੋਂ ਨਿਰਾਸ਼ ਹਨ, ਕਿਉਂਕਿ ਪੰਜਾਬ ਆਪਣੇ-ਆਪ ਨੂੰ ਹਿੰਦੁਸਤਾਨੀ ਨਹੀਂ ਆਖਦਾ ਹੈ, ਉਹ ਸਿੱਖ ਕੌਮ ਅਖਵਾਉਂਦਾ ਹੈ ।

ਸਰਕਾਰਾਂ ਦੀ ਤਾਨਾਸ਼ਾਹੀ ਜੇਕਰ ਇੰਝ ਹੀ ਚੱਲਦੀ ਹੈ ਤਾਂ ਫਿਰ ਇਸ ਜੱਗ 'ਤੇ ਸਰਕਾਰ ਹੀ ਇੱਕ ਹਕੂਮਤ ਬਣ ਕੇ ਰਹੇਗੀ, ਜੋ ਸਿਰਫ਼ ਗ਼ੁਲਾਮ ਰੱਖਣਾ ਚਾਹੁੰਦੀ ਹੈ। ਇਨਸਾਨ ਨੂੰ ਇਨਸਾਨ ਨਹੀਂ ਦੇਖਣਾ ਚਾਹੁੰਦੀ। ਪੁਰਾਣੇ ਸਮੇਂ ਅੰਗਰੇਜ਼ੀ ਸਾਮਰਾਜ ਨੇ ਵੀ ਇਹ ਸਕੀਮ ਅਪਣਾਈ ਸੀ ਕਿ ਤਾਨਾਸ਼ਾਹੀ ਬਣ ਕੇ ਹਰ ਇੱਕ ਨੂੰ ਗ਼ੁਲਾਮ ਬਣਾਇਆ ਜਾਵੇ, ਪਰ ਉਹ ਗ਼ਲਤ ਸੀ, ਉਹਨਾਂ ਨੇ ਭਾਰਤ ਵਿੱਚ ਗ਼ਲਤ ਥਾਂ ਉੱਤੇ ਪੈਰ ਰੱਖ ਲਿਆ ਸੀ, ਜਿਸਦਾ ਨਾਂਅ ਪੰਜਾਬ ਵਜੋਂ ਜਾਣਿਆ ਜਾਂਦਾ ਹੈ। ਪੰਜਾਬ ਦੇ ਅਜਿਹੇ ਸੂਰਬੀਰ ਪੈਦਾ ਹੋਏ ਸੀ, ਜਿਹਨਾਂ ਨੇ ਕੁਰਬਾਨੀਆਂ ਦਿੱਤੀਆਂ ਤੇ ਗ਼ੁਲਾਮ ਹੋਣ ਤੋਂ ਬਚਾਇਆ।

ਇਹ ਕਿਹੜੀ ਸਰਕਾਰ ਹੈ, ਜੋ ਸਿਰਫ਼ ਨਾਂਅ ਲਈ ਮੰਦਰ, ਮਸਜਿਦ, ਗੁਰਦੁਆਰਾ ਸਾਹਿਬ ਜਾ ਵੜਦੀ ਹੈ ਤੇ ਆਪਣੇ-ਆਪ ਨੂੰ ਦੇਸ਼ ਭਗਤ ਕਹਾਉਂਦੀ ਹੈ। ਸਰਕਾਰਾਂ ਦੇ ਨਜ਼ਰੀਏ ਗ਼ੁਲਾਮੀ ਦਾ ਚਿੰਨ੍ਹ ਦਰਸਾਉਂਦੇ ਹਨ, ਜਿਸ ਨਾਲ ਹਰ ਇੱਕ ਇਨਸਾਨ ਲਈ ਖਤਰਾ ਹੈ। ਇੱਕੋ ਥਾਲੀ ਵਿੱਚ ਖਾਣ ਵਾਲੀ ਸਰਕਾਰ ਅੱਜ ਇਹ ਫ਼ੈਸਲਾ ਕਰਕੇ ਕਹਿੰਦੀ ਹੈ, 'ਹਮ ਸਦਾ ਹੀ ਆਪ ਕੀ ਸਹਾਇਤਾ ਮੇਂ ਖੜ੍ਹੇ ਹੈ ।' ਜੋ ਨੇਤਾ ਭਾਸ਼ਣ ਦਿੰਦੇ ਹਨ ਤੇ ਆਪਣੇ ਵਿਚਾਰ ਦੀ ਥਾਂ ਉਹ ਸ਼ਬਦ ਦੁਹਰਾਉਂਦੇ ਹਨ ਜੋ ਉਹਨਾਂ ਦੇ ਮੈਂਬਰਾਂ ਵੱਲੋਂ ਪਹਿਲੋਂ ਤਿਆਰ ਕਰਕੇ ਰੱਖੇ ਗਏ ਹਨ। ਇਹ ਸਭ ਦਿਖਾਵਾ ਕਿਉਂ...ਕਿਉਂ ਹਰ ਥਾਂ ਪੋਸਟਰ ਲਗਾ ਕੇ ਇਹ ਕਿਹਾ ਜਾਂਦਾ ਹੈ, 'ਅਬ ਯੇ ਸਾਥ ਤੁਮਾਰਾ ਹੈ ਔਰ ਤੁਮਾਰਾ ਨੇਤਾ ਕੰਮ ਕਰ ਦਿਖਾਨੇ ਵਾਲਾ ਹੈ।' ਸਰਕਾਰ ਵੱਲੋਂ ਬਿਆਨ ਸਭ ਝੂਠੇ ਹਨ।

ਕਿਸਾਨਾਂ ਦੇ ਹੱਕ ਦੀ ਗੱਲ ਕਰੀਏ ਤਾਂ ਪਿਛਲੇ ਗਿਆਰਾਂ ਦਿਨਾਂ ਵਿੱਚ ਉਹਨਾਂ 'ਤੇ ਸਿਰਫ਼ ਤੇ ਸਿਰਫ਼ ਅੱਤਿਆਚਾਰ ਹੋਇਆ ਹੈ । ਦਿਨੋਂ-ਦਿਨ ਵਧ ਰਹੇ ਹਾਲਾਤ ਵਿੱਚ ਵਧੇਰੇ ਲੋਕ ਜ਼ਖਮੀ ਹੋ ਚੁੱਕੇ ਹਨ, ਜਿੱਥੇ ਕਈ ਡਾਕਟਰ ਵੀ ਥੱਕ ਚੁੱਕੇ ਹਨ ।ਅਜਿਹੀਆਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਹੈ ਰਿਹਾ ਹੈ, ਜੋ ਕਿਸਾਨਾਂ ਨੇ ਕਦੇ ਸੋਚਿਆ ਵੀ ਨਹੀਂ ਹੈ। ਕਿਸਾਨ ਬਹੁਤੇ ਪੜ੍ਹੇ-ਲਿਖੇ ਵੀ ਨਹੀਂ ਹਨ, ਜਿਹਨਾਂ ਨੂੰ ਪਤਾ ਹੈ ਕਿ ਮਹਾਰਾਜੇ ਕਦੇ ਵੀ ਆਪਣੇ ਰਾਜ ਦਾਖਲ ਹੋਣ ਨਹੀਂ ਦਿੰਦੇ। ਜਿਸ ਢੰਗ ਨਾਲ ਇਹਨਾਂ ਫੌਜ ਨੂੰ ਖੜ੍ਹਾਇਆ ਗਿਆ ਹੈ , ਇਸਤੋਂ ਸਾਫ਼ ਨਜ਼ਰ ਆਉਂਦਾ ਹੈ ਕਿ ਇੱਕ ਸਾਮਰਾਜ ਦਾ ਮਹਾਰਾਜਾ ਵੀ ਹੈ ਜੋ ਹੱਕਾਂ ਦੀ ਆਵਾਜ਼ ਨੂੰ ਦਬਾਏ ਰੱਖਣ ਦਾ ਬਲ ਰੱਖਦਾ ਹੈ।

ਸਰਕਾਰਾਂ ਦੇ ਬਣਾਏ ਗਏ ਨਿਯਮ ਅੱਜ ਨਿਯਮ ਤਹਿਤ ਨਜ਼ਰ ਨਹੀਂ ਆ ਰਹੇ। ਇੱਕ ਫੌਜ ਵਿੱਚ ਸਰਕਾਰੀ ਸੈਨਿਕ ਬਿਨਾਂ ਵਰਦੀ ਤੋਂ ਨਜ਼ਰ ਆਉਂਦਾ ਹੈ ਤੇ ਆਖਦਾ ਹੈ ਕਿ ਸਰਕਾਰ ਦੇ ਫ਼ੈਸਲੇ ਹਨ ਕਿ ਦਿੱਲੀ ਆਉਣ ਨਹੀਂ ਦੇਣਾ । ਜਦੋਂ ਇੱਕ ਮੀਡੀਆ ਵੱਲੋਂ ਸਵਾਲ ਪੁੱਛਿਆ ਜਾਂਦਾ ਹੈ ਕਿ ਤੁਹਾਡੀ ਵਰਦੀ ਕਿੱਥੇ ਹੈ ਤਾਂ ਉਸ ਦਾ ਜਵਾਬ ਹੁੰਦਾ ਹੈ ਕਿ ਵਰਦੀ ਦੀ ਕੀ ਲੋੜ...ਉੱਤੋਂ ਸਰਕਾਰੀ ਕਵਚ ਪਾਇਆ ਤਾਂ ਹੈ । ਹੁਣ ਸਰਕਾਰੀ ਨਿਯਮ ਕਿੱਥੇ ਗਏ ਤੇ ਕਿਉਂ ਸਰਕਾਰ ਆਪਣਾ ਧਿਆਨ ਇਹਨਾਂ ਵੱਲ ਨਹੀਂ ਦੇ ਰਹੀ । ਇੱਥੋਂ ਪਤਾ ਲੱਗਦਾ ਹੈ ਕਿ ਸਰਕਾਰ ਮਾਸਟਰ ਬਲਾਸਟਰ ਬਣ ਕੇ ਬੈਠੀ ਹੈ, ਜਿਸਨੂੰ ਗ਼ਰੀਬਾਂ 'ਤੇ ਕੋਈ ਰਹਿਮ ਨਹੀਂ ਆਉਂਦਾ ਹੈ। ਸਰਕਾਰ ਵਿਰੁੱਧ ਨਾਅਰੇਬਾਜ਼ੀ ਸਿਰਫ਼ ਹੱਕ ਤੇ ਸੱਚ ਲਈ ਕੀਤੀ ਜਾਂਦੀ ਹੈ, ਪਰ ਸਰਕਾਰ ਵੱਲੋਂ ਕੁਝ ਅਹਿਮ ਆਵਾਜ਼ਾਂ ਨੂੰ ਦਬਾਅ ਦਿੱਤਾ ਜਾਂਦਾ ਹੈ ।

ਸੀਨੀਅਰ ਅਧਿਕਾਰੀ ਸਰਕਾਰਾਂ ਦੇ ਹੁਕਮ ਦਾ ਇੰਤਜ਼ਾਰ ਕਰਦੇ ਹਨ, ਜਿਹਨਾਂ ਕਰਕੇ ਉਹ ਹਰ ਤਾਕਤ ਵਰਤਦੇ ਹਨ, ਜਿਹਨਾਂ ਨਾਲ ਹੱਕ-ਸੱਚ ਨੂੰ ਖ਼ਤਮ ਕੀਤਾ ਜਾ ਸਕੇ । ਇਸ ਤਰ੍ਹਾਂ ਕਰਨ ਨਾਲ ਕੀ ਸਾਬਿਤ ਹੋ ਜਾਵੇਗਾ...ਕਿਸਾਨ ਆਪਣੀ ਫ਼ਸਲ ਲਈ ਕੁਰਬਾਨ ਤੇ ਹੋ ਸਕਦਾ ਹੈ, ਪਰ ਆਪਣੇ 'ਤੇ ਧੱਕਾ ਕਦੇ ਵੀ ਬਰਦਾਸ਼ਤ ਨਹੀਂ ਕਰੇਗਾ। ਪੜ੍ਹੀ-ਲਿਖੀ ਵਿਹਲੀ ਜਨਤਾ ਸਿਰਫ਼ ਘਰ ਬੈਠੇ ਫ਼ਾਲਤੂ ਦਾ ਬਿਆਨ ਕਰ ਬੋਲ ਦਿੰਦੀ ਹੈ, ਇਹ ਕਿਸਾਨ ਨਹੀਂ, ਖਾਲਿਸਤਾਨੀ ਨੇ ਦੂਜੇ ਪਾਸੇ ਸਿੱਖ ਕੌਮ ਮੁਰਦਾਬਾਦ, ਤੀਜੇ ਪਾਸੇ ਇੱਕ ਸਰਦਾਰ ਪੁਲਿਸ ਨੂੰ ਨੇਤਾ ਹੀ ਆਖ ਦਿੰਦਾ ਹੈ, ਤੁਮ ਬੀ ਖਾਲਿਸਤਾਨੀ ਹੋ । ਕੀ ਮਤਲਬ ਹੈ ਤੁਹਾਡੇ ਕੀਤੇ ਸਵਾਲਾਂ ਦਾ। ਜਦੋਂ ਇਹ ਸਵਾਲ ਤੁਹਾਡੇ ਸਾਹਮਣੇ ਖੜ੍ਹ ਫਿਰ ਤੋਂ ਬੁਲਵਾਇਆ ਜਾਵੇ ਤਾਂ ਤੁਸੀਂ ਹੱਥ ਜੋੜ ਦਿੰਦੇ ਹੋ ਤੇ ਮਾਫ਼ੀ ਮੰਗਦੇ ਹੋ। ਕੁਝ ਲੋਕਾਂ ਦੀ ਵਜ੍ਹਾ ਕਰਕੇ ਹੀ ਹਰ ਹਕੂਮਤ ਗ਼ੁਲਾਮ ਬਣਾਉਣ ਦਾ ਸੁਪਨਾ ਵੇਖ ਲੈਂਦੀ ਹੈ।

ਸਰਕਾਰਾਂ ਨੂੰ ਹਰ ਨਿਯਮ ਤੇ ਕਾਨੂੰਨ ਦਾ ਪਤਾ ਹੈ, ਕਦੇ ਆਪਣੇ-ਆਪ ਦੇ ਕਾਨੂੰਨ ਨੂੰ ਵੇਖਿਆ। ਇੱਕ ਪਾਰਲੀਮੈਂਟ ਵਿੱਚ ਦੋ ਸੌ ਤੋਂ ਵੱਧ ਨੇਤਾ ਬੈਠ ਕੇ ਨੇਤਾਗਿਰੀ ਕਰਦੇ ਹਨ ਤੇ ਇੱਕ-ਦੂਜੇ 'ਤੇ ਉਂਗਲ ਵੀ ਚੁੱਕਦੇ ਹਨ ਕਿ ਉਹ ਭਲਾਈ ਕਰਨ ਵਾਲੇ ਨੇਤਾ ਹੋ ਸਕਦੇ ਹਨ । ਸਰਕਾਰਾਂ ਦੇ ਫ਼ੈਸਲੇ ਆਮ ਘਰਾਂ ਲਈ ਹੱਕ ਦੀ ਰੋਟੀ ਖੋਹ ਲੈਣਾ ਹੈ ਤੇ ਹੱਕਾਂ ਦੀ ਆਵਾਜ਼ ਚੁੱਕਣ ਵਾਲੇ ਨੂੰ ਮਾਰ ਕੇ ਆਪਣੇ ਆਪ ਨੂੰ ਸਹੀ ਕਹਿਣਾ ਹੈ। ਇਸ ਤਰ੍ਹਾਂ ਦੀ ਸਰਕਾਰ ਇਹੋ ਜਿਹੀ ਕੁਰਸੀ ਤੋਂ ਲੱਥ ਜਾਣੀ ਚਾਹੀਦੀ ਹੈ। ਡਰ ਹਰ ਇੱਕ ਇਨਸਾਨ ਨੂੰ ਹੁੰਦਾ ਹੈ, ਉਸ ਦਾ ਨਾਂਅ ਮੌਤ ਹੈ । ਮੌਤ ਬਿਮਾਰੀ ਦਾ ਰੂਪ ਧਾਰ ਕੇ ਵੀ ਆ ਸਕਦੀ ਹੈ, ਜਿਸ ਨੂੰ ਬਚਾਇਆ ਤੱਕ ਵੀ ਨਹੀਂ ਜਾ ਸਕਦਾ।

ਸਰਕਾਰਾਂ ਨੇ ਜੋ ਵੀ ਟੋਏ ਪੁੱਟੇ ਹਨ, ਉਹ ਬਿਲਕੁੱਲ ਗ਼ਲਤ ਹਨ। ਕਿਸਾਨਾਂ ਨੂੰ ਆਪਣਾ ਹੱਕ ਮੰਗਣ ਦਾ ਪੂਰਾ ਅਧਿਕਾਰ ਹੈ। ਜੇ ਸਰਕਾਰ ਉਹਨਾਂ ਦਾ ਹੱਕ ਨਹੀਂ ਦੇਣਾ ਚਾਹੁੰਦੀ ਤਾਂ ਉਹ ਵੀ ਦਾਣਾ ਮੰਡੀ ਆ ਕੇ ਕਿਸਾਨਾਂ ਤੋਂ ਦਾਣਾ ਨਾ ਲੈਣ । ਜਦੋਂ ਸੱਚ-ਮੁੱਚ ਹੀ ਦਾਣਾ ਦੇਣਾ ਕਿਸਾਨਾਂ ਨੇ ਬੰਦ ਕਰ ਦਿੱਤਾ ਤਾਂ ਭਾਰਤ ਦਾ ਹਰ ਕੋਨਾ ਭੁੱਖਾ ਮਰ ਜਾਵੇਗਾ ਤੇ ਜਿਸ ਨਾਲ ਸਮਾਜ ਦਾ ਸ਼ੀਸ਼ਾ ਖਰਾਬ ਦਿਖਾਈ ਦੇਵੇਗਾ । ਇਹ ਹਾਲਾਤ ਬਿਹਤਰ ਕਰਨ ਦੀ ਕੋਸ਼ਿਸ਼ ਕੀਤੀ ਜਾਵੇ, ਇੰਝ ਕਿਸੇ ਦੇ ਵੀ 'ਤੇ ਬਹੁਤ ਗੰਦਾ ਤਸ਼ੱਦਦ ਨਾ ਕੀਤਾ ਜਾਏ । ਸਰਕਾਰਾਂ ਦੇ ਅੰਕੜੇ ਭਾਵੇਂ ਭਰਪੂਰ ਹੋਣ, ਲੇਕਿਨ ਕਿਸਾਨ ਦਾ ਫ਼ੈਸਲਾ ਕਿਸੇ ਦੀ ਵੀ ਨੀਂਦ ਚੁਰਾ ਸਕਦਾ ਹੈ ਤੇ ਜ਼ਿੰਦਗੀ ਨੂੰ ਭੁੱਖ ਤੰਗ ਵੀ ਬਣਾ ਸਕਦਾ ਹੈ। ਇਸ ਦਾ ਕਾਰਨ ਸਿਰਫ਼ ਤੇ ਸਿਰਫ਼ ਸਰਕਾਰ ਹੋਵੇਗੀ । ਜਦੋਂ ਘਰ-ਘਰ ਆਟੇ ਦਾ ਮੁੱਲ ਸੌ ਰੁਪਏ ਕਿੱਲੋ ਦੇ ਭਾਅ ਦਾ ਖਾਣਾ ਪੈ ਗਿਆ, ਉਸ ਸਮੇਂ ਦੇਸ਼-ਕੌਮ ਦੀ ਅੱਖ ਭਰ ਆਉਣੀ ਹੈ ਕਿ ਕਿਸਾਨ ਸਹੀ ਸੀ ਤੇ ਸਰਕਾਰ ਨਾਂਅ ਦੀ ਬਣੀ ਸੀ।

ਕਿਸਾਨ ਯੂਨੀਅਨ ਏਕਤਾ ਜਿਵੇਂ-ਤਿਵੇਂ ਵੀ ਬਣੀ ਹੈ, ਉਹ ਸਦਾ ਆਬਾਦ ਰਹੇ, ਉਹਨਾਂ ਦੇ ਸਿਰ 'ਤੇ ਆਈਆਂ ਮੁਸੀਬਤਾਂ ਸਾਡੀਆਂ ਵੀ ਮੁਸੀਬਤਾਂ ਹਨ । ਸਾਨੂੰ 'ਮਿਲੇ ਆਜਾਦੀ' ਦਾ ਮੁੜ ਨਾਅਰਾ ਲਾਉਣਾ ਚਾਹੀਦਾ ਹੈ ਤੇ ਇਕਜੁੱਟ ਰਹਿ ਕੇ ਹੱਕ ਦੀ ਆਵਾਜ਼ ਚੁੱਕਣੀ ਚਾਹੀਦੀ ਹੈ । ਕਿਸਾਨਾਂ ਦੇ ਹੌਸਲੇ ਰੱਬ ਦੇ ਘਰ ਤੋਂ ਸ਼ੁਰੂ ਹੁੰਦੇ ਹਨ ਤੇ ਉਹਨਾਂ ਮਾਵਾਂ ਤੇ ਬਜ਼ੁਰਗਾਂ ਦੇ ਰਾਖੇ ਵਿੱਚ ਮਜ਼ਬੂਤ ਹੁੰਦੇ ਹਨ, ਜੋ ਖੁਦ ਨਾਲ ਖੜ੍ਹੇ ਹਨ। ਕਿਸਾਨਾਂ ਨੂੰ ਹੱਕ ਮਿਲਣਾ ਚਾਹੀਦਾ ਹੈ । ਮੈਂ ਸਰਕਾਰ ਦੇ ਵਿਰੁੱਧ ਨਹੀਂ ਹਾਂ, ਸਿਰਫ਼ ਉਹਨਾਂ ਨੂੰ ਉਹਨਾਂ ਦੀ ਔਕਾਤ ਬਾਰੇ ਜਾਣੂ ਕਰਵਾ ਰਿਹਾ ਹਾਂ, ਜੋ ਆਪਣਾ ਰਾਹ ਭਟਕ ਗਏ ਹਨ, ਸਿਰਫ਼ ਚੰਦ ਰੁਪਈਆਂ ਦੀ ਖਾਤਰ ।

**# ਸੰਪਰਕ : 76268-18016**

# ਖ਼ੂੰਖਾਰ ਕੁੱਤਿਆਂ ਦੀ ਸ਼ਿਕਾਰਗਾਹ ਬਣ ਕੇ ਰਹਿ ਗਈ ਚਾਰ ਇਤਿਹਾਸਕ ਗੁਰੂ ਘਰਾਂ ਨੂੰ ਜੋੜਦੀ ਸੜਕ



**ਤਲਵੰਡੀ ਸਾਬੋ (ਜਗਦੀਪ ਗਿੱਲ)** ਸ਼ਹਿਰ ਦੀ ਇੱਕ ਉਹ ਸੜਕ ਜਿਹੜੀ ਇੱਥੋਂ ਦੇ ਚਾਰ ਇਤਿਹਾਸਕ ਗੁਰਦੁਆਰਾ ਸਾਹਿਬਾਨ ਨੂੰ ਆਪਸ ਵਿੱਚ ਜੋੜਦੀ ਹੈ, ਅਵਾਰਾ ਤੇ ਖ਼ੂੰਖਾਰ ਕੁੱਤਿਆਂ ਦੀ ਬਹੁਤਾਤ ਕਾਰਨ ਪਸ਼ੂਆਂ ਦੀ ਮੁਰਦਾਘਾਟ (ਹੱਡਾਂਰੋੜੀ) ਬਣਦੀ ਜਾ ਰਹੀ ਹੈ।

ਇੱਥੋਂ ਦੇ ਜਾਂ ਆਲੇ ਦੁਆਲੇ ਦੇ ਬਹੁਤ ਸਾਰੇ ਲੋਕਾਂ ਵੱਲੋਂ ਘਰਾਂ ਵਿੱਚ ਰੱਖੀਆਂ ਪਾਲਤੂ ਗਊਆਂ ਜਦੋਂ ਦੁੱਧ ਦੇਣਾ ਬੰਦ ਕਰ ਦਿੰਦੀਆਂ ਹਨ ਉਦੋਂ ਉਨ੍ਹਾਂ ਜਾਂ ਉਨ੍ਹਾਂ ਦੇ ਛੋਟੀ ਉਮਰ ਦੇ ਵੱਛੜੂਆਂ ਨੂੰ ਦੂਜੇ ਲੋਕਾਂ ਤੋਂ ਅੱਖ ਬਚਾ ਕੇ ਅਕਸਰ ਉਸ ਸੜਕ ਉਪਰ ਅਵਾਰਾ ਛੱਡ ਦਿੱਤਾ ਜਾਂਦਾ ਹੈ।ਛੋਟੇ ਵੱਛੜੂਆਂ ਨੂੰ ਘੇਰ ਘੇਰ ਕੇ ਉਹਨਾਂ ਦਾ ਸ਼ਿਕਾਰ ਕਰਦੇ ਇੱਥੇ ਰਹਿ ਰਹੇ ਦਰਜਨਾਂ ਖ਼ੂੰਖਾਰ ਕੁੱਤਿਆਂ ਦੇ ਝੁੰਡ ਅਕਸਰ ਦੇਖੇ ਜਾਂਦੇ ਹਨ।

ਗੁਰਦੁਆਰਾ ਜੰਡਸਰ ਸਾਹਿਬ ਤੋਂ ਲੈ ਕੇ ਅੱਗੋਂ ਨਹਿੰਗ ਸਿੰਘ ਛਾਉਣੀ ਬੁੱਢਾ ਦਲ ਗੁਰਦੁਆਰਾ ਬੇਰ ਸਾਹਿਬ ਅਤੇ ਗੁਰਦੁਆਰਾ ਬੁੰਗਾ ਮਸਤੂਆਣਾ ਸਾਹਿਬ ਨੂੰ ਮਿਲਾਉਂਦੀ ਇਹ ਉਹ ਸੜਕ ਹੈ, ਜਿਸ ਦੇ ਦੋਵੇਂ ਪਾਸਿਆਂ ਉੱਪਰ ਉੱਚੀਆਂ ਦੀਵਾਰਾਂ ਕੱਢੀਆਂ ਹੋਈਆਂ ਹੋਣ ਕਾਰਨ ਉੱਥੇ ਅਵਾਰਾ ਪਸ਼ੂ ਛੱਡਣ ਵਾਲਿਆਂ ਤੇ ਅੱਗੋਂ ਉਨ੍ਹਾਂ ਦਾ ਸ਼ਿਕਾਰ ਕਰਨ ਵਾਲੇ ਖ਼ੂੰਖਾਰ ਕੁੱਤਿਆਂ ਨੂੰ ਇਹ ਸੜਕ ਅਸਲੋਂ ਰਾਸ ਆਉਂਦੀ ਹੈ।ਉੱਥੇ ਪਸ਼ੂ ਛੱਡਦੇ ਲੋਕਾਂ ਤੇ ਅੱਗੋਂ ਉਹਨਾਂ ਪਸ਼ੂਆਂ ਦਾ ਸ਼ਿਕਾਰ ਕਰਦੇ ਅਵਾਰਾ ਕੁੱਤਿਆਂ ਉੱਤੇ ਮੌਕੇ ਉੱਪਰ ਕਿਸੇ ਦੀ ਨਜ਼ਰ ਸ਼ਾਇਦ ਇਸ ਲਈ ਨਹੀਂ ਪੈਂਦੀ ਕਿਉਂਕਿ ਉਕਤ ਸੜਕ ਉਥੋਂ ਲੰਘਦੇ ਰਜਵਾਹੇ ਤੋਂ ਲੈ ਕੇ ਅੱਗੋਂ ਗੁਰਦੁਆਰਾ ਜੰਡਸਰ ਸਾਹਿਬ ਤੱਕ ਚਫੇਰਿਓਂ ਪੱਕੀਆਂ ਦੀਵਾਰਾਂ ਨਾਲ ਢਕੀ ਹੋਈ ਹੈ ਅਤੇ ਇਹੋ ਵਜ੍ਹਾ ਹੈ ਕਿ ਅਵਾਰਾ ਕੁੱਤਿਆਂ ਨੂੰ ਪਸ਼ੂਆਂ ਦਾ ਉੱਥੇ ਸ਼ਿਕਾਰ ਕਰਨਾ ਵੀ ਇਸ ਲਈ ਸੁਖਾਲਾ ਹੋ ਜਾਂਦਾ ਹੈ ਕਿਉਂਕਿ ਕੰਧਾਂ ਕਾਰਨ ਕੋਈ ਬੇਜ਼ੁਬਾਨ ਪਸ਼ੂ ਆਸੇ ਪਾਸੇ ਭੱਜ ਕੇ ਆਪਣੀ ਜਾਨ ਬਚਾਉਣ ਤੋਂ ਅਸਮਰਥ ਹੁੰਦਾ ਹੈ।

ਉਧਰ ਹੁਣ ਤੱਕ ਤਾਂ ਕੇਵਲ ਬੇਜ਼ੁਬਾਨ ਪਸ਼ੂਆਂ (ਵੱਛੜੂਆਂ) ਨੂੰ ਹੀ ਭੰਗ ਦੇ ਭਾੜੇ ਅਵਾਰਾ ਕੁੱਤਿਆਂ ਤੋਂ ਉੱਥੇ ਆਪਣੀਆਂ ਜਾਨਾਂ ਗਵਾਉਣੀਆਂ ਪੈ ਰਹੀਆਂ ਹਨ ਪ੍ਰੰਤੂ ਕੱਲ ਕਲੋਤਰ ਨੂੰ ਲਹੂ ਮੂੰਹ ਲੱਗੇ ਵਾਲੇ ਇਹ ਅਵਾਰਾ ਤੇ ਖ਼ੂੰਖਾਰ ਕੁੱਤੇ ਉਥੋਂ ਲੰਘਦੇ ਕਿਸੇ ਬੱਚੇ ਬੁੱਢੇ ਜਾਂ ਔਰਤ ਉੱਪਰ ਝਪਟ ਪੈਣ ਇਸ ਦੀ ਸੰਭਾਵਨਾ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ।ਉਸ ਤੋਂ ਪਹਿਲਾਂ ਕਿ ਉੱਥੇ ਕੋਈ ਅਜਿਹਾ ਬੇਦਰਦ ਹਾਦਸਾ ਵਾਪਰੇ ਸਬੰਧਤ ਸਾਰੇ ਗੁਰਦੁਆਰਾ ਪ੍ਰਬੰਧਕਾਂ ਅਤੇ ਸਥਾਨਕ ਪ੍ਰਸ਼ਾਸਨ ਨੂੰ ਗੂੜੀ ਨੀਂਦ ਚੋਂ ਜਾਗਣ ਦੀ ਲੋੜ ਹੈ ਤਾਂ ਜੁ ਉੱਥੇ ਨਿਤ ਵਾਪਰਦੇ ਇਸ ਖੌਫਨਾਕ ਵਰਤਾਰੇ ਨੂੰ ਰੋਕਣ ਲਈ ਕੋਈ ਪੱਕਾ ਬਾਨ੍ਹਣੂ ਬੰਨ੍ਹਿਆਂ ਜਾ ਸਕੇ।

ਇਸ ਸੰਬੰਧੀ ਜਦੋਂ ਗੁਰਦੁਆਰਾ ਬੁੰਗਾ ਮਸਤੂਆਣਾ ਦੇ ਮੁੱਖ ਸੇਵਾਦਾਰ ਬਾਬਾ ਕਾਕਾ ਸਿੰਘ ਨਾਲ ਸੰਪਰਕ ਕੀਤਾ ਗਿਆ ਤਾਂ ਉਨ੍ਹਾਂ ਕਿਹਾ ਕਿ ਉਹ ਇਸ ਵਰਤਾਰੇ ਨੂੰ ਉੱਥੇ ਵਾਪਰਨ ਤੋਂ ਰੋਕਣ ਲਈ ਹਰ ਸੰਭਵ ਯਤਨ ਕਰਨਗੇ।ਪੱਖ ਜਾਨਣ ਲਈ ਜਦੋਂ ਸਥਾਨਕ ਪ੍ਰਸ਼ਾਸਨ ਦੇ ਮੁੱਖ ਅਧਿਕਾਰੀ ਸ੍ਰੀ ਬਿਪਨ ਕੁਮਾਰ ਨਾਲ ਸੰਪਰਕ ਕਰਨ ਲਈ ਫੋਨ ਕੀਤਾ ਤਾਂ ਉਨ੍ਹਾਂ ਫੋਨ ਚੁੱਕਣ ਦੀ ਜਹਿਮਤ ਨਾ ਉਠਾਈ ਪ੍ਰੰਤੂ ਉਹਨਾਂ ਦੇ ਦਫਤਰ ਤੋਂ ਬੋਲ ਰਹੇ ਇੱਕ ਹੋਰ ਅਧਿਕਾਰੀ ਸ੍ਰੀ ਦਵਿੰਦਰ ਕੁਮਾਰ ਨੇ ਕਿਹਾ ਕਿ ਉਹ ਹੁਣੇ ਹੀ ਉੱਥੇ ਸਥਾਨਕ ਨਗਰ ਕੌਂਸਲ ਦੇ ਕ੍ਰਮਚਾਰੀਆਂ ਨੂੰ ਮੌਕੇ ਉੱਪਰ ਭੇਜਦੇ ਹਨ, ਤਾਂ ਜੁ ਲੋੜੀਂਦੀ ਕਾਰਵਾਈ ਨੂੰ ਅਮਲ ਵਿੱਚ ਲਿਆਂਦਾ ਜਾ ਸਕੇ।

# ਜੇ ਜੇ ਪੀ ਲੋਕ ਸਭਾ ਸੀਟਾਂ ਲਈ ਬਣਾ ਰਹੀ ਸੀ ਦਬਾਅ : ਸੁਨੀਤਾ ਦੁੱਗਲ



**ਸਿਰਸਾ (ਸੁਰਿੰਦਰ ਪਾਲ ਸਿੰਘ)** ਵਿਦਵਾਨਾਂ ਦਾ ਮਤ ਹੈ ਕਿ ਰਾਜਨੀਤਕ ਗੱਠਜੋੜ ਕੱਚ ਦੇ ਸ਼ੀਸ਼ੇ ਵਾਂਗ ਹੁੰਦੇ ਹਨ, ਜਿਨ੍ਹਾਂ ਵਿਚ ਧਰਤੀ ਤੇ ਡਿਗਦਿਆਂ ਹੀ ਤਰੇੜਾਂ ਆ ਜਾਂਦੀਆਂ ਹਨ। ਹੁਣ ਜਦੋ ਹਰਿਆਣਾ ਵਿਚ ਜੇਜੇਪੀ ਅਤੇ ਭਾਜਪਾ ਗਠਜੋੜ ਟੁੱਟ ਕੇ ਚੂਰ ਹੋ ਗਿਆ ਹੈ ਤਾਂ ਸਿਰਸਾ ਤੋਂ ਸੰਸਦ ਮੈਂਬਰ ਸੁਨੀਤਾ ਦੁੱਗਲ ਦਾ ਵੱਡਾ ਬਿਆਨ ਸਾਹਮਣੇ ਆਇਆ ਹੈ।

ਮੈਡਮ ਦੁੱਗਲ ਨੇ ਕਿਹਾ ਕਿ ਜੇਜੇਪੀ ਲੋਕ ਸਭਾ ਸੀਟਾਂ ਲਈ ਇਹ ਦਬਾਅ ਬਣਾ ਰਹੀ ਸੀ ਤੇ ਭਾਜਪਾ ਦੀ ਸਿਖਰਲੀ ਲੀਡਰਸ਼ਿਪ ਸੀਟਾਂ ਦੀ ਵੰਡ ਨਹੀਂ ਕਰਨਾ ਚਾਹੁੰਦੀ ਤੇ ਗਠਜੋੜ ਟੁੱਟਣ ਦਾ ਇਹ ਇੱਕ ਅਹਿਮ ਕਾਰਨ ਹੈ।ਐਮ ਪੀ ਸੁਨੀਤਾ ਦੁੱਗਲ ਨੇ ਕਿਹਾ ਕਿ ਗਠਜੋੜ ਟੁੱਟਣ ਨਾਲ ਭਾਰਤੀ ਜਨਤਾ ਪਾਰਟੀ ਨੂੰ ਲੋਕ ਸਭਾ ਚੋਣਾਂ ਵਿੱਚ ਕੋਈ ਨੁਕਸਾਨ ਨਹੀਂ ਹੋਵੇਗਾ ਤੇ ਪਾਰਟੀ ਸਾਰੀਆਂ ਸੀਟਾਂ 'ਤੇ ਜਿੱਤ ਹਾਸਲ ਕਰੇਗੀ।ਦੇਸ਼ ਵਿੱਚ ਸੀਏਏ ਲਾਗੂ ਹੋਣ ਤੇ ਸੁਨੀਤਾ ਦੁੱਗਲ ਨੇ ਕਿਹਾ ਕਿ ਇਸ ਨਾਲ ਦੂਜੇ ਦੇਸ਼ਾਂ ਤੋਂ ਭਾਰਤ ਆਏ ਘੱਟ ਗਿਣਤੀਆਂ ਨੂੰ ਫਾਇਦਾ ਹੋਵੇਗਾ ਤੇ ਦੇਸ਼ ਵਿੱਚ ਰਹਿਣ ਵਾਲੇ ਮੁਸਲਿਮ ਭਾਈਚਾਰੇ ਦੇ ਲੋਕਾਂ ਨੂੰ ਕੋਈ ਸਮੱਸਿਆ ਨਹੀਂ ਆਵੇਗੀ।ਦੂਜੇ ਪਾਸੇ ਜੇਜੇਪੀ ਦੇ ਵੱਡੇ ਆਗੂਆਂ ਦਾ ਕਹਿਣਾ ਹੈ ਕਿ ਮਰਦੀ ਨੇ ਅੱਕ ਚੱਬਿਆਂ ਵਾਂਗ ਹੁਣ ਇਕਲਿਆਂ ਚੋਣ ਮੈਦਾਨ ਵਿਚ ਉਤਰ ਕੇ ਆਪਣਾ ਰਾਜਨੀਤਕ ਪ੍ਰਦਰਸ਼ਨ ਕਰਨਾ ਹੋਵੇਗਾ।

## ਕਿਸਾਨ ਅੰਦੋਲਨ ਗਰਮਾਵੇਗਾ ਦੇਸ ਦੀ ਸਿਆਸਤ : ਪੰਧੇਰ

**ਸਿਰਸਾ (ਸੁਰਿੰਦਰ ਪਾਲ ਸਿੰਘ)** ਸੰਯੁਕਤ ਕਿਸਾਨ ਮੋਰਚੇ ਨੂੰ ਠਿੱਬੀ ਆਉਣ ਦਾ ਰਾਹ ਅਪਣਾ ਕੇ ਆਪਣਾ ਯੂਨਾਈਟਿਡ ਕਿਸਾਨ ਮੋਰਚਾ-2 ਖੜਾ ਕਰ ਚੁਕੇ ਸਰਵਣ ਸਿੰਘ ਪੰਧੇਰ ਵੱਲੋਂ ਦਹਾੜ ਮਾਰਦਿਆਂ ਕਿਹਾ ਗਿਆ ਹੈ ਕਿ ਯੂਨਾਈਟਿਡ ਕਿਸਾਨ ਮੋਰਚਾ (ਗੈਰ-ਸਿਆਸੀ) ਦੇ ਐਲਾਨ ਤੋਂ ਬਾਅਦ ਪੰਜਾਬ ਅਤੇ ਕੇਂਦਰ ਦੀ ਸਿਆਸਤ ਗਰਮਾ ਜਾਵੇਗੀ ਅਤੇ ਸਰਕਾਰ ਕਿਸਾਨਾਂ ਦੀਆਂ ਮੰਗਾਂ ਪੂਰੀਆਂ ਕਰਨ ਲਈ ਮਜਬੂਰ ਹੋ ਜਾਵੇਗੀ।ਪੰਧੇਰ ਨੇ ਕਿਹਾ ਕਿ ਹਰਿਆਣਾ ਨੂੰ ਖੁੱਲ੍ਹੀ ਜੇਲ੍ਹ ਬਣਾ ਦਿੱਤਾ ਗਿਆ ਹੈ।ਦਿੱਲੀ ਦੇ ਕਾਰੋਬਾਰੀਆਂ ਨੂੰ ਪ੍ਰੇਸ਼ਾਨ ਕੀਤਾ ਜਾ ਰਿਹਾ ਹੈ।ਉਨ੍ਹਾਂ ਕਿਹਾ ਕਿ ਭਾਜਪਾ ਸਰਕਾਰ ਚਾਹੁੰਦੀ ਹੈ ਕਿ ਹਿੰਦੂ-ਮੁਸਲਿਮ ਅਤੇ ਹਿੰਦੂ-ਸਿੱਖ ਆਪਸ ਵਿੱਚ ਲੜਨ, ਪਰ ਦੇਸ਼ ਦੇ ਲੋਕ ਭਾਜਪਾ ਦੀਆ ਵੰਡ ਪਾਊ ਚਾਲਾਂ ਤੋ ਸੁਚੇਤ ਹਨ।

ਪੰਧੇਰ ਨੇ ਕਿਹਾ ਕਿ ਸਰਕਾਰ ਨੂੰ ਕਿਸਾਨਾਂ ਦੀਆਂ ਮੰਗਾਂ ਦਾ ਹੱਲ ਕਰਨਾ ਹੀ ਹੋਵੇਗਾ ਅਤੇ ਮੰਗਾਂ ਪੂਰੀਆਂ ਹੋਣ ਤੱਕ ਕਿਸਾਨ ਅੰਦੋਲਨ ਜਾਰੀ ਰਹੇਗਾ।

# ਪੰਜਾਬ ਸਰਕਾਰ ਵਿਰੁੱਧ ਬੱਜਟ ਦੌਰਾਨ ਧੋਖੇ ਦੇ ਦੋਸ਼ ਲਾਏ



**ਸਮਰਾਲਾ, (ਸੁਰਜੀਤ ਸਿੰਘ)**-ਪੰਜਾਬ ਸਰਕਾਰ ਵੱਲੋਂ ਸਾਲ 2024-25 ਦਾ ਬਜਟ ਪੇਸ਼ ਕਰਨ ਸਮੇਂ ਛੇਵੇਂ ਪੇ ਕਮਿਸ਼ਨ ਦਾ 1-1-2016 ਤੋਂ ਬਕਾਇਆ ਤੇ ਡੀਏ ਦੀਆਂ 8% ਕਿਸ਼ਤਾਂ ਸਬੰਧੀ ਮੁਲਾਜ਼ਮਾਂ ਤੇ ਪੈਨਸ਼ਨਰਜ਼ ਨਾਲ ਬਹੁਤ ਵੱਡਾ ਧੋਖਾ ਕੀਤਾ ਹੈ।ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਪੰਜਾਬ ਪੈਨਸ਼ਨਰਜ ਕਲਿਆਣ ਸੰਗਠਨ ਦੇ ਪ੍ਰਧਾਨ ਮੇਘ ਸਿੰਘ ਜਵੰਦਾ ਨੇ ਸੰਗਠਨ ਦੀ ਮੀਟਿੰਗ ਦੌਰਾਨ ਹਾਜ਼ਰ ਪੈਨਸ਼ਨਰਾਂ ਨਾਲ ਸਾਂਝੇ ਕਰਦੇ ਹੋਏ ਕੀਤਾ।

ਉਨ੍ਹਾਂ ਕਿਹਾ ਕਿ ਕਾਂਗਰਸ ਸਰਕਾਰ ਸਮੇਂ ਤਤਕਾਲੀ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਵੱਲੋਂ ਪੇਸ਼ ਕੀਤੇ ਬਜਟ ਤੇ ਬਹਿਸ ਦੌਰਾਨ ਵਿਰੋਧੀ ਧਿਰ ਦੇ ਨੇਤਾ ਮੌਜੂਦਾ ਵਿੱਤ ਮੰਤਰੀ ਮੰਤਰੀ ਹਰਪਾਲ ਸਿੰਘ ਚੀਮਾ ਨੇ ਵਿਧਾਨ ਸਭਾ ਵਿੱਚ ਕਿਹਾ ਸੀ ਕਿ ਕਾਂਗਰਸ ਸਰਕਾਰ ਮੁਲਾਜ਼ਮਾਂ ਤੇ ਪੈਨਸ਼ਨਰਾਂ ਦਾ 01-01-2016 ਤੋਂ ਡੀ.ਏ. ਦਾ ਬਕਾਇਆ ਜੋ ਕਿ 174 ਮਹੀਨਿਆਂ ਦਾ ਬਣਦਾ ਦਿੱਤਾ ਜਾਵੇ।ਉਸੇ ਵਿੱਤ ਮੰਤਰੀ ਨੇ ਬਜਟ ਵਿੱਚ ਇਸ ਸਬੰਧੀ ਕੋਈ ਤਜਵੀਜ਼ ਨਾ ਰੱਖ ਕੇ ਇਸ ਵਾਰ ਖੁਦ ਮੁਲਾਜ਼ਮਾਂ ਨਾਲ ਦਗਾ ਕਮਾਇਆ ਹੈ।

ਚਰਨਜੀਤ ਸਿੰਘ ਰਿਟਾਇਰਡ ਸੀ.ਐਚ.ਟੀ ਆਪਣੇ ਸੰਬੋਧਨ ਵਿੱਚ ਕਿਹਾ ਕਿ ਪੇ ਕਮਿਸ਼ਨ ਦੇ ਬਕਾਏ ਉਡੀਕਦੇ ਲਗਭਗ 3000 ਪੈਨਸ਼ਨਰ ਇਸ ਸੰਸਾਰ ਤੋਂ ਰੁਖਸਤ ਹੋ ਗਏ, ਪ੍ਰੰਤੂ ਸਰਕਾਰ ਦੇ ਕੰਨਾਂ ਤੇ ਜੂੰ ਨਹੀਂ ਸਰਕੀ।

ਪੀ.ਐਸ.ਪੀ.ਸੀ.ਐਲ ਪੈਨਸ਼ਨਰ ਐਸੋਸੀਏਸ਼ਨ ਮੰਡਲ ਦੇ ਪ੍ਰਧਾਨ ਸਿਕੰਦਰ ਸਿੰਘ ਨੇ ਕਿਹਾ ਕਿ ਸਮੂਹ ਪੈਨਸ਼ਨਰ ਇੱਕਜੁੱਟ ਹੋ ਕੇ ਆਉਣ ਵਾਲੀਆਂ ਲੋਕ ਸਭਾ ਚੋਣਾਂ ਵਿੱਚ ਸਰਕਾਰ ਵਿਰੁੱਧ ਜ਼ੋਰਦਾਰ ਸੰਘਰਸ਼ ਛੇੜਣਗੇ।ਪੁਖਰਾਜ ਸਿੰਘ ਘੁਲਾਲ ਨੇ ਕਿਹਾ ਕਿ ਪੈਨਸ਼ਨਰਾਂ ਦੇ ਮੈਡੀਕਲ ਬਿੱਲ ਕਈ ਕਈ ਸਾਲ ਦਫਤਰਾਂ ਵਿੱਚ ਅਟਕੇ ਰਹਿੰਦੇ ਹਨ, ਜਿਸ ਕਾਰਨ ਪੈਨਸ਼ਨਰਜ਼ ਨੂੰ ਬੁਢਾਪੇ ਨਾਲ ਨਾਲ ਮਾਨਸਿਕ ਪਰੇਸ਼ਾਨੀ ਵਿੱਚੋਂ ਵੀ ਗੁਜਰਨਾ ਪੈਂਦਾ ਹੈ।

ਉਨ੍ਹਾਂ ਸਰਕਾਰ ਤੋਂ ਮੰਗ ਕੀਤੀ ਕਿ ਸਰਕਾਰ ਪੈਨਸ਼ਨਰਾਂ ਲਈ ਕੈਸ਼ਲੈਸ ਸਕੀਮ ਚਾਲੂ ਕਰੇ। ਸੰਗਠਨ ਦੇ ਜਨਰਲ ਸਕੱਤਰ ਰਿਟਾ: ਲੈਕ: ਵਿਜੇ ਕੁਮਾਰ ਸ਼ਰਮਾ ਨੇ ਮੀਟਿੰਗ ਵਿੱਚ ਸ਼ਾਮਲ ਪੈਨਸ਼ਨਰ ਨੂੰ ਇਨਕਮ ਟੈਕਸ ਸਬੰਧੀ ਜਾਣਕਾਰੀ ਦਿੱਤੀ ਤੇ ਮੰਚ ਸੰਚਾਲਨ ਵੀ ਸੁਚਾਰੂ ਢੰਗ ਨਾਲ ਨਿਭਾਇਆ।

## ਕਾਤਰਾਂ

### ਪੰਜਾਬ ਬਚਾਓ ਯਾਤਰਾ ਨੂੰ ਸਫ਼ਲ ਬਣਾਉਣ ਲਈ ਕੀਤੀਆਂ ਵਿਚਾਰਾਂ

**ਕੋਟਕਪੂਰਾ, (ਰਛਪਾਲ ਭੁੱਲਰ)** ਮਨਤਾਰ ਸਿੰਘ ਬਰਾੜ ਮੁੱਖ ਸੇਵਾਦਾਰ ਵੱਲੋਂ ਹਲਕਾ ਕੋਟਕਪੂਰਾ ਵਿੱਚ ਹੋਣ ਵਾਲੀ ਸੁਖਬੀਰ ਸਿੰਘ ਬਾਦਲ ਦੀ ਪੰਜਾਬ ਬਚਾਓ ਯਾਤਰਾ ਦੇ ਸੰਬੰਧ ਵਿੱਚ ਹਲਕੇ ਦੇ ਪਿੰਡ ਦੇਵੀਵਾਲਾ, ਸਿਰਸਿੜੀ, ਨੱਥੇਵਾਲਾ, ਨਵਾਂ ਨੱਥੇਵਾਲਾ, ਹਰੀ ਨੌਂ, ਮੌੜ, ਢਾੜਾ, ਦੁਆਰੇਆਣਾ, ਢੀਮਾਂਵਾਲੀ, ਰੱਤੀਰੋੜੀ, ਚੱਕ ਕਲਿਆਣ, ਫਿੱਡੇ ਖੁਰਦ, ਫਿੱਡੇ ਕਲਾਂ, ਦਾਨਾ ਰੋਮਾਣਾ, ਡੱਗੋ ਰੋਮਾਣਾ, ਸੰਗੋ ਰੋਮਾਣਾ ਅਤੇ ਕੋਟਕਪੂਰਾ ਦੇ ਵਾਰਡ ਨੰਬਰ 22, ਵਾਰਡ ਨੰਬਰ 23, ਤੇ 24 ਵਾਰਡ ਨੰਬਰ ਵਿਖੇ ਜਾ ਕੇ ਪਾਰਟੀ ਦੇ ਵਰਕਰਾਂ ਨਾਲ਼ ਯਾਤਰਾ ਵਿੱਚ ਸ਼ਾਮਲ ਹੋ ਕੇ ਯਾਤਰਾ ਨੂੰ ਸਫ਼ਲ ਬਣਾਉਣ ਬਾਰੇ ਵਿਚਾਰ ਵਟਾਂਦਰਾ ਕੀਤੀਆਂ।

### 'ਯਾਦਾਂ ਸੁਖਜੀਤ ਦੀਆਂ...' ਸਾਹਿਤਕ ਸਮਾਗਮ 17 ਨੂੰ

**ਸਮਰਾਲਾ, (ਸੁਰਜੀਤ ਸਿੰਘ)** ਭਾਰਤੀ ਸਾਹਿਤ ਅਕਾਦਮੀ ਪੁਰਸਕਾਰ ਵਿਜੇਤਾ ਤੇ ਸਾਹਿਤ ਸਭਾ (ਰਜਿ:) ਦੇ ਚੇਅਰਮੈਨ ਕਹਾਣੀਕਾਰ ਸੁਖਜੀਤ ਦੀ ਯਾਦ ਨੂੰ ਸਮਰਪਿਤ ਸਮਾਗਮ 'ਯਾਦਾਂ ਸੁਖਜੀਤ ਦੀਆਂ ..' 17 ਮਾਰਚ ਨੂੰ ਸਰਕਾਰੀ ਸੀਨੀਅਰ ਸੈਕੰ: ਸਕੂਲ (ਲੜਕੇ) ਵਿਖੇ ਸਵੇਰੇ 10 ਵਜੇ ਆਯੋਜਨ ਕੀਤਾ ਜਾ ਰਿਹਾ ਹੈ। ਸਭਾ ਦੇ ਪ੍ਰਧਾਨ ਐਡਵੋਕੇਟ ਨਰਿੰਦਰ ਸ਼ਰਮਾ ਅਤੇ ਪ੍ਰੈੱਸ ਸਕੱਤਰ ਇੰਦਰਜੀਤ ਸਿੰਘ ਕੰਗ ਨੇ ਦੱਸਿਆ ਕਿ ਪ੍ਰਧਾਨਗੀ ਪ੍ਰੋ. ਗੁਰਭਜਨ ਸਿੰਘ ਗਿੱਲ ਕਰਨਗੇ ਅਤੇ ਪੰਜਾਬੀ ਸਾਹਿਤ ਦੇ ਉੱਘੇ ਹਸਤਾਖਰ ਅਮਰਜੀਤ ਸਿੰਘ ਗਰੇਵਾਲ, ਕ੍ਰਿਪਾਲ ਕਜ਼ਾਕ, ਜਸਵੰਤ ਜ਼ਫ਼ਰ, ਡਾ. ਮਨਮੋਹਨ, ਸਮਸ਼ੇਰ ਸੰਧੂ, ਡਾ. ਯੋਗਰਾਜ, ਸਵਰਨਜੀਤ ਸਵੀ, ਸੁਰਿੰਦਰ ਸ਼ਰਮਾ ਤੇ ਡਾ. ਸੁਰਜੀਤ ਬੁਲਾਰਿਆਂ ਵਜੋਂ ਕਹਾਣੀਕਾਰ ਸੁਖਜੀਤ ਦੁਆਰਾ ਪੰਜਾਬੀ ਸਾਹਿਤ ਦੇ ਉਥਾਨ ਲਈ ਪਾਏ ਯੋਗਦਾਨ ਤੇ ਉਨ੍ਹਾਂ ਦੇ ਜੀਵਨ ਦੀਆਂ ਵੱਡਮੁੱਲੀਆਂ ਯਾਦਾਂ ਸਰੋਤਿਆਂ ਨਾਲ ਸਾਂਝੀਆਂ ਕਰਨਗੇ।ਇਸ ਤੋਂ ਇਲਾਵਾ ਹੋਰ ਸਾਹਿਤਕਾਰ ਵੀ ਉਨ੍ਹਾਂ ਨਾਲ ਬਿਤਾਏ ਪਲ੍ਹਾਂ ਦੀਆਂ ਯਾਦਾਂ ਸਾਂਝੀਆਂ ਕਰਕੇ ਸਦੀਵੀ ਵਿਛੋੜਾ ਦੇ ਗਏ ਕਹਾਣੀਕਾਰ ਸੁਖਜੀਤ ਨੂੰ ਸ਼ਰਧਾਂਜਲੀ ਦੇਣਗੇ।

### ਸ੍ਰੀ ਖਾਟੂ ਸ਼ਿਆਮ ਦਾ ਪਹਿਲਾ ਵਿਸ਼ਾਲ ਜਾਗਰਣ

**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ /ਪੂਜਾ/ਪਰਮਜੀਤ ਸਿੰਘ)** ਕੱਚਾ ਆੜ੍ਹਤੀਆ ਐਸੋਸੀਏਸ਼ਨ ਦੇ ਚੇਅਰਮੈਨ ਮੇਘਰਾਜ ਗਰਗ ਦੋਦਾ ਵਾਲੇ, ਕਾਂਗਰਸ ਦੇ ਸਾਬਕਾ ਪ੍ਰਧਾਨ ਸੁਸ਼ੀਲ ਕੁਮਾਰ ਹੈਪੀ ਗਰਗ, ਭਾਜਪਾ ਸਰਕਲ 2 ਦੇ ਪ੍ਰਧਾਨ ਹਰੀਸ਼ ਵਾਟਸ ਜਾਗਰਣ 'ਚ ਸ਼ਾਮਲ ਹੋਏ ਤੇ ਸ੍ਰੀ ਸ਼ਿਆਮ ਪ੍ਰਭੂ ਜੀ ਮਹਾਰਾਜ ਦਾ ਆਸ਼ੀਰਵਾਦ ਲਿਆ ਸ੍ਰੀ ਸ਼ਿਆਮ ਸੁੰਦਰ ਸੇਵਾ ਸੁਸਾਇਟੀ ਵੱਲੋਂ ਮੁਕਤੀਸਰ ਗੈਸਟ ਹਾਊਸ ਵਿਖੇ ਰਾਤ ਨੌਂ ਵਜੇ ਤੋਂ ਕਰੀਬ ਇੱਕ ਵਜੇ ਤੱਕ ਸ਼੍ਰੀ ਖਾਟੂ ਸ਼ਿਆਮ ਜੀ ਦਾ ਪਹਿਲਾ ਵਿਸ਼ਾਲ ਜਾਗਰਣ ਕਰਾਇਆ ਗਿਆ। ਇਸ ਮੌਕੇ ਜਿੱਥੇ ਵੱਡੀ ਗਿਣਤੀ ਚ ਸ਼ਿਆਮ ਪ੍ਰੇਮੀ ਉਮੜੇ ਹੋਏ ਨਜ਼ਰ ਆਏ। ਕੱਚਾ ਆੜ੍ਹਤੀਆ ਐਸੋਸੀਏਸ਼ਨ ਦੇ ਚੇਅਰਮੈਨ ਮੇਘਰਾਜ ਗਰਗ ਦੋਦਾ ਵਾਲੇ, ਕਾਂਗਰਸ ਦੇ ਸਾਬਕਾ ਪ੍ਰਧਾਨ ਸੁਸ਼ੀਲ ਕੁਮਾਰ ਹੈਪੀ ਗਰਗ, ਭਾਜਪਾ ਸਰਕਲ 2 ਦੇ ਪ੍ਰਧਾਨ ਹਰੀਸ਼ ਵਾਟਸ ਸਮੇਤ ਹੋਰ ਵੱਖ-ਵੱਖ ਸਿਆਸੀ ਪਾਰਟੀਆਂ ਦੇ ਆਗੂਆਂ ਨੇ ਵੀ ਸ਼ਿਰਕਤ ਕੀਤੀ ਤੇ ਸ੍ਰੀ ਸ਼ਿਆਮ ਪ੍ਰਭੂ ਜੀ ਮਹਾਰਾਜ ਦਾ ਆਸ਼ੀਰਵਾਦ ਪ੍ਰਾਪਤ ਕੀਤਾ।

# 'ਪੰਜਾਬ ਬਚਾਓ ਯਾਤਰਾ' ਦੀਆਂ ਸਵਾਗਤੀ ਤਿਆਰੀਆਂ ਵਜੋਂ ਅਕਾਲੀ ਦਲ ਦੀ ਮੀਟਿੰਗ



**ਲਹਿਰਾ ਮੁਹੱਬਤ, (ਭੀਮ ਸੈਨ ਹਦਵਾਰੀਆ)** ਸ਼੍ਰੋਮਣੀ ਅਕਾਲੀ ਦਲ (ਬਾਦਲ) ਵੱਲੋਂ ਸ਼ੁਰੂ 'ਪੰਜਾਬ ਬਚਾਓ ਯਾਤਰਾ' ਜੋ 18 ਮਾਰਚ ਨੂੰ ਵਿਧਾਨ ਸਭਾ ਹਲਕਾ ਭੁੱਚੋ ਮੰਡੀ ਖੇਤਰ ਵਿੱਚ ਪਹੁੰਚ ਰਹੀ ਹੈ, ਲਈ ਪਾਰਟੀ ਵਰਕਰਾਂ ਵਿੱਚ ਭਾਰੀ ਉਤਸ਼ਾਹ ਪਾਇਆ ਜਾ ਰਿਹਾ ਹੈ। ਹਲਕਾ ਭੁੱਚੋ ਦੇ ਪਿੰਡਾਂ/ਕਸਬਿਆਂ/ਸ਼ਹਿਰਾਂ ਵਿੱਚ ਅਕਾਲੀ ਆਗੂਆਂ ਵੱਲੋਂ ਵਰਕਰਾਂ ਨਾਲ ਕੀਤੀਆਂ ਜਾ ਰਹੀਆਂ ਮੀਟਿੰਗਾਂ ਦੀ ਲੜੀ ਤਹਿਤ ਸਾਬਕਾ ਸਰਪੰਚ ਜਸਪਾਲ ਸਿੰਘ 'ਜੱਸਾ' ਦੇ ਗ੍ਰਹਿ ਵਿਖੇ ਪੁੱਜੇ ਅਕਾਲੀ ਦਲ ਦੇ ਕੌਮੀ ਜਨਰਲ ਸਕੱਤਰ ਜਗਸੀਰ ਸਿੰਘ ਜੱਗਾ ਕਲਿਆਣ ਤੇ ਹਲਕਾ ਭੁੱਚੋ ਦੇ ਮੁੱਖ ਸੇਵਾਦਾਰ ਮਾਨ ਸਿੰਘ ਨੇ ਪਾਰਟੀ ਵਰਕਰਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ 'ਪੰਜਾਬ ਬਚਾਓ ਯਾਤਰਾ' 18 ਮਾਰਚ ਨੂੰ ਦੁਪਹਿਰ ਕਰੀਬ 2 ਵਜੇ ਨਥਾਣਾ ਵਿਖੇ ਪਹੁੰਚੇਗੀ, ਜਿੱਥੇ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਸੰਬੋਧਨ ਕਰਨਗੇ ਅਤੇ ਸ਼੍ਰੋਮਣੀ ਅਕਾਲੀ ਦਲ ਦੀਆਂ ਨੀਤੀਆਂ ਬਾਰੇ ਲੋਕਾਂ ਨੂੰ ਜਾਣੂ ਕਰਵਾਉਣਗੇ। ਉਨ੍ਹਾਂ ਨੇ ਲੋਕਾਂ ਨੂੰ ਵੱਡੀ ਗਿਣਤੀ ਵਿੱਚ ਵਹੀਰਾਂ ਘੱਤ ਕੇ 18 ਮਾਰਚ ਨੂੰ ਨਥਾਣਾ ਪਹੁੰਚਣ ਦਾ ਸੱਦਾ ਦਿੰਦਿਆਂ ਕਿਹਾ ਕਿ ਸੁਖਬੀਰ ਸਿੰਘ ਬਾਦਲ ਦੀ ਅਗਵਾਈ 'ਚ ਕੱਢੀ ਜਾ ਰਹੀ 'ਪੰਜਾਬ ਬਚਾਓ ਯਾਤਰਾ' ਦੀ ਹਲਕਾ ਵਾਸੀ ਬੇਸਬਰੀ ਨਾਲ ਉਡੀਕ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਬਾਦਲ ਹਕੂਮਤ ਦੌਰਾਨ ਇਸ ਹਲਕੇ ਅੰਦਰ ਜਿੰਨੇ ਕੰਮ ਕਰਾਏ ਗਏ ਸਨ, ਆਹ ਬਦਲਾਅ ਵਾਲੀ ਸਰਕਾਰ ਦੇ ਆਉਣ ਤੋਂ ਬਾਅਦ ਕਿੱਧਰੇ ਕੋਈ ਕੰਮ ਹੋਇਆ ਦਿਖਾਈ ਨਹੀਂ ਦੇ ਰਿਹਾ। ਪਿਛਲੀਆਂ ਵਿਧਾਨ ਸਭਾ ਚੋਣਾਂ ਮੌਕੇ 'ਆਪ' ਦੇ ਝੂਠ ਪ੍ਰਚਾਰ ਸਦਕਾ ਗੁੰਮਰਾਹ ਹੋਏ ਲੋਕਾਂ ਨੇ ਝਾੜੂ ਚੁੱਕ ਲਏ ਸਨ, ਪ੍ਰੰਤੂ ਹੁਣ ਲੋਕ ਅਸਲ ਹਕੀਕਤ ਸਮਝ ਗਏ ਹਨ ਤੇ ਇਸ ਵਾਰ ਅਜਿਹੀ ਗ਼ਲਤੀ ਨਹੀਂ ਕਰਨਗੇ। ਉਨ੍ਹਾਂ ਕਿਹਾ ਕਿ ਝੂਠੇ ਵਾਅਦੇ ਕਰਕੇ ਸੱਤਾ 'ਚ ਆਈ 'ਆਪ' ਸਰਕਾਰ ਨੇ ਆਪਣੇ ਕਰੀਬ ਦੋ ਸਾਲਾਂ ਦੇ ਰਾਜ ਦੌਰਾਨ ਕਿਸਾਨਾਂ, ਮਜ਼ਦੂਰਾਂ, ਗਰੀਬਾਂ ਲਈ ਕੋਈ ਕੰਮ ਨਹੀਂ ਕੀਤਾ। ਮੁਲਾਜ਼ਮ ਵਰਗ ਵੀ ਸੜਕਾਂ 'ਤੇ ਉੱਤਰਿਆ ਹੋਇਆ ਹੈ। ਬੁਢਾਪਾ ਪੈਨਸ਼ਨ 2500 ਕਰਨ ਤੇ ਔਰਤਾਂ ਨੂੰ 1000 ਰੁਪਏ ਪ੍ਰਤੀ ਮਹੀਨਾ ਦੇਣ ਦਾ ਵਾਅਦਾ ਪੂਰਾ ਨਹੀਂ ਕੀਤਾ। ਸ਼ਗਨ ਸਕੀਮ ਵਧਾਉਣੀ ਤਾਂ ਕੀ ਸੀ, ਸਗੋਂ ਇੱਕ ਸਾਲ ਤੋਂ ਇਹ ਸਕੀਮ ਬੰਦ ਪਈ ਹੈ। ਉਨ੍ਹਾਂ ਕਿਹਾ ਕਿ ਜੋ ਵੀ ਵਿਕਾਸ ਹੋਇਆ ਬਾਦਲ ਸਰਕਾਰ ਦੇ ਸਮੇਂ ਦੌਰਾਨ ਹੋਇਆ। ਸੜਕਾਂ, ਓਵਰਬ੍ਰਿਜ, ਖੇਤਾਂ ਲਈ ਰਜਬਾਹੇ, ਖਾਲੇ, ਬਿਜਲੀ ਗਰਿੱਡ, ਓ ਵਾਈ ਟੀ ਕੁਨੈਕਸ਼ਨ ਆਦਿ ਤੋਂ ਇਲਾਵਾ ਗਰੀਬਾਂ ਲਈ ਰਾਸ਼ਨ ਡਿੱਪੂਆਂ 'ਤੇ ਕਣਕ ਦੇ ਨਾਲ ਛੋਲਿਆਂ ਦੀ ਦਾਲ ਵੀ ਦਿੱਤੀ ਜਾਇਆ ਕਰਦੀ ਸੀ ਪ੍ਰੰਤੂ ਬਦਲਾਅ ਵਾਲੀ ਸਰਕਾਰ ਨੇ ਦੇਣਾ ਤਾਂ ਕੀ ਸੀ ਸਗੋਂ ਪੰਜਾਬ ਭਾ ਵਿੱਚ ਹਰ ਪਿੰਡ/ਸ਼ਹਿਰ 'ਚ ਵੱਡੀ ਗਿਣਤੀ ਗਰੀਬ ਲੋੜਵੰਦ ਲੋਕਾਂ ਦੇ ਰਾਸ਼ਨ ਕਾਰਡ ਹੀ ਕੱਟ ਦਿੱਤੇ ਹਨ। ਇਸ ਮੌਕੇ ਅਕਾਲੀ ਦਲ ਵਿੱਚ ਸ਼ਾਮਲ ਹੋਣ ਵਾਲੇ ਸਥਾਨਕ ਵਾਸੀ ਨੌਜਵਾਨ ਲਖਵਿੰਦਰ ਸਿੰਘ ਪੁੱਤਰ ਗੁਰਤੇਜ ਸਿੰਘ ਨੂੰ ਸਿਰੋਪਾਓ ਭੇਟ ਕੀਤਾ ਗਿਆ।

# ਜ਼ਿਲ੍ਹੇ 'ਚ ਕਰਾਏ ਜਾਣਗੇ ਫੁੱਟਬਾਲ ਤੇ ਗੇਮ ਸ਼ੂਟਿੰਗ ਦੇ ਟਰਾਇਲ

**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ/ਪੂਜਾ)**-ਬਲਜਿੰਦਰ ਸਿੰਘ, ਜ਼ਿਲ੍ਹਾ ਖੇਡ ਅਫ਼ਸਰ ਨੇ ਦੱਸਿਆ ਕਿ ਡਾਇਰੈਕਟਰ (ਪੀ.ਆਈ.ਐਸ) ਚੰਡੀਗੜ੍ਹ ਵੱਲੋਂ ਹੋਏ ਹੁਕਮਾਂ ਅਨੁਸਾਰ ਸੈਸ਼ਨ 2024-25 ਲਈ ਪੀ.ਆਈ.ਐਸ ਰੈਜੀਡੈਂਸ਼ਲ ਵਿੰਗ ਲਈ ਗੇਮ ਫੁੱਟਬਾਲ ਤੇ ਗੇਮ ਸ਼ੂਟਿੰਗ ਦੇ ਟਰਾਇਲ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਵਿਖੇ ਕਰਾਏ ਜਾਣੇ ਹਨ।

ਉਨ੍ਹਾਂ ਦੱਸਿਆ ਕਿ 15 ਤੇ 16 ਮਾਰਚ ਨੂੰ ਗੇਮ ਫੁੱਟਬਾਲ (ਕੇਵਲ ਲੜਕੇ) ਅੰਡਰ 14, 17 ਤੇ 19 ਉਮਰ ਵਰਗ ਦੇ ਟਰਾਇਲ ਗੁਰੂ ਗੋਬਿੰਦ ਸਿੰਘ ਖੇਡ ਸਟੇਡੀਅਮ ਵਿਖੇ ਤੇ ਗੇਮ ਸ਼ੂਟਿੰਗ (ਕੇਵਲ ਲੜਕੀਆਂ) ਅੰਡਰ 12, 17 ਤੇ 19 ਉਮਰ ਵਰਗ ਦੇ ਟਰਾਇਲ ਸ਼ੂਟਿੰਗ ਅਕੈਡਮੀ, ਪਿੰਡ ਬਾਦਲ, ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਵਿਖੇ ਕਰਾਏ ਜਾ ਰਹੇ ਹਨ। ਇਨ੍ਹਾਂ ਟਰਾਇਲਾਂ ਵਿੱਚ ਭਾਗ ਲੈਣ ਵਾਲੇ ਖਿਡਾਰੀ/ਖਿਡਾਰਨਾਂ ਸਵੇਰੇ 09:00 ਵਜੇ ਉਕਤ ਖੇਡ ਸਥਾਨਾਂ 'ਤੇ ਰਿਪੋਰਟ ਕਰਨਗੇ। ਭਾਗ ਲੈਣ ਲਈ ਰਜਿਸਟ੍ਰੇਸ਼ਨ ਫਾਰਮ ਨਿਰਧਾਰਤ ਮਿਤੀ ਨੂੰ ਟਰਾਇਲ ਸਥਾਨ ਉਤੇ ਪ੍ਰਾਪਤ ਕੀਤੇ ਜਾ ਸਕਦੇ ਹਨ।

ਉਨ੍ਹਾਂ ਦੱਸਿਆ ਕਿ ਭਾਗ ਲੈਣ ਵਾਲੇ ਖਿਡਾਰੀ ਆਪਣੇ ਜਨਮ, ਅਧਾਰ ਕਾਰਡ ਤੇ ਖੇਡ ਪ੍ਰਾਪਤੀਆਂ ਦੇ ਅਸਲ ਸਰਟੀਫਿਕੇਟ ਅਤੇ ਉਨ੍ਹਾਂ ਦੀਆਂ ਕਾਪੀਆਂ ਸਮੇਤ 2 ਤਾਜ਼ਾ ਪਾਸਪੋਰਟ ਸਾਈਜ਼ ਫੋਟੋਗ੍ਰਾਫ਼ ਨਾਲ ਲੈ ਕੇ ਆਉਣ। ਟਰਾਇਲਾਂ ਵਿੱਚ ਭਾਗ ਲੈਣ ਲਈ ਖਿਡਾਰੀਆਂ-ਖਿਡਾਰਨਾਂ ਨੂੰ ਵਿਭਾਗ ਵੱਲੋਂ ਕੋਈ ਟੀ.ਏ/ਡੀ.ਏ ਨਹੀਂ ਦਿੱਤਾ ਜਾਵੇਗਾ।

# ਫੂਡ ਐਂਡ ਸਪਲਾਈਜ਼ ਰਿਟਾਇਰਡ ਇੰਪਲਾਈਜ਼ ਵੈੱਲਫੇਅਰ ਐਸੋਸੀਏਸ਼ਨ ਦੀ ਕਾਰਜਕਾਰਨੀ ਦਾ ਗਠਨ



**ਸੰਗਰੂਰ (ਪ੍ਰਵੀਨ ਸਿੰਘ)**-ਖੁਰਾਕ ਤੇ ਸਪਲਾਈਜ ਵਿਭਾਗ, ਪੰਜਾਬ ਵਿੱਚੋਂ ਸੇਵਾਮੁਕਤ ਹੋਏ ਅਧਿਕਾਰੀਆਂ ਤੇ ਕ੍ਰਮਚਾਰੀਆਂ ਦੀ ਸੰਸਥਾ ਫੂਡ ਐਂਡ ਸਪਲਾਈਜ ਰਿਟਾਇਰਡ ਇੰਪਲਾਈਜ਼ ਵੈਲਫੇਅਰ ਐਸੋਸੀਏਸ਼ਨ ਦੀ ਪਿਛਲੇ ਦਿਨੀਂ ਹੋਈ ਚੋਣ ਵਿੱਚ ਸਰਬਸੰਮਤੀ ਨਾਲ ਸ਼੍ਰੀ ਜਗਦੇਵ ਸਿੰਘ ਖੰਡੇਵਾਲ ਨੂੰ ਅਗਲੇ 2 ਸਾਲਾਂ ਲਈ ਪ੍ਰਧਾਨ ਚੁਣਿਆ ਗਿਆ ਸੀ ਤੇ ਬਾਕੀ ਦੀ ਕਾਰਜਕਾਰੀ ਬਣਾਉਣ ਦੇ ਅਧਿਕਾਰ ਹਾਊਸ ਵੱਲੋਂ ਉਨ੍ਹਾਂ ਨੂੰ ਦੇ ਦਿੱਤੇ ਗਏ ਸਨ।

ਪ੍ਰਧਾਨ ਜਗਦੇਵ ਸਿੰਘ ਖੰਡੇਵਾਲ ਵੱਲੋਂ ਨਵੀਂ ਕਾਰਜਕਾਰੀ ਦਾ ਐਲਾਨ ਕੀਤਾ ਗਿਆ ਹੈ, ਜਿਸ ਦੀ ਜਾਣਕਾਰੀ ਦਿੰਦੇ ਹੋਏ ਐਸੋਸੀਏਸ਼ਨ ਦੇ ਨਵੇਂ ਚੁਣੇ ਜਨਰਲ ਸਕੱਤਰ ਸ਼੍ਰੀ ਰਾਜ ਕੁਮਾਰ ਅਰੋੜਾ ਨੇ ਦੱਸਿਆ ਕਿ ਇਸ ਐਸੋਸੀਏਸ਼ਨ ਦੇ ਵਿੱਚ ਸਰਪ੍ਰਸਤ ਪ੍ਰੇਮ ਸਾਗਰ ਬਾਂਸਲ, ਗੁਰਜੰਟ ਸਿੰਘ ਗਿੱਲ, ਨਰਿੰਦਰ ਸਿੰਘ, ਸੀਨੀਅਰ ਮੀਤ ਪ੍ਰਧਾਨ ਕੌਸ਼ਲ ਰਾਓ ਸਿੰਗਲਾ, ਵਾਈਸ ਪ੍ਰਧਾਨ ਰਾਮ ਗੋਪਾਲ ਸ਼ਰਮਾ, ਆਰ.ਕੇ.ਸਿੰਗਲਾ, ਸ਼ਿੰਦਰਪਾਲ ਅਸ਼ਟਾ, ਦਰਸ਼ਨ ਸਿੰਘ ਟਿਵਾਣਾ, ਪ੍ਰੀਤਮ ਸਿੰਘ ਚੌਂਦਾ, ਸਤਿੰਦਰਪਾਲ ਸਿੰਘ, ਸ਼੍ਰੀਮਤੀ ਸੀਤਾ ਦੇਵੀ, ਤਰਨਜੀਤ ਸਿੰਘ, ਚੌਧਰੀ ਭੁਪਿੰਦਰ ਸਿੰਘ, ਜੁਆਇੰਟ ਸਕੱਤਰ ਸ਼੍ਰੀ ਲਾਲ ਚੰਦ ਸੈਣੀ, ਹਰਦੇਵ ਸਿੰਘ ਰਾਠੀ, ਪ੍ਰੀਤਮ ਸਿੰਘ ਮਹਿਤੋ, ਹਰਮੇਲ ਸਿੰਘ ਸੁਨਾਮ, ਖ਼ਜ਼ਾਨਚੀ ਪ੍ਰੇਮ ਚੰਦ, ਸਹਾਇਕ ਖਜ਼ਾਨਚੀ ਪਿਆਰਾ ਸਿੰਘ, ਸੱਤਪਾਲ ਧੀਰ, ਸੱਤਪਾਲ ਸਹਿਗਲ, ਮੁੱਖ ਸਲਾਹਕਾਰ ਮਾਨ ਸਿੰਘ ਮਲੇਰਕੋਟਲਾ, ਸਲਾਹਕਾਰ ਆਰ.ਐਸ.ਮਦਾਨ, ਕੇ.ਐਨ.ਸਿੰਗਲਾ, ਸਰਬਜੀਤ ਸਿੰਘ ਬੱਟੂ, ਜਗੀਰ ਸਿੰਘ, ਤਾਰਾ ਚੰਦ, ਬਲਕਾਰ ਸਿੰਘ, ਸ਼ਿੰਦਰਪਾਲ ਸਿੰਗਲਾ, ਰਣਜੀਤ ਸਿੰਘ ਕੱਟੂ, ਮੇਜਰ ਸਿੰਘ ਬਠਿੰਡਾ, ਬਲਦੇਵ ਸਿੰਘ ਰਤਨ ਅਤੇ ਇਸਦੇ ਨਾਲ ਹੀ ਕਾਰਜਕਾਰੀ ਮੈਂਬਰ ਤੇਜਿੰਦਰ ਸਿੰਘ ਲਾਲੀ, ਚਰਨਜੀਤ ਸਿੰਘ ਕੈਂਥ, ਨਛੱਤਰ ਸਿੰਘ ਪਟਿਆਲਾ, ਰਮੇਸ਼ ਕੁਮਾਰ ਸਿੰਗਲਾ, ਅਸ਼ੋਕ ਕੁਮਾਰ ਬਰਨਾਲਾ, ਸੁਰਜੀਤ ਸਿੰਘ ਧੂਰੀ, ਹਰਮੇਸ਼ ਚੰਦ ਧੂਰੀ, ਕਮਲੇਸ਼ ਰਾਣੀ, ਜਗਦੇਵ ਸਿੰਘ ਪਟਿਆਲਾ, ਪਵਨ ਕੁਮਾਰ ਸ਼ਰਮਾ ਸੁਨਾਮ, ਰਜਿੰਦਰ ਸਿੰਘ ਪਟਿਆਲਾ, ਰਘਵੀਰ ਸਿੰਘ ਸੋਹੀ, ਓਮ ਪ੍ਰਕਾਸ਼ ਖੀਪਲ ਅਤੇ ਮੁਹੰਮਦ ਅਨਵਰ ਬਣਾਏ ਗਏ।

# ਆਦਰਸ਼ ਸਕੂਲ ਮੁਲਾਜ਼ਮ ਯੂਨੀਅਨ ਦੀ ਸਿੱਖਿਆ ਮੰਤਰੀ ਨਾਲ ਹੋਈ ਮੀਟਿੰਗ



**ਮਾਨਸਾ (ਆਤਮਾ ਸਿੰਘ ਪਮਾਰ)** ਆਦਰਸ਼ ਸਕੂਲ ਮੁਲਾਜ਼ਮ ਯੂਨੀਅਨ ਪੰਜਾਬ ਦੀ ਮੀਟਿੰਗ ਪੰਜਾਬ ਦੇ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨਾਲ ਪੰਜਾਬ ਭਵਨ ਚੰਡੀਗੜ੍ਹ ਵਿਖੇ ਹੋਈ ਹੈ। ਜਥੇਬੰਦੀ ਦੇ ਸੂਬਾ ਪ੍ਰਧਾਨ ਮੱਖਣ ਸਿੰਘ ਬੀਰ, ਜਨਰਲ ਸਕੱਤਰ ਸੁਖਬੀਰ ਸਿੰਘ ਪਾਤੜਾਂ ਨੇ ਦੱਸਿਆ ਹੈ ਕਿ ਯੂਨੀਅਨ ਦੀਆਂ ਚਿਰਾਂ ਤੋਂ ਲਟਕਦੀਆਂ ਹੱਕੀ ਤੇ ਜਾਇਜ਼ ਮੰਗਾਂ, ਜਿਸ ਵਿੱਚ ਆਦਰਸ਼ ਸਕੂਲਾਂ ਦੇ ਅਧਿਆਪਕਾਂ, ਦਰਜਾ ਚਾਰ ਮੁਲਾਜ਼ਮਾਂ, ਨਾਨ-ਟੀਚਿੰਗ ਸਮੇਤ ਹੋਰ ਕੇਡਰ ਦੀਆਂ ਸੇਵਾਵਾਂ ਪੱਕੀਆਂ ਕਰਾਉਣ, ਗ੍ਰੇਡ ਪੇਅ ਲਾਗੂ ਕਰਾਉਣ, ਆਦਰਸ਼ ਸਕੂਲਾਂ ਨੂੰ ਸਿੱਖਿਆ ਵਿਭਾਗ ਵਿੱਚ ਮਰਜ ਕਰਾਉਣ, ਸਿਵਲ ਸਰਵਿਸਜ ਰੂਲ ਲਾਗੂ ਕਰਾਉਣ, ਬਦਲੀਆਂ ਦੀ ਵਿਵਸਥਾ ਕਰਨ, ਤਜਰਬੇ ਤੇ ਯੋਗਤਾ ਦੇ ਆਧਾਰ 'ਤੇ ਤਰੱਕੀਆਂ ਲੈਣ ਸਮੇਤ ਤਮਾਮ ਮੰਗਾਂ 'ਤੇ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੇ ਕਿਹਾ ਕਿ ਉਕਤ ਸਾਰੀਆਂ ਮੰਗਾਂ ਦੀ ਤਜਵੀਜ਼ ਸਿੱਖਿਆ ਵਿਭਾਗ ਪੰਜਾਬ ਵੱਲੋਂ ਮੁੱਖ ਮੰਤਰੀ ਭਗਵੰਤ ਮਾਨ ਨੂੰ ਭੇਜ ਦਿੱਤੀ ਗਈ ਹੈ, ਜਿਸ 'ਤੇ ਸਰਕਾਰ ਬਕਾਇਦਾ ਮੀਟਿੰਗ ਕਰਕੇ ਮੋਹਰ ਲਾਏਗੀ।

ਉਨ੍ਹਾਂ ਕਿਹਾ ਕਿ ਸਰਕਾਰ ਨੇ ਸਿੱਖਿਆ ਵਿਕਾਸ ਬੋਰਡ ਦੇ ਨਵੇਂ ਮੈਂਬਰ ਨਿਯੁਕਤ ਕਰ ਦਿੱਤੇ ਹਨ, ਜਿਨ੍ਹਾਂ ਦੀ ਮੀਟਿੰਗ ਵਿੱਚ ਜਥੇਬੰਦੀ ਦੀਆਂ ਸਮੁੱਚੀਆਂ ਮੰਗਾਂ ਪੂਰੀਆਂ ਕੀਤੀਆਂ ਜਾਣਗੀਆਂ। ਆਗੂਆਂ ਨੇ ਕਿਹਾ ਹੈ ਕਿ ਜੇਕਰ ਫਿਰ ਵੀ ਹਕੂਮਤ ਨੇ ਟਾਲ ਮਟੋਲ ਦੀ ਨੀਤੀ ਅਪਨਾਈ ਤਾਂ ਜਥੇਬੰਦੀ ਹੋਰ ਤਿੱਖੇ ਘੋਲਾਂ ਲਈ ਮਜਬੂਰ ਹੋਵੇਗੀ। ਮੀਟਿੰਗ ਵਿੱਚ ਹੋਰਨਾਂ ਆਗੂਆਂ ਤੋਂ ਇਲਾਵਾ ਜਥੇਬੰਦੀ ਦੇ ਸਕੱਤਰ ਜਨਰਲ ਸੁਖਦੀਪ ਕੌਰ ਸਰਾਂ, ਮੀਤ ਪ੍ਰਧਾਨ ਵਿਸਾਲ ਭਠੇਜਾ, ਸੀਨੀਅਰ ਮੀਤ ਪ੍ਰਧਾਨ ਜਸਵੀਰ ਗਲੋਟੀ, ਮੀਡੀਆ ਸੈਕਟਰੀ ਮੁਹੰਮਦ ਸਲੀਮ, ਸੂਬਾ ਕਮੇਟੀ ਮੈਂਬਰ ਮੈਡਮ ਮੀਨੂੰ ਬਾਲਾ ਤੇ ਮੈਡਮ ਓਮਾ ਮਾਧਵੀ ਆਦਿ ਸਰਗਰਮ ਆਗੂ ਵੀ ਹਾਜ਼ਰ ਸਨ।

# ਡੀ.ਸੀ. ਨੇ ਪੀ.ਐਮ ਸੂਰਜ ਪੋਰਟਲ ਦੇ ਪ੍ਰੋਗਰਾਮ ਦੀਆਂ ਤਿਆਰੀਆਂ ਦਾ ਲਿਆ ਜਾਇਜ਼ਾ

**ਫਿਰੋਜ਼ਪੁਰ (ਗੁਰਬਚਨ ਸਿੰਘ ਸੋਨੂੰ)** 13 ਮਾਰਚ ਨੂੰ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਵੱਲੋਂ ਪੀ.ਐਮ ਸੂਰਜ ਪੋਰਟਲ ਜਾਰੀ ਕੀਤਾ ਜਾਵੇਗਾ, ਜਿਸ ਦਾ ਵਰਚੂਅਲ ਪ੍ਰੋਗਰਾਮ ਜੈਨਸਿਸ ਡੈਂਟਲ ਕਾਲਜ ਵਿਖੇ ਆਯੋਜਤ ਕੀਤਾ ਜਾਵੇਗਾ। ਇਸ ਪ੍ਰੋਗਰਾਮ ਵਿੱਚ ਪੰਜਾਬ ਦੇ ਗਵਰਨਰ ਸ੍ਰੀ ਬਨਵਾਰੀ ਲਾਲ ਪੁਰੋਹਿਤ ਵਿਸ਼ੇਸ਼ ਤੌਰ 'ਤੇ ਪਹੁੰਚਣਗੇ।ਡਿਪਟੀ ਕਮਿਸ਼ਨਰ ਸ੍ਰੀ ਰਾਜੇਸ਼ ਧੀਮਾਨ ਨੇ ਪ੍ਰੋਗਰਾਮ ਦੀਆਂ ਤਿਆਰੀਆਂ ਦਾ ਜਾਇਜ਼ਾ ਲੈਣ ਮੌਕੇ ਦਿੱਤੀ।ਇਸ ਮੌਕੇ ਐਸ.ਐਸ.ਪੀ ਸੋਮਿਆ ਮਿਸ਼ਰਾ ਵੀ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਦੇਸ਼ ਦੇ ਉਭਰਦੇ ਉੱਦਮੀਆਂ ਨੂੰ ਕਰੈਡਿਟ ਸਪੋਰਟ ਦੇਣ ਦੇ ਮਕਸਦ ਨਾਲ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਵੱਲੋਂ ਪੀ.ਐਮ ਸੂਰਜ ਪੋਰਟਲ ਜਾਰੀ ਕੀਤਾ ਜਾ ਰਿਹਾ ਹੈ, ਜਿਸ ਤਹਿਤ ਉੱਦਮੀਆਂ ਨੂੰ ਰਿਆਤੀ ਵਿਆਜ ਦਰਾਂ 'ਤੇ (3.5% ਤੋਂ 9%) ਕਰਜ਼ਾ ਮੁਹੱਈਆ ਕਰਾਇਆ ਜਾਵੇਗਾ।ਇਸ ਤੋਂ ਇਲਾਵਾ ਵਰਚੂਅਲ ਪ੍ਰੋਗਰਾਮ ਰਾਹੀਂ ਸਫ਼ਾਈ ਸੇਵਕਾਂ ਨੂੰ ਆਯੁਸ਼ਮਾਨ ਹੈਲਥ ਕਾਰਡ ਵੀ ਵੰਡੇ ਜਾਣੇ ਹਨ ਤੇ ਉਨ੍ਹਾਂ ਨੂੰ ਪੀ.ਪੀ.ਈ ਕਿੱਟਾਂ ਵੀ ਮੁਹੱਈਆ ਕਰਾਈਆਂ ਜਾਣੀਆਂ ਹਨ।ਉਨ੍ਹਾਂ ਦੱਸਿਆ ਕਿ ਇਨ੍ਹਾਂ ਸਕੀਮਾਂ ਦਾ ਜ਼ਿਆਦਾ ਲਾਭ ਦੇਸ਼ ਵਿੱਚ ਅਨੁਸੂਚਿਤ ਜਾਤੀਆਂ, ਪੱਛੜੀਆਂ ਜਾਤੀਆਂ ਆਦਿ ਨੂੰ ਦਿੱਤਾ ਜਾਵੇਗਾ।ਪ੍ਰੋਗਰਾਮ ਤਹਿਤ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਵੱਖ ਵੱਖ ਜ਼ਿਲ੍ਹਿਆਂ ਦੇ ਪੁਰਾਣੇ ਤੇ ਨਵੇਂ ਲਾਭਪਾਤਰੀਆਂ ਨਾਲ ਵਰਚੂਅਲ ਗੱਲਬਾਤ ਵੀ ਕਰਨਗੇ। ਇਸ ਦੌਰਾਨ ਉਨ੍ਹਾਂ ਸਬੰਧਿਤ ਅਧਿਕਾਰੀਆਂ ਨੂੰ ਪ੍ਰੋਗਰਾਮ ਦੀਆਂ ਤਿਆਰੀਆਂ ਪੂਰੀਆਂ ਕਰ ਲੈਣ ਤੇ ਸਬੰਧਤ ਵਿਭਾਗਾਂ ਦੇ ਲਾਭਪਾਤਰੀਆਂ ਨੂੰ ਇਸ ਸਬੰਧੀ ਜਾਣੂ ਕਰਾਉਣ ਲਈ ਵੀ ਆਖਿਆ।

## 'ਆਪ' ਨੇ ਬਦਲਾਅ ਦੇ ਨਾਂਅ ਹੇਠ ਹਰੇਕ ਵਰਗ ਨੂੰ ਮੂਰਖ ਬਣਾਇਆ : ਇੰਦਰਜੀਤ ਘਨੌਰੀ

**ਧੂਰੀ, (ਰਾਜੇਸ਼ਵਰ ਪਿੰਟੂ, ਬਿੰਨੀ ਗਰਗ)**-ਸ਼੍ਰੋਮਣੀ ਅਕਾਲੀ ਦਲ ਦੇ ਜ਼ਿਲ੍ਹਾ ਸੀਨੀਅਰ ਮੀਤ ਪ੍ਰਧਾਨ ਅਤੇ ਮਾਰਕਿਟ ਕਮੇਟੀ ਸ਼ੇਰਪੁਰ ਦੇ ਸਾਬਕਾ ਚੇਅਰਮੈਨ ਇੰਦਰਜੀਤ ਸਿੰਘ ਘਨੌਰੀ ਨੇ ਸੱਦਾ ਦਿੱਤਾ ਕਿ ਉਹ ਆਪਣੀਆਂ ਸੰਸਦੀ ਚੋਣਾਂ ਦੌਰਾਨ ਸਾਰੀਆਂ 13 ਲੋਕ ਸਭਾ ਸੀਟਾਂ 'ਤੇ ਆਪਣੀ ਖੇਤਰੀ ਪਾਰਟੀ ਵਿੱਚ ਵਿਸ਼ਵਾਸ ਪ੍ਰਗਟ ਕਰਨ। ਉਨ੍ਹਾਂ ਕਿਹਾ ਕਿ ਪੰਜਾਬ ਦੇ ਲੋਕਾ ਨੇ ਭ੍ਰਿਸ਼ਟ, ਸਿੱਖ ਵਿਰੋਧੀ ਤੇ ਪੰਜਾਬੀ ਵਿਰੋਧੀ ਆਮ ਆਦਮੀ ਪਾਰਟੀ (ਆਪ) ਸਰਕਾਰ ਨੂੰ ਚੱਲਦਾ ਕਰਨ ਅਤੇ ਅਕਾਲੀ ਦਲ 'ਤੇ ਵਿਸਵਾਸ ਪ੍ਰਗਟ ਕਰਨ ਦਾ ਫੈਸਲਾ ਕੀਤਾ ਹੈ, ਕਿਉਂਕਿ ਇਸ ਪਾਰਟੀ ਦਾ ਤੇਜ਼ ਰਫ਼ਤਾਰ ਵਿਕਾਸ, ਸ਼ਾਂਤੀ ਤੇ ਸਭ ਲਈ ਖੁਸ਼ਹਾਲੀ ਪ੍ਰਦਾਨ ਕਰਨ ਦਾ ਰਿਕਾਰਡ ਰਿਹਾ ਹੈ। ਉਨ੍ਹਾਂ ਮੁੱਖ ਮੰਤਰੀ ਸ੍ਰੀ ਭਗਵੰਤ ਮਾਨ 'ਤੇ ਵੀ ਤਿੱਖਾ ਸ਼ਬਦੀ ਹਮਲਾ ਬੋਲਿਆ ਤੇ ਕਿਹਾ ਕਿ ਹਰੇਕ ਨੇ ਵੇਖਿਆ ਕਿ ਕਿਵੇਂ ਇਕ ਮੁੱਖ ਮੰਤਰੀ ਵਿਧਾਨ ਸਭਾ ਵਿਚ ਬੁਖਲਾ ਕੇ ਵਿਹਾਰ ਕਰ ਰਿਹਾ ਸੀ। ਉਨ੍ਹਾਂ ਕਿਹਾ ਕਿ ਇਸਨੇ ਬਦਲਾਅ ਦੇ ਨਾਂਅ 'ਤੇ ਹਰੇਕ ਨੂੰ ਮੂਰਖ ਬਣਾਇਆ ਹੈ ਤੇ ਮੁੜ ਅਜਿਹਾ ਨਹੀਂ ਹੋਣ ਦੇਣਾ ਚਾਹੀਦਾ। ਉਨ੍ਹਾਂ ਕਿਹਾ ਕਿ ਅਕਾਲੀ ਦਲ ਨੇ ਪਹਿਲਾਂ ਹੀ 'ਆਪ' ਦੇ ਝੂਠ ਨੂੰ ਬੇਨਕਾਬ ਕੀਤਾ ਹੈ, ਭਾਵੇਂ ਇਹ ਔਰਤਾਂ ਨੂੰ ਕੀਤੇ ਵਾਅਦੇ ਅਨੁਸਾਰ ਬੀਤੇ ਦੋ ਸਾਲਾਂ ਤੋਂ ਇਕ-ਇਕ ਹਜ਼ਾਰ ਰੁਪਏ ਪ੍ਰਤੀ ਮਹੀਨਾ ਨਾ ਦੇਣ ਦਾ ਮਾਮਲਾ ਹੋਵੇ ਜਾਂ ਫਿਰ ਨੌਜਵਾਨਾਂ ਨੂੰ ਨੌਕਰੀਆਂ ਨਾ ਦੇਣ ਦਾ ਮਾਮਲਾ ਹੋਵੇ।

# ਸੂਬੇ 'ਚ ਹੁਣ ਹੈ ਆਮ ਲੋਕਾਂ ਦੀ ਸਰਕਾਰ : ਚੱਠਾ

**ਧੂਰੀ, (ਰਾਜੇਸ਼ਵਰ ਪਿੰਟੂ, ਬਿੰਨੀ ਗਰਗ)**-ਪੰਜਾਬ ਕੰਨਟੇਨਰ ਐਂਡ ਵੇਅਰ ਹਾਊਸਿੰਗ ਦੇ ਹਾਲ ਹੀ ਦੌਰਾਨ ਨਵਨਿਯੁਕਤ ਚੇਅਰਮੈਨ ਸਤਿੰਦਰ ਸਿੰਘ ਚੱਠਾ ਨੇ ਕਿਹਾ ਕਿ ਪਿਛਲੀਆਂ ਸਰਕਾਰਾਂ ਦੌਰਾਨ ਸੂਬੇ ਦੇ ਲੋਕ ਸਫਲ ਹੋਣ ਤੋਂ ਖੌਫ ਖਾਂਦੇ ਸਨ, ਕਿਉਂਕਿ ਸਿਆਸੀ ਲੀਡਰ ਉਨ੍ਹਾਂ ਦੇ ਕਾਰੋਬਾਰ ਵਿੱਚ ਜਬਰੀ ਹਿੱਸਾ ਪਾ ਲੈਂਦੇ ਸਨ। ਉਨ੍ਹਾਂ ਕਿਹਾ ਕਿ ਇਨ੍ਹਾਂ ਆਗੂਆਂ ਨੇ ਲੋਕਾਂ ਨੂੰ ਲੁੱਟਿਆ ਤੇ ਇਨ੍ਹਾਂ ਦੇ ਹੱਥ ਪੰਜਾਬ ਤੇ ਪੰਜਾਬੀਆਂ ਦੇ ਖੂਨ ਨਾਲ ਰੰਗੇ ਹੋਏ ਹਨ, ਪਰ ਪੰਜਾਬ ਵਿੱਚ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਸਰਕਾਰ ਹੁਣ ਸੂਬੇ ਵਿੱਚ ਆਮ ਲੋਕਾਂ ਦੀ ਸਰਕਾਰ ਹੈ, ਜੋ ਹਰ ਵਿਅਕਤੀ ਨੂੰ ਜ਼ਿੰਦਗੀ ਵਿੱਚ ਕਾਮਯਾਬ ਹੋਣ ਦਾ ਮੌਕਾ ਦੇ ਰਹੀ ਹੈ।

ਉਨ੍ਹਾਂ ਕਿਹਾ ਕਿ ਸੱਤਾ ਤੋਂ ਨਕਾਰੇ ਲੋਕਾਂ ਨੂੰ ਇਹ ਹਜ਼ਮ ਨਹੀਂ ਹੋ ਰਿਹਾ ਕਿ ਇੱਕ ਆਮ ਆਦਮੀ ਸੂਬੇ ਦਾ ਸਾਸ਼ਨ ਸ਼ਾਨਦਾਰ ਢੰਗ ਨਾਲ ਕਿਉਂ ਚਲਾ ਰਿਹਾ ਹੈ। ਉਨ੍ਹਾਂ ਕਿਹਾ ਕਿ ਇਹ ਆਗੂ ਲੰਮੇ ਸਮੇਂ ਤੋਂ ਲੋਕਾਂ ਨੂੰ ਮੂਰਖ ਬਣਾ ਰਹੇ ਹਨ, ਪਰ ਹੁਣ ਲੋਕ ਇਨ੍ਹਾਂ ਦੇ ਭੰਡੀ ਪ੍ਰਚਾਰ ਵਿੱਚ ਨਹੀਂ ਆਉਣਗੇ।

ਉਨ੍ਹਾਂ ਕਿਹਾ ਕਿ ਸਰਕਾਰੀ ਖ਼ਜ਼ਾਨੇ ਵਿੱਚੋਂ ਇੱਕ-ਇੱਕ ਪੈਸਾ ਲੋਕਾਂ ਦੀ ਭਲਾਈ ਲਈ ਖਰਚਿਆ ਜਾ ਰਿਹਾ ਹੈ। ਉਨ੍ਹਾਂ ਲੋਕਾਂ ਨੂੰ ਸੱਦਾ ਦਿੱਤਾ ਕਿ ਉਹ ਸਾਰੀਆਂ 13 ਲੋਕ ਸਭਾ ਸੀਟਾਂ 'ਤੇ ਪਾਰਟੀ ਦੀ ਜਿੱਤ ਯਕੀਨੀ ਬਣਾਉਣ ਤਾਂ ਜੁ ਕੇਂਦਰ ਸਰਕਾਰ ਦੀਆਂ ਪੱਖਪਾਤੀ ਨੀਤੀਆਂ ਦਾ ਡਟ ਕੇ ਮੁਕਾਬਲਾ ਕੀਤਾ ਜਾ ਸਕੇ।

# ਮੋਦੀ ਨੇ ਜੋ ਵੀ ਕਿਹਾ, ਉਹ ਕੀਤਾ ਪੂਰਾ : ਗੌਰਵ ਕੱਕੜ

**ਫ਼ਰੀਦਕੋਟ (ਐਲਿਗਜ਼ੈਂਡਰ ਡਿਸੂਜ਼ਾ)** ਭਾਰਤੀ ਜਨਤਾ ਪਾਰਟੀ ਫ਼ਰੀਦਕੋਟ ਤੇ ਗੋਲੇਵਾਲਾ ਮੰਡਲ ਜ਼ਿਲ੍ਹਾ ਫ਼ਰੀਦਕੋਟ ਦੇ ਜ਼ਿਲ੍ਹਾ ਪ੍ਰਧਾਨ ਗੌਰਵ ਕੱਕੜ ਦੀ ਪ੍ਰਧਾਨਗੀ ਹੇਠ ਕੇਂਦਰ ਦੀ ਮੋਦੀ ਸਰਕਾਰ ਵੱਲੋਂ ਨਾਗਰਿਕਤਾ (ਸੋਧ) ਕਾਨੂੰਨ (ਸੀ.ਏ.ਏ.) ਨੂੰ ਲਾਗੂ ਕਰਨ ਦੇ ਕਦਮ ਦੀ ਸ਼ਲਾਘਾ ਕੀਤੀ ਤੇ ਮੋਦੀ ਸਰਕਾਰ ਨੂੰ ਵਧਾਈ ਦਿੱਤੀ।

ਇਸ ਮੌਕੇ ਗੌਰਵ ਕੱਕੜ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਵਾਲੀ ਸਰਕਾਰ ਨੇ ਆਪਣਾ ਵਾਅਦਾ ਨਿਭਾਇਆ ਹੈ।ਉਨ੍ਹਾਂ ਕਿਹਾ ਕਿ ਮੋਦੀ ਜੋ ਵੀ ਕਹਿੰਦੇ ਹਨ, ਉਹ ਡੰਕੇ ਦੀ ਚੋਟ 'ਤੇ ਪੂਰਾ ਕਰਦੇ ਹਨ, ਇਹ ਮੋਦੀ ਦੀ ਗਾਰੰਟੀ ਹੈ। ਭਾਜਪਾ ਦੇ ਸਾਬਕਾ ਜ਼ਿਲ੍ਹਾ ਪ੍ਰਧਾਨ ਗਗਨਦੀਪ ਸੁਖੀਜਾ ਨੇ ਕਿਹਾ ਕਿ ਇਸ ਨਾਲ ਪਾਕਿਸਤਾਨ, ਬੰਗਲਾਦੇਸ਼ ਤੇ ਅਫ਼ਗਾਨਿਸਤਾਨ ਵਿੱਚ ਧਰਮ ਦੇ ਆਧਾਰ 'ਤੇ ਸਤਾਏ ਸ਼ਰਨਾਰਥੀਆਂ ਲਈ ਭਾਰਤੀ ਨਾਗਰਿਕਤਾ ਪ੍ਰਾਪਤ ਕਰਨ ਦਾ ਰਾਹ ਪੱਧਰਾ ਹੋਇਆ ਹੈ।ਮੋਦੀ ਦੀ ਗਾਰੰਟੀ ਰੰਗ ਲਿਆਈ ਹੈ।ਜ਼ਿਲ੍ਹਾ ਮੀਡੀਆ ਇੰਚਾਰਜ ਰਾਕੇਸ਼ ਸ਼ਰਮਾ ਨੇ ਨਾਗਰਿਕਤਾ ਸੋਧ ਕਾਨੂੰਨ (ਸੀ.ਏ.ਏ) ਨੂੰ ਲਾਗੂ ਕਰਨਾ ਇੱਕ ਇਤਿਹਾਸਕ ਫ਼ੈਸਲਾ ਦੱਸਦਿਆਂ ਕਿਹਾ ਕਿ ਇਸ ਕਾਨੂੰਨ ਨਾਲ ਤਿੰਨ ਗੁਆਂਢੀ ਦੇਸ਼ਾਂ ਦੇ ਸਤਾਏ ਘੱਟ-ਗਿਣਤੀਆਂ ਨੂੰ ਰਾਹਤ ਮਿਲੇਗੀ, ਜੋ ਭਾਰਤੀ ਨਾਗਰਿਕਤਾ ਚਾਹੁੰਦੇ ਹਨ।

# ਜਮਹੂਰੀ ਕਿਸਾਨ ਸਭਾ ਦਾ ਜੱਥਾ ਦਿੱਲੀ ਲਈ ਹੋਇਆ ਰਵਾਨਾ

**ਲੁਧਿਆਣਾ (ਐਮ.ਐਸ.ਭਾਟੀਆ)** ਦਿੱਲੀ ਦੇ ਰਾਮਲੀਲਾ ਗਰਾਊਂਡ ਵਿੱਚ ਸੰਯੁਕਤ ਕਿਸਾਨ ਮੋਰਚੇ ਵੱਲੋਂ ਕੀਤੀ ਜਾ ਰਹੀ ਕਿਸਾਨਾਂ ਦੀ ਮਹਾਂਪੰਚਾਇਤ ਵਿੱਚ ਸ਼ਾਮਲ ਹੋਣ ਲਈ ਜਮਹੂਰੀ ਕਿਸਾਨ ਸਭਾ ਪੰਜਾਬ ਜ਼ਿਲ੍ਹਾ ਲੁਧਿਆਣਾ ਦਾ ਜੱਥਾ ਜ਼ਿਲ੍ਹਾ ਪ੍ਰਧਾਨ ਬਲਰਾਜ ਸਿੰਘ ਕੋਟਉਮਰਾ ਦੀ ਅਗਵਾਈ ਹੇਠ ਰੇਲਵੇ ਸਟੇਸ਼ਨ ਲੁਧਿਆਣਾ ਤੋਂ ਰਵਾਨਾ ਹੋ ਗਿਆ। ਸੂਬਾਈ ਆਗੂਆਂ ਜਗਤਾਰ ਸਿੰਘ ਚਕੋਹੀ, ਗੁਰਮੇਲ ਸਿੰਘ ਰੂਮੀ, ਸੁਖਵਿੰਦਰ ਸਿੰਘ ਰਤਨਗੜ੍ਹ, ਰਾਜਵੀਰ ਸਿੰਘ ਕਿਲ੍ਹਾ ਰਾਏਪੁਰ, ਗੁਰਉਪਦੇਸ਼ ਸਿੰਘ ਘੁੰਗਰਾਣਾ, ਸੁਰਜੀਤ ਸਿੰਘ ਸੀਲੋ ਨੇ ਆਖਿਆ ਕਿ ਕੇਂਦਰ ਦੀ ਭਾਜਪਾ ਸਰਕਾਰ ਕਿਸਾਨਾਂ ਦੀਆਂ ਮੰਨੀਆਂ ਮੰਗਾਂ ਲਾਗੂ ਕਰਨ ਤੋਂ ਮੁੱਕਰ ਗਈ ਹੈ। ਉਲਟਾ ਉਹ ਲੁਟੇਰੇ ਕਾਰਪੋਰੇਟਾਂ ਦੇ ਪੱਖ ਦੀਆਂ ਨੀਤੀਆਂ ਨੂੰ ਤੇਜ਼ੀ ਨਾਲ ਲਾਗੂ ਕਰ ਰਹੀ ਹੈ, ਜਿਸ ਕਾਰਨ ਮਜਬੂਰੀ ਵੱਸ ਕਿਰਤੀ ਕਿਸਾਨਾਂ ਨੂੰ ਸੰਘਰਸ਼ ਕਰਨਾ ਪੈ ਰਿਹਾ ਹੈ।ਉਨ੍ਹਾਂ ਕਿਹਾ ਕਿ ਜੇ ਸਰਕਾਰ ਨੇ ਕਿਸਾਨਾਂ ਦੀਆਂ ਹੱਕੀ ਮੰਗਾਂ ਨਾ ਮੰਨੀਆਂ ਤਾਂ ਉਹ ਆਉਣ ਵਾਲੀਆਂ ਆਮ ਚੋਣਾਂ ਵਿੱਚ ਭਾਜਪਾ ਨੂੰ ਸੱਤਾ ਤੋਂ ਉਤਾਰ ਦੇਣਗੇ।ਉਨ੍ਹਾਂ ਕਿਹਾ ਕਿ ਜ਼ਿਲ੍ਹੇ ਭਰ ਵਿੱਚੋਂ ਕਿਸਾਨਾਂ ਦੇ ਵੱਡੇ ਜੱਥੇ ਦਿੱਲੀ ਦੇ ਇਕੱਠ ਵਿੱਚ ਸ਼ਾਮਲ ਹੋਣ ਲਈ ਰਵਾਨਾ ਹੋ ਚੁੱਕੇ ਹਨ।

## ਭਾਜਪਾ ਹੀ ਪੰਜਾਬ ਨੂੰ ਮੌਕਾਪ੍ਰਸਤ ਗਠਜੋੜ ਤੋਂ ਬਚਾਉਣ ਦੇ ਸਮਰੱਥ : ਪ੍ਰਦੀਪ ਗਰਗ

**ਧੂਰੀ, (ਰਾਜੇਸ਼ਵਰ ਪਿੰਟੂ, ਬਿੰਨੀ ਗਰਗ)** ਪੰਜਾਬ ਦਾ ਹਰ ਵਰਗ ਸੱਤਾਧਾਰੀ 'ਆਪ' ਤੇ ਕਾਂਗਰਸ ਦੇ ਬੇਸ਼ਰਮ ਗਠਜੋੜ ਤੋਂ ਨਿਰਾਸ਼ ਹੈ ਅਤੇ ਉਹ ਚੋਣ ਜ਼ਾਬਤੇ ਦੇ ਐਲਾਨ ਦਾ ਇੰਤਜ਼ਾਰ ਕਰ ਰਹੇ ਹਨ ਤਾਂ ਜੁ ਭਗਵੰਤ ਮਾਨ ਦੀ ਅਗਵਾਈ ਵਾਲੀ ਸਰਕਾਰ ਦੇ ਹੰਕਾਰ ਅਤੇ ਪੰਜਾਬ ਦੀ ਮਾਣ-ਮਰਿਆਦਾ ਤੇ ਖੁਦਮੁਖਤਿਆਰੀ ਨੂੰ ਢਾਹ ਲਾਉਣ ਦੀਆਂ ਨੀਤੀਆਂ ਅਤੇ ਇਸ ਨੂੰ ਦਿੱਲੀ ਦੇ ਆਕਾਵਾਂ ਦੇ ਸਪੁਰਦ ਕਰਨ ਦੀਆਂ ਨੀਤੀਆਂ ਵਿਰੁੱਧ ਖੁੱਲ੍ਹ ਕੇ ਸਾਹਮਣੇ ਆਉਣ।ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਭਾਰਤੀਆ ਜਨਤਾ ਪਾਰਟੀ ਦੇ ਜ਼ਿਲ੍ਹਾ ਜਨਰਲ ਸਕੱਤਰ ਪ੍ਰਦੀਪ ਗਰਗ ਨੇ ਕੀਤਾ। ਉਨ੍ਹਾਂ ਕਿਹਾ ਕਿ ਪੰਜਾਬ ਦੇ ਲੋਕ 'ਆਪ' ਤੇ ਕਾਂਗਰਸ ਦੀ ਇਸ ਨਾਜਾਇਜ਼ ਭਾਈਵਾਲੀ ਨੂੰ ਦੇਖ ਚੁੱਕੇ ਹਨ ਅਤੇ ਉਹ ਲੋਕ ਸਭਾ ਚੋਣਾਂ 'ਚ ਦੋਵਾਂ ਪਾਰਟੀਆਂ ਨੂੰ ਸਬਕ ਸਿਖਾਉਣ ਲਈ ਤਿਆਰ ਹਨ। ਉਨ੍ਹਾਂ ਕਿਹਾ ਕਿ ਭਾਜਪਾ ਹੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਵਿੱਚ ਕੇਂਦਰ ਵਿੱਚ ਸੱਤਾ ਵਿੱਚ ਠੋਸ ਵਾਪਸੀ ਕਰਕੇ ਪੰਜਾਬ ਦੇ ਲੰਮੇ ਸਮੇਂ ਦੇ ਹਿੱਤਾਂ ਦੀ ਰਾਖੀ ਲਈ ਸਭ ਤੋਂ ਅਨੁਕੂਲ ਪਾਰਟੀ ਹੈ। ਉਨ੍ਹਾਂ ਕਿਹਾ ਕਿ ਭਾਰਤ ਨੇ ਪਿਛਲੇ 10 ਸਾਲਾਂ 'ਚ ਤੇਜ਼ੀ ਨਾਲ ਵਿਕਾਸ ਕੀਤਾ ਹੈ ਅਤੇ ਪੂਰੀ ਦੁਨੀਆ ਇਸ ਗਤੀ ਨੂੰ ਅੱਗੇ ਵਧਾਉਣ ਲਈ ਸਾਡੇ ਯਤਨਾਂ 'ਤੇ ਨਜ਼ਰ ਰੱਖ ਰਹੀ ਹੈ।

ਉਨ੍ਹਾਂ ਕਿਹਾ ਕਿ ਭਾਜਪਾ ਸਭ ਤੋਂ ਵੱਧ ਕੁਸ਼ਲਤਾ ਨਾਲ ਕੰਮ ਕਰਦੀ ਹੈ ਅਤੇ ਅਸੀਂ ਹਰ ਮੁੱਦੇ 'ਤੇ 'ਆਪ' ਦੇ ਝੂਠ ਨੂੰ ਬੇਨਕਾਬ ਕਰਨ ਲਈ ਪੂਰੀ ਤਰ੍ਹਾਂ ਤਿਆਰ ਹਾਂ। ਚਾਹੇ ਉਹ ਕਿਸਾਨਾਂ ਦੀਆਂ ਚਿੰਤਾਵਾਂ ਹੋਣ ਜਾਂ ਸਰਕਾਰੀ ਕ੍ਰਮਚਾਰੀਆਂ ਜਾਂ ਉਦਯੋਗਪਤੀਆਂ ਦੀਆਂ ਮੰਗਾਂ।

# ਕਹਾਣੀਕਾਰ ਸੁਖਜੀਤ ਨੂੰ ਸਮਰਪਤ ਸਾਲਾਨਾ ਸਮਾਗਮ 'ਚ ਤਿੰਨ ਲੇਖਕ ਸਨਮਾਨਤ




**ਸਮਰਾਲਾ, (ਸੁਰਜੀਤ ਸਿੰਘ)** ਪੰਜਾਬੀ ਸਭਾ ਰਾਮਪੁਰ ਦਾ 71 ਵਾਂ ਸਾਲਾਨਾ ਸਮਾਗਮ ਸਭਾ ਦੇ ਲਾਇਬ੍ਰੇਰੀ ਹਾਲ ਵਿੱਚ ਪ੍ਰਸਿੱਧ ਸਾਹਿਤਕਾਰ ਮੇਜਰ ਮਾਂਗਟ ਦੀ ਪ੍ਰਧਾਨਗੀ ਵਿੱਚ ਹੋਇਆ। ਸਮਾਗਮ ਵਿੱਚ ਡਾਕਟਰ ਅਮਰਜੀਤ ਕੌਂਕੇ ਵਿਸ਼ੇਸ਼ ਮਹਿਮਾਨ ਦੇ ਤੌਰ 'ਤੇ ਸ਼ਾਮਲ ਹੋਏ। ਪ੍ਰਧਾਨਗੀ ਮੰਡਲ ਵਿੱਚ ਉਨ੍ਹਾਂ ਤੋਂ ਇਲਾਵਾ ਸਭਾ ਦੇ ਪ੍ਰਧਾਨ ਅਨਿਲ ਫ਼ਤਿਹਗੜ੍ਹ ਜੱਟਾਂ, ਸਭਾ ਦੇ ਸਰਪ੍ਰਸਤ ਸੁਰਿੰਦਰ ਰਾਮਪੁਰੀ, ਕਹਾਣੀਕਾਰ ਗੁਰਦਿਆਲ ਦਲਾਲ, ਸਾਹਿਤ ਅਕਾਦਮੀ ਦੇ ਨਵੇਂ ਚੁਣੇ ਗਏ ਜਨਰਲ ਸਕੱਤਰ ਸ੍ਰੀ ਗੁਲਜ਼ਾਰ ਪੰਧੇਰ ਤੇ ਤਜਿੰਦਰ ਚੰਡੋਹੱਕ ਸ਼ਾਮਲ ਹੋਏ। ਪ੍ਰੋਗਰਾਮ ਵਿੱਚ ਸਭਾ ਵੱਲੋਂ ਤਿੰਨ ਪੁਰਸਕਾਰ ਵੱਖ ਵੱਖ ਸ਼ਖ਼ਸੀਅਤਾਂ ਨੂੰ ਦਿੱਤੇ ਗਏ। ਲਾਭ ਸਿੰਘ ਚਾਤ੍ਰਿਕ ਯਾਦਗਾਰੀ ਪੁਰਸਕਾਰ ਗੀਤਕਾਰ ਕਰਨੈਲ ਸਿੰਘ ਮਾਂਗਟ ਨੂੰ ਦਿੱਤਾ ਗਿਆ। ਇਹ ਪੁਰਸਕਾਰ ਲਾਭ ਸਿੰਘ ਚਾਤ੍ਰਿਕ ਦੇ ਸਪੁੱਤਰ ਅਲਬੇਲ ਸਿੰਘ ਸਾਬਕਾ ਸਰਪੰਚ ਵੱਲੋਂ ਦਿੱਤਾ ਜਾਂਦਾ ਹੈ। ਕਾਮਰੇਡ ਰਣਧੀਰ ਸਿੰਘ ਯਾਦਗਾਰੀ ਪੁਰਸਕਾਰ ਯਤਿੰਦਰ ਕੌਰ ਮਾਹਲ ਨੂੰ ਦਿੱਤਾ ਗਿਆ। ਇਹ ਪੁਰਸਕਾਰ ਕਾਮਰੇਡ ਰਣਧੀਰ ਸਿੰਘ ਮਾਂਗਟ ਦੇ ਸਪੁੱਤਰ ਸੁਖਦੇਵ ਸਿੰਘ ਮਾਂਗਟ ਵਲੋਂ ਪ੍ਰਦਾਨ ਕੀਤਾ ਗਿਆ ਤੇ ਪ੍ਰੋ. ਜੋਗਿੰਦਰ ਸਿੰਘ ਪੁਰਸਕਾਰ ਗ਼ਜ਼ਲਗੋ ਆਤਮਾ ਰਾਮ ਰੰਜਨ ਨੂੰ ਦਿੱਤਾ ਗਿਆ। ਸਭ ਤੋਂ ਪਹਿਲਾਂ ਸਭਾ ਵੱਲੋਂ ਕਹਾਣੀਕਾਰ ਸੁਖਜੀਤ ਦੀ ਯਾਦ ਵਿੱਚ ਦੋ ਮਿੰਟ ਦ ਮੋਨ ਧਾਰਿਆ ਗਿਆ। ਇਸ ਤੋਂ ਬਾਅਦ ਸਭਾ ਦੇ ਪ੍ਰਧਾਨ ਅਨਿਲ ਫ਼ਤਿਹਗੜ੍ਹ ਜੱਟਾਂ ਨੇ ਸਾਰੇ ਮਹਿਮਾਨਾਂ ਦਾ ਸਵਾਗਤ ਕੀਤਾ ਗਿਆ। ਰਾਮ ਸਿੰਘ ਅਲਬੇਲਾ ਨੇ ਇਕ ਖੂਬਸੂਰਤ ਗੀਤ ਨਾਲ ਸਮਾਗਮ ਦੀ ਸ਼ੁਰੂਆਤ ਕੀਤੀ। ਇਸ ਤੋਂ ਬਾਅਦ ਸੁਰਿੰਦਰ ਰਾਮਪੁਰੀ ਵੱਲੋਂ ਸਭਾ ਦੀਆਂ ਪ੍ਰੰਪਰਾਵਾਂ ਤੇ ਇਨਾਮਾਂ ਬਾਰੇ ਜਾਣਕਾਰੀ ਕਰਾਈ ਗਈ।

ਕਰਨੈਲ ਸਿੰਘ ਮਾਂਗਟ ਦਾ ਸਨਮਾਨ ਪੱਤਰ ਸਭਾ ਦੀ ਸਕੱਤਰ ਨੀਤੂ ਰਾਮਪੁਰ ਵੱਲੋਂ, ਯਤਿੰਦਰ ਕੌਰ ਮਾਹਲ ਦਾ ਸਨਮਾਨ ਪੱਤਰ ਸਿਮਰਨ ਰਾਮਪੁਰ ਵੱਲੋਂ ਤੇ ਆਤਮਾ ਰਾਮ ਰੰਜਨ ਦਾ ਸਨਮਾਨ ਪੱਤਰ ਦੀਪ ਦਿਲਬਰ ਵੱਲੋਂ ਪੜ੍ਹਿਆ ਗਿਆ। ਆਪਣੇ ਸਨਮਾਨ ਤੇ ਤਿੰਨੇ ਸਹਿਤਕਾਰਾਂ ਨੇ ਸਭਾ ਦਾ ਧੰਨਵਾਦ ਕੀਤਾ ਤੇ ਸਭਾ ਨਾਲ ਜੁੜੇ ਆਪਣੇ ਪ੍ਰਭਾਵਾਂ ਦੀ ਗੱਲ ਕੀਤੀ। ਸਨਮਾਨਾਂ ਤੋਂ ਬਾਅਦ ਪਰਵਾਸੀ ਲੇਖਕ ਬੰਟੀ ਉੱਪਲ ਦਾ ਗ਼ਜ਼ਲ ਸੰਗ੍ਰਿਹ 'ਪਾਗ਼ਲ ਕੀਤਾ ਹੋਇਆ ਏ' ਅਤੇ ਮੇਜਰ ਮਾਂਗਟ ਦਾ ਸੱਤਵਾਂ ਕਹਾਣੀ ਸੰਗ੍ਰਿਹ 'ਬਲੈਕ ਆਈਸ' ਨੂੰ ਲੋਕ-ਅਰਪਣ ਕੀਤਾ ਗਿਆ।

ਬੰਟੀ ਉੱਪਲ ਨੇ ਕਿਹਾ ਕਿ ਉਨ੍ਹਾਂ ਦੀ ਕਿਤਾਬ ਨੂੰ ਪੰਜਾਬੀ ਲਿਖਾਰੀ ਸਭਾ ਰਾਮਪੁਰ ਵੱਲੋਂ ਲੋਕ ਅਰਪਣ ਕਰਨਾ ਉਨ੍ਹਾਂ ਲਈ ਮਾਣ ਵਾਲੀ ਗੱਲ ਹੈ। ਇਸ ਮੌਕੇ ਉਨ੍ਹਾਂ ਆਪਣੀਆਂ ਕੁਝ ਰਚਨਾਵਾਂ ਨੂੰ ਵੀ ਸਾਂਝਾ ਕੀਤਾ। ਦੋਨਾਂ ਕਿਤਾਬਾਂ ਬਾਰੇ ਜਾਣ-ਪੁਛਾਣ ਸੁਰਿੰਦਰ ਰਾਮਪੁਰੀ ਵੱਲੋਂ ਕਰਾਈ ਗਈ। ਇਸ ਮੌਕੇ ਤੇਜਿੰਦਰ ਚੰਡੋਕ ਤੇ ਅਮਰਜੀਤ ਕੌਂਕੇ ਵੱਲੋਂ ਵੀ ਸਭਾ ਨਾਲ ਆਪਣੀਆਂ ਯਾਦਾਂ ਨੂੰ ਤਾਜ਼ਾ ਕੀਤਾ ਗਿਆ। ਉਨ੍ਹਾਂ ਸਭਾ ਦੀਆਂ ਪ੍ਰੰਪਰਾਵਾਂ ਦੀ ਸ਼ਲਾਘਾ ਕੀਤੀ ਗਈ।

ਪ੍ਰਧਾਨਗੀ ਭਾਸ਼ਣ ਵਿੱਚ ਮੇਜਰ ਮਾਂਗਟ ਨੇ ਕਿਹਾ ਕੇ ਉਨ੍ਹਾਂ ਦੇ ਲੇਖਕ ਬਣਨ ਵਿੱਚ ਰਾਮਪੁਰ ਸਭਾ ਦਾ ਬਹੁਤ ਵੱਡਾ ਹੱਥ ਹੈ। ਉਨ੍ਹਾਂ ਨੇ ਵਿੱਛੜ ਚੁੱਕੇ ਲੇਖਕ ਸੁਖਜੀਤ ਨਾਲ ਯਾਦਾਂ ਨੂੰ ਤਾਜ਼ਾ ਕੀਤਾ। ਸਮਾਗਮ ਪਹਿਲੇ ਸੈਸ਼ਨ ਦੇ ਅੰਤ ਤੱਕ ਸਭਾ ਦੇ ਸੀਨੀਅਰ ਮੈਂਬਰ ਗੁਰਦਿਆਲ ਦਲਾਲ ਵੱਲੋਂ ਆਏ ਮਹਿਮਾਨਾਂ ਦਾ ਧੰਨਵਾਦ ਕੀਤਾ ਗਿਆ। ਸਮਾਗਮ ਦੇ ਦੂਜੇ ਹਿੱਸੇ ਵਿੱਚ ਹਾਜ਼ਰ ਕਵੀਆਂ ਦਾ ਕਵੀ ਦਰਬਾਰ ਕੀਤਾ ਗਿਆ। ਅਨਿਲ ਫ਼ਤਿਹਗੜ੍ਹ ਜੱਟਾਂ ਦੀ ਪ੍ਰਧਾਨਗੀ ਵਿੱਚ ਹੋਏ ਇਸ ਕਵੀ ਦਰਬਾਰ ਵਿੱਚ ਪ੍ਰਧਾਨਗੀ ਮੰਡਲ ਵਿੱਚ ਜਸਵੀਰ ਝੱਜ, ਗੁਰਸੇਵਕ ਢਿੱਲੋਂ, ਜਤਿੰਦਰ ਸੰਧੂ, ਮਾਲਵਿੰਦਰ ਸ਼ਾਇਰ, ਤਰਨਜੀਤ ਕੌਰ ਗਰੇਵਾਲ ਤੇ ਕਰਨੈਲ ਸਿੰਘ ਮਾਂਗਟ ਸ਼ਾਮਲ ਹੋਏ।

ਸਟੇਜ ਸਕੱਤਰ ਦੀ ਭੂਮਿਕਾ ਬਲਵੰਤ ਮਾਂਗਟ ਵੱਲੋਂ ਨਿਭਾਏ ਗਈ। ਇਸ ਪ੍ਰੋਗਰਾਮ ਮੌਕੇ ਬੰਟੀ ਉੱਪਲ ਵੱਲੋਂ ਸਭਾ ਨੂੰ 11000 ਰੁਪਏ ਦੀ ਸਹਾਇਤਾ ਰਾਸ਼ੀ ਭੇਟ ਕੀਤੀ ਗਈ। ਪ੍ਰੋਗਰਾਮ ਵਿੱਚ ਸਪਰੈਡ ਪਬਲੀਕੇਸ਼ਨਜ਼ ਤੇ ਦਿਲਦੀਪ ਪ੍ਰਕਾਸ਼ਨ ਵੱਲੋਂ ਕਿਤਾਬਾਂ ਦੀ ਪ੍ਰਦਰਸ਼ਨੀ ਲਾਈ ਗਈ।

# ਪੰਜਾਬ ਪੁਲਸ ਮਹਿਲਾ ਮਿੱਤਰ ਵਿਭਾਗ ਨੇ ਸੈਮੀਨਾਰ ਕਰਾਇਆ



**ਸ੍ਰੀ ਹਰਗੋਬਿੰਦਪੁਰ (ਕੌਸ਼ਲ ਪੁਰੀ)** ਡੀਜੀਪੀ ਮੈਡਮ ਮਿਸਿਜ ਗੁਰਪ੍ਰੀਤ ਦਿਓਲ ਦੇ ਦਿਸ਼ਾ-ਨਿਰਦੇਸ਼ਾਂ ਹੇਠ ਪੰਜਾਬ ਪੁਲਸ ਮਹਿਲਾ ਮਿੱਤਰ ਵਿੰਗ ਸ੍ਰੀ ਗੁਰੂ ਹਰਕ੍ਰਿਸ਼ਨ ਪਬਲਿਕ ਸੀਨੀਅਰ ਸਕੂਲ ਵੱਲੋਂ ਸਕੂਲ ਵਿੱਚ ਪਹਿਲੀ ਤੋਂ ਪੰਜਵੀਂ ਕਲਾਸ ਦੇ ਬੱਚਿਆਂ ਲਈ ਇੱਕ ਸੈਮੀਨਾਰ ਲਾਇਆ ਗਿਆ, ਜੋ ਚਾਇਲਡ ਐਂਡ ਵੂਮਨ ਅਗੇਂਸਟ ਕ੍ਰਾਈਮ ਨਾਲ ਸਬੰਧਿਤ ਸੀ।

ਸੈਮੀਨਾਰ ਵਿੱਚ ਪੰਜਾਬ ਪੁਲਸ ਮਹਿਲਾ ਮਿੱਤਰ ਦੇ ਕ੍ਰਮਚਾਰੀਆਂ ਵੱਲੋਂ ਬੱਚਿਆਂ ਨੂੰ ਗੁੱਡ ਟੱਚ ਤੇ ਬੈਡ ਟੱਚ ਬਾਰੇ ਜਾਣੂ ਨੂੰ ਕਰਾਇਆ ਗਿਆ।

ਬੱਚਿਆਂ ਨੂੰ ਇਹ ਵੀ ਜਾਗਰੂਕ ਕਰਾਇਆ ਕਿ ਕਿਸੇ ਵੀ ਬੱਚੇ ਨੇ ਕਿਸੇ ਅਣਜਾਣ ਵਿਅਕਤੀ ਕੋਲੋਂ ਕੋਈ ਚੀਜ਼ ਨਹੀਂ ਲੈਣੀ ਤੇ ਜੇਕਰ ਤੁਹਾਨੂੰ ਕੋਈ ਪ੍ਰੇਸ਼ਾਨ ਕਰਦਾ ਹੈ ਤਾਂ ਤੁਸੀਂ ਇਸ ਬਾਰੇ ਆਪਣੇ ਅਧਿਆਪਕ ਤੇ ਆਪਣੇ ਮਾਤਾ-ਪਿਤਾ ਨੂੰ ਇਤਲਾਹ ਦਿਓ ਤੇ ਤੁਸੀਂ 1098 ਚਾਲਡ ਹੈਲਪਲਾਈਨ ਨੰਬਰ 'ਤੇ ਵੀ ਕਾਲ ਕਰਕੇ ਆਪਣੀ ਸਮੱਸਿਆ ਨੂੰ ਬੇਝਿਜਕ ਦੱਸ ਸਕਦੇ ਹੋ।ਸੈਮੀਨਾਰ ਵਿੱਚ ਪਹਿਲੀ ਤੋਂ ਪੰਜਵੀਂ ਕਲਾਸ ਤੱਕ ਦੇ ਬੱਚੇ ਸਕੂਲ ਦੇ ਪ੍ਰਿੰਸੀਪਲ ਮੈਡਮ ਮਧੂ ਸਾਵਲ ਤੇ ਸਮੂਹ ਸਟਾਫ਼ ਮੈਂਬਰ ਸ਼ਾਮਲ ਸਨ।

# ਜਲਾਲੇਆਣਾ 'ਚ ਲੋੜਵੰਦ ਪਰਵਾਰਾਂ ਨੂੰ ਪੰਜ-ਪੰਜ ਮਰਲੇ ਦੇ ਪਲਾਟ ਦਿੱਤੇ



**ਫ਼ਰੀਦਕੋਟ (ਗੁਰਪ੍ਰੀਤ ਸਿੰਘ ਬੇਦੀ)** ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਪਿੰਡ ਜਲਾਲੇਆਣਾ ਵਿਖੇ ਪੰਜਾਬ ਸਰਕਾਰ ਦੀਆਂ ਲੋਕ ਪੱਖੀ ਨੀਤੀਆਂ ਤੋਂ ਪ੍ਰਭਾਵਤ ਹੋ ਕੇ 'ਆਪ' ਪਰਵਾਰ ਦਾ ਹਿੱਸਾ ਬਣੇ ਮੌਜੂਦਾ ਸਰਪੰਚ ਤੇ ਹੋਰ ਮੋਹਤਬਰਾਂ ਦਾ ਧੰਨਵਾਦ ਕੀਤਾ ਤੇ ਨਾਲ ਹੀ ਪਿੰਡ ਦੇ ਲੋੜਵੰਦ ਪਰਿਵਾਰਾਂ ਨੂੰ ਪੰਜ-ਪੰਜ ਮਰਲਿਆਂ ਦੇ ਪਲਾਟ ਦਿੱਤੇ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਵੱਲੋਂ ਹਰੇਕ ਵਰਗ ਦਾ ਧਿਆਨ ਰੱਖਿਆ ਜਾਂਦਾ ਹੈ ਤੇ ਉਨ੍ਹਾਂ ਦੀਆਂ ਲੋੜਾਂ ਨੂੰ ਮੁੱਖ ਰੱਖ ਕੇ ਪੰਜਾਬ ਸਰਕਾਰ ਹਰੇਕ ਉਹ ਕੰਮ ਕਰ ਰਹੀ ਹੈ, ਜਿਸ ਨਾਲ ਹਰੇਕ ਵਰਗ ਖ਼ੁਸ਼ ਰਹਿ ਸਕੇ। ਉਨ੍ਹਾਂ ਕਿਹਾ ਕਿ ਸ਼ਹਿਰਾਂ ਤੇ ਕਸਬਿਆਂ ਦੇ ਨਾਲ-ਨਾਲ ਪਿੰਡਾਂ ਦੇ ਵਿਕਾਸ ਦਾ ਕੰਮ ਵੀ ਪਹਿਲ ਦੇ ਆਧਾਰ 'ਤੇ ਕੀਤਾ ਜਾ ਰਿਹਾ ਹੈ। ਸਪੀਕਰ ਸੰਧਵਾਂ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਖ਼ੁਦ ਚਾਹੇ ਕਿਸੇ ਵੀ ਹਾਲਾਤ ਵਿੱਚ ਰਹੋ, ਪ੍ਰੰਤੂ ਆਪਣੇ ਬੱਚਿਆਂ ਨੂੰ ਜ਼ਰੂਰ ਪੜ੍ਹਾਓ, ਤਾਂ ਜੁ ਉਹ ਚੰਗੀ ਸਿੱਖਿਆ ਪ੍ਰਾਪਤ ਕਰਕੇ ਆਪਣੇ ਪੈਰਾਂ ਤੇ ਖੜੇ ਹੋ ਸਕਣ। ਉਨ੍ਹਾਂ ਮੁੜ ਦੁਹਰਾਇਆ ਕਿ ਪੰਜਾਬ ਸਰਕਾਰ ਦਾ ਮੁੱਖ ਟੀਚਾ ਲੋਕਾਂ ਨੂੰ ਚੰਗੀਆਂ ਸਿਹਤ ਸੇਵਾਵਾਂ ਅਤੇ ਸਿੱਖਿਆ ਦੇ ਨਾਲ ਖੇਡਾਂ ਵੱਲ ਉਤਸ਼ਾਹਤ ਕਰਨਾ ਹੈ। ਇਸ ਲਈ ਸਰਕਾਰ ਵੱਲੋਂ ਵੀ ਅਨੇਕਾਂ ਸਹੂਲਤਾਂ ਮੁਹੱਈਆ ਕਰਾਈਆਂ ਜਾ ਰਹੀਆਂ ਹਨ। ਉਨ੍ਹਾਂ ਕਿਹਾ ਕਿ ਅੱਜ ਜੋ ਧਨ ਰਾਸ਼ੀ ਵਿੱਦਿਅਕ ਸੰਸਥਾਵਾਂ 'ਤੇ ਖਰਚ ਕੀਤੀ ਜਾ ਰਹੀ ਹੈ। ਉਹ ਪੰਜਾਬ ਸਰਕਾਰ ਦੀ ਇਸ ਵਚਨਬੱਧਤਾ ਦਾ ਸਬੂਤ ਹੈ ਕਿ ਸਰਕਾਰ ਇਨ੍ਹਾਂ ਸੰਸਥਾਵਾਂ ਵੱਲ ਬੜੀ ਸੰਜੀਦਗੀ ਨਾਲ ਧਿਆਨ ਦੇ ਰਹੀ ਹੈ।

# ਅਖੰਡ ਪਾਠਾਂ ਦੀ ਦੂਜੀ ਲੜੀ ਦੇ ਭੋਗ ਪਾ ਕੇ ਤੀਜੀ ਲੜੀ ਆਰੰਭ

**ਬਾਘਾ ਪੁਰਾਣਾ (ਮਨੀ ਸਿੰਗਲਾ)** ਗੁਰਦੁਆਰਾ ਸ਼ਹੀਦ ਬਾਬਾ ਤੇਗਾ ਸਿੰਘ (ਤਪ ਅਸਥਾਨ ਸੱਚ ਖੰਡ ਵਾਸੀ ਸੰਤ ਬਾਬਾ ਨਛੱਤਰ ਸਿੰਘ) ਚੰਦ ਪੁਰਾਣਾ ਵਿਖੇ ਅਸਥਾਨ ਦੇ ਮੁੱਖ ਸੇਵਾਦਾਰ ਸਮਾਜ ਸੇਵੀ ਸੰਤ ਬਾਬਾ ਗੁਰਦੀਪ ਸਿੰਘ ਦੀ ਰਹਿਨੁਮਾਈ ਹੇਠ ਸ਼ਹੀਦੀ ਜੋੜ ਮੇਲਾ ਤੇ ਸੰਤ ਬਾਬਾ ਨਛੱਤਰ ਸਿੰਘ ਜੀ ਦੀ ਮਿੱਠੀ ਯਾਦ ਨੂੰ ਸਮਰਪਤ ਸਾਲਾਨਾ ਸਮਾਗਮ, ਜੋ 17 ਮਾਰਚ ਨੂੰ ਸ਼ਰਧਾ ਅਨੁਸਾਰ ਮਨਾਇਆ ਜਾ ਰਿਹਾ ਹੈ, ਨੂੰ ਸਮਰਪਤ ਸੰਗਤਾਂ ਵਲੋਂ ਪ੍ਰਕਾਸ਼ ਕਰਾਏ ਗਏ 25 ਸ਼੍ਰੀ ਅਖੰਡ ਪਾਠਾਂ ਦੀ ਦੂਜੀ ਲੜੀ ਦੇ ਭੋਗ ਪਾਏ ਗਏ, ਜਿਸਦੇ 14 ਮਾਰਚ ਨੂੰ ਭੋਗ ਪਾਏ ਜਾਣਗੇ। ਉਪਰੰਤ ਤੀਜੀ ਲੜੀ ਦੇ 25 ਸ਼੍ਰੀ ਅਖੰਡ ਪਾਠ ਆਰੰਭ ਕੀਤੇ ਗਏ ਹਨ। ਇਸ ਮੌਕੇ ਵੱਡੀ ਗਿਣਤੀ 'ਚ ਸੰਗਤਾਂ ਸ਼ਹੀਦਾਂ ਦੇ ਅਸਥਾਨ 'ਤੇ ਨਤਮਸਤਕ ਹੋਈਆਂ। ਸੰਤ ਬਾਬਾ ਗੁਰਦੀਪ ਸਿੰਘ ਨੇ ਸੰਬੋਧਨ ਕਰਦਿਆਂ ਪਾਠ ਪ੍ਰਕਾਸ਼ ਕਰਾਉਣ ਵਾਲੇ ਸਮੂਹ ਪਰਿਵਾਰਾਂ ਦਾ ਜਿੱਥੇ ਧੰਨਵਾਦ ਕੀਤਾ, ਉੱਥੇ ਸਮੂਹ ਸੰਗਤਾਂ ਨੂੰ 17 ਮਾਰਚ ਨੂੰ ਮਨਾਏ ਜਾ ਰਹੇ ਸਾਲਾਨਾ ਸ਼ਹੀਦੀ ਜੋੜ ਮੇਲੇ ਤੇ ਹੁੰਮ-ਹੁੰਮਾ ਕੇ ਪਹੁੰਚਣ ਦੀ ਬੇਨਤੀ ਵੀ ਕੀਤੀ। ਨਾਲ ਹੀ ਉਨ੍ਹਾਂ ਦੱਸਿਆ ਕਿ ਇਸ ਦਿਨ ਸੱਚਖੰਡ ਵਾਸੀ ਸੰਤ ਬਾਬਾ ਨਛੱਤਰ ਸਿੰਘ ਦੀ ਯਾਦ ਵਿੱਚ ਵਿਸ਼ਾਲ ਖ਼ੂਨਦਾਨ, ਮੈਡੀਕਲ ਕੈਂਪ ਲੱਗੇਗਾ, ਜਿਸ ਕਿਸੇ ਇਨਸਾਨ ਨੇ ਖ਼ੂਨਦਾਨ ਕਰਨਾ ਹੈ, ਉਹ ਵੀ ਉਚੇਚੇ ਤੌਰ 'ਤੇ ਹਾਜ਼ਰੀਆਂ ਭਰਨ। ਬਾਬਾ ਗੁਰਦੀਪ ਸਿੰਘ ਨੇ ਕਿਹਾ ਕਿ ਲੱਖਾਂ ਦੀ ਗਿਣਤੀ ਵਿੱਚ ਨਤਮਸਤਕ ਹੋ ਰਹੀਆਂ ਸੰਗਤਾਂ ਲਈ ਹਰੇਕ ਪ੍ਰਕਾਰ ਦੇ ਪ੍ਰਬੰਧ ਹਨ, ਰਾਤ ਸਮੇਂ ਠਹਿਰਣ ਦੇ ਵੀ ਪੂਰੇ ਪ੍ਰਬੰਧ ਹਨ, ਵੱਖ-ਵੱਖ ਪਿੰਡਾਂ ਦੀਆਂ ਸੰਗਤਾਂ ਵੱਲੋਂ ਵੱਡੇ ਪੱਧਰ 'ਤੇ ਲੰਗਰ-ਭੰਡਾਰੇ ਅਤੇ ਛਬੀਲਾਂ ਲਾਈਆਂ ਜਾ ਰਹੀਆਂ ਹਨ।



# ਪੰਜਾਬ ਬਚਾਓ ਯਾਤਰਾ 'ਚ ਅਕਾਲੀ ਵਰਕਰਾਂ ਨੇ ਲਿਆ ਹਿੱਸਾ



**ਜਲਾਲਾਬਾਦ, (ਜੀਤ ਕੁਮਾਰ)** : ਸ਼੍ਰੋਮਣੀ ਅਕਾਲੀ ਦਲ (ਬ) ਦੀ ਪੰਜਾਬ ਬਚਾਓ ਯਾਤਰਾ ਜਲਾਲਾਬਾਦ ਪੁੱਜੀ, ਜਿਸ ਵਿੱਚ ਸ਼੍ਰੋਮਣੀ ਅਕਾਲੀ ਦਲ ਦੇ ਪੰਜਾਬ ਪ੍ਰਧਾਨ ਸੁਖਬੀਰ ਸਿੰਘ ਬਾਦਲ ਸਮੇਤ ਵੱਡੀ ਗਿਣਤੀ ਵਿਚ ਅਕਾਲੀ ਨੇਤਾਵਾਂ ਤੇ ਵਰਕਰਾਂ ਨੇ ਹਿੱਸਾ ਲਿਆ। ਇਸ ਯਾਤਰਾ ਦਾ ਸਰਹੱਦੀ ਪੱਟੀ ਦੇ ਲੋਕਾਂ ਨੇ ਸ਼ਾਨਦਾਰ ਸਵਾਗਤ ਕੀਤਾ ਤੇ ਹਜ਼ਾਰਾਂ ਲੋਕ ਸੜਕ ਦੇ ਦੋਵੇਂ ਖੜੇ ਹੋ ਕੇ ਉਨ੍ਹਾਂ ਦੇ ਨਿੱਘੇ ਸਵਾਗਤ ਵਿੱਚ ਜੁਟੇ ਤੇ ਉਨ੍ਹਾਂ ਨਾਲ ਮੁਲਾਕਾਤ ਕਰਦੇ ਰਹੇ, ਜਦੋਂ ਕਿ ਪਾਰਟੀ ਦੇ ਸੈਂਕੜੇ ਆਗੂ ਤੇ ਕਾਰਕੁੰਨ ਪਾਰਟੀ ਪ੍ਰਧਾਨ ਦੇ ਨਾਲ ਯਾਤਰਾ ਵਿੱਚ ਟਰੈਕਟਰ, ਕਾਰਾਂ ਤੇ ਜੀਪਾਂ ਲੈ ਕੇ ਸ਼ਾਮਲ ਹੋਏ।

ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਪੰਜਾਬੀਆਂ ਨੂੰ ਅਪੀਲ ਕੀਤੀ ਕਿ ਆਉਂਦੀਆਂ ਪਾਰਲੀਮਾਨੀ ਚੋਣਾਂ ਵਿੱਚ ਕਾਂਗਰਸ ਤੇ 'ਆਪ' ਉਮੀਦਵਾਰਾਂ ਦੀਆਂ ਜ਼ਮਾਨਤਾਂ ਜ਼ਬਤ ਕਰਵਾ ਕੇ ਦੋਵਾਂ ਪਾਰਟੀਆਂ ਨੂੰ ਕਰਾਰਾ ਸਬਕ ਸਿਖਾਇਆ ਜਾਵੇ। ਸੁਖਬੀਰ ਬਾਦਲ ਨੇ ਹੈਰਾਨੀ ਪ੍ਰਗਟ ਕੀਤੀ ਕਿ ਕਾਂਗਰਸ ਤੇ ਆਪ ਦੋਵਾਂ ਨੇ ਕਿਸ ਤਰੀਕੇ ਨਾਲ ਸਰਹੱਦੀ ਪੱਟੀ ਨੂੰ ਅਣਡਿੱਠ ਕੀਤਾ ਹੈ। ਉਨ੍ਹਾਂ ਕਿਹਾ ਕਿ ਸੂਬੇ ਵਿੱਚ ਅਕਾਲੀ ਦਲ ਦੀ ਸਰਕਾਰ ਬਣਨ 'ਤੇ ਅਸੀਂ ਉਨ੍ਹਾਂ ਸਾਰੇ ਕਾਸ਼ਤਕਾਰਾਂ ਦੇ ਮਾਲਕਾਨਾਂ ਹੱਕ ਬਹਾਲ ਕਰਾਂਗੇ, ਜਿਨ੍ਹਾਂ ਨੂੰ ਹੁਣ ਤੱਕ ਇਹ ਹੱਕ ਨਹੀਂ ਮਿਲੇ।

ਉਨ੍ਹਾਂ ਕਿਹਾ ਕਿ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਇਹ ਪ੍ਰਕਿਰਿਆ ਆਰੰਭ ਕੀਤੀ ਸੀ, ਪਰ ਫਿਰ ਕਾਂਗਰਸ ਦੀ ਸਰਕਾਰ ਆ ਗਈ, ਜਿਸਨੇ ਤੁਹਾਨੂੰ ਮਾਲਕਾਨਾ ਹੱਕ ਦੇਣ ਤੋਂ ਨਾਂਹ ਕਰ ਦਿੱਤੀ। ਉਨ੍ਹਾਂ ਕਿਹਾ ਕਿ ਅਸੀਂ ਸਾਡੀ ਸਰਕਾਰ ਬਣਨ 'ਤੇ ਇਹ ਹੱਕ ਤੁਹਾਨੂੰ ਤੁਰੰਤ ਦੇ ਦਿਆਂਗੇ।

ਬਾਦਲ ਨੇ ਹੈਰਾਨੀ ਪ੍ਰਗਟ ਕੀਤੀ ਕਿ ਸੇਵਾ ਕੇਂਦਰ ਤੇ ਸੁਵਿਧਾ ਕੇਂਦਰ ਜੋ ਅਕਾਲੀ ਦਲ ਦੀ ਸਰਕਾਰ ਸਮੇਂ ਸਰਹੱਦੀ ਪੱਟੀ ਵਿੱਚ ਖੋਲ੍ਹੇ ਗਏ ਸਨ, ਉਹ ਬੰਦ ਕਰ ਦਿੱਤੇ ਗਏ ਹਨ। ਉਨ੍ਹਾਂ ਕਿਹਾ ਕਿ ਉਨ੍ਹਾਂ ਨੂੰ ਲੋਕਾਂ ਨੇ ਆ ਕੇ ਦੱਸਿਆ ਕਿ ਉਨ੍ਹਾਂ ਨੂੰ ਤਾਂ ਪੀਣ ਵਾਲਾ ਸਾਫ਼ ਪਾਣੀ ਵੀ ਨਹੀਂ ਮਿਲ ਰਿਹਾ, ਕਿਉਂਕਿ ਅਕਾਲੀ ਦਲ ਵੱਲੋਂ ਲਾਏ ਆਰ ਓ ਪਲਾਂਟ ਵੀ ਬੰਦ ਪਏ ਹਨ। ਅਨੇਕਾਂ ਲੋਕਾਂ ਨੇ ਇਹ ਵੀ ਦਾਅਵਾ ਕੀਤਾ ਕਿ ਆਟਾ-ਦਾਲ ਤੇ ਬੁਢਾਪਾ ਪੈਨਸ਼ਨ ਵਰਗੀਆਂ ਸਮਾਜ ਭਲਾਈ ਸਕੀਮਾਂ ਦਾ ਲਾਭ ਵੀ ਉਨ੍ਹਾਂ ਨੂੰ ਨਹੀਂ ਦਿੱਤਾ ਜਾ ਰਿਹਾ।

ਉਨ੍ਹਾਂ ਕਿਹਾ ਕਿ ਇਹ ਬਹੁਤ ਹੀ ਨਿੰਦਣਯੋਗ ਹੈ ਤੇ ਅਸੀਂ ਲੋਕਾਂ ਲਈ ਇਹ ਸਹੂਲਤਾਂ ਬਹਾਲ ਕਰਨ ਵਾਸਤੇ ਵਚਨਬੱਧ ਹਾਂ।

# ਵਿਦਿਆਰਥੀਆਂ ਨੂੰ ਸਮਾਜ ਤੇ ਉਸਾਰੂ ਰਾਜਨੀਤੀ 'ਚ ਸਰਗਰਮ ਹਿੱਸਾ ਲੈਣਾ ਚਾਹੀਦਾ : ਪ੍ਰੋ. ਵਾਲੀਆ

**ਸਮਰਾਲਾ, (ਸੁਰਜੀਤ ਸਿੰਘ)** ਜੀਐਨ ਗਰਲਜ਼ ਕਾਲਜ ਵੱਲੋਂ ਵਿਸ਼ੇਸ਼ ਸਮਾਗਮ ਕੀਤਾ ਗਿਆ। ਸਮਾਗਮ ਵਿੱਚ ਡਾਕਟਰ ਹਰਜਿੰਦਰ ਸਿੰਘ ਵਾਲੀਆ ਮੁੱਖ ਮਹਿਮਾਨ ਦੇ ਤੌਰ 'ਤੇ ਸ਼ਾਮਲ ਹੋਏ। ਸਮਾਗਮ ਵਿੱਚ ਵਿਦਿਆਰਥੀਆਂ ਲਈ ਭਾਸ਼ਣ ਪ੍ਰਤੀਯੋਗਤਾ, ਪੋਸਟਰ ਮੇਕਿੰਗ ਤੇ ਖਾਣਾ ਬਣਾਉਣ ਦੀ ਕਲਾ ਦੇ ਮੁਕਾਬਲੇ ਕਰਾਏ ਗਏ। ਇਨ੍ਹਾਂ ਮੁਕਾਬਲਿਆਂ ਵਿੱਚ 50 ਦੇ ਕਰੀਬ ਵਿਦਿਆਰਥੀਆਂ ਨੇ ਹਿੱਸਾ ਲਿਆ। ਵਿਦਿਆਰਥੀਆਂ ਦੇ ਭਾਸ਼ਣ ਦਾ ਕੇਂਦਰੀ ਥੀਮ, ਅੰਤਰਰਾਸ਼ਟਰੀ ਨਾਰੀ ਦੇ ਉਸਾਰੂ ਪੱਖ ਨੂੰ ਰੱਖਿਆ ਗਿਆ ਸੀ। ਇਸ ਵਿੱਚ ਹਿੱਸਾ ਲੈਣ ਵਾਲੇ ਵਿਦਿਆਰਥੀਆਂ ਨੇ ਪੰਜਾਬੀ, ਹਿੰਦੀ ਤੇ ਅੰਗਰੇਜ਼ੀ, ਤਿੰਨੇ ਭਾਸ਼ਾਵਾਂ ਵਿੱਚ ਆਪਣੀ ਕਲਾ ਦੇ ਜੌਹਰ ਦਿਖਾਏ। ਪੋਸਟਰ ਮੇਕਿੰਗ ਮੁਕਾਬਲੇ ਵਿੱਚ ਵਿਦਿਆਰਥੀਆਂ ਨੇ ਨਾਰੀ ਦੀ ਵਰਤਮਾਨ ਸਥਿਤੀ ਦੇ ਵਿਸ਼ੇ ਨੂੰ ਲੈ ਕੇ ਚਿੱਤਰ ਬਣਾਏ। ਸਮਾਗਮ ਵਿੱਚ ਨਾਰੀ ਦੇ ਵਿਹਾਰਿਕ ਕੰਮ ਭਾਵ ਖਾਣਾ ਬਣਾਉਣ ਨੂੰ ਲੈ ਕੇ ਵੀ ਵਿਦਿਆਰਥੀਆਂ ਵੱਲੋਂ ਪ੍ਰਦਰਸ਼ਨੀ ਲਗਾਈ ਗਈ।



ਇਸ ਵਿੱਚ ਵੱਖ-ਵੱਖ ਵਿਦਿਆਰਥੀਆਂ ਨੇ ਵੱਖਰੇ ਵੱਖਰੇ ਭਾਰਤੀ ਅਤੇ ਵਿਦੇਸ਼ੀ ਖਾਣਿਆਂ ਨੂੰ ਆਪਣੇ ਹੱਥੀ ਬਣਾ ਕੇ ਆਪਣੇ ਕਲਾ ਦਾ ਪ੍ਰਦਰਸ਼ਨ ਕੀਤਾ। ਸਮਾਗਮ ਦੌਰਾਨ ਕਾਲਜ ਦੇ ਪ੍ਰਿੰਸੀਪਲ ਡਾਕਟਰ ਮੰਜੂ ਵਾਲੀਆ ਨੇ ਆਏ ਵਿਸ਼ੇਸ਼ ਮਹਿਮਾਨ ਦਾ ਸਵਾਗਤ ਕੀਤਾ। ਜੀਐਨ ਗਰਲਜ਼ ਕਾਲਜ ਦੇ ਚੇਅਰਮੈਨ ਡਾਕਟਰ ਸਤਿਨਾਮ ਸਿੰਘ ਸੰਧੂ ਨੇ ਡਾਕਟਰ ਹਰਜਿੰਦਰ ਸਿੰਘ ਵਾਲੀਆ ਦੁਆਰਾ ਅਕਾਦਮਿਕ ਖੇਤਰ ਵਿੱਚ ਅਤੇ ਪੱਤਰਕਾਰੀ ਦੇ ਖੇਤਰ ਵਿੱਚ ਕੀਤੇ ਹੋਏ ਕੰਮਾਂ ਬਾਰੇ ਵਿਸਥਾਰ ਪੂਰਵਕ ਜਾਣਕਾਰੀ ਦਿੱਤੀ। ਡਾਕਟਰ ਹਰਜਿੰਦਰ ਸਿੰਘ ਵਾਲੀਆ ਨੇ ਆਪਣੇ ਭਾਸ਼ਣ ਵਿੱਚ ਬੱਚਿਆਂ ਨੂੰ ਭਵਿੱਖ ਲਈ ਤਿਆਰ ਹੋਣ ਲਈ ਕਈ ਨੁਕਤੇ ਸਮਝਾਏ। ਕਿਸੇ ਵਿਦਿਆਰਥੀ ਨੂੰ ਸਫ਼ਲ ਬਣਨ ਲਈ ਕਿਹੜੇ ਕਿਹੜੇ ਪ੍ਰਮੁੱਖ ਪੱਖ ਧਿਆਨ ਵਿੱਚ ਰੱਖਣੇ ਚਾਹੀਦੇ ਹਨ, ਇਹ ਉਨ੍ਹਾਂ ਦੇ ਭਾਸ਼ਣ ਦਾ ਮੁੱਖ ਮੁੱਦਾ ਰਿਹਾ। ਆਪਣੇ ਭਾਸ਼ਣ ਦੌਰਾਨ ਡਾਕਟਰ ਹਰਜਿੰਦਰ ਸਿੰਘ ਵਾਲੀਆ ਨੇ ਵਿਦਿਆਰਥੀਆਂ ਨੂੰ ਵਿਹਾਰਕ ਸਿੱਖਿਆ ਬਾਰੇ ਜਾਣਕਾਰੀ ਦੇਣ ਦੀ ਕੋਸ਼ਿਸ਼ ਕੀਤੀ। ਉਨ੍ਹਾਂ ਬੋਲਦਿਆਂ ਕਿਹਾ ਕਿ ਹਰ ਵਿਦਿਆਰਥੀ ਨੂੰ ਰਾਜਨੀਤੀ ਅਤੇ ਸਮਾਜ ਦੇ ਅਸਿਸਟੈਂਟ ਪ੍ਰੋਫੈਸਰ ਸਤਿੰਦਰ ਕੌਰ, ਅਸਿਸਟੈਂਟ ਪ੍ਰੋਫੈਸਰ ਬਲਵਿੰਦਰ ਕੌਰ ਤੇ ਅਸਿਸਟੈਂਟ ਪ੍ਰੋਫੈਸਰ ਜਸਪ੍ਰੀਤ ਕੌਰ ਨੇ ਇਹ ਜਿੰਮੇਵਾਰੀ ਸਾਂਭੀ। ਵਿਦਿਆਰਥੀਆਂ ਵੱਲੋਂ ਇਸ ਸਮਾਗਮ ਵਿੱਚ ਬੜੇ ਭਾਰੀ ਉਤਸ਼ਾਹ ਨਾਲ ਹਿੱਸਾ ਲਿਆ ਗਿਆ ਤੇ ਮੰਗ ਰੱਖੀ ਕਿ ਭਵਿੱਖ ਵਿੱਚ ਵੀ ਵਿਦਿਆਰਥੀਆਂ ਲਈ ਅਜਿਹੇ ਪ੍ਰੋਗਰਾਮ ਨਿਰੰਤਰ ਤੌਰ 'ਤੇ ਆਯੋਜਿਤ ਕੀਤੇ ਜਾਣੇ ਚਾਹੀਦੇ ਹਨ। ਇਹ ਸਾਰਾ ਸਮਾਗਮ ਅੰਤਰਰਾਸ਼ਟਰੀ ਨਾਰੀ ਦਿਵਸ ਨੂੰ ਸਮਰਪਤ ਰਿਹਾ।

# ਲਾਇਸੰਸੀ ਹਥਿਆਰ ਨੇੜੇ ਪੈਂਦੇ ਪੁਲਸ ਸਟੇਸ਼ਨ ਜਾਂ ਅਸਲਾ ਡੀਲਰ ਕੋਲ ਤੁਰੰਤ ਜਮ੍ਹਾਂ ਕਰਾਓ : ਜ਼ਿਲ੍ਹਾ ਮੈਜਿਸਟ੍ਰੇਟ

**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰ ਪਾਲ/ਪੂਜਾ/ਪਰਮਜੀਤ ਸਿੰਘ)**- ਹਰਪ੍ਰੀਤ ਸਿੰਘ ਸੂਦਨ ਜ਼ਿਲ੍ਹਾ ਮੈਜਿਸਟ੍ਰੇਟ ਨੇ ਫੌਜਦਾਰੀ ਜ਼ਾਬਤਾ ਸੰਘਤਾ 1973 ਦੀ ਧਾਰਾ ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਦੀ ਹਦੂਦ ਅੰਦਰ ਸਾਰੇ ਲੋਕ ਸਭਾ ਚੋਣ ਹਲਕਿਆਂ ਵਿੱਚ ਪੈਂਦੇ ਅਸਲਾ ਲਾਇਸੰਸੀਆਂ ਨੂੰ ਆਪਣੇ-ਆਪਣੇ ਹਥਿਆਰ ਆਪਣੇ ਨੇੜੇ ਪੈਂਦੇ ਪੁਲਿਸ ਸਟੇਸ਼ਨ ਜਾਂ ਅਸਲਾ ਡੀਲਰਾਂ ਪਾਸ ਤੁਰੰਤ ਜਮ੍ਹਾਂ ਕਰਾਉਣ ਦੇ ਹੁਕਮ ਜਾਰੀ ਕੀਤੇ ਹਨ ਇਸ ਤੋਂ ਇਲਾਵਾ ਲੋਕ ਸਭਾ ਚੋਣਾਂ ਦੇ ਮੱਦੇਨਜ਼ਰ ਕਿਸੇ ਵੀ ਕਿਸਮ ਦਾ ਹਥਿਆਰ ਚੁੱਕ ਕੇ ਚੱਲਣ ਦੀ ਮਨਾਹੀ ਹੈ।

ਜ਼ਿਲ੍ਹਾ ਮੈਜਿਸਟ੍ਰੇਟ ਨੇ ਭਾਰਤ ਦੇ ਚੋਣ ਕਮਿਸ਼ਨ ਵੱਲੋਂ ਘੋਸ਼ਿਤ ਕੀਤੇ ਗਏ ਪ੍ਰੋਗਰਾਮ ਅਨੁਸਾਰ ਜ਼ਿਲ੍ਹੇ ਵਿੱਚ ਲੋਕ ਸਭਾ 2024 ਦੀਆਂ ਅਗਾਮੀ ਚੋਣਾਂ ਹੋਣੀਆਂ ਹਨ।ਲੋਕ ਸਭਾ ਚੋਣਾਂ ਦੌਰਾਨ ਲੜਾਈ ਝਗੜੇ ਹੋਣ ਦਾ ਅੰਦੇਸ਼ਾ ਬਣਿਆ ਰਹਿੰਦਾ ਹੈ, ਜਿਸ ਕਾਰਨ ਅਮਨ ਤੇ ਕਾਨੂੰਨ ਭੰਗ ਹੋਣ, ਪ੍ਰਾਈਵੇਟ ਤੇ ਸਰਕਾਰੀ ਸੰਪਤੀ ਅਤੇ ਮਾਨਵ ਜੀਵਨ ਨੂੰ ਹਾਨੀ ਪਹੁੰਚ ਸਕਦੀ ਹੈ।ਇਸ ਲਈ ਚੋਣਾਂ ਦੇ ਕੰਮ ਨੂੰ ਨਿਰਵਿਘਨ, ਨਿਰਪੱਖਤਾ ਪੂਰਵਕ ਨੇਪਰੇ ਚਾੜ੍ਹਨ ਅਤੇ ਚੋਣਾਂ ਦੌਰਾਨ ਅਮਨ ਤੇ ਕਾਨੂੰ ਦੀ ਸਥਿਤੀ ਨੂੰ ਬਰਕਰਾਰ ਰੱਖਣ ਲਈ ਇਹ ਹੁਕਮ ਜਾਰੀ ਕੀਤੇ ਹਨ।

ਇਹ ਹੁਕਮ ਆਰਮੀ ਪਰਸੋਨਲ, ਪੈਰਾ ਮਿਲਟਰੀ ਫੋਰਸ, ਪੁਲਿਸ ਕ੍ਰਮਚਾਰੀਆਂ, ਬੈਂਕ ਸੁਰੱਖਿਆ ਗਾਰਡ, ਫੈਕਟਰੀਜ਼ ਦੇ ਸਕਿਊਰਿਟੀ ਗਾਰਡਜ਼, ਪੈਟਰੋਲ ਪੰਪ ਮਾਲਕਾਂ, ਮਨੀ ਐਕਸਚੇਂਜ ਦੇ ਮਾਲਕਾਂ, ਜਵੈਲਰ ਸ਼ਾਪ ਮਾਲਕ, ਸਪੋਰਟਸ ਪਰਸਨ (ਉਹ ਸ਼ੂਟਰ ਜ਼ੋ ਨੈਸ਼ਨਲ ਰਾਈਫਲ ਐਸੋਸੀਏਸ਼ਨ ਦੇ ਮੈਂਬਰ ਹੋਣ ਤੇ ਕਿਸੇ ਇਵੈਂਟ ਵਿੱਚ ਭਾਗ ਲੈ ਰਹੇ ਹੋਣ), ਜਿਨ੍ਹਾਂ ਨੂੰ ਜ਼ੈਡ ਪਲੱਸ ਸਕਿਊਰਿਟੀ ਮਿਲੀ ਹੋਏ ਜਾਂ ਜਿਨ੍ਹਾਂ ਨੂੰ ਮਾਨਯੋਗ ਅਦਾਲਤ ਵੱਲੋਂ ਨਿੱਜੀ ਸੁਰੱਖਿਆ ਦੇ ਮੱਦੇਨਜ਼ਰ ਹਥਿਆਰ ਜਮ੍ਹਾਂ ਕਰਾਉਣ ਤੋਂ ਛੋਟ ਦਿੱਤੀ ਹੋਵੇ, 'ਤੇ ਲਾਗੂ ਨਹੀਂ ਹੋਣਗੇ।

## ਕਰਜ਼ੇ ਤੋਂ ਪ੍ਰੇਸ਼ਾਨ ਕਿਸਾਨ ਨੇ ਕੀਤੀ ਖ਼ੁਦਕੁਸ਼ੀ

**ਲਹਿਰਾਗਾਗਾ (ਰੀਤਵਾਲ)** ਪਿੰਡ ਭੈਣੀ ਗੰਢੂਆਂ ਦੇ ਕਿਸਾਨ ਵੱਲੋਂ ਫਾਹਾ ਲੈ ਕੇ ਆਪਣੀ ਜੀਵਨ ਲੀਲਾ ਸਮਾਪਤ ਕਰਨ ਦਾ ਦੁਖਦਾਈ ਸਮਾਚਾਰ ਹੈ। ਥਾਣਾ ਧਰਮਗੜ੍ਹ ਦੀ ਪੁਲਸ ਤੋਂ ਮਿਲੀ ਜਾਣਕਾਰੀ ਅਨੁਸਾਰ ਜਗਦੀਸ਼ ਸਿੰਘ (45) ਵਾਸੀ ਭੈਣੀ ਗੰਢੂਆਂ ਨੇ ਆਪਣੇ ਘਰ ਵਿਚ ਹੀ ਦਰੱਖਤ ਨਾਲ ਫਾਹਾ ਲੈ ਕੇ ਖ਼ੁਦਕੁਸ਼ੀ ਕਰ ਲਈ। ਇਕੱਤਰ ਜਾਣਕਾਰੀ ਅਨੁਸਾਰ ਮ੍ਰਿਤਕ ਕਿਸਾਨ ਸਿਰਫ਼ ਡੇਢ ਕਨਾਲ ਜ਼ਮੀਨ ਦਾ ਮਾਲਕ ਸੀ ਤੇ ਕਰਜ਼ੇ ਥੱਲੇ ਦੱਬਿਆ ਹੋਇਆ ਸੀ। ਕਿਸਾਨ ਦੇ ਘਰ ਦੇ ਹਾਲਾਤ ਬਹੁਤ ਹੀ ਤਰਸਯੋਗ ਹਨ। ਮ੍ਰਿਤਕ ਕੋਲ ਜ਼ਮੀਨ ਨਾ ਹੋਣ ਕਾਰਨ ਉਹ ਆਪਣੇ ਪਰਵਾਰ ਦੇ ਪਾਲਣ ਪੋਸ਼ਣ ਲਈ ਦਿਹਾੜੀ ਕਰਦਾ ਸੀ। ਦੂਜੇ ਪਾਸੇ ਪੁਲਸ ਵੱਲੋਂ ਮ੍ਰਿਤਕ ਦੀ ਲਾਸ਼ ਨੂੰ ਕਬਜ਼ੇ ਵਿੱਚ ਲੈ ਕੇ ਸਿਵਲ ਹਸਪਤਾਲ ਵਿਖੇ ਪੋਸਟਮਾਰਟਮ ਲਈ ਰਖਵਾ ਕੇ ਮਾਮਲੇ ਦੀ ਪੜਤਾਲ ਕੀਤੀ ਜਾ ਰਹੀ ਹੈ।

## ਰਾਜਪਾਲ ਵੱਲੋਂ ਵਰਚੁਅਲ ਉਦਘਾਟਨ 'ਚ ਸ਼ਮੂਲੀਅਤ

**ਲੁਧਿਆਣਾ (ਰਾਜ ਸਿੰਗਲਾ)** ਪੰਜਾਬ ਦੇ ਰਾਜਪਾਲ ਬਨਵਾਰੀ ਲਾਲ ਪੁਰੋਹਿਤ ਵੱਲੋਂ ਨਵੇਂ ਖੰਨਾ ਰੇਲਵੇ ਸਟੇਸ਼ਨ 'ਤੇ ਈਸਟਰਨ ਡੈਡੀਕੇਟਿਡ ਫਰੇਟ ਕੋਰੀਡੋਰ (ਈ.ਡੀ.ਐਫ.ਸੀ) ਦੇ 401 ਕਿਲੋਮੀਟਰ ਲੰਬੇ ਸਾਹਨੇਵਾਲ ਤੋਂ ਨਿਊ ਖੁਰਜਾ ਸੈਕਸ਼ਨ ਦੇ ਵਰਚੁਅਲ ਉਦਘਾਟਨ ਵਿੱਚ ਸ਼ਮੂਲੀਅਤ ਕੀਤੀ ਗਈ। ਈ.ਡੀ.ਐਫ.ਸੀ. ਦੇ ਸੈਕਸ਼ਨ ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਅਹਿਮਦਾਬਾਦ ਤੋਂ ਵੀਡੀਓ ਕਾਨਫਰੰਸਿੰਗ ਰਾਹੀਂ ਸਮਰਪਤ ਕੀਤਾ। ਨਵੇਂ ਖੰਨਾ ਰੇਲਵੇ ਸਟੇਸ਼ਨ 'ਤੇ ਆਯੋਜਤ ਸਮਾਗਮ ਮੌਕੇ ਆਪਣੇ ਸੰਬੋਧਨ ਦੌਰਾਨ ਰਾਜਪਾਲ ਪੁਰੋਹਿਤ ਨੇ ਇਸ ਪ੍ਰੋਜੈਕਟ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਇਹ ਤੇਜ਼ ਗਤੀ ਵਾਲੀਆਂ ਮਾਲ ਗੱਡੀਆਂ ਦੀ ਸਹੂਲਤ ਦੇ ਕੇ ਦੇਸ਼ ਦੇ ਵਿਕਾਸ ਨੂੰ ਹੁਲਾਰਾ ਦੇਵੇਗਾ। ਉਨ੍ਹਾਂ ਕਿਹਾ ਕਿ ਸਮਰਪਤ ਮਾਲ ਕਾਰੀਡੋਰ ਇੱਕ ਹਾਈ ਸਪੀਡ ਤੇ ਉੱਚ-ਸਮਰੱਥਾ ਵਾਲਾ ਰੇਲਵੇ ਕੋਰੀਡੋਰ ਹੈ, ਜੋ ਸਿਰਫ਼ ਮਾਲ ਜਾਂ ਹੋਰ ਵਸਤੂਆਂ ਦੀ ਢੋਆ-ਢੁਆਈ ਲਈ ਹੈ। ਰਾਜਪਾਲ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਇਹ ਪ੍ਰੋਜੈਕਟ ਲੌਜਿਸਟਿਕ ਲਾਗਤ ਨੂੰ ਘਟਾਉਣ ਦੇ ਨਾਲ, ਗਤੀ ਵਧਾਏਗਾ, ਮਾਲ ਢੋਆ-ਢੁਆਈ ਦੀ ਸੁਰੱਖਿਆ ਨੂੰ ਵਧਾਏਗਾ ਤੇ ਨਾਲ ਹੀ ਰੁਜ਼ਗਾਰ ਦੇ ਮੌਕੇ ਪੈਦਾ ਕਰੇਗਾ ਅਤੇ ਵੱਖ-ਵੱਖ ਖੇਤਰਾਂ ਵਿੱਚ ਨਿਵੇਸ਼ ਨੂੰ ਆਕਰਸ਼ਿਤ ਵੀ ਕਰੇਗਾ।

# ਝਾੜ ਸਾਹਿਬ ਕਾਲਜ ਦਾ 10+1 ਦਾ ਨਤੀਜਾ ਸ਼ਾਨਦਾਰ ਰਿਹਾ





**ਮਾਛੀਵਾੜਾ ਸਾਹਿਬ, (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਸਾਹਿਬ ਅਧੀਨ ਚੱਲ ਰਹੀ ਸੰਸਥਾ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਫਾਰ ਵਿਮੈਨ, ਝਾੜ ਸਾਹਿਬ 10+1 ਦੀਆਂ ਵਿਦਿਆਰਥਣਾਂ ਦਾ ਨਤੀਜਾ ਸ਼ਾਨਦਾਰ ਰਿਹਾ। ਮੈਡੀਕਲ ਗਰੁੱਪ ਦੀ ਡੌਲੀ ਸ਼ਰਮਾ ਨੇ 92.06 ਫ਼ੀਸਦੀ ਅੰਕ ਪ੍ਰਾਪਤ ਕਰਕੇ ਪਹਿਲਾ, ਮਨਜੋਤ ਕੌਰ ਨੇ 91.02 ਫੀਸਦੀ ਅੰਕ ਪ੍ਰਾਪਤ ਕਰਕੇ ਦੂਜਾ ਤੇ ਪ੍ਰਭਜੋਤ ਕੌਰ ਨੇ 90.08 ਫੀਸਦੀ ਅੰਕ ਪ੍ਰਾਪਤ ਕਰਕੇ ਤੀਜਾ ਸਥਾਨ ਪ੍ਰਾਪਤ ਕੀਤਾ।

ਕਾਮਰਸ ਗਰੁੱਪ ਦੀ ਸਿਮਰਨ ਕੌਰ ਨੇ 97 ਫ਼ੀਸਦੀ ਅੰਕ ਪ੍ਰਾਪਤ ਕਰਕੇ ਪਹਿਲਾ, ਜਸਪ੍ਰੀਤ ਕੌਰ ਨੇ 90.08 ਫੀਸਦੀ ਅੰਕ ਪ੍ਰਾਪਤ ਕਰਕੇ ਦੂਜਾ ਤੇ ਤਰਨਬੀਰ ਕੌਰ ਨੇ 84.08 ਫ਼ੀਸਦੀ ਅੰਕ ਪ੍ਰਾਪਤ ਕਰਕੇ ਤੀਜਾ ਸਥਾਨ ਪ੍ਰਾਪਤ ਕੀਤਾ। ਆਰਟਸ ਗਰੁੱਪ ਦੀ ਜਸਪ੍ਰੀਤ ਕੌਰ ਨੇ 92.4 ਫ਼ੀਸਦੀ ਅੰਕ ਪ੍ਰਾਪਤ ਕਰਕੇ ਪਹਿਲਾ, ਅਨਿਕਾ ਨੇ 88.02 ਫੀਸਦੀ ਅੰਕ ਪ੍ਰਾਪਤ ਕਰਕੇ ਦੂਜਾ ਅਤੇ ਜਸਲੀਨ ਕੌਰ ਨੇ 87 ਫ਼ੀਸਦੀ ਅੰਕ ਪ੍ਰਾਪਤ ਕਰਕੇ ਤੀਜਾ ਸਥਾਨ ਪ੍ਰਾਪਤ ਕੀਤਾ। ਇਸ ਨਤੀਜੇ ਮੌਕੇ ਵਿਦਿਆਰਥਣਾਂ ਦੇ ਮਾਤਾ-ਪਿਤਾ ਵਿਸ਼ੇਸ਼ ਤੌਰ 'ਤੇ ਪਹੁੰਚੇ। ਇਸ ਮੌਕੇ ਕਾਲਜ ਪ੍ਰਿੰਸੀਪਲ ਡਾ. ਰਜਿੰਦਰ ਕੌਰ ਤੇ ਕਾਲਜ ਦੇ ਲੋਕਲ ਕਮੇਟੀ ਸਾਹਿਬਾਨਾਂ ਨੇ ਇਸ ਪ੍ਰਾਪਤੀ 'ਤੇ ਵਿਦਿਆਰਥਣਾਂ, ਉਨ੍ਹਾਂ ਦੇ ਮਾਪਿਆਂ ਤੇ ਸਮੂਹ ਸਟਾਫ਼ ਨੂੰ ਵਧਾਈ ਦਿੱਤੀ। ਉਨ੍ਹਾਂ ਵਿਦਿਆਰਥਣਾਂ ਨੂੰ ਸ਼ੁਭ ਇੱਛਾਵਾਂ ਦਿੰਦੇ ਹੋਏ ਕਿਹਾ ਕਿ ਵਿਦਿਆਰਥਣਾਂ ਭਵਿੱਖ ਵਿਚ ਵੀ ਇਸੇ ਤਰ੍ਹਾਂ ਮਿਹਨਤ ਕਰਕੇ ਆਪਣੀ ਸੰਸਥਾ ਦਾ ਨਾਂਅ ਰੌਸ਼ਨ ਕਰਨਗੀਆਂ। ਇਹ ਪ੍ਰਾਪਤੀ ਵਿਦਿਆਰਥਣਾਂ ਦੁਆਰਾ ਕੀਤੀ ਗਈ ਸਖ਼ਤ ਮਿਹਨਤ, ਦ੍ਰਿੜ ਲਗਨ ਅਤੇ ਅਧਿਆਪਕ ਸਾਹਿਬਾਨਾਂ ਵੱਲੋਂ ਪੂਰੀ ਈਮਾਨਦਾਰੀ ਨਾਲ ਕਰਵਾਈ ਗਈ ਪੜ੍ਹਾਈ ਤੇ ਆਤਮ ਸਮਰਪਣ ਦਾ ਨਤੀਜਾ ਹੈ।

## ਮਰਦਾਂ ਲਈ ਚੀਰਾ ਰਹਿਤ ਨਸਬੰਦੀ ਕੈਂਪਾਂ ਦੀ ਸ਼ੁਰੂਆਤ

**ਲੁਧਿਆਣਾ (ਰਾਜ ਸਿੰਗਲਾ)** ਸਿਵਲ ਸਰਜਨ ਡਾ. ਜਸਬੀਰ ਸਿੰਘ ਔਲਖ ਦੇ ਦਿਸ਼ਾ-ਨਿਰਦੇਸ਼ਾਂ ਹੇਠ ਜ਼ਿਲ੍ਹੇ ਭਰ ਵਿੱਚ ਮਰਦਾਂ ਲਈ ਚੀਰਾ ਰਹਿਤ ਨਸਬੰਦੀ ਦਾ ਵਿਸ਼ੇਸ ਪੰਦਰਵਾੜਾ ਮਨਾਇਆ ਜਾ ਰਿਹਾ ਹੈ।

14 ਤੋਂ 28 ਮਾਰਚ ਤੱਕ ਚੱਲਣ ਵਾਲੇ ਇਸ ਪੰਦਰਵਾੜੇ ਦੌਰਾਨ ਵੱਖ-ਵੱਖ ਸਿਹਤ ਸੰਸਥਾਵਾਂ 'ਚ ਨਸਬੰਦੀ ਕੈਂਪਾਂ ਦਾ ਅਯੋਜਨ ਕੀਤਾ ਜਾ ਰਿਹਾ ਹੈ।ਸਿਵਲ ਸਰਜਨ ਡਾ. ਜਸਬੀਰ ਸਿੰਘ ਔਲਖ ਨੇ ਦੱਸਿਆ ਕਿ ਸਿਹਤ ਕੇਂਦਰ ਸਾਹਨੇਵਾਲ ਵਿੱਚ 14 ਮਾਰਚ, ਕੂੰਮਕਲਾ 15 ਮਾਰਚ, ਸਮਰਾਲਾ 16 ਮਾਰਚ, ਸਿੱਧਵਾ ਬੇਟ 18 ਮਾਰਚ, ਮਲੌਦ 19 ਮਾਰਚ, ਪਾਇਲ 21 ਮਾਰਚ, ਮਾਛੀਵਾੜਾ 22 ਮਾਰਚ, ਰਾਏਕੋਟ 26 ਤੇ 28 ਮਾਰਚ ਨੂੰ ਇਹ ਕੈਂਪ ਲਾਏ ਜਾ ਰਹੇ ਹਨ।ਉਨ੍ਹਾਂ ਦੱਸਿਆ ਕਿ ਮਰਦਾਂ ਲਈ ਚੀਰਾ ਰਹਿਤ ਨਸਬੰਦੀ ਪਰਵਾਰ ਨਿਯੋਜਨ ਦਾ ਇੱਕ ਬਹੁਤ ਹੀ ਅਸਾਨ ਤਰੀਕਾ ਹੈ, ਜੋ ਬਿਨਾਂ ਚੀਰੇ, ਟਾਂਕੇ ਅਤੇ ਬਗੈਰ ਤਕਲੀਫ਼ ਹੁੰਦਾ ਹੈ ਤੇ ਇਸ ਲਈ ਹਸਪਤਾਲ ਵਿੱਚ ਦਾਖਲ ਹੋਣ ਦੀ ਵੀ ਕੋਈ ਜ਼ਰੂਰਤ ਨਹੀਂ ਪੈਂਦੀ।ਉਨ੍ਹਾਂ ਦੱਸਿਆ ਕਿ ਇਨ੍ਹਾਂ ਕੈਂਪਾਂ ਵਿਚ ਨਸਬੰਦੀ ਕਰਾਉਣ ਵਾਲੇ ਲਾਭਪਾਤਰੀਆਂ ਨੂੰ 1100 ਰੁਪਏ ਰਾਸ਼ੀ ਸਹਾਇਤਾ ਦੇ ਤੌਰ 'ਤੇ ਦਿੱਤੀ ਜਾਵੇਗੀ।ਪੱਤਰ ਜਾਰੀ ਕਰਦੇ ਹੋਏ ਡਾ. ਔਲਖ ਨੇ ਸਮੂਹ ਸੀਨੀਅਰ ਮੈਡੀਕਲ ਅਧਿਕਾਰੀਆਂ ਨੂੰ ਹਦਾਇਤ ਕਰਦਿਆਂ ਲਿਖਿਆ ਕਿ ਭਾਰਤ ਸਰਕਾਰ ਵੱਲੋਂ ਜਾਰੀ ਪ੍ਰੋਟੋਕਾਲ ਦੀ ਪਾਲਣਾ ਕੀਤੀ ਜਾਵੇ ਤੇ ਲੋੜੀਂਦਾ ਮੈਡੀਕਲ ਰਿਕਾਰਡ ਤੇ ਅਪ੍ਰੇਸ਼ਨ ਥੇਟਰਾਂ ਨੂੰ ਪੂਰਨ ਰੂਪ ਵਿੱਚ ਤਿਆਰ ਰੱਖਿਆ ਜਾਵੇ।ਉਨ੍ਹਾਂ ਆਮ ਲੋਕਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਉਹ ਆਪਣੇ ਪਰਵਾਰ ਦੀ ਖੁਸ਼ਹਾਲੀ ਲਈ ਕੈਂਪਾਂ ਦਾ ਵੱਧ ਤੋਂ ਵੱਧ ਲਾਭ ਲੈਣ।

## ਪ੍ਰਗਟ ਸਿੰਘ ਧੀਰਾ ਪੱਤਰਾ ਪ੍ਰਧਾਨ ਚੁਣੇ

**ਕੋਟਕਪੂਰਾ, (ਰਛਪਾਲ ਭੁੱਲਰ)** ਭਾਰਤੀ ਕਿਸਾਨ ਏਕਤਾ ਸੈਣ ਵੈਲਫੇਅਰ ਸਭਾ ਦੀ ਇਕੱਤਰਤਾ ਪਿੰਡ ਧੀਰਾ ਪੱਤਰਾ ਵਿਖੇ ਹੋਈ, ਜਿਸ ਵਿੱਚ ਡਾ. ਪ੍ਰਗਟ ਸਿੰਘ ਨੂੰ ਸੂਬਾ ਪ੍ਰਧਾਨ ਚੁਣਿਆ ਗਿਆ ਤੇ ਬਾਕੀ ਅਹੁਦੇਦਾਰ ਚੁਣਨ ਲਈ ਉਹਨਾਂ ਨੂੰ ਅਧਿਕਾਰਤ ਕੀਤਾ ਗਿਆ।ਇਸ ਮੌਕੇ ਸਭਾ ਨੂੰ ਸੁਚੱਜੇ ਢੰਗ ਨਾਲ ਚਲਾਉਣ ਲਈ ਵੀ ਵਿਚਾਰ ਵਟਾਂਦਰਾ ਕੀਤਾ ਗਿਆ।ਨੀਲਾ ਸਿੰਘ, ਬੂਟਾ ਸਿੰਘ ਤੇ ਰਮਨ ਸੈਣ ਨੂੰ ਹੋਰ ਪ੍ਰਬੰਧ ਕਰਨ ਲਈ ਅਧਿਕਾਰਤ ਕੀਤਾ ਗਿਆ।ਇਸ ਮੌਕੇ ਰਛਪਾਲ ਸਿੰਘ ਭੁੱਲਰ, ਬੂਟਾ ਸਿੰਘ, ਨੀਲਾ ਸਿੰਘ, ਸੁਖਵੀਰ ਸਿੰਘ, ਬਿੰਦਰ ਸਿੰਘ, ਰੂਪ ਸਿੰਘ, ਕੁਲਵੰਤ ਸਿੰਘ, ਰਮਨ ਸੈਣ, ਨਿਰਮਲ ਸਿੰਘ ਭੁੱਲਰ, ਡਾ. ਪ੍ਰਗਟ ਸਿੰਘ ਭੁੱਲਰ, ਸਰਵਨ ਸਿੰਘ, ਬਿੰਦਰ ਸਿੰਘ ਪੰਜਗਰਾਂਈ, ਮੇਜਰ ਸਿੰਘ, ਕ੍ਰਿਸ਼ਨ ਸਿੰਘ ਤੇ ਹੋਰ ਵੀ ਕਾਫੀ ਸੈਣ ਸਮਾਜ ਦੇ ਵਿਆਕਤੀ ਹਾਜ਼ਰ ਸਨ।

# ਕਿਸਾਨ ਮੇਲਾ ਖੇਤੀਬਾੜੀ 'ਵਰਸਿਟੀ ਵਿਖੇ ਭਲਕ ਤੋਂ

**ਲੁਧਿਆਣਾ (ਰਾਜ ਸਿੰਗਲਾ)** ਪੀ.ਏ.ਯੂ. ਵੱਲੋਂ 14 ਅਤੇ 15 ਮਾਰਚ ਨੂੰ ਲਾਏ ਜਾ ਰਹੇ ਕਿਸਾਨ ਮੇਲੇ ਵਿਚ ਪੰਜਾਬ ਦੇ ਅਗਾਂਹਵਧੂ ਕਿਸਾਨਾਂ ਅਤੇ ਕਿਸਾਨ ਬੀਬੀਆਂ ਨੂੰ ਸਨਮਾਨਤ ਕੀਤਾ ਜਾ ਰਿਹਾ ਹੈ। ਇਨ੍ਹਾਂ ਕਿਸਾਨਾਂ ਤੇ ਕਿਸਾਨ ਬੀਬੀਆਂ ਨੇ ਪੰਜਾਬ ਦੀ ਖੇਤੀ ਨੂੰ ਵਿਕਸਤ ਦਿਸ਼ਾ ਵਿੱਚ ਤੋਰਨ ਲਈ ਨਾ ਸਿਰਫ਼ ਅਹਿਮ ਭੂਮਿਕਾ ਨਿਭਾਈ ਬਲਕਿ ਰਵਾਇਤੀ ਖੇਤੀ 'ਚੋਂ ਹਟ ਕੇ ਸਹਾਇਕ ਕਿੱਤਿਆਂ ਤੇ ਹੋਰ ਤਰੀਕਿਆਂ ਨਾਲ ਆਪਣੇ ਪਰਵਾਰ ਦੀ ਆਮਦਨ ਵਿੱਚ ਜ਼ਿਕਰਯੋਗ ਵਾਧਾ ਕੀਤਾ। ਇਸ ਬਾਰੇ ਜਾਣਕਾਰੀ ਦਿੰਦਿਆਂ ਨਿਰਦੇਸ਼ਕ ਪਸਾਰ ਸਿੱਖਿਆ ਡਾ. ਮੱਖਣ ਸਿੰਘ ਭੁੱਲਰ ਨੇ ਦੱਸਿਆ ਕਿ ਇਨ੍ਹਾਂ ਕਿਸਾਨਾਂ ਤੇ ਕਿਸਾਨ ਬੀਬੀਆਂ ਦਾ ਸਨਮਾਨ ਮੇਲੇ ਦੇ ਉਦਘਾਟਨੀ ਸਮਾਰੋਹ ਵਿਚ ਕੀਤਾ ਜਾਵੇਗਾ। ਇਨ੍ਹਾਂ ਨੂੰ ਮੁੱਖ ਮੰਤਰੀ ਪੁਰਸਕਾਰ, ਸੀ ਆਰ ਆਈ ਪੰਪਜ਼ ਪੁਰਸਕਾਰ, ਸਰਦਾਰਨੀ ਪ੍ਰਕਾਸ਼ ਕੌਰ ਸਰਾਂ ਪੁਰਸਕਾਰ ਤੇ ਜਥੇਦਾਰ ਗੁਰਦਿੱਤਾ ਸਿੰਘ ਮਾਹਲ ਯਾਦਗਾਰੀ ਪੁਰਸਕਾਰ ਪ੍ਰਦਾਨ ਕੀਤੇ ਜਾਣਗੇ। ਡਾ. ਭੁੱਲਰ ਨੇ ਦੱਸਿਆ ਕਿਹਾ ਕਿ ਇਨ੍ਹਾਂ ਵਿੱਚ ਜਥੇਦਾਰ ਗੁਰਦਿੱਤਾ ਸਿੰਘ ਮਾਹਲ ਪੁਰਸਕਾਰ ਖੇਤਰੀ ਖੋਜ ਕੇਂਦਰ ਬਠਿੰਡਾ ਦੇ ਕਿਸਾਨ ਮੇਲੇ ਵਿੱਚ ਦਿੱਤਾ ਜਾਵੇਗਾ।

ਇਨ੍ਹਾਂ ਵਿੱਚ ਬਾਗਬਾਨੀ ਲਈ ਮੁੱਖ ਮੰਤਰੀ ਪੁਰਸਕਾਰ ਜਗਤਾਰ ਸਿੰਘ ਸਪੁੱਤਰ ਭਗਵਾਨ ਸਿੰਘ ਜ਼ਿਲ੍ਹਾ ਫ਼ਰੀਦਕੋਟ ਦੇ ਪਿੰਡ ਅਰਾਈਆਂ ਵਾਲਾ ਕਲਾਂ ਨੂੰ ਦਿੱਤਾ ਜਾਵੇਗਾ। ਇਸ ਕਿਸਾਨ ਨੇ ਗ੍ਰੈਜੂਏਸ਼ਨ ਤੱਕ ਵਿੱਦਿਅਕ ਯੋਗਤਾ ਹਾਸਲ ਕਰਨ ਤੋਂ ਬਾਅਦ ਪਿਤਾ ਪੁਰਖੀ ਕਿੱਤੇ ਵਾਹੀ ਨਾਲ ਜੁੜਨ ਦਾ ਫੈਸਲਾ ਕੀਤਾ ਅਤੇ ਇਨ੍ਹਾਂ 41 ਕਿੱਲੇ ਦੀ ਪੁਸ਼ਤੈਨੀ ਜ਼ਮੀਨ ਨਾਲ ਠੇਕੇ ਉੱਤੇ ਲੈ ਕੇ 100 ਏਕੜ ਦੇ ਕਰੀਬ ਲੈ ਕੇ ਬਾਗਬਾਨੀ ਫਸਲਾਂ ਦੀ ਕਾਸ਼ਤ ਵੱਲ ਵਿਸ਼ੇਸ਼ ਧਿਆਨ ਦਿੱਤਾ। ਬਾਗ਼ਬਾਨੀ ਫ਼ਸਲਾਂ ਲਈ ਹੀ ਮੁੱਖ ਮੰਤਰੀ ਪੁਰਸਕਾਰ ਸਾਂਝੇ ਰੂਪ ਵਿੱਚ ਧੰਨਾ ਸਿੰਘ ਸਪੁੱਤਰ ਜਗਦੇਵ ਸਿੰਘ ਜ਼ਿਲ੍ਹਾ ਸੰਗਰੂਰ ਦੇ ਪਿੰਡ ਉਗਰਾਹਾਂ ਨੂੰ ਦਿੱਤਾ ਜਾਵੇਗਾ। ਇਸ ਛੋਟੇ ਕਿਸਾਨ ਨੇ ਵਿਸ਼ੇਸ਼ ਤੌਰ 'ਤੇ ਸਬਜ਼ੀਆਂ ਦੀ ਪਨੀਰੀ ਤੇ ਸਬਜ਼ੀਆਂ ਦੇ ਉਤਪਾਦਨ ਦੇ ਖੇਤਰ ਵਿੱਚ ਆਪਣੀ ਮਿਹਨਤ ਨਾਲ ਵਿਸ਼ੇਸ਼ ਤੌਰ 'ਤੇ ਪੈੜਾਂ ਪਾਈਆਂ। ਸਾਢੇ ਚਾਰ ਏਕੜ ਦੀ ਮਾਲਕੀ ਵਾਲੇ ਇਸ ਕਿਸਾਨ ਨੇ ਪੰਜ ਏਕੜ ਜ਼ਮੀਨ ਠੇਕੇ 'ਤੇ ਲੈ ਕੇ ਆਪਣੀ ਰੋਜ਼ੀ ਰੋਟੀ ਨੂੰ ਚਲਾਇਆ ਹੈ। ਫ਼ਸਲ ਉਤਪਾਦਨ ਅਤੇ ਸਹਾਇਕ ਕਿੱਤਿਆਂ ਲਈ ਮੁੱਖ ਮੰਤਰੀ ਪੁਰਸਕਾਰ ਜ਼ਿਲ੍ਹਾ ਹੁਸ਼ਿਆਰਪੁਰ ਦੀ ਦਸੂਹਾ ਤਹਿਸੀਲ ਦੇ ਪਿੰਡ ਫ਼ਤਿਹਉੱਲਾਪੁਰ ਦੇ ਵਸਨੀਕ ਰਣਜੀਤ ਸਿੰਘ ਬਾਜਵਾ ਸਪੁੱਤਰ ਅਮਰ ਸਿੰਘ ਨੂੰ ਦਿੱਤਾ ਜਾਵੇਗਾ।

# ਲੋਕ ਸਾਹਿਤ ਅਕਾਦਮੀ ਮੋਗਾ, ਸਾਹਿਤਕ ਸੰਸਥਾਵਾਂ ਤੇ ਐੱਨ ਆਰ ਆਈਜ਼ ਦਾ ਸਾਹਿਤਕ ਸਮਾਗਮ

**ਮੋਗਾ (ਇਕਬਾਲ ਸਿੰਘ ਖਹਿਰਾ)**- ਲੋਕ ਸਾਹਿਤ ਅਕਾਦਮੀ, ਮੋਗਾ ਦੀਆਂ ਸਮੂਹ ਸਾਹਿਤਕ ਸੰਸਥਾਵਾਂ ਤੇ ਐਨ.ਆਰ.ਆਈਜ਼ ਨੇ ਸੁਤੰਤਰਤਾ ਸੰਗਰਾਮੀ ਭਵਨ ਮੋਗਾ ਵਿਖੇ ਸਾਹਿਤਕ ਸਮਾਗਮ ਰਚਿਆ। ਇਸ ਸਾਹਿਤਕ ਸਮਾਗਮ ਵਿਚ ਲਿਖਾਰੀ ਸਭਾ, ਮਹਿੰਦਰ ਸਾਥੀ ਯਾਦਗਾਰੀ ਮੰਚ, ਲੋਹਮਣੀ ਅਦਾਰਿਆਂ ਨਾਲ ਸਬੰਧਤ ਅਹੁਦੇਦਾਰ ਸਾਹਿਤਕਾਰ ਸ਼ਾਮਲ ਹੋਏ। ਸਾਹਿਤਕ ਸਮਾਗਮ ਦੇ ਪ੍ਰਧਾਨਗੀ ਮੰਡਲ ਵਿਚ ਕੇ ਐਲ ਗਰਗ, ਬਲਦੇਵ ਸੜਕਨਾਮਾ, ਗੁਰਬਚਨ ਸਿੰਘ ਚਿੰਤਕ (ਕੈਨੇਡਾ), ਸਾਧੂ ਸਿੰਘ ਸੰਘਾ (ਯੂ ਐਸ ਏ), ਬਲਦੇਵ ਸਿੰਘ ਬੁੱਧ ਸਿੰਘ ਵਾਲਾ (ਹਾਂਗਕਾਂਗ), ਡਾ ਸੁਰਜੀਤ ਬਰਾੜ ਤੇ ਗੁਰਚਰਨ ਸਿੰਘ ਸੰਘਾ ਸ਼ਾਮਲ ਸਨ। ਮੰਚ ਦਾ ਸੰਚਾਲਨ ਚਰਨਜੀਤ ਸਮਾਲਸਰ ਨੇ ਕੀਤਾ। ਸਾਹਿਤਕ ਸਮਾਗਮ ਦਾ ਆਰੰਭ ਦਰਸ਼ਨ ਸਿੰਘ ਸੰਘਾ ਅਤੇ ਰਣਜੀਤ ਸਰਾਂਵਾਲੀ ਦੀਆਂ ਰਚਨਾਵਾਂ ਨਾਲ ਹੋਇਆ। ਡਾ. ਸੁਰਜੀਤ ਬਰਾੜ ਨੇ ਸਾਧੂ ਸਿੰਘ ਸੰਘਾ (ਯੂ ਐਸ ਏ) ਦੇ ਨਾਵਲ "ਗਰੀਨ ਕਾਰਡ" ਸਬੰਧੀ ਅਲੋਚਨਾਤਮਕ ਪੇਪਰ ਪੜ੍ਹਿਆ। ਪ੍ਰਵਾਸ ਦੇ ਕਾਰਨ ਤੇ ਗੈਰ ਕਨੂੰਨੀ ਪਰਵਾਸੀਆਂ ਦੀਆਂ ਮੁਸ਼ਕਲਾਂ ਬਾਰੇ ਵਿਚਾਰ ਚਰਚਾ ਹੋਈ। ਜਿਸ ਵਿਚ ਕੇ ਐਲ ਗਰਗ ਨੇ ਕਿਹਾ ਕਿ ਚੇਤਨਤਾ ਰੱਖਣ ਵਾਲੇ ਲੇਖਕਾਂ ਨੂੰ ਵਧ ਰਹੇ ਪ੍ਰਵਾਸ ਬਾਰੇ ਸੋਚਣ ਦੀ ਲੋੜ ਹੈ। ਬਲਦੇਵ ਸੜਕਨਾਮਾ ਨੇ ਕਿਹਾ ਕਿ ਪ੍ਰਵਾਸ ਤੋਂ ਗਰੀਨ ਕਾਰਡ ਹਾਸਲ ਕਰਨ ਤੱਕ ਦਾ ਸਫ਼ਰ ਬੜਾ ਪੇਚੀਦਾ ਤੇ ਜੋਖਮ ਭਰਪੂਰ ਹੈ। ਗੁਰਮੀਤ ਕੜਿਆਲਵੀ ਨੇ ਕਿਹਾ ਕਿ ਵਧ ਰਿਹਾ ਪ੍ਰਵਾਸ ਚਿੰਤਾ ਦਾ ਵਿਸ਼ਾ ਹੈ। ਇਸ ਉਪਰ ਚਰਚਾ ਕਰਵਾਈ ਜਾਣੀ ਚਾਹੀਦੀ ਹੈ। ਗੁਰਚਰਨ ਸਿੰਘ ਸੰਘਾ ਨੇ ਕਿਹਾ ਕਿ ਕੇਂਦਰੀ ਸਰਕਾਰ/ਰਾਜ ਸਰਕਾਰਾਂ ਵਲੋਂ ਰੋਜ਼ਗਾਰ ਲਈ ਠੋਸ ਪ੍ਰਬੰਧ ਨਾ ਕਰਨ ਕਰਕੇ ਨੌਜਵਾਨ ਵਰਗ ਵਿਦੇਸ਼ਾ ਵੱਲ ਭੱਜ ਰਿਹਾ। ਅਸ਼ੋਕ ਚਟਾਨੀ ਨੇ ਕਿਹਾ ਕਿ ਪ੍ਰਵਾਸ ਗੰਭੀਰ ਮੁੱਦਾ ਹੈ। ਸਾਧੂ ਸਿੰਘ ਸੰਘਾ (ਯੂ ਐਸ ਏ) ਨੇ ਲੇਖਕਾਂ ਦੇ ਰੂਬਰੂ ਹੁੰਦਿਆਂ ਨਾਵਲ "ਗਰੀਨ ਕਾਰਡ" ਦੇ ਲਿਖਣ ਦੇ ਮੁੱਖ ਕਾਰਨ ਬਾਰੇ ਦੱਸਦਿਆਂ ਕਿਹਾ ਕਿ ਰੋਟੀ ਰੋਜ਼ੀ ਲਈ ਆਪਣਾ ਦੇਸ਼ ਛੱਡ ਕੇ, ਏਜੰਟਾਂ ਰਾਹੀਂ ਗੈਰ ਕਨੂੰਨੀ ਢੰਗ ਤਰੀਕਿਆਂ ਨਾਲ ਪ੍ਰਦੇਸ਼ਾਂ ਵਿਚ ਜਾ ਕੇ ਜਾਨ ਹੂਲਵੀਆਂ ਹਾਲਤਾਂ ਦਾ ਸਿਰੜ ਤਰੀਕੇ ਨਾਲ ਸਾਹਮਣਾ ਕਰਨ ਵਾਲੇ ਕਿਰਤੀਆਂ/ਨੌਜਵਾਨਾਂ ਤੋਂ ਪ੍ਰੇਰਨਾ ਮਿਲੀ। ਬਲਦੇਵ ਸਿੰਘ ਬੁੱਧ ਸਿੰਘ ਵਾਲਾ (ਹਾਂਗਕਾਂਗ) ਨੇ ਆਪਣੇ ਨਾਵਲ "ਜੰਗੀ ਕੈਦੀ" ਬਾਰੇ ਗੱਲਬਾਤ ਕੀਤੀ।



## ਅਕਾਲੀ ਦਲ ਸਾਰੀਆਂ ਸੀਟਾਂ 'ਤੇ ਵੱਡੀਆਂ ਜਿੱਤਾਂ ਦਰਜ ਕਰੇਗਾ : ਖਾਲਸਾ

**ਅਮਲੋਹ (ਲਖਵੀਰ ਸਿੰਘ, ਹਰਚਰਨ ਉੱਪਲ)** -ਸ਼੍ਰੋਮਣੀ ਅਕਾਲੀ ਦਲ ਦੇ ਲੋਕ ਸਭਾ ਹਲਕਾ ਫ਼ਤਹਿਗੜ੍ਹ ਸਾਹਿਬ ਰਿਜ਼ਰਵ ਦੇ ਅਬਜਰਵਰ ਤੇ ਪਬਲਿਕ ਸਰਵਿਸ ਕਮਿਸ਼ਨ ਦੇ ਸਾਬਕਾ ਮੈਂਬਰ ਤੇ ਸਾਬਕਾ ਵਿਧਾਇਕ ਲੋਕ ਸਭਾ ਦੇ ਸੰਭਾਵੀ ਉਮੀਦਵਾਰ ਬਿਕਰਮਜੀਤ ਸਿੰਘ ਖਾਲਸਾ ਨੇ ਹਲਕੇ ਵਿੱਚ ਆਪਣੀ ਚੋਣ ਮੁਹਿੰਮ ਦਾ ਸਰਗਰਮੀ ਨਾਲ ਅੰਦਾਜ਼ ਕਰਦੇ ਹੋਏ ਹਲਕੇ ਅਧੀਨ ਆਉਂਦੇ ਵਿਧਾਨ ਸਭਾ ਹਲਕਿਆਂ ਵਿਚ ਪਾਰਟੀ ਵਰਕਰਾਂ ਤੇ ਲੋਕਾਂ ਨਾਲ ਮੀਟਿੰਗਾਂ ਦਾ ਸਿਲਸਲਾ ਸ਼ੁਰੂ ਕਰ ਦਿਤਾ ਹੈ।ਸ਼੍ਰੋਮਣੀ ਅਕਾਲੀ ਦੇ ਹਲਕਾ ਇੰਚਾਰਜ ਗੁਰਪ੍ਰੀਤ ਸਿੰਘ ਰਾਜੂ ਖੰਨਾ ਦੇ ਦਫ਼ਤਰ ਵਿਖੇ ਖਾਲਸਾ ਨੇ ਕਿਹਾ ਕਿ ਉਨ੍ਹਾਂ ਦੇ ਪਿਤਾ ਸਵ: ਬਸੰਤ ਸਿੰਘ ਖਾਲਸਾ ਤੇ ਉਨ੍ਹਾਂ ਦੀ ਇਸ ਹਲਕੇ ਅਧੀਨ ਆਉਂਦੇ ਵਿਧਾਨ ਸਭਾ ਹਲਕਿਆਂ ਉਪਰ ਚੰਗੀ ਪਕੜ ਕਾਰਨ ਉਨ੍ਹਾਂ ਨੂੰ ਲੋਕਾਂ ਦਾ ਭਰਵਾਂ ਹੁੰਗਾਰਾ ਮਿਲ ਰਿਹਾ ਹੈ।ਆਪਣੀਆਂ ਮੁੱਖ ਵਿਰੋਧੀ ਪਾਰਟੀ ਕਾਂਗਰਸ ਅਤੇ 'ਆਪ' 'ਤੇ ਤਿੱਖੇ ਹਮਲੇ ਕਰਦਿਆਂ ਉਨ੍ਹਾਂ ਕਿਹਾ ਕਿ ਇਹ ਪੰਜਾਬ ਵਿੱਚ ਵੀ ਆਪਸ ਵਿੱਚ ਘਿਓ-ਖਿਚੜੀ ਹਨ, ਸਿਰਫ਼ ਲੋਕਾਂ ਦੀਆਂ ਅੱਖਾਂ ਵਿਚ ਘੱਟਾ ਪਾਇਆ ਜਾ ਰਿਹਾ ਹੈ।

# ਪਸ਼ੂ ਪਾਲਣ ਵਿਭਾਗ ਦੇ ਦਰਜਾ ਚਾਰ ਮੁਲਾਜ਼ਮਾਂ ਦੀਆਂ ਲਟਕਦੀਆਂ ਮੰਗਾਂ ਦਾ ਤੁਰੰਤ ਨਿਪਟਾਰਾ ਕਰਨ ਦੀ ਮੰਗ

**ਕੋਟਕਪੂਰਾ, (ਰਛਪਾਲ ਭੁੱਲਰ)** ਦੀ ਕਲਾਸ ਫੋਰ ਗੌਰਮਿੰਟ ਇੰਪਲਾਈਜ਼ ਯੂਨੀਅਨ ਪਸ਼ੂ ਪਾਲਣ ਵਿਭਾਗ ਪੰਜਾਬ ਦੀ ਹੰਗਾਮੀ ਮੀਟਿੰਗ ਸੂਬਾ ਪ੍ਰਧਾਨ ਜਗਦੀਸ਼ ਸਿੰਘ ਬਰਨਾਲਾ ਤੇ ਚੇਅਰਮੈਨ ਰਾਮ ਸਿੰਘ ਬਠਿੰਡਾ ਦੀ ਅਗਵਾਈ ਵਿੱਚ ਈਸੜੂ ਭਵਨ ਵਿਖੇ ਹੋਈ ਮੀਟਿੰਗ ਵਿੱਚ ਪੰਜਾਬ ਦੇ ਸੂਬਾ ਕਮੇਟੀ ਮੈਂਬਰ ਤੇ ਸਾਰੇ ਜ਼ਿਲ੍ਹਾ ਪ੍ਰਧਾਨ ਸ਼ਾਮਲ ਹੋਏ।ਵੱਖ-ਵੱਖ ਮੁੱਦਿਆਂ 'ਤੇ ਵਿਚਾਰ ਵਟਾਂਦਰਾ ਕੀਤਾ ਗਿਆ।ਮੀਟਿੰਗ ਦੀ ਕਾਰਵਾਈ ਪ੍ਰੈਸ ਦੇ ਨਾਂਅ ਜਾਰੀ ਕਰਦਿਆਂ ਜਥੇਬੰਦੀ ਦੇ ਸੂਬਾਈ ਮੀਤ ਪ੍ਰਧਾਨ ਇਕਬਾਲ ਸਿੰਘ ਢੁੱਡੀ ਤੇ ਕੁਲਬੀਰ ਸਿੰਘ ਸਰਾਵਾਂ ਨੇ ਦੱਸਿਆ ਕਿ ਪੰਜਾਬ ਸਰਕਾਰ ਮੁਲਾਜ਼ਮਾਂ ਨਾਲ ਲਗਾਤਾਰ ਵਿਤਕਰੇ ਕਰ ਰਹੀ ਹੈ।ਮੁਲਾਜ਼ਮਾਂ ਦਾ ਬਣਦਾ ਡੀ ਏ ਦੱਬੀ ਬੈਠੀ ਹੈ।ਪੇਅ ਕਮਿਸ਼ਨ ਦਾ ਪਿਛਲਾ ਬਣਦਾ ਬਕਾਇਆ ਜਾਰੀ ਨਹੀਂ ਕੀਤਾ ਜਾ ਰਿਹਾ ਅਤੇ ਨਾਲ ਹੀ ਪਸ਼ੂ ਪਾਲਣ ਵਿਭਾਗ ਦੇ ਵਿੱਚ ਦਰਜਾ ਚਾਰ ਮੁਲਾਜ਼ਮਾਂ ਨੂੰ ਆ ਰਹੀਆਂ ਮੁਸ਼ਕਲਾਂ ਦਾ ਹੱਲ ਕਰਨ ਵਿੱਚ ਲਗਾਤਾਰ ਨਾਕਾਮ ਰਹੀ ਹੈ।ਪਸ਼ੂ ਪਾਲਣ ਵਿਭਾਗ ਵਿਚ ਦਰਜਾ ਚਾਰ ਮੁਲਾਜ਼ਮਾ ਦੀ ਗਿਣਤੀ ਬਹੁਤ ਹੀ ਘੱਟ ਰਹਿ ਗਈ ਹੈ।ਪੰਜਾਬ ਸਰਕਾਰ ਵੱਲੋਂ ਐਲਾਨ ਕੀਤਾ ਗਿਆ ਸੀ ਕਿ ਪਸ਼ੂ ਪਾਲਣ ਵਿਭਾਗ ਵਿੱਚ ਦਰਜਾ ਚਾਰ ਦੀਆਂ 1183 ਪੋਸਟਾ ਦੀ ਭਰਤੀ ਜਾਵੇਗੀ, ਜੋ ਅਜੇ ਤੱਕ ਕੁੱਝ ਵੀ ਨਹੀਂ ਕੀਤਾ ਗਿਆ । ਆਗੂਆਂ ਨੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ 1183 ਪੋਸਟਾਂ ਦੀ ਭਰਤੀ ਜਲਦ ਤੋਂ ਜਲਦ ਕੀਤੀ ਜਾਵੇ ਅਤੇ 497 ਕੱਚੇ ਦਰਜਾ ਚਾਰ ਮੁਲਾਜ਼ਮਾਂ ਨੂੰ ਵੀ ਇਸ ਭਰਤੀ ਵਿੱਚ ਮਰਜ਼ ਕੀਤਾ ਜਾਵੇ।ਮੀਟਿੰਗ ਵਿੱਚ ਵਿਚਾਰ ਪੇਸ਼ ਕਰਦੇ ਹੋਏ ਸੀਨੀਅਰ ਮੀਤ ਪ੍ਰਧਾਨ ਗੌਤਮ ਭਾਰਦਵਾਜ, ਅਮੋਲਕ ਸਿੰਘ ਦਫ਼ਤਰ ਸਕੱਤਰ ਲੁਧਿਆਣਾ, ਦਰਸ਼ਨ ਸਿੰਘ ਸਲਾਹਕਾਰ ਮੁਹਾਲੀ ਵੱਲੋਂ ਕਿਹਾ ਗਿਆ ਕਿ ਪਸ਼ੂ ਪਾਲਣ ਵਿਭਾਗ ਤੇ ਪੰਜਾਬ ਸਰਕਾਰ ਨਾਲ ਵਾਰ ਵਾਰ ਮੀਟਿੰਗਾ ਕਰਨ ਉਪਰੰਤ ਪੜੇ ਲਿਖੇ ਦਰਜਾ ਚਾਰ ਮੁਲਾਜ਼ਮਾਂ ਦਾ ਪ੍ਰਮੋਸ਼ਨ ਚੈਨਲ ਨਹੀਂ ਖੋਲ੍ਹਿਆ ਜਾ ਰਿਹਾ ਹੈ, ਜਿਸ ਕਾਰਨ ਮੁਲਾਜ਼ਮਾਂ ਵਿੱਚ ਬਹੁਤ ਜ਼ਿਆਦਾ ਰੋਸ ਹੈ, ਇਸਦਾ ਖਮਿਆਜ਼ਾ ਵੋਟਾਂ ਵਿੱਚ ਪੰਜਾਬ ਸਰਕਾਰ ਨੂੰ ਭੁਗਤਣਾ ਪੈ ਸਕਦਾ ਹੈ। ਮੀਟਿੰਗ ਦੌਰਾਨ ਫਾਹੀ ਪੰਜਾਬ ਸਰਕਾਰ ਤੋਂ ਮੰਗ ਕੀਤੀ ਗਈ ਕਿ ਪਸ਼ੂ ਪਾਲਣ ਵਿਭਾਗ ਦੇ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਜਥੇਬੰਦੀ ਨੂੰ ਗੱਲਬਾਤ ਦਾ ਸਮਾਂ ਦੇ ਕੇ ਤੁਰੰਤ ਮੁਸ਼ਕਲਾਂ ਦਾ ਜਲਦੀ ਤੋਂ ਜਲਦੀ ਹੱਲ ਕਰਨ । ਇਸ ਮੀਟਿੰਗ ਵਿੱਚ ਹੋਰਨਾਂ ਤੋਂ ਇਲਾਵਾ ਪੰਜਾਬ ਚੇਅਰਮੈਨ ਰਾਮ ਸਿੰਘ ਬਠਿੰਡਾ, ਜਨਰਲ ਸਕੱਤਰ ਬਸੰਤ ਸਿੰਘ ਮੋਗਾ, ਦਰਸ਼ਨ ਸਿੰਘ ਸਲਾਹਕਾਰ ਮੋਹਾਲੀ, ਜਸਵੀਰ ਸਿੰਘ ਐਲ ਏ ਲੁਧਿਆਣਾ, ਗੁਰਦੀਪ ਸਿੰਘ ਭਗਤਾ, ਗੁਰਮੇਲ ਸਿੰਘ ਖਜ਼ਾਨਚੀ ਸ੍ਰੀ ਮੁਕਤਸਰ ਸਾਹਿਬ, ਸੇਵਾ ਸਿੰਘ ਲੁਧਿਆਣਾ, ਦਲਜੀਤ ਸਿੰਘ ਗੁਰਦਾਸਪੁਰ ,ਜੰਗ ਸਿੰਘ ਤਰਨਤਾਰਨ ਜ਼ਿਲ੍ਹਾ ਪ੍ਰਧਾਨ, ਵਿਜੇ ਕੁਮਾਰ, ਜਸਵੰਤ ਸਿੰਘ ਫਿਰੋਜ਼ਪੁਰ ਜ਼ਿਲ੍ਹਾ ਪ੍ਰਧਾਨ, ਜਸਵੰਤ ਸਿੰਘ ਫ਼ਤਿਹਗੜ੍ਹ ਸਾਹਿਬ ਤੇ ਗੁਰਬਚਨ ਸਿੰਘ ਲੱਧੜ ਲੁਧਿਆਣਾ ਆਦਿ ਸ਼ਾਮਲ ਸਨ।



# ਸਕੂਲ ਦੇ ਉਦਘਾਟਨ ਤੋਂ ਪਹਿਲਾਂ ਚੋਰਾਂ ਨੇ ਕੀਤਾ ਕਾਰਾ

## ਏ.ਸੀ, ਐੱਲ.ਈ.ਡੀ. ਤੋਂ ਇਲਾਵਾ ਟੂਟੀਆਂ ਤੱਕ ਹੱਥ ਸਾਫ਼



**ਮਾਛੀਵਾੜਾ ਸਾਹਿਬ, (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)** ਬੱਸ ਸਟੈਂਡ ਨੇੜੇ ਸ਼ਹਿਰ ਦੇ ਸਭ ਤੋਂ ਵੱਧ ਸੁੰਦਰ ਤੇ ਸੇਫ਼ ਸਮਝੇ ਜਾਂਦੇ ਜੇ.ਐੱਸ ਨਗਰ ਵਿਖੇ ਡੀ.ਪੀ.ਐੱਸ. ਸਕੂਲ ਵਿਚ ਚੋਰਾਂ ਵਲੋਂ ਉਦਘਾਟਨ ਤੋਂ ਪਹਿਲਾਂ ਹੀ ਆਪਣੀ ਚੋਰੀ ਦੀ ਕਰਾਮਾਤ ਦਿਖਾਉਂਦਿਆਂ ਏ.ਸੀ, ਐੱਲ.ਈ.ਡੀ. ਅਤੇ ਬਾਥਰੂਮ ਦੀਆਂ ਟੂਟੀਆਂ ਤੱਕ 'ਤੇ ਹੱਥ ਸਾਫ਼ ਕਰ ਦਿੱਤਾ।

ਡੀ.ਪੀ.ਐੱਸ. ਸਕੂਲ ਵਲੋਂ ਜੇ.ਐੱਸ. ਨਗਰ ਵਿਖੇ ਇੱਕ ਕੋਠੀ ਵਿਚ ਆਪਣੀ ਨਵੀਂ ਬ੍ਰਾਂਚ ਖੋਲ੍ਹੀ ਗਈ ਸੀ, ਜਿਸ ਵਿਚ ਬੱਚਿਆਂ ਦਾ ਦਾਖਲਾ ਚੱਲ ਰਿਹਾ ਸੀ। ਜਾਣਕਾਰੀ ਅਨੁਸਾਰ ਜੇ.ਐੱਸ. ਨਗਰ ਵਿਖੇ ਇੱਕ ਕੋਠੀ ਵਿੱਚ ਡੀ.ਪੀ.ਐੱਸ. ਸਕੂਲ ਦੇ ਅਧਿਆਪਕਾਂ ਨੇ ਕੁਝ ਦਿਨ ਪਹਿਲਾਂ ਹੀ ਇੱਥੇ ਦਾਖਲਾ ਪ੍ਰਕਿਰਿਆ ਸ਼ੁਰੂ ਕੀਤੀ ਸੀ ਤੇ ਮਾਪੇ ਆਪਣੇ ਬੱਚਿਆਂ ਨੂੰ ਦਾਖਲ ਕਰਾਉਣ ਲਈ ਆ ਰਹੇ ਸਨ। ਬੀਤੀ ਸ਼ਾਮ ਸਕੂਲ ਅਧਿਆਪਕਾਂ ਕੋਠੀ ਨੂੰ ਤਾਲਾ ਲਾ ਕੇ ਗਏ ਅਤੇ ਜਦੋਂ ਸਵੇਰੇ ਆ ਕੇ ਦੇਖਿਆ ਤਾਂ ਕੋਠੀ ਅੰਦਰਲੇ ਦਰਵਾਜ਼ੇ ਦੇ ਤਾਲੇ ਤੋੜੇ ਹੋਏ ਸਨ ਤੇ ਅੰਦਰ ਚੰਗੀ ਤਰ੍ਹਾਂ ਫਰੋਲਾ-ਫਰਾਲੀ ਕੀਤੀ ਹੋਈ ਸੀ। ਸਕੂਲ ਪ੍ਰਬੰਧਕ ਕਰਨਲ ਐੱਨ.ਕੇ. ਮੋਹਨ ਨੇ ਦੱਸਿਆ ਕਿ ਚੋਰ ਨਵੀਂ ਲਾਈ ਐੱਲ.ਈ.ਡੀ. ਚੋਰੀ ਕਰਕੇ ਲੈ ਗਏ ਤੇ ਕੋਠੀ ਮਾਲਕਾਂ ਵਲੋਂ ਜੋ ਪਹਿਲਾਂ ਇੱਥੇ 2 ਏ.ਸੀ. ਲਾਏ ਸਨ, ਉਨ੍ਹਾਂ 'ਚੋਂ ਕੰਪਰੈਸ਼ਰ ਖੋਲ੍ਹ ਕੇ ਲੈ ਗਏ। ਚੋਰਾਂ ਨੇ ਬਾਥਰੂਮ ਵਿੱਚ ਲੱਗੀਆਂ ਟੂਟੀਆਂ ਵੀ ਖੋਲ੍ਹ ਲਈਆਂ ਤੇ ਉਹ ਵੀ ਚੋਰੀ ਕਰਕੇ ਲੈ ਗਏ। ਚੋਰਾਂ ਨੇ ਬੜੇ ਅਰਾਮ ਨਾਲ ਵਾਰਦਾਤ ਨੂੰ ਅੰਜਾਮ ਦਿੱਤਾ। ਇਸ ਤੋਂ ਇਲਾਵਾ ਹੋਰ ਵੀ ਕੋਠੀ ਦੀਆਂ ਅਲਮਾਰੀਆਂ ਖੋਲ੍ਹੀਆਂ ਸਨ, ਜਿਨ੍ਹਾਂ ਵਿੱਚ ਮਾਲਕਾਂ ਦਾ ਕੁਝ ਸਮਾਨ ਪਿਆ ਹੋ ਸਕਦਾ ਹੈ, ਜਿਸ ਬਾਰੇ ਉਨ੍ਹਾਂ ਦੇ ਆਉਣ ਤੋਂ ਬਾਅਦ ਹੀ ਪਤਾ ਲੱਗ ਸਕੇਗਾ। ਪੁਲਸ ਵਲੋਂ ਡੀ.ਪੀ.ਐੱਸ. ਸਕੂਲ ਦੇ ਪ੍ਰਬੰਧਕ ਐੱਨ.ਕੇ. ਮੋਹਨ ਦੇ ਬਿਆਨਾਂ ਦੇ ਅਧਾਰ 'ਤੇ ਕਾਨੂੰਨੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

## ਪਾਰਟੀ ਹੁਕਮ ਕਰੇਗੀ ਤਾਂ ਜ਼ਰੂਰ ਲੜਾਂਗਾ ਲੋਕ ਸਭਾ ਚੋਣ : ਪੰਡੋਰੀ

**ਮਹਿਲ ਕਲਾਂ (ਬਲਵਿੰਦਰ ਵਜੀਦਕੇ)** ਆਮ ਆਦਮੀ ਪਾਰਟੀ ਦੇ ਵਿਧਾਇਕ ਤੇ ਐਸਸੀ ਵਿੰਗ ਪੰਜਾਬ ਦੇ ਸੂਬਾ ਪ੍ਰਧਾਨ ਕੁਲਵੰਤ ਸਿੰਘ ਪੰਡੋਰੀ ਨੇ ਕਿਹਾ ਕਿ ਪੰਜਾਬ ਨੂੰ ਦੋਵੇਂ ਹੱਥੀਂ ਲੁੱਟ ਖਸੁੱਟ ਕੇ ਬਰਬਾਦੀ ਦੇ ਦੌਰ ਵੱਲ ਧੱਕਣ ਵਾਲੇ ਲੋਕ ਹੁਣ ਸਾਨੂੰ ਸਰਕਾਰ ਚਲਾਉਣੀ ਸਿਖਾ ਰਹੇ ਹਨ, ਕਿਉਂਕਿ ਲਮੇਂ ਸਮੇਂ ਤੋਂ 72 ਸਾਲ ਵੱਡੇ ਪੱਧਰ 'ਤੇ ਦੇਸ਼ ਅਤੇ ਸੂਬੇ ਦੇ ਕਾਬਜ ਰਹੀਆਂ ਪਾਰਟੀਆਂ ਨੇ ਪੰਜਾਬ ਦਾ ਸਭ ਤੋਂ ਵੱਡਾ ਨੁਕਸਾਨ ਕੀਤਾ, ਕਿਉਂਕਿ ਹੁਣ ਵੱਡੇ-ਵੱਡੇ ਦਿੱਗਜ ਲੀਡਰ ਪੁਰਾਣੀਆਂ ਪਾਰਟੀਆਂ ਤੋਂ ਖਹਿੜਾ ਛੁਡਵਾ ਚੁੱਕੇ ਹਨ। ਵਿਧਾਇਕ ਕੁਲਵੰਤ ਸਿੰਘ ਪੰਡੋਰੀ ਨੇ ਕਿਹਾ ਕੇ ਸੂਬੇ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਇੱਕ ਸੱਚਾ ਤੇ ਇਮਾਨਦਾਰ ਅਤੇ ਅਗਾਂਹਵਧੂ ਸੋਚ ਰੱਖਣ ਵਾਲੇ ਦਮਦਾਰ ਲੀਡਰ ਹਨ, ਜਿਨ੍ਹਾਂ ਨੇ ਥੋੜ੍ਹੇ ਸਮੇਂ ਅੰਦਰ ਹੀ ਪੰਜਾਬ ਅੰਦਰ ਇਤਿਹਾਸਕ ਕੰਮ ਕਰਕੇ ਆਪਣੇ ਕੀਤੇ ਹੋਏ ਵਾਅਦਿਆਂ ਨੂੰ ਲਗਾਤਾਰ ਪੂਰਾ ਕਰ ਰਹੇ ਹਨ। ਉਨਾਂ ਇੱਕ ਸਵਾਲ ਦੇ ਜਵਾਬ ਵਿੱਚ ਕਿਹਾ ਕਿ ਜੇਕਰ ਪਾਰਟੀ ਉਨਾਂ ਨੂੰ ਲੋਕ ਸਭਾ ਚੋਣ ਲੜਾਉਣ ਲਈ ਕਿਤੇ ਵੀ ਹੁਕਮ ਕਰੇਗੀ ਤਾਂ ਉਹ ਸਿਰ ਮੱਥੇ ਨਿਭਾਉਣਗੇ। ਇਸ ਮੌਕੇ ਬਲਾਕ ਪ੍ਰਧਾਨ ਸਰਬਜੀਤ ਸਿੰਘ ਸ਼ੰਭੂ ਤੇ ਸੋਸ਼ਲ ਮੀਡੀਆ ਬਲਾਕ ਪ੍ਰਧਾਨ ਮੋਹਿਤ ਗਰਗ ਮਹਿਲ ਕਲਾਂ, ਜਗਜੀਵਨ ਸਿੰਘ ਕਲਾਲ ਮਾਜਰਾ ਬਲਾਕ ਮੀਤ ਪ੍ਰਧਾਨ ਸੋਸ਼ਲ ਮੀਡੀਆ, ਸਿਮਰਨਜੀਤ ਸਿੰਘ ਜਨਰਲ ਸਕੱਤਰ ਸੋਸ਼ਲ ਮੀਡੀਆ, ਗੁਰਪ੍ਰੀਤ ਸਿੰਘ, ਜਸਵਿੰਦਰ ਸਿੰਘ, ਚੇਤ ਸਿੰਘ ਤੇ ਹੋਰ ਹਾਜ਼ਰ ਸਨ।

# ਨਾਗਰਿਕਤਾ ਸੋਧ ਕਾਨੂੰਨ ਘੱਟ ਗਿਣਤੀਆਂ ਲਈ ਖ਼ਤਰੇ ਦੀ ਘੰਟੀ : ਇਨਕਲਾਬੀ ਕੇਂਦਰ ਪੰਜਾਬ

**ਲਹਿਰਾ ਮੁਹੱਬਤ, (ਭੀਮ ਸੈਨ ਹਦਵਾਰੀਆ)** ਇਨਕਲਾਬੀ ਕੇਂਦਰ ਪੰਜਾਬ ਨੇ ਮੋਦੀ ਹਕੂਮਤ ਵੱਲੋਂ ਨਾਗਰਿਕਤਾ ਸੋਧ ਕਾਨੂੰਨ ਲਾਗੂ ਕਰਨ ਦੀ ਸਖ਼ਤ ਸ਼ਬਦਾਂ ਵਿੱਚ ਨਿਖੇਧੀ ਕਰਦਿਆਂ ਇਸ ਨੂੰ ਵਾਪਸ ਲੈਣ ਦੀ ਮੰਗ ਕੀਤੀ ਹੈ। ਜਥੇਬੰਦੀ ਦੇ ਸੂਬਾ ਪ੍ਰਧਾਨ ਸਾਥੀ ਨਰਾਇਣ ਦੱਤ, ਜਨਰਲ ਸਕੱਤਰ ਕੰਵਲਜੀਤ ਖੰਨਾ, ਜਗਜੀਤ ਸਿੰਘ ਲਹਿਰਾ ਮੁਹੱਬਤ, ਮੁਖਤਿਆਰ ਸਿੰਘ ਪੂਹਲਾ ਤੇ ਜਸਵੰਤ ਜੀਰਖ ਨੇ ਕਿਹਾ ਕਿ ਦਸੰਬਰ 2019 ਵਿੱਚ ਭਾਰਤ ਦੀ ਸੱਤਾ 'ਤੇ ਕਾਬਜ਼ ਸੰਘ-ਭਾਜਪਾ ਆਪਣੇ ਸਿਆਸੀ ਏਜੰਡੇ 'ਹਿੰਦੀ-ਹਿੰਦੂ-ਹਿੰਦੁਸਤਾਨ' ਤਹਿਤ ਧਾਰਮਿਕ ਘੱਟ ਗਿਣਤੀਆਂ ਖਾਸ ਕਰਕੇ ਮੁਸਲਮਾਨਾਂ ਨੂੰ ਨਾਗਰਿਕ ਹੱਕਾਂ ਤੋਂ ਵਾਂਝੇ ਕਰਨ ਲਈ ਨਾਗਰਿਕਤਾ ਸੋਧ ਕਨੂੰਨ ਲੈ ਕੇ ਆਈ ਸੀ। ਇਹ ਰਾਸ਼ਟਰੀ ਸਵੈ-ਸੇਵਕ ਸੰਘ ਦੇ 'ਹਿੰਦੂ ਰਾਸ਼ਟਰ' ਬਣਾਉਣ ਦੇ ਫਾਸ਼ੀਵਾਦੀ ਏਜੰਡੇ ਦਾ ਅੰਗ ਹੈ, ਜਿਸ ਵਿੱਚ ਲੋਕਾਂ ਨੂੰ ਕਿਸੇ ਵੀ ਤਰ੍ਹਾਂ ਦੇ ਜਮਹੂਰੀ ਹੱਕ ਹਾਸਲ ਨਹੀਂ ਹੋਣਗੇ। ਨਾਗਰਿਕਤਾ ਸੋਧ ਕਨੂੰਨ, ਕੌਮੀ ਨਾਗਰਕ ਸੂਚੀ ਅਤੇ ਕੌਮੀ ਜਨਸੰਖਿਆ ਸੂਚੀ ਦੀ ਤਿੱਕੜੀ ਆਪਸ ਵਿੱਚ ਜੁੜੀ ਹੋਏ ਹੈ। ਇਸ ਤਿੱਕੜੀ ਦਾ ਸਭ ਤੋਂ ਵੱਡਾ ਹਮਲਾ ਮੁਸਲਮਾਨ ਤਾਂ ਹਨ ਹੀ ਸਗੋਂ ਹੋਰ ਧਰਮਾਂ ਦੇ ਲੋਕਾਂ, ਖਾਸ ਕਰ ਗਰੀਬਾਂ ਅਤੇ ਹੱਕ, ਸੱਚ, ਇਨਸਾਫ ਲਈ ਅਵਾਜ਼ ਬੁਲੰਦ ਕਰਨ ਵਾਲ਼ੇ ਜਮਹੂਰੀਅਤ ਪਸੰਦ ਵਿਅਕਤੀਆਂ ਨੂੰ ਵੀ ਇਸ ਨਾਲ਼ ਵੱਡੀਆਂ ਮੁਸੀਬਤਾਂ ਦਾ ਸਾਹਮਣਾ ਕਰਨਾ ਪਵੇਗਾ, ਉਨ੍ਹਾਂ ਤੋਂ ਨਾਗਰਿਕਤਾ ਸਾਬਤ ਕਰਨ ਲਈ ਦਸਤਾਵੇਜ ਮੰਗੇ ਜਾਣਗੇ, ਸਰਕਾਰੀ ਦਫਤਰਾਂ, ਕਚਿਹਰੀਆਂ, ਬੰਦੀ ਕੈਂਪਾਂ ਦੇ ਵਿੱਚ ਧੱਕੇ ਖਾਣੇ ਪੈਣਗੇ, ਜਬਰ ਦਾ ਸਾਹਮਣਾ ਕਰਨਾ ਪਵੇਗਾ।

ਮੋਦੀ ਸਰਕਾਰ ਦੀਆਂ ਦੇਸ਼ੀ-ਵਿਦੇਸ਼ੀ ਸਾਮਰਾਜੀ-ਸਰਮਾਏਦਾਰਾਨਾ ਪੱਖੀ ਆਰਥਿਕ/ਸਿਆਸੀ ਨੀਤੀਆਂ ਕਾਰਨ ਮਜ਼ਦੂਰਾਂ-ਕਿਰਤੀਆਂ ਨੂੰ ਭਿਆਨਕ ਗਰੀਬੀ, ਬਦਹਾਲੀ, ਬੇਰੁਜ਼ਗਾਰੀ, ਮਹਿੰਗਾਈ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਮੋਦੀ ਸਰਕਾਰ ਖਿਲਾਫ਼ ਲੋਕਾਂ ਵਿੱਚ ਵੱਡੇ ਪੱਧਰ ਉੱਤੇ ਗੁੱਸਾ ਫ਼ੈਲਿਆ ਹੋਇਆ ਹੈ। ਇਸ ਲਈ ਭਾਜਪਾ ਕੋਲ ਲੋਕਾਂ ਦਾ ਧਿਆਨ ਇਨ੍ਹਾਂ ਮੁੱਦਿਆਂ ਤੋਂ ਹਟਾਉਣ ਲਈ ਧਰਮ ਦੇ ਨਾਂ 'ਤੇ ਨਫ਼ਰਤ ਫੈਲਾਉਣ ਦਾ ਕਾਰਗਰ ਹਥਿਆਰ ਹੈ। ਦੇਸ਼ ਦੇ ਹਾਕਮਾਂ ਨੇ ਪੂਰਾ ਜ਼ੋਰ ਲਾਇਆ ਕਿ ਇਸ ਲਹਿਰ 'ਚ ਹਿੰਦੂ ਬਨਾਮ ਮੁਸਲਿਮ ਦਾ ਪੱਤਾ ਖੇਡਿਆ ਜਾਵੇ। ਪਰ ਵੱਖ-ਵੱਖ ਧਰਮਾਂ ਦੇ ਲੋਕਾਂ ਨੇ ਭਾਈਚਾਰਕ ਏਕੇ ਦੀਆਂ ਨਵੀਆਂ ਮਿਸਾਲਾਂ ਪੇਸ਼ ਕਰਦੇ ਹੋਏ ਹਾਕਮਾਂ ਦੇ ਫਿਰਕੂ ਮਨਸੂਬਿਆਂ ਨੂੰ ਕਾਮਯਾਬ ਨਹੀਂ ਹੋਣ ਦਿੱਤਾ। ਇਸ ਤੋਂ ਬਾਅਦ ਮੋਦੀ ਹਕੂਮਤ ਨੇ ਨਾਗਰਿਕਤਾ ਸੋਧ ਕਨੂੰਨ ਨੂੰ ਲਾਗੂ ਕਰਨ ਬਾਰੇ ਆਪਣੇ ਗੁੱਝੇ ਮਕਸਦ ਦੀ ਪੂਰਤੀ ਲਈ ਢੁਕਵੇਂ ਮੌਕੇ ਦੀ ਤਲਾਸ਼ ਨਾਲ ਚੁੱਪ ਧਾਰ ਲਈ। ਪਰ ਇਹ ਚੁੱਪ ਵਕਤੀ ਹੀ ਸੀ। ਮੋਦੀ ਹਕੂਮਤ ਨੇ ਪਾਰਲੀਮਾਨੀ ਚੋਣਾਂ ਤੋਂ ਐਨ ਪਹਿਲਾਂ ਇਸ ਕਾਨੂੰਨ ਨੂੰ ਲਾਗੂ ਕਰਨ ਸਬੰਧੀ ਨੋਟੀਫੀਕੇਸ਼ਨ ਜਾਰੀ ਕਰ ਦਿੱਤਾ ਹੈ। ਭਾਰਤ ਦੇ ਹਾਕਮ ਲੋਕਾਈ ਵਿਰੁੱਧ ਇੱਕ ਤੋਂ ਬਾਅਦ ਇੱਕ ਆਰਥਿਕ-ਸਿਆਸੀ ਹੱਲੇ ਵਿੱਢ ਰਹੇ ਹਨ। ਇਨਕਲਾਬੀ ਕੇਂਦਰ ਪੰਜਾਬ ਨੇ ਭਾਰਤ 'ਚ ਵਸਦੀ ਸਭ ਤੋਂ ਵੱਡੀ ਧਾਰਮਿਕ ਘੱਟ ਗਿਣਤੀ ਮੁਸਲਿਮ ਭਾਈਚਾਰੇ ਦੇ ਲੋਕਾਂ ਤੋਂ ਨਾਗਰਿਕਤਾ ਹੱਕ ਖੋਹਣ ਵਾਲੇ ਇਸ ਫਿਰਕੂ ਫਾਸ਼ੀਵਾਦੀ ਹਮਲੇ ਵਿਰੁੱਧ ਅੱਜ ਮੁਲਕ ਦੀਆਂ ਸਭਨਾਂ ਇਨਕਲਾਬੀ ਜਮਹੂਰੀ ਸ਼ਕਤੀਆਂ, ਕਿਸਾਨਾਂ, ਮਜ਼ਦੂਰਾਂ ਤੇ ਇਨਸਾਫ਼ਪਸੰਦ ਪਸੰਦ ਨਾਗਰਿਕਾਂ ਨੂੰ ਸੰਘਰਸ਼ ਦਾ ਪਿੜ ਮੱਲਣ ਦੀ ਲੋੜ 'ਤੇ ਜ਼ੋਰ ਦਿੱਤਾ ਹੈ।

## ਪੈਨਸ਼ਨਰਜ਼ ਐਸੋਸੀਏਸ਼ਨ ਦੀ ਹੋਈ ਮੀਟਿੰਗ

**ਧੂਰੀ (ਬਿੰਨੀ ਗਰਗ)** ਪੈਨਸ਼ਨਰਜ਼ ਐਸੋਸੀਏਸ਼ਨ (ਰਜਿ:) ਮੰਡਲ ਯੂਨਿਟ ਦੀ ਜਨਰਲ ਬਾਡੀ ਦੀ ਮੀਟਿੰਗ ਸਾਥੀ ਸੁਖਦੇਵ ਸਿੰਘ ਪ੍ਰਧਾਨ ਨੇ ਕੀਤੀ।ਮੀਟਿੰਗ ਵਿੱਚ ਕਰੀਬ 130/140 ਸਾਥੀਆਂ ਨੇ ਭਾਗ ਲਿਆ।ਪਾਵਰਕਾਮ ਮੇਨੈਜਮੈਂਟ ਕੋਲ ਲਮਕ ਅਵਸਥਾ ਵਿੱਚ ਪਈਆਂ ਮੰਗਾਂ ਤੇ ਸਾਂਝੇ ਤੌਰ੍ਹ 'ਤੇ ਵਿਚਾਰ ਕੀਤੇ ਗਏ, ਜਿਵੇਂ 01.01.2016 ਤੋਂ ਰਿਵਾਇਜ਼ਡ ਸਕੇਲਾਂ ਦਾ ਏਰੀਅਰ ਤੁਰੰਤ ਦੇਣ ਦੀ ਮੰਗ ਕੀਤੀ ਗਈ ਤੇ ਬਕਾਇਆ ਰਹਿੰਦੀਆਂ ਡੀਏ ਦੀਆਂ ਕਿਸ਼ਤਾਂ, ਜੋ 12% ਬਣਦੀਆਂ ਹਨ, ਤੁਰੰਤ ਸਮੇਤ ਏਰੀਅਰ ਅਦਾ ਕੀਤੀਆ ਜਾਣ। 31.12.2015 ਤੋਂ ਪਹਿਲਾਂ ਦੇ ਪੈਨਸ਼ਨਰਾਂ ਨੂੰ 2.59% ਦਾ ਫੈਕਟਰ 01.01.2016 ਤੁਰੰਤ ਦਿੱਤਾ ਜਾਵੇ।31.12.2015 ਤੋਂ ਪਹਿਲਾਂ ਦੇ ਕਰਮਚਾਰੀ ਜੋ ਸੇਵਾ ਨਿਵਰਿਤ ਹੋ ਚੁੱਕੇ ਹਨ, ਨੂੰ 23 ਸਾਲਾਂ ਸਾਂਝਾ ਪਰਮੋਸ਼ਨ ਸਕੇਲ ਦਾ ਲਾਭ ਦਿੱਤਾ ਜਾਵੇ।ਇਸਤੋਂ ਇਲਾਵਾ ਇਹ ਵੀ ਵਿਚਾਰ ਕੀਤਾ ਗਿਆ ਕਿ ਜੋ ਵਿਕਾਸ ਫੰਡ 200/- ਰੁਪਏ ਪ੍ਰਤੀ ਮਹੀਨਾ ਦਾ ਸੀਨੀਅਰ ਸਿਟੀਜਨਾਂ ਦੀ ਪੈਨਸ਼ਨਰਾਂ ਵਿੱਚੋਂ ਕੱਟਿਆ ਜਾ ਰਿਹਾ ਹੈ, ਉਹ ਤੁਰੰਤ ਬੰਦ ਕੀਤਾ ਜਾਵੇ ਤੇ ਕੀਤੀ ਕਟੌਤੀ ਤੁਰੰਤ ਵਾਪਸ ਕੀਤੀ ਜਾਵੇ ਅਤੇ ਪੁਰਾਣੀ ਪੈਨਸ਼ਨ ਬਹਾਲ ਕੀਤੀ ਜਾਵੇ।ਇਹ ਵੀ ਮੰਗ ਕੀਤੀ ਕਿ ਮੌਜੂਦਾ ਮਹਿੰਗਾਈ ਦੇ ਮੁਤਾਬਿਕ ਪੈਨਸ਼ਨਰਾਂ ਤੇ ਮੁਲਾਜ਼ਮਾਂ ਦਾ ਮੈਡੀਕਲ ਭੱਤਾ 1000 ਰੁਪਏ ਤੋਂ ਵਧਾ ਕੇ 2000 ਰੁਪਏ ਕੀਤਾ ਜਾਵੇ। ਮੀਟਿੰਗ ਵਿੱਚ ਸਾਥੀ ਮੁਖਤਿਆਰ ਸਿੰਘ, ਬਲਵੰਤ ਸਿੰਘ, ਅਮਰਜੀਤ ਸਿੰਘ ਅਮਨ, ਜਸਪਾ ਸਿੰਘ ਖੁਰਮੀ, ਸੰਤੋਖ ਸਿੰਘ, ਹਰਦੇਵ ਸਿੰਘ, ਭੂਪ ਸਿੰਘ, ਜੋਗਿੰਦਰ ਸਿੰਘ ਹਰਚੰਦਪਰੀ, ਦਲਜੀਤ ਸਿੰਘ, ਇੰਦਰਜੀਤ ਸਿੰਘ, ਬਲਦੇਵ ਸਿੰਘ ਮੀਮਸਾ, ਪੂਰਨ ਰਾਮ, ਸਹਾਇਕ ਕਾਰਜਕਾਰੀ ਇੰਜਨੀਅਰ ਨੇ ਵੀ ਆਪਣੇ ਵਿਚਾਰ ਸਾਂਝੇ ਕੀਤੇ ਤੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਪੈਨਸ਼ਨਰਾਂ ਦੀਆਂ ਮੰਗਾਂ ਤੁਰੰਤ ਲਾਗੂ ਕੀਤੀਆਂ ਜਾਣ, ਨਹੀਂ ਹੋਰ ਵੀ ਤਿੱਖਾ ਸੰਘਰਸ਼ ਕੀਤਾ ਜਾਵੇਗਾ।

# 2 ਕਰੋੜ ਨਾਲ ਸੁਖਸਾਲ 'ਚ ਬਣਾਇਆ ਜਾਵੇਗਾ ਸਕੂਲ ਆਫ ਬ੍ਰਿਲੀਐਂਸ : ਬੈਂਸ



**ਭਲਾਣ (ਹਰਭਜਨ ਢਿੱਲੋਂ)**
ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਵੱਲੋਂ ਆਪਣੇ ਵਿਧਾਨ ਸਭਾ ਹਲਕੇ ਸ੍ਰੀ ਅਨੰਦਪੁਰ ਸਾਹਿਬ ਦੇ ਵੱਖ ਵੱਖ ਖੇਤਰਾਂ ਵਿੱਚ ਚੱਲ ਰਹੇ ਸਰਕਾਰੀ ਸਕੂਲਾਂ ਨੂੰ ਕਰੋੜਾਂ ਰੁਪਏ ਦੀਆਂ ਗ੍ਰਾਂਟਾਂ ਦੀ ਸੋਗਾਤ ਵੰਡਣ ਦਾ ਸਿਲਸਿਲਾ ਨਿਰੰਤਰ ਜਾਰੀ ਹੈ।ਸੁਖਸਾਲ ਵਿੱਚ 2 ਕਰੋੜ ਨਾਲ ਸਕੂਲ ਆਫ ਬਿਰੀਲੀਐਂਸ ਅਤੇ ਖੇੜਾ ਵਿੱਚ 1 ਕਰੋੜ ਦੀ ਲਾਗਤ ਨਾਲ ਸਰਕਾਰੀ ਸਕੂਲ ਦਾ ਨਵੀਨੀਕਰਨ ਲਈ ਗ੍ਰਾਂਟਾਂ ਜਾਰੀ ਕੀਤੀਆਂ ਗਈਆਂ ਹਨ।

ਇਸ ਮੌਕੇ ਆਪਣੇ ਸੰਬੋਧਨ ਦੌਰਾਨ ਸਿੱਖਿਆ ਮੰਤਰੀ ਹਰਜੋਤ ਬੈਂਸ ਨੇ ਕਿਹਾ ਕਿ ਸਿੱਖਿਆ ਕ੍ਰਾਂਤੀ ਦਾ ਦੌਰ ਪੰਜਾਬ ਵਿਚ ਨਿਰੰਤਰ ਜਾਰੀ ਹੈ, ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨੇ ਪੰਜਾਬ ਵਿੱਚ ਸਿੱਖਿਆ ਦੇ ਸੁਧਾਰ ਲਈ 11.5 ਪ੍ਰਤੀਸ਼ਤ ਕੁੱਲ ਬਜਟ ਦਾ ਹਿੱਸਾ ਦੇ ਕੇ ਸਿੱਖਿਆ ਸੁਧਾਰ ਵਿਚ ਕ੍ਰਾਂਤੀਕਾਰ ਫੈਸਲੇ ਲੈਣ ਦਾ ਰਾਹ ਖੋਲ ਦਿੱਤਾ ਹੈ। ਉਨ੍ਹਾਂ ਨੇ ਕਿਹਾ ਕਿ ਪੰਜਾਬ ਵਿੱਚ ਹਜ਼ਾਰਾ ਸਰਕਾਰੀ ਸਕੂਲਾਂ ਵਿੱਚ ਵਿਕਾਸ ਦੇ ਕੰਮ ਚੱਲ ਰਹੇ ਹਨ। ਸਰਕਾਰੀ ਸਕੂਲਾਂ ਦੀ ਨੁਹਾਰ ਬਦਲ ਰਹੀ ਹੈ, ਕਰੋੜਾਂ ਰੁਪਏ ਦੀ ਲਾਗਤ ਨਾਲ ਸਕੂਲ ਆਂਫ ਬ੍ਰਿਲੀਐਂਸ ਤੇ ਸਕੂਲ ਆਂਫ ਹੈਪੀਨੈਂਸ ਬਣ ਰਹੇ ਹਨ, ਸਰਕਾਰੀ ਸਕੂਲਾਂ ਵਿੱਚ ਐਸਟ੍ਰੋਟਰਫ, ਸੂਟਿੰਗ ਰੇਜ਼, ਫੁੱਟਬਾਲ ਮੈਦਾਨ ਬਣਾਏ ਜਾ ਰਹੇ ਹਨ।ਸ੍ਰੀ ਬੈਂਸ ਨੇ ਦੱਸਿਆ ਕਿ ਖੇੜਾ ਦੇ ਪੁੱਲ ਲਈ ਬਜਟ ਪਾਸ ਕਰਵਾਇਆ ਗਿਆ ਹੈ ਤਾ ਜੋ ਲੋਕਾਂ ਨੂੰ ਨਿਰਵਿਘਨ ਆਵਾਜਾਈ ਦੀ ਸਹੂਲਤ ਮਿਲ ਸਕੇ, ਨਾਨਗਰਾ ਸਰਕਾਰੀ ਸਕੂਲ ਦੀ ਚਾਰ ਦੀਵਾਰੀ ਲਈ 10 ਲੱਖ ਤੇ ਗਰਾਉਂਡ ਲਈ 9 ਲੱਖ ਰੁਪਏ ਦਿੱਤੇ, ਦਘੋੜ ਵਿੱਚ 2 ਲੱਖ ਨਾਲ ਸੋਲਡ ਵੇਸਟ ਮੇਨੇਜਮੈਂਟ ਲਈ ਦਿੱਤਾ ਗਿਆ ਤੇ ਪਲਾਸੀ ਵਿੱਚ 1 ਲੱਖ ਰੁਪਏ, ਗੋਹਲਣੀ ਛਿੰਝ ਕਮੇਟੀ ਲਈ 50 ਹਜਾਰ ਰੁਪਏ, ਭੱਲੜੀ ਛਿੰਝ ਕਮੇਟੀ ਲਿਈ 50 ਹਜ਼ਾਰ ਰੁਪਏ ਦੀ ਗ੍ਰਾਟ ਦਿੱਤੀ ਗਈ ਤਾ ਜੋ ਪਿੰਡਾਂ ਵਿਚ ਨਿਰੰਤਰ ਵਿਕਾਸ ਦੇ ਕਾਰਜ ਚੱਲਦੇ ਰਹਿਣ।

ਇਸ ਮੌਕੇ ਡਾ.ਸੰਜੀਵ ਗੌਤਮ ਮੈਂਬਰ ਮੈਡੀਕਲ ਕੌਂਸਲ ਪੰਜਾਬ, ਦੀਪਕ ਸੋਨੀ ਮੀਡੀਆ ਕੋਆਰਡੀਨੇਟਰ, ਜਸਵਿੰਦਰ ਭੰਗਲਾ, ਰੋਕੀ ਸੁਖਸਾਲ ਬਲਾਕ ਪ੍ਰਧਾਨ, ਬਲਾਕ ਇੰਚਾਰਜ ਬਲਵੰਤ ਮੰਡੇਰ, ਹੈਪੀ ਭੰਗਲਾ, ਮੁਖਤਿਆਰ ਖੇੜਾ, ਗੁਰਬਖਸ਼ ਬਿੱਲਾ ਮਹਿਲਵਾਂ, ਸੰਜੂ ਮਜਾਰੀ, ਦਰਸ਼ੀ ਭੰਗਲਾ, ਨਿਤਿਨ ਭਲਾਣ, ਕਮਲ ਸਰਪੰਚ, ਸ਼ਾਮ ਸੈਣੀ ਭੰਗਲ, ਸੁਰਿੰਦਰ ਸ਼ੀਨੂ, ਰਾਕੇਸ਼ ਵਰਮਾ ਬਲਾਕ ਪ੍ਰਧਾਨ, ਮੋਹਨ ਲਾਲ ਸੁਖਸਾਲ, ਬਿੱਲਾ ਮਹਿਲਮਾ, ਉਪ ਜਿਲ੍ਹਾ ਸਿੱਖਿਆ ਅਫਸਰ ਐਸ ਪੀ ਸਿੰਘ ਤੇ ਸਕੂਲ ਸਟਾਫ ਤੇ ਪਤਵੰਤੇ ਹਾਜ਼ਰ ਸਨ।

# ਗੈਂਗਸਟਰ ਲੱਕੀ ਪਟਿਆਲਾ ਤੇ ਮਨਦੀਪ ਧਾਲੀਵਾਲ ਦੇ ਸ਼ੂਟਰ ਗ੍ਰਿਫਤਾਰ

**ਚੰਡੀਗੜ੍ਹ (ਗੁਰਜੀਤ ਬਿੱਲਾ)**
ਡਾ. ਸੰਦੀਪ ਕੁਮਾਰ ਗਰਗ, ਸੀਨੀਅਰ ਕਪਤਾਨ ਪੁਲਸ ਜ਼ਿਲ੍ਹਾ ਐਸ.ਏ.ਐਸ ਨਗਰ ਨੇ ਪ੍ਰੈਸ ਨੂੰ ਜਾਣਕਾਰੀ ਦਿੰਦੇ ਦੱਸਿਆ ਕਿ 26/27 ਫਰਵਰੀ ਦੀ ਦਰਮਿਆਨੀ ਰਾਤ ਨੂੰ ਮੋਟਰਸਾਈਕਲ ਸਵਾਰ ਨਾ-ਮਾਲੂਮ ਵਿਅਕਤੀਆਂ ਵੱਲੋਂ ਸੈਕਟਰ-79 ਮੋਹਾਲੀ ਵਿੱਚ ਪੈਂਦੇ ਕਟਾਨੀ ਪ੍ਰੀਮੀਅਮ ਢਾਬੇ ਉਪਰ ਫਾਇਰਿੰਗ ਕੀਤੀ ਗਈ ਸੀ ਤੇ ਫਿਰ ਬਾਅਦ ਵਿੱਚ ਕਟਾਨੀ ਢਾਬੇ ਦੇ ਮਾਲਿਕ ਪਾਸੋਂ ਗੈਂਗਸਟਰ ਲੱਕੀ ਪਟਿਆਲ ਵੱਲੋਂ ਫੋਨ ਕਰਕੇ 1 ਕਰੋੜ ਦੀ ਫਿਰੌਤੀ ਦੀ ਮੰਗ ਕੀਤੀ ਗਈ ਸੀ। ਜਿਸ ਸਬੰਧੀ ਮੁਕੱਦਮਾ ਥਾਣਾ ਸੋਹਾਣਾ, ਐਸ.ਏ.ਐਸ ਨਗਰ ਦਰਜ ਰਜਿਸਟਰ ਕਰਕੇ ਜੋਤੀ ਯਾਦਵ ਕਪਤਾਨ ਪੁਲਸ (ਇਨਵੈਸਟੀਗੇਸ਼ਨ), ਐਸ.ਏ.ਐਸ ਨਗਰ ਅਤੇ ਗੁਰਸ਼ੇਰ ਸਿੰਘ ਸੰਧੂ, ਉਪ ਕਪਤਾਨ ਪੁਲਸ (ਸਪੈਸ਼ਲ ਬ੍ਰਾਂਚ ਅਤੇ ਕ੍ਰਿਮੀਨਲ ਇੰਟੈਲੀਜੈਂਸ), ਐਸ.ਏ.ਐਸ ਨਗਰ ਦੀ ਅਗਵਾਈ ਹੇਠ ਇੰਸ: ਸ਼ਿਵ ਕੁਮਾਰ, ਇੰਚਾਰਜ ਸਪੈਸ਼ਲ ਸਟਾਫ ਦੀ ਨਿਗਰਾਨੀ ਵਿੱਚ ਵੱਖ-ਵੱਖ ਟੀਮਾਂ ਦਾ ਗਠਨ ਕੀਤਾ ਗਿਆ ਸੀ। ਡਾ. ਗਰਗ ਨੇ ਅੱਗੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਮੁਕੱਦਮਾ ਦੀ ਮੁਢਲੀ ਤਫਤੀਸ਼ ਦੌਰਾਨ ਸਪੈਸ਼ਲ ਸੈੱਲ ਮੋਹਾਲੀ ਦੀ ਟੀਮ ਵੱਲੋਂ ਉਕਤ ਵਾਰਦਾਤ ਵਿੱਚ ਸ਼ਾਮਲ ਦੋਸ਼ੀਆਂ ਅਰਸ਼ਜੋਤ ਸਿੰਘ ਉੱਰਫ ਅਰਸ਼ ਪੁੱਤਰ ਹਰਵਿੰਦਰ ਸਿੰਘ ਵਾਸੀ ਪਿੰਡ ਬੱਲੋਮਾਜਰਾ, ਥਾਣਾ ਬਲੌਂਗੀ ਜ਼ਿਲ੍ਹਾ ਐਸ.ਏ.ਐਸ ਨਗਰ ਨੂੰ 8 ਮਾਰਚ ਨੂੰ ਨੇੜੇ ਪੰਜਾਬ ਢਾਬਾ, ਸੈਕਟਰ-79, ਮੋਹਾਲੀ ਤੋਂ ਅਤੇ ਇਸ ਵਾਰਦਾਤ ਦੇ ਮੁੱਖ ਦੋਸ਼ੀ/ਸ਼ੂਟਰ ਰਣਬੀਰ ਸਿੰਘ ਉਰਫ ਰਾਣਾ ਪੁੱਤਰ ਧਰਮ ਸਿੰਘ ਵਾਸੀ ਪਿੰਡ ਗੁਣੋਮਾਜਰਾ ਥਾਣਾ ਬਲਾਕ ਮਾਜਰੀ ਜ਼ਿਲ੍ਹਾ ਐਸ.ਏ.ਐਸ ਨਗਰ ਨੂੰ 12 ਮਾਰਚ ਨੂੰ ਨੇੜੇ ਮੰਦਰ, ਫੇਸ-1, ਮੋਹਾਲੀ ਤੋਂ ਮੁੱਕਦਮਾ ਉਕਤ ਵਿੱਚ ਗ੍ਰਿਫਤਾਰ ਕਰਕੇ 2 ਪਿਸਟਲ (.30 ਬੋਰ ਅਤੇ .32 ਬੋਰ) ਸਮੇਤ 3 ਰੌਂਦ ਜ਼ਿੰਦਾ ਅਤੇ ਵਾਰਦਾਤ ਵਿੱਚ ਵਰਤਿਆ ਸਪਲੈਂਡਰ ਮੋਟਰਸਾਈਕਲ ਨੰਬਰ ਐਚ -38-ਈ-6511 ਬ੍ਰਾਮਦ ਕਰਨ ਵਿੱਚ ਅਹਿਮ ਸਫਲਤਾ ਹਾਸਲ ਕੀਤੀ ਹੈ। ਇਨ੍ਹਾਂ ਦੇ ਸਾਥੀਆਂ ਅੰਮ੍ਰਿਤਪਾਲ ਸਿੰਘ ਉਰਫ ਨੋਨਾ ਪੁੱਤਰ ਸੁੱਚਾ ਸਿੰਘ ਵਾਸੀ ਪਿੰਡ ਬੱਲੋਮਾਜਰਾ ਥਾਣਾ ਬਲੌਂਗੀ ਜ਼ਿਲ੍ਹਾ ਐਸ.ਏ.ਐਸ ਨਗਰ ਨੂੰ ਏ.ਜੀ.ਟੀ.ਐਫ, ਪੰਜਾਬ ਵੱਲੋਂ ਅਤੇ ਫੀਰੋਜ ਖਾਨ ਪੁੱਤਰ ਰਮਜਾਨ ਵਾਸੀ ਪਿੰਡ ਛੋਟੀ ਖਾਟੂ ਜ਼ਿਲ੍ਹਾ ਨਾਗਰੋ, ਰਾਜਸਥਾਨ ਨੂੰ ਐਸ.ਟੀ.ਐਫ., ਕਰਨਾਲ ਵੱਲੋਂ ਗ੍ਰਿਫਤਾਰ ਕੀਤਾ ਗਿਆ ਹੈ। ਤਫਤੀਸ਼ ਦੌਰਾਨ ਇਹ ਗੱਲ ਸਾਹਮਣੇ ਆਈ ਕਿ ਦੋਸ਼ੀ ਅਰਸ਼ਜੋਤ ਦੀ ਮਨਦੀਪ ਧਾਲੀਵਾਲ ਵਾਸੀ ਪਿੰਡ ਫਿਰੋਜ਼ਪੁਰ ਨਾਲ ਜੇਲ੍ਹ ਵਿੱਚ ਜਾਣ ਪਹਿਚਾਣ ਹੋਈ ਸੀ, ਜੋ ਮਨਦੀਪ ਧਾਲੀਵਾਲ ਗੈਂਗਸਟਰ ਲੱਕੀ ਪਟਿਆਲ ਦਾ ਸਾਥੀ ਹੈ। ਜਿਸ 'ਤੇ ਅਰਸ਼ਜੋਤ ਨੇ ਗੈਂਗਸਟਰ ਲੱਕੀ ਪਟਿਆਲ ਅਤੇ ਮਨਦੀਪ ਧਾਲੀਵਾਲ ਦੇ ਕਹਿਣ 'ਤੇ ਆਪਣੀ ਫੁਰਚੂਨਰ ਕਾਰ ਨੰਬਰ ਸੀ ਐਚ-01-ਏ ਟੀ -3466 ਵਿੱਚ ਕਟਾਨੀ ਢਾਬਾ, ਸੈਕਟਰ-79, ਮੋਹਾਲੀ ਦੀ ਰੇਕੀ ਸ਼ੂਟਰਾਂ ਨੂੰ ਕਰਵਾਈ ਸੀ।

# ਖਟਕੜ ਕਲਾਂ ਵਿਖੇ ਹੋ ਰਹੀ ਵਿਦਿਆਰਥੀ ਕਾਨਫਰੰਸ 'ਚ ਸ਼ਾਮਲ ਹੋਣ ਦਾ ਸੱਦਾ

**ਬੰਗਾ (ਅਵਤਾਰ ਕਲੇਰ)**
ਸਰਕਾਰੀ ਆਈ ਈ ਟੀ ਈ (ਲੜਕੀਆਂ) ਨਵਾਂਸ਼ਹਿਰ ਵਿੱਚ ਸ਼ਹੀਦ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਹੋਰਾਂ ਦੀ ਵਿਚਾਰਧਾਰਾ ਨੂੰ ਸਮਰਪਿਤ ਸੈਮੀਨਾਰ ਕਰਵਾਇਆ ਜਿਸ ਵਿਚ ਸਿਖਿਆਰਥੀਆਂ ਨੂੰ ਸੰਬੋਧਨ ਹੁੰਦਿਆਂ ਪੰਜਾਬ ਸਟੂਡੈਂਟਸ ਯੂਨੀਅਨ ਦੇ ਸੂਬਾ ਵਿੱਤ ਸਕੱਤਰ ਬਲਜੀਤ ਸਿੰਘ ਧਰਮਕੋਟ, ਜ਼ਿਲ੍ਹਾ ਆਗੂ ਰਾਜੂ ਬਰਨਾਲਾ ਅਤੇ ਨਵਾਂਸ਼ਹਿਰ ਆਈ ਈ ਟੀ ਈ ਕਮੇਟੀ ਦੇ ਸੈਕਟਰੀ ਸਿਮਰਨਜੀਤ ਸਿੰਘ ਕਿਹਾ ਕਿ ਵਿਦਿਆਰਥੀਆਂ ਨੂੰ ਦੇਸ਼ ਵਿੱਚ ਕੇਂਦਰ ਦੀ ਵੱਧ ਰਹੀ ਤਾਨਾਸ਼ਾਹੀ ਦੇ ਸਮੇਂ ਦੌਰਾਨ ਸ਼ਹੀਦਾਂ ਦੀ ਵਿਚਾਰਧਾਰਾ ਤੇ ਅਮਲ ਕਰਨ ਦੀ ਸਮੇਂ ਦੀ ਮੁੱਖ ਲੋੜ ਹੈ, ਕਿਉਂਕਿ ਸ਼ਹੀਦਾਂ ਦੇ ਅਧੂਰੇ ਸੁਪਨਿਆਂ ਨੂੰ ਪੂਰੇ ਕਰਨ ਦੇ ਵਿੱਚ ਕੋਈ ਵੀ ਸਰਕਾਰ ਅੱਗੇ ਨਹੀਂ ਆ ਰਹੀ।ਆਗੂਆਂ ਨੇ ਇਹ ਵੀ ਕਿਹਾ ਕਿ ਸਮਾਜ ਵਿੱਚ ਦੋ ਜਮਾਤਾਂ ਹੁੰਦੀਆਂ ਹਨ ਇੱਕ ਕਿਰਤ ਕਰਨ ਵਾਲੀ ਤੇ ਦੂਸਰੀ ਕਿਰਤ ਦੀ ਲੁੱਟ ਕਰਨ ਵਾਲੀ।ਇਸ ਲਈ ਕਿਰਤ ਕਰਨ ਵਾਲਿਆਂ ਦੇ ਸ਼ਹੀਦ ਤੇ ਕਿਰਤ ਦੀ ਲੁੱਟ ਕਰਨ ਵਾਲਿਆਂ ਦੇ ਸ਼ਹੀਦ ਕਦੇ ਵੀ ਸਾਂਝੇ ਨਹੀਂ ਹੋ ਸਕਦੇ।ਆਗੂਆਂ ਨੇ ਇਲਾਕੇ ਦੇ ਸਮੂਹ ਵਿਦਿਆਰਥੀਆਂ ਅਤੇ ਨੌਜਵਾਨਾਂ ਨੂੰ ਪੰਜਾਬ ਸਟੂਡੈਂਟਸ ਯੂਨੀਅਨ ਵੱਲੋਂ ਕੀਤੀ ਜਾ ਰਹੀ ਵਿਦਿਆਰਥੀ ਮੰਗਾਂ ਨੂੰ ਲੈ ਕੇ 23 ਮਾਰਚ ਨੂੰ ਖਟਕੜ ਕਲਾਂ ਵਿਖੇ ਸੂਬਾ ਪੱਧਰੀ ਕਾਨਫਰੰਸ ਵਿੱਚ ਪਹੁੰਚਣ ਦੀ ਅਪੀਲ ਕੀਤੀ। ਇਸ ਵਿਦਿਆਰਥੀ



ਕਾਨਫਰੰਸ ਵਿੱਚ ਸ਼ਹੀਦ ਭਗਤ ਸਿੰਘ ਦੇ ਭਾਣਜੇ ਪ੍ਰੋਫੈਸਰ ਜਗਮੋਹਣ ਸਿੰਘ, ਪੰਜਾਬ ਪੱਖੀ ਹਾਈਕੋਰਟ ਦੇ ਵਕੀਲ ਰਾਜਵਿੰਦਰ ਬੈਂਸ ਸਮੇਤ ਹੋਰ ਵੀ ਸਖਸ਼ੀਅਤਾਂ ਪਹੁੰਚ ਰਹੀਆਂ ਹਨ।ਇਸ ਮੌਕੇ ਆਈ ਟੀ ਆਈ (ਲੜਕੀਆਂ) ਦੇ ਸਿਖਿਆਰਥਣਾਂ ਅਤੇ ਅਤੇ ਆਈ ਟੀ ਆਈ (ਲੜਕੇ) ਨਵੀਨ ਕੁਮਾਰ, ਆਕਾਸ਼, ਗੁਰਜੀਤ ਸਿੰਘ, ਸੰਨੀ, ਸਾਗਰ ਸਮੇਤ ਆਈ ਈ ਟੀ ਈ ਦੇ ਮੈਂਬਰ ਅਤੇ ਸਿਖਿਆਰਥੀ ਵਿੱਕੀ ਕੁਮਾਰ, ਯੁਵਰਾਜ ਮਹਿੰਮੀ ਅਤੇ ਹੋਰ ਵੀ ਸਿਖਿਆਰਥੀ ਹਾਜ਼ਰ ਸਨ।

# ਪੇਂਡੂ ਮਜ਼ਦੂਰ ਯੂਨੀਅਨ ਵੱਲੋਂ ਰੇਲਵੇ ਟ੍ਰੈਕ ਜਾਮ



**ਕਰਤਾਰਪੁਰ, (ਹਰਮੇਸ਼ ਦੱਤ)**
ਪੇਂਡੂ ਮਜਦੂਰ ਯੂਨੀਅਨ ਪੰਜਾਬ ਅਤੇ ਜਮੀਨ ਪ੍ਰਾਪਤੀ ਸੰਘਰਸ਼ ਕਮੇਟੀ ਦੇ ਸੂਬਾਈ ਸੱਦੇ ਉੱਪਰ ਭੂਮੀ ਸੁਧਾਰ ਕਾਨੂੰਨ 1972 ਨੂੰ ਲਾਗੂ ਕਰਕੇ ਵਾਧੂ ਜਮੀਨਾਂ ਬੇਜਮੀਨੇ ਮਜਦੂਰਾਂ-ਕਿਸਾਨਾਂ 'ਚ ਵੰਡਾਉਣ,ਲਾਲ ਲਕੀਰ ਅੰਦਰ ਆਉਂਦੇ ਮਕਾਨਾਂ ਦੀਆਂ ਰਜਿਸਟਰੀਆਂ ਕਰਵਾਉਣ, ਮਜਦੂਰਾਂ ਦੀ ਦਿਹਾੜੀ 1000 ਰੁਪਏ, ਸਾਰਾ ਸਾਲ ਕੰਮ, ਐਤਵਾਰ ਦੀ ਛੁੱਟੀ ਕਰਨ, ਮਾਈਕਰੋ ਫਾਇਨੈਂਸ ਕੰਪਨੀਆਂ ਸਮੇਤ ਸਮੁੱਚਾ ਕਰਜਾ ਮਾਫ ਕਰਨ, ਬਦਲਵੇਂ ਕਰਜੇ ਦਾ ਪ੍ਰਬੰਧ ਕਰਨ, ਨਜੂਲ ਅਤੇ ਪ੍ਰੋਵੈਨਸਨਲ ਗੌਰਮੈਂਟ ਦੀਆਂ ਜਮੀਨਾਂ ਤੋਂ ਨਜਾਇਜ ਕਬਜੇ ਹਟਾ ਦੇ ਦਲਿਤਾਂ ਨੂੰ ਮਾਲਕੀ ਹੱਕ ਦੇਣ ਅਤੇ ਲੋੜਵੰਦ ਪਰਵਾਰਾਂ ਨੂੰ ਪੰਜ ਪੰਜ ਮਰਲੇ ਪਲਾਟ ਅਤੇ ਉਸਾਰੀ ਲਈ ਗ੍ਰਾਂਟ ਜਾਰੀ ਕਰਾਉਣ ਪੰਚਾਇਤੀ ਜਮੀਨਾਂ ਦਾ ਤੀਜਾ ਹਿੱਸਾ ਪੱਕੇ ਤੌਰ 'ਤੇ ਦਲਿਤਾਂ ਨੂੰ ਘੱਟ ਰੇਟ ਉੱਪਰ ਦੇਣ ਅਤੇ ਦਲਿਤਾਂ ਅਤੇ ਬੇਜਮੀਨਿਆਂ ਨੂੰ ਸਹਿਕਾਰੀ ਸਭਾ ਵਿੱਚ ਮੈਂਬਰ ਬਣਾ ਕੇ ਮਿਲਦੇ ਆ ਸਾਰੀਆਂ ਸਹੂਲਤਾਂ ਮੁਹੱਈਆ ਕਰਾਉਣ ਦੀ ਮੰਗ ਨੂੰ ਲੈ ਕੇ ਪੰਜਾਬ ਭਰ ਵਿੱਚ ਰੇਲਾਂ ਦਾ ਚੱਕਾ ਜਾਮ ਦੇ ਦਿੱਤੇ ਸੱਦੇ ਤਹਿਤ ਪੁਲਸ ਛਾਪੇਮਾਰੀਆਂ, ਲਗਾਈਆਂ ਰੋਕਾਂ ਦੇ ਬਾਵਜੂਦ ਅੰਮ੍ਰਿਤਸਰ - ਦਿੱਲੀ ਰੇਲਵੇ ਟਰੈਕ ਕਰਤਾਰਪੁਰ ਵਿਖੇ 5 ਘੰਟੇ ਜਾਮ ਕੀਤਾ ਗਿਆ। ਇਸ ਮੌਕੇ ਸਿਵਲ ਤੇ ਪੁਲਸ ਪ੍ਰਸ਼ਾਸਨ ਵਲੋਂ ਅਫਸਰਸ਼ਾਹੀ ਮੰਗਾਂ ਦੇ ਹੱਲ ਲਈ ਮੁੱਖ ਮੰਤਰੀ ਦੇ ਪ੍ਰਿੰਸੀਪਲ ਸਕੱਤਰ ਰਾਹੀਂ 14 ਮਾਰਚ ਨੂੰ ਮਜਦੂਰ ਆਗੂਆਂ ਨਾਲ ਸੂਬਾ ਸਰਕਾਰ ਦੀ ਮੀਟਿੰਗ ਕਰਵਾਉਣ ਅਤੇ ਪੰਜਾਬ ਭਰ ਵਿੱਚ ਗ੍ਰਿਫਤਾਰ ਆਗੂਆਂ, ਕਾਰਕੁਨਾਂ ਨੂੰ ਤੁਰੰਤ ਰਿਹਾਅ ਕਰਨ ਦੇ ਭਰੋਸੇ ਉਪਰੰਤ ਜਾਮ ਖੋਲ੍ਹਿਆ ਗਿਆ।

# ਸਾਲਾਨਾ ਸ਼ਹੀਦੀ ਜੋੜ ਮੇਲਾ ਪੂਰੀ ਸ਼ਰਧਾ ਤੇ ਸਤਿਕਾਰ ਸਹਿਤ ਸੰਪੂਰਨ

**ਮਾਹਿਲਪੁਰ (ਸਫਰੀ)**
ਗੁਰਦੁਆਰਾ ਸਿੰਘਾਂ ਸ਼ਹੀਦਾਂ ਪਿੰਡ ਨੰਗਲ ਖਿਲਾੜੀਆਂ ਵਿਖੇ ਸਾਹਿਬਜ਼ਾਦਾ ਬਾਬਾ ਅਜੀਤ ਸਿੰਘ ਜੀ ਤੇ ਉਨ੍ਹਾਂ ਦੇ ਸਾਥੀ ਸਿੰਘਾਂ ਸ਼ਹੀਦਾਂ ਦੀ ਸ਼ਹਾਦਤ ਨੂੰ ਸਲਾਨਾ ਜੋੜ ਮੇਲਾ ਦੇਸ਼ ਵਿਦੇਸ਼ ਵਸਦੇ ਸਮੂਹ ਸ਼ਰਧਾਲੂਆਂ ਵਲੋਂ ਪੂਰਨ ਸ਼ਰਧਾ ਤੇ ਸਤਿਕਾਰ ਸਹਿਤ ਮਨਾਇਆ ਗਿਆ। ਆਖੰਡ ਪਾਠ ਸਾਹਿਬਾਂ ਦੇ ਭੋਗ ਉਪਰੰਤ ਕੀਰਤਨ ਦਰਬਾਰ ਸਜਾਇਆ ਗਿਆ ਜਿਸ ਵਿੱਚ ਜਥੇਦਾਰ ਬਾਬਾ ਗੁਰਦੇਵ ਸਿੰਘ ਮਿਸਲ ਸ਼ਹੀਦਾਂ ਤਰਨਾ ਦਲ ਸਾਹਿਬਜ਼ਾਦਾ ਬਾਬਾ ਫਤਹਿ ਸਿੰਘ ਜੀ ਬਜਵਾੜਾ ਕਲਾਂ ਵਾਲਿਆਂ ਨੇ ਵੱਡੀ ਗਿਣਤੀ ਵਿੱਚ ਨਿਹੰਗ ਸਿੰਘ ਫੌਜਾਂ ਸਮੇਤ ਪਹੁੰਚ ਕੇ ਸਰਬੱਤ ਦੇ ਭਲੇ ਲਈ ਅਰਦਾਸ ਕੀਤੀ ਤੇ ਸੰਗਤਾਂ ਨੂੰ ਸਾਹਿਬਜ਼ਾਦਾ ਬਾਬਾ ਅਜੀਤ ਸਿੰਘ ਦੀ ਅਗਵਾਈ ਹੇਠ ਜਾਬਰ ਖਾਂ ਪਠਾਨ ਬਸੀ ਕਲਾਂ ਦੇ ਵਿਰੁੱਧ ਲੜ ਕੇ ਸ਼ਹੀਦ ਹੋਏ ਤੇ ਅਬਲਾ ਨੂੰ ਬਚਾਉਣ ਵਾਲੇ ਸਮੂਹ ਸਿੰਘਾਂ ਸ਼ਹੀਦਾਂ ਦੇ ਇਤਿਹਾਸ ਤੋਂ ਜਾਣੂ ਕਰਵਾਇਆ। ਭਾਈ ਗੁਰਮਿੰਦਰ ਸਿੰਘ ਜੈਤਪੁਰ ਵਾਲੇ, ਭਾਈ ਬਲਜੋਤ ਸਿੰਘ ਤੇ ਸਿਮਰਨਜੋਤ ਸਿੰਘ ਕਵੀਸ਼ਰ ਚੱਬੇਵਾਲ ਵਾਲੇ ਤੇ ਭਾਈ ਜੋਗਾ ਸਿੰਘ ਰਾਮੂ ਥਿਆੜੇ ਵਾਲਿਆਂ ਦੇ ਜਥਿਆਂ ਨੇ ਸੰਗਤਾਂ ਨੂੰ ਰਸਭਿੰਨੇ ਕਥਾ ਕੀਰਤਨ ਤੇ ਗੁਰ ਵਿਚਾਰਾਂ ਨਾਲ ਜੋੜ ਕੇ ਨਿਹਾਲ ਕੀਤਾ। ਇਸ ਸ਼ਹੀਦੀ ਜੋੜ ਮੇਲੇ 'ਤੇ ਸੰਤ ਬਾਬਾ ਜਗਤਾਰ ਸਿੰਘ, ਬਾਬਾ ਅਜੈਬ ਸਿੰਘ, ਬਾਬਾ ਗੁਰਮੀਤ ਸਿੰਘ, ਬਾਬਾ ਬਸੀ ਕਲਾਂ ਵਾਲਿਆਂ ਨੇ ਪਹੁੰਚ ਕੇ ਸੰਗਤਾਂ ਨੂੰ ਦਰਸ਼ਨ ਦੇ ਕੇ ਨਿਹਾਲ ਕੀਤਾ। ਇਸ ਮੌਕੇ ਕਿਸਾਨ ਆਗੂ ਤਲਵਿੰਦਰ ਸਿੰਘ ਹੀਰ ਨੰਗਲ ਖਿਲਾੜੀਆਂ ਨੇ ਸਮੂਹ ਸੰਤਾਂ ਮਹਾਪੁਰਸ਼ਾਂ, ਜਥਿਆਂ ਤੇ ਸੰਗਤਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ। ਗੁਰੂ ਕਾ ਲੰਗਰ ਅਤੁੱਟ ਵਰਤਾਇਆ ਗਿਆ। ਇਸ ਮੌਕੇ ਅਰਜਨਾ ਐਵਾਰਡੀ ਫੁੱਟਬਾਲਰ ਗੁਰਦੇਵ ਸਿੰਘ ਗਿੱਲ, ਪਰਗਟ ਸਿੰਘ ਹੀਰ ਅਮਰੀਕਾ, ਸੇਵਾਦਾਰ ਭਾਈ ਬਲਵੀਰ ਸਿੰਘ ਬੀਰਾ, ਬਲਜੀਤ ਸਿੰਘ ਕੁੱਕੀ ਪ੍ਰਧਾਨ ਟਰੱਕ ਯੂਨੀਅਨ, ਗੁਰਮਿੰਦਰ ਕੈਂਡੋਵਾਲ, ਅਮਨਦੀਪ ਸਿੰਘ ਸਰਪੰਚ ਕੰਮੋਵਾਲ, ਦਲਜੀਤ ਸਿੰਘ ਸਹੋਤਾ, ਰਾਣਾ ਬਿਕਰਮਜੀਤ ਸਿੰਘ, ਭੋਲਾ ਮਾਹਿਲਪੁਰ, ਨਰੇਸ਼ ਸਿੰਘ ਖਾਬੜਾ, ਗੁਰਮੀਤ ਚੰਦ ਭਾਰਦਵਾਜ, ਇੰਦਰਜੀਤ ਸਿੰਘ ਚਾਵਲਾ, ਮਲਕੀਤ ਸਿੰਘ ਹੀਰ, ਜਸਵਿੰਦਰ ਸਿੰਘ ਬੰਗਾ, ਕੁਲਦੀਪ ਸਿੰਘ ਸਿੱਧੂ, ਬਲਰਾਜ ਸਿੰਘ ਸੰਘਾ, ਪ੍ਰੇਮ ਸਿੰਘ ਜੈਤਪੁਰ, ਹਰਜਿੰਦਰ ਸਿੰਘ, ਸਤਨਾਮ ਸਿੰਘ, ਸਾਧੂ ਸਿੰਘ, ਸੁਰਿੰਦਰ ਸਿੰਘ ਘੋਲੀ ਗੋਹਗੜੋਂ ਸਮੇਤ ਵੱਡੀ ਗਿਣਤੀ ਵਿੱਚ ਸ਼ਰਧਾਲੂਆਂ ਨੇ ਸਿੰਘਾਂ ਸਹੀਦਾਂ ਨੂੰ ਨਤਮਸਤਕ ਹੋ ਕੇ ਆਸ਼ੀਰਵਾਦ ਪ੍ਰਾਪਤ ਕੀਤਾ ਤੇ ਸਰਬੱਤ ਦੇ ਭਲੇ ਲਈ ਅਰਦਾਸ ਕੀਤੀ।

# ਨਗਰ ਕੌਂਸਲ ਅਲਾਵਲਪੁਰ ਦਾ 1 ਕਰੋੜ 56 ਲੱਖ ਦਾ ਬਜਟ ਪਾਸ



**ਅਲਾਵਲਪੁਰ, (ਮਦਨ ਬੰਗੜ)**
ਕਸਬਾ ਅਲਾਵਲਪੁਰ ਦੀ ਨਗਰ ਕੌਂਸਲ ਵਲੋਂ ਬਜਟ ਸਬੰਧੀ ਵਿਸ਼ੇਸ਼ ਮੀਟਿੰਗ ਕੌਂਸਲ ਦਫਤਰ ਵਿਖੇ ਪ੍ਰਧਾਨ ਨੀਲਮ ਰਾਣੀ ਦੀ ਪ੍ਰਧਾਨਗੀ ਹੇਠ ਹੋਈ ਜਿਸ ਵਿੱਚ ਵਾਈਸ ਪ੍ਰਧਾਨ ਮੁਕੰਦਰ ਲਾਲ, ਕਾਰਜ ਸਾਧਕ ਅਧਿਕਾਰੀ ਰਾਮਜੀਤ, ਅਕਾਊਂਟੈਂਟ ਹਰਸ਼ ਕੁਮਾਰ, ਕੌਂਸਲਰ ਰਾਜ ਰਾਣੀ, ਕੌਂਸਲਰ ਬ੍ਰਿਜ ਭੂਸ਼ਣ, ਕੌਂਸਲਰ ਮਦਨ ਲਾਲ ਮੱਦੀ, ਕੌਂਸਲਰ ਨਰੇਸ਼ ਕੁਮਾਰ, ਕੌਂਸਲਰ ਰਚਨਾ, ਕੌਂਸਲਰ ਕਵਿਤਾ ਸ਼ਰਮਾ, ਕੌਂਸਲਰ ਪੰਕਜ ਸ਼ਰਮਾ, ਕੌਂਸਲਰ ਜਸਬੀਰ ਕੌਰ ਅਤੇ ਕੌਂਸਲਰ ਕ੍ਰਿਸ਼ਨਾ ਦੇਵੀ ਹਾਜ਼ਰ ਸਨ। ਮੀਟਿੰਗ ਵਿੱਚ ਨਗਰ ਕੌਂਸਲ ਦਾ ਸਾਲ 2024 ਅਤੇ 2025 ਦਾ ਬਜਟ ਪੇਸ਼ ਕੀਤਾ ਗਿਆ ਜਿਸ ਵਿੱਚ ਨਗਰ ਕੌਂਸਲ ਅਲਾਵਲਪੁਰ ਨੂੰ ਵੱਖ ਵੱਖ ਆਮਦਨ ਦੇ ਸਰੋਤਾਂ ਤੋਂ ਜਿਵੇਂ ਵੈਟ/ ਗਰਾਂਟ ਪ੍ਰਾਪਰਟੀ ਟੈਕਸ, ਵਾਟਰ ਸਪਲਾਈ ਰੈਂਟ ਅਤੇ ਤਹਿ ਬਜ਼ਾਰੀ, ਐਕਸਾਈਜ਼ ਡਿਊਟੀ, ਬਿਜਲੀ ਤੇ ਚੂੰਗੀ, ਲਾਇਸੰਸ ਫੀਸ ਅਤੇ ਹੋਰ ਸਾਧਨਾਂ ਤੋਂ 1 ਕਰੋੜ 56 ਲੱਖ ਰੁਪਏ ਦੀ ਕੁੱਲ ਆਮਦਨ ਦਰਸਾਈ ਗਈ ਜਿਸ ਵਿੱਚੋਂ ਨਗਰ ਕੌਂਸਲ ਅਲਾਵਲਪੁਰ ਵਲੋਂ 2024/ 2025 'ਚ ਅਮਲੇ ਤੇ 70 ਲੱਖ ਰੁਪਏ ਖਰਚੇ ਦਾ ਉਪਬੰਧ ਕੀਤਾ ਗਿਆ ਹੈ ਜੋ ਕੁੱਲ ਬਜਟ ਆਮਦਨ ਦਾ 45% ਬਣਦਾ ਹੈ। ਐਮਰਜੈਂਸੀ ਖਰਚਿਆਂ ਵਿੱਚ 9.05 ਲੱਖ ਰੁਪਏ ਜਿਵੇਂ ਸਟੇਸ਼ਨਰੀ ਬਿੱਲ ਟੈਲੀਫੋਨ ਕਰਮਚਾਰੀਆਂ ਨੂੰ ਵਰਦੀਆਂ ਕੰਪਿਊਟਰ ਦੀ ਖਰੀਦ ਟ੍ਰੇਨਿੰਗ, ਬਿਲਡਿੰਗ ਰੈਂਟ ਅਤੇ ਹੋਰ ਖਰਚੇ ਇਸ ਵਿੱਚ ਦਰਜ ਹੋਣਗੇ। ਇਸ ਤੋਂ ਇਲਾਵਾ ਸ਼ਹਿਰ ਦੇ ਵਿਕਾਸ ਕੰਮਾਂ ਤੇ ਨਗਰ ਕੌਂਸਲ ਨੇ 76.95 ਲੱਖ ਰੁਪਏ ਦਾ ਬਜਟ ਰੱਖਿਆ ਹੈ ਜੋ ਕੁਲ ਆਮਦਨ ਦਾ 49% ਬਣਦਾ ਹੈ, ਜਿਸ ਵਿੱਚ ਸਟਰੀਟ ਲਾਈਟਾਂ ਦੇ ਬਿੱਲ, ਟਿਊਬਵੈਲ ਦੇ ਬਿੱਲ, ਬਿਜਲੀ ਦੇ ਰੱਖ ਰਖਾਵ ਦੇ ਖਰਚਾ, ਸੀਵਰੇਜ ਦਾ ਰੱਖ ਰਖਾਵ ਆਦਿ ਤੋਂ ਇਲਾਵਾ ਨਾਨ ਕਮਿਟਡ ਖਰਚੇ ਵੀ ਸ਼ਹਿਰ ਦੇ ਵਿਕਾਸ ਕੰਮਾਂ ਵਿੱਚ ਦਰਜ ਹਨ ਜਿਵੇਂ ਨਾਲੀਆਂ ਸੜਕਾਂ ਦੀ ਉਸਾਰੀ, ਪੁਰਾਣੀਆਂ ਗਲੀਆਂ- ਨਾਲੀਆਂ ਦੀ ਰਿਪੇਅਰ, ਸੋਲਿਡ ਬੇਸਡ ਆਦਿ ਸਬੰਧੀ ਖਰਚੇ ਉਲੀਕੇ ਗਏ ਹਨ। ਬਜਟ ਸਬੰਧੀ ਹੋਈ ਮੀਟਿੰਗ ਵਿੱਚ ਸ਼ਹਿਰ ਦੇ ਸਾਰੇ ਹੀ ਕੌਂਸਲਰ ਹਾਜ਼ਰ ਹੋਏ ਅਤੇ ਸਾਰਿਆਂ ਦੀ ਸਹਿਮਤੀ ਦੇ ਨਾਲ ਹੀ ਬਜਟ ਨੂੰ ਪਾਸ ਕੀਤਾ ਗਿਆ।

# ਸੀ ਟੀ ਗਰੁੱਪ ਨੇ ਸੀਟੀ ਅਚੀਵਰਜ਼ ਐਵਾਰਡ ਸਮਾਰੋਹ 'ਚ 300 ਤੋਂ ਵੱਧ ਵਿਦਿਆਰਥੀਆਂ ਨੂੰ ਦਿੱਤੀ ਮਾਨਤਾ

**ਜਲੰਧਰ (ਸ਼ੈਲੀ ਐਲਬਰਟ)**
ਸੀਟੀ ਗਰੁੱਪ ਨੇ 200 ਤੋਂ ਵੱਧ ਵਿਦਿਆਰਥੀਆਂ ਦੀਆਂ ਬੇਮਿਸਾਲ ਪ੍ਰਾਪਤੀਆਂ ਦਾ ਸਨਮਾਨ ਕਰਨ ਅਤੇ ਜਸ਼ਨ



ਮਨਾਉਣ ਲਈ ਇੱਕ ਵੱਕਾਰੀ ਸਮਾਰੋਹ, ਸੀਟੀ ਅਚੀਵਰਜ਼ ਅਵਾਰਡ ਦੀ ਮੇਜਬਾਨੀ ਕੀਤੀ। ਇਸ ਸਮਾਰੋਹ ਵਿੱਚ ਸਮਾਜ ਸੇਵੀ ਨਵਦੀਪ ਅਤੇ ਭਾਨੂ ਸਮੇਤ ਉੱਘੇ ਮਹਿਮਾਨ ਸਾਮਲ ਹੋਏ। ਸੀਟੀ ਅਚੀਵਰਜ਼ ਅਵਾਰਡ ਵੱਖ-ਵੱਖ ਵਿਸ਼ਿਆਂ 'ਚ ਪ੍ਰਤਿਭਾ ਨੂੰ ਮਾਨਤਾ ਦੇਣ ਅਤੇ ਪਾਲਣ ਪੋਸਣ ਕਰਨ ਲਈ ਸੀਟੀ ਗਰੁੱਪ ਦੀ ਵਚਨਬੱਧਤਾ ਨੂੰ ਦਰਸਾਉਂਦੇ ਹਨ। ਇਸ ਮੌਕੇ ਸੀਟੀ ਗਰੁੱਪ ਦੇ ਚੇਅਰਮੈਨ ਚਰਨਜੀਤ ਸਿੰਘ ਚੰਨੀ, ਮੈਨੇਜਿੰਗ ਡਾਇਰੈਕਟਰ ਡਾ ਮਨਬੀਰ ਸਿੰਘ ਅਤੇ ਡਾਇਰੈਕਟਰ ਐਡਮਿਸਨ ਡਾ ਵਨੀਤ ਠਾਕੁਰ ਸਮੇਤ ਪਤਵੰਤੇ ਹਾਜ਼ਰ ਸਨ। ਇਸ ਸਮਾਗਮ ਦੀ ਮੁੱਖ ਗੱਲ ਉਨ੍ਹਾਂ ਵਿਦਿਆਰਥੀਆਂ ਦੀ ਪ੍ਰਵਾਨਗੀ ਸੀ ਜਿਨ੍ਹਾਂ ਨੇ ਸ਼ਾਨਦਾਰ ਅਕਾਦਮਿਕ ਪ੍ਰਦਰਸ਼ਨ ਅਤੇ ਉੱਤਮਤਾ ਪ੍ਰਤੀ ਵਚਨਬੱਧਤਾ ਦਾ ਪ੍ਰਦਰਸ਼ਨ ਕੀਤਾ ਹੈ। "ਸੀਟੀ ਅਚੀਵਰਜ ਅਵਾਰਡ ਉੱਤਮਤਾ ਨੂੰ ਮਾਨਤਾ ਦੇਣ ਅਤੇ ਜਸ਼ਨ ਮਨਾਉਣ ਦੀ ਸਾਡੀ ਵਚਨਬੱਧਤਾ ਨੂੰ ਦਰਸਾਉਂਦੇ ਹਨ। ਸੀਟੀ ਗਰੁੱਪ ਦੇ ਚੇਅਰਮੈਨ ਚਰਨਜੀਤ ਸਿੰਘ ਨੇ ਕਿਹਾ ਕਿ ਸਾਰੇ ਯੋਗ ਵਿਦਿਆਰਥੀਆਂ ਨੂੰ ਵਧਾਈ।

# ਭੁੱਲੇਵਾਲ ਰਾਠਾਂ ਵੱਲੋਂ ਨਵ-ਨਿਯੁਕਤ ਸਰਕਲਾਂ ਪ੍ਰਧਾਨਾ ਦਾ ਸਨਮਾਨ

**ਮਾਹਿਲਪੁਰ (ਸਫ਼ਰੀ)**
ਆਗਾਮੀ ਲੋਕ ਸਭਾ ਚੋਣਾਂ ਨੂੰ ਲੈ ਕੇ ਜਿੱਥੇ ਵੱਖ-ਵੱਖ ਰਾਜਨੀਤਕ ਪਾਰਟੀਆਂ ਵੱਲੋਂ ਰਣਨੀਤੀ ਤਿਆਰ ਕੀਤੀ ਜਾ ਰਹੀ ਹੈ।ਉਥੇ ਹੀ ਦੇ ਸ਼੍ਰੋਮਣੀ ਅਕਾਲੀ ਦਲ



ਦੇ ਸੀਨੀਅਰ ਮੀਤ ਪ੍ਰਧਾਨ ਅਤੇ ਗੜ੍ਹਸ਼ੰਕਰ ਤੋਂ ਸਾਬਕਾ ਵਿਧਾਇਕ ਸੁਰਿੰਦਰ ਸਿੰਘ ਭੁੱਲੇਵਾਲ ਰਾਠਾਂ ਨੇ ਬੀਤੇ ਦਿਨੀਂ ਪਾਰਟੀ ਵੱਲੋਂ ਨਵ ਨਿਯੁਕਤ ਕੀਤੇ ਗਏ ਸਰਕਲ ਪ੍ਰਧਾਨਾਂ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ।ਇਸ ਮੌਕੇ ਉਨ੍ਹਾਂ ਪੰਜਾਬ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਦੀ ਕਾਰਗੁਜ਼ਾਰੀ ਤੇ ਸਵਾਲ ਚੁੱਕਦੇ ਹੋਏ ਕਿਹਾ ਕਿ ਵਿਧਾਨ ਸਭਾ ਚੋਣਾਂ ਵੇਲੇ ਕੀਤੇ ਵਾਦੀਆਂ ਤੋਂ ਸਰਕਾਰ ਕਿਨਾਰਾ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਮੀਨਾਰ-ਏ-ਬੇਗਮਪੁਰਾ ਦੇ ਉਦਘਾਟਨ ਸਮੇਂ ਗੜ੍ਹਸ਼ੰਕਰ ਦੇ ਵਿਧਾਇਕ ਵੱਲੋਂ ਮੁੱਖ ਮੰਤਰੀ ਦੇ ਕੋਲ ਕੋਈ ਮੰਗ ਨਾ ਰੱਖਣਾ ਮੰਦਭਾਗਾ ਹੈ।ਜਿਸਦਾ ਖਮਿਆਜ਼ਾ ਇਲਾਕੇ ਦੇ ਲੋਕਾਂ ਨੂੰ ਭੁਗਤਣਾ ਪੈ ਰਿਹਾ ਹੈ।ਸੁਰਿੰਦਰ ਸਿੰਘ ਭੁੱਲੇਵਾਲ ਰਾਠਾਂ ਨੇ ਕਿਹਾ ਕਿ ਲੋਕ ਸਭਾ ਚੋਣਾਂ ਦੇ ਵਿੱਚ ਸ਼੍ਰੋਮਣੀ ਅਕਾਲੀ ਦਲ ਵੱਡੀ ਜਿੱਤ ਹਾਸਲ ਕਰਨ ਜਾ ਰਹੀ ਹੈ। ਇਸ ਮੌਕੇ ਬੂਟਾ ਸਿੰਘ ਅਲੀਪੁਰ, ਹਰਜੀਤ ਸਿੰਘ ਭਾਰਤਪੁਰ, ਜੋਗਾ ਸਿੰਘ ਇਬਰਾਹੀਮਪੁਰ, ਦਯਾ ਸਿੰਘ, ਗਿਆਨ ਸਿੰਘ ਸਮੁੰਦੜਾ, ਜਰਨੈਲ ਸਿੰਘ, ਰਛਪਾਲ ਕੁੱਕੜਾਂ, ਡਾ.ਕ੍ਰਿਸ਼ਨ ਬੱਧਣ, ਸੁਖਵਿੰਦਰ ਸਿੰਘ ਘਾਗੋ ਰੋੜਾਵਾਲੀ, ਸੁਰਿੰਦਰ ਸਿੰਘ ਦਾਰਾਪੁਰੀ, ਤਰਸੇਮ ਕਿਸਾਣਾ, ਸੁੱਖਵਿੰਦਰ ਕੌਰ ਸਾਬਕਾ ਬਲਾਕ ਸੰਮਤੀ ਮੈਂਬਰ, ਨੰਬਰਦਾਰ ਮੱਖਣ ਸਿੰਘ, ਨੰਬਰਦਾਰ ਜਸਕਮਲ ਢਾਡਾ, ਚਰਨਜੀਤ ਨਮੋਲੀਆਂ, ਏ ਐੱਸ ਪਰਮਾਰ ਬਿੰਜੋ, ਚੌਧਰੀ ਰਵਿੰਦਰ, ਰਿੱਕੀ ਨੈਣਵਾ, ਬਲਵੀਰ ਸਿੰਘ ਖਾਨਪੁਰ, ਡਾ.ਲਖਵਿੰਦਰ ਸਿੰਘ ਲੱਕੀ, ਡਾ.ਗੋਪਾਲ ਲੱਲੀਆਂ, ਅਵਤਾਰ ਸਿੰਘ ਦਾਰਾਪੁਰ, ਰਣਜੀਤ ਪੰਚ ਬਿੰਜੋ, ਸੁੱਖਾ ਸਿੰਘ ਅਤੇ ਹੋਰ ਵਰਕਰ ਮੌਜੂਦ ਸਨ।

# ਸੇਂਟ ਸੋਲਜਰ ਡਿਵਾਈਨ ਪਬਲਿਕ ਸਕੂਲ ਨੇ ਸਮਾਜ ਲਈ ਸਿਗਰਟਨੋਸ਼ੀ ਨੂੰ ਨਾਂਹ ਦਾ ਸੰਦੇਸ਼ ਦਿੱਤਾ

**ਜਲੰਧਰ, (ਇਕਬਾਲ ਸਿੰਘ ਉੱਭੀ)**-ਸੇਂਟ ਸੋਲਜਰ ਡਿਵਾਈਨ ਪਬਲਿਕ ਸਕੂਲ ਬੈਕਸਾਈਡ ਐਨ.ਆਈ.ਟੀ ਕੈਂਪਸ ਨੇ ਸਕੂਲ ਅਤੇ ਸਮਾਜ ਵਿੱਚ 'ਨੋ ਸਮੋਕਿੰਗ' ਦੇ ਸੰਦੇਸ਼ ਨੂੰ ਪ੍ਰਫੁੱਲਤ ਕਰਨ ਲਈ ਇੱਕ ਪਹਿਲਕਦਮੀ ਕੀਤੀ। ਇਹ ਪਹਿਲ ਸਕੂਲ ਪ੍ਰਿੰਸੀਪਲ ਰੀਨਾ ਅਗਨੀਹੋਤਰੀ ਦੀ ਅਗਵਾਈ ਹੇਠ ਸਕੂਲ ਸਟਾਫ ਮੈਂਬਰਾਂ ਵੱਲੋਂ ਕੀਤੀ ਗਈ। ਇਸ ਪਹਿਲ ਦਾ ਮੁੱਖ ਉਦੇਸ਼ ਸਿਗਰਟਨੋਸੀ ਛੱਡਣ ਲਈ ਵਿਅਕਤੀਆਂ ਦੀ ਮਦਦ ਕਰਨਾ ਸੀ। ਇਹ ਧੂੰਏਂ ਤੋਂ ਮੁਕਤ




ਵਾਤਾਵਰਣ ਬਣਾਉਣ ਦੀ ਮਹੱਤਤਾ ਨੂੰ ਉਜਾਗਰ ਕਰਨ ਦਾ ਵੀ ਇੱਕ ਮੌਕਾ ਸੀ । ਇਸ ਪਹਿਲਕਦਮੀ 'ਤੇ ਗਰੁੱਪ ਦੇ ਚੇਅਰਮੈਨ ਅਨਿਲ ਚੋਪੜਾ ਅਤੇ ਵਾਈਸ ਚੇਅਰਪਰਸਨ ਸੰਗੀਤਾ ਚੋਪੜਾ ਨੇ ਸਾਰੇ ਸਟਾਫ ਮੈਂਬਰਾਂ ਦੀ ਸ਼ਲਾਘਾ ਕੀਤੀ ਅਤੇ ਸੰਦੇਸ਼ ਦਿੱਤਾ ਕਿ ਤੁਸੀਂ ਆਪਣੇ ਨਸ਼ੇ ਤੋਂ ਵੱਡੇ ਹੋ, ਇਸ ਲਈ ਅੱਜ ਦੇ ਦਿਨ ਤੋਂ ਹੀ ਸਿਗਰਟਨੋਸ਼ੀ ਨੂੰ ਨਾਂਹ ਕਹਿਣਾ ਸ਼ੁਰੂ ਕਰੋ ਜੋ ਹਰ ਵਿਅਕਤੀ ਦੇ ਜੀਵਨ ਲਈ ਹਾਨੀਕਾਰਕ ਹੈ।

# ਰੋਟਰੀ ਆਈ ਬੈਂਕ ਦੇ ਯਤਨਾਂ ਨਾਲ ਹਜ਼ਾਰਾਂ ਲੋਕਾਂ ਨੂੰ ਮਿਲੀ ਨਵੀਂ ਰੋਸ਼ਨੀ : ਸੰਜੀਵ ਅਰੋੜਾ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**
ਨੇਤਰ ਦਾਨ ਅਤੇ ਸਰੀਰ ਦਾਨ ਦੇ ਲਈ ਜਾਗਰੂਕਤਾ ਹੀ ਕਰਨੀਆਂ ਬਲਾਇੰਡਲੈਸ ਨੂੰ ਦੂਰ ਕਰਕੇ ਲੋੜਵੰਦਾਂ ਨੂੰ ਨਵੀਂ ਰੋਸ਼ਨੀ ਦੇਣ ਅਤੇ ਮੈਡੀਕਲ ਸਾਇੰਸ ਨੂੰ ਬੜ੍ਹਾਵਾ ਦੇਣ ਦਾ ਸਭ ਤੋਂ ਉੱਤਮ ਸਾਧਨ ਹੈ ਇਸ ਦੇ ਲਈ ਜਿੱਥੇ ਕਈ ਲੋਕਾਂ ਨੂੰ ਰੋਸ਼ਨੀ ਮਿਲ ਰਹੀ ਹੈ ਉਥੇ ਮਰਨ ਉਪਰਾਂਤ ਸਰੀਰ ਦਾਨ 'ਚ ਮੈਡੀਕਲ ਦੀ ਪੜ੍ਹਾਈ ਕਰ ਰਹੇ ਬੱਚਿਆਂ ਨੂੰ ਵੀ ਪ੍ਰੈਕਟੀਕਲ ਲਈ ਮਦਦ ਮਿਲਦੀ ਹੈ ਇਹ ਵਿਚਾਰ ਰੋਟਰੀ ਆਈ ਬੈਂਕ ਦੇ ਪ੍ਰਧਾਨ ਪ੍ਰਸਿੱਧ ਸਮਾਜ ਸੇਵੀ ਸੰਜੀਵ ਅਰੋੜਾ ਨੇ ਵੈਸ਼ਨੋ ਧਾਮ ਮੰਦਰ ਭਰਵਾਈ ਰੋਡ 'ਚ ਸਾਹਿਲ ਗੋਲ ਦੁਆਰਾ ਆਪਣੇ ਜਨਮ ਦਿਨ ਦੇ ਮੌਕੇ 'ਤੇ ਆਪਣੀ ਅਤੇ ਆਪਣੀ ਧਰਮ ਪਤਨੀ ਕੋਮੁਧ ਗੁਪਤਾ ਦੇ ਨੇਤਰਦਾਨ ਪ੍ਰਣ ਪੱਤਰ ਭਰਨ ਅਤੇ ਉਨ੍ਹਾ ਉਹਨਾਂ ਨੂੰ ਸਨਮਾਨਿਤ ਕਰਦੇ ਹੋਏ ਵਿਅਕਤ ਕੀਤੇ। ਸੰਜੀਵ ਅਰੋੜਾ ਨੇ ਕਿਹਾ ਕਿ ਪਹਿਲਾਂ ਲੋਕ ਖੁਸੀ ਦੇ ਮੌਕੇ ਦਰਖਤ ਅਤੇ ਅੰਨ ਦਾਨ ਕਰਨ ਕਰਕੇ ਮਨਾਉਂਦੇ ਸਨ ਪਰ ਹੁਣ ਨੇਤਰਦਾਨ ਦੇ ਪ੍ਰਤੀ ਜਾਗਰੂਕਤਾ ਵਧਣ ਨਾਲ ਲੋਕ ਨੇਤਰਦਾਨ ਪ੍ਰਣ ਪੱਤਰ ਭਰ ਕੇ ਆਪਣੀ ਖੁਸ਼ੀ ਮਨਾਉਣ ਲੱਗੇ ਹਨ ਜੋ ਕਿ ਬਹੁਤ ਹੀ ਸਲਾਉਣ ਯੋਗ ਕੰਮ ਹੈ। ਅਰੋੜਾ ਨੇ ਦੱਸਿਆ ਕਿ ਰੋਟਰੀ




ਆਈ ਬੈਂਕ ਵੱਲੋਂ ਹੁਣ ਤੱਕ 4050 ਤੋਂ ਜਿਆਦਾ ਲੋਕਾਂ ਦੇ ਆਪਰੇਸਨ ਕਰਕੇ ਨਵੀਆਂ ਅੱਖਾਂ ਲਾਈਆਂ ਗਈਆਂ ਹਨ ਜੋ ਕਿ ਹੁਣ ਤੱਕ ਭਗਵਾਨ ਦੇ ਆਸ਼ੀਰਵਾਦ ਨਾਲ ਸੁੰਦਰ ਸੰਸਾਰ ਦੇ ਰਹੇ ਹਨ ਇਸ ਮੌਕੇ ਚੇਅਰਮੈਨ ਜੇਬੀ ਬਹਿਲ ਨੇ ਦੱਸਿਆ ਕਿ ਨੇਤਰ ਪ੍ਰਾਪਤ ਕਰਨ ਤੋਂ ਲੈ ਕੇ ਕਾਰਨਾ ਬਲਾਇੰਡਨੈਸ ਦਾ ਆਪਰੇਸ਼ਨ ਕਰਵਾ ਕੇ ਨਵੀਆਂ ਅੱਖਾਂ ਲਾਉਣ ਲਈ ਦਵਾਈ ਅਤੇ ਆਦ ਖਰਚਾ ਸੋਸਾਇਟੀ ਦੁਆਰਾ ਇਹ ਕੀਤਾ ਜਾਂਦਾ ਹੈ।

# 'ਰੂ ਬ ਰੂ' ਪ੍ਰੋਗਰਾਮ ਤਹਿਤ ਨਿੱਜੀ ਸਕੂਲ ਦੇ ਵਿਦਿਆਰਥੀਆਂ ਨੇ ਕੀਤੀ ਸ਼ਿਰਕਤ



**ਕਪੂਰਥਲਾ, (ਪ੍ਰੀਤ ਸੰਗੋਜਲਾ)**
ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ ਕਪੂਰਥਲਾ ਵਲੋਂ ਕਰੀਅਰ ਗਾਈਡੈਂਸ ਪ੍ਰੋਗਰਾਮ 'ਰੂਬਰੂ' ਦੀ ਕੜੀ ਵਿੱਚ ਮਾਤਾ ਗੁਜਰੀ ਪਬਲਿਕ ਸਕੂਲ ਦੇ ਵਿਦਿਆਰਥੀਆਂ ਵੱਲੋਂ ਸ਼ਿਰਕਤ ਕੀਤੀ ਗਈ। ਜਿਸ ਦੇ ਤਹਿਤ ਸਕੂਲ ਦੇ ਵਿਦਿਆਰਥੀਆਂ ਨੂੰ ਬਿਊਰੋ ਵਿਖੇ ਬੁਲਾ ਕੇ ਜ਼ਿਲ੍ਹਾ ਰੋਜ਼ਗਾਰ ਉੱਤਪਤੀ, ਹੁਨਰ ਵਿਕਾਸ ਅਤੇ ਸਿਖਲਾਈ ਅਫਸਰ ਰਾਜਨ ਸ਼ਰਮਾ ਵੱਲੋਂ ਕਰੀਅਰ ਸਬੰਧੀ ਗਾਈਡੈਂਸ ਦਿੱਤੀ ਗਈ। ਉਹਨਾਂ ਵਿਦਿਆਰਥੀਆਂ ਨੂੰ ਆਪਣੇ ਸੁਨਿਹਰੇ ਭਵਿੱਖ ਲਈ ਆਪਣਾ ਕਰੀਅਰ ਉਦੇਸ਼ ਚੁਣਕੇ ਉਸ ਨੂੰ ਪ੍ਰਾਪਤ ਕਰਨ ਲਈ ਜੀਅ ਤੋੜ ਮਿਹਨਤ ਕਰਨ ਲਈ ਉਤਸ਼ਾਹਿਤ ਕੀਤਾ ਅਤੇ ਵਿਦਿਆਰਥੀਆਂ ਨੂੰ ਪੀ.ਸੀ.ਐਸ ਪ੍ਰੀਖਿਆ ਰਾਹੀਂ ਅਧਿਕਾਰੀ ਪੱਧਰ ਦੀ ਸਰਕਾਰੀ ਨੌਕਰੀ ਪ੍ਰਾਪਤ ਕਰਨ ਦੀ ਵਿਧੀ ਬਾਰੇ ਜਾਣਕਾਰੀ ਦਿੱਤੀ। ਪਲੇਸਮੈਂਟ ਅਫਸਰ ਡਾ. ਵਰੁਣ ਜ਼ੋਸ਼ੀ ਵਲੋਂ ਵਿਦਿਆਰਥੀਆਂ ਨੂੰ ਦਫਤਰ ਦੀਆ ਗਤੀਵਿਧੀਆ ਅਤੇ ਬਣੀ ਕਰੀਅਰ ਲਾਇਬ੍ਰੇਰੀ ਬਾਰੇ ਜਾਣੂ ਕਰਵਾਉਂਦਿਆਂ ਦੱਸਿਆ ਕਿ ਵਿਦਿਆਰਥੀ ਮੁਕਾਬਲੇ ਦੀਆਂ ਪ੍ਰੀਖਿਆਵਾਂ ਦੀ ਤਿਆਰੀ ਕਰਨ ਲਈ ਇਸ ਲਾਇਬ੍ਰੇਰੀ ਵਿੱਚ ਆ ਕੇ ਮੁਫਤ ਪੜ੍ਹਾਈ ਕਰ ਸਕਦੇ ਹਨ। ਇਸ ਮੌਕੇ ਉੱਤੇ ਵਿਦਿਆਰਥੀਆਂ ਦੀ ਵਿਭਾਗ ਦੇ ਪੋਰਟਲ ਉੱਤੇ ਆਨਲਾਈਨ ਰਜਿਸਟ੍ਰੇਸ਼ਨ ਵੀ ਕੀਤੀ ਗਈ। ਜ਼ਿਲ੍ਹਾ ਰੋਜਗਾਰ ਉੱਤਪਤੀ, ਹੁਨਰ ਵਿਕਾਸ ਅਤੇ ਸਿਖਲਾਈ ਅਫਸਰ ਵੱਲੋਂ ਸਕੂਲ ਤੋਂ ਆਏ ਪ੍ਰਿੰਸੀਪਲ ਸ਼੍ਰੀਮਤੀ ਚੰਦਨ ਜੈਨ ਅਤੇ ਵਿਦਿਆਰਥੀਆਂ ਦਾ ਧੰਨਵਾਦ ਕਰਦਿਆਂ ਵਿਦਿਆਰਥੀਆਂ ਦੇ ਚੰਗੇ ਭਵਿੱਖ ਦੀ ਕਾਮਨਾ ਕੀਤੀ।

# ਪ੍ਰਿੰਸੀਪਲ ਪ੍ਰੇਮ ਕੁਮਾਰ ਫਿਲੌਰ ਨੇ ਪੰਜਾਬ ਸਕੂਲ ਸਿੱਖਿਆ ਬੋਰਡ ਦੇ ਉਪ ਚੇਅਰਮੈਨ ਵਜੋਂ ਅਹੁਦਾ ਸੰਭਾਲਿਆ

**ਫਿਲੌਰ, (ਨਿਰਮਲ)**
ਪੰਜਾਬ ਸਕੂਲ ਸਿੱਖਿਆ ਬੋਰਡ ਮੋਹਾਲੀ ਵਿਖੇ ਹਲਕਾ ਫਿਲੌਰ ਦੇ ਇੰਚਾਰਜ ਪ੍ਰਿੰਸੀਪਲ ਪ੍ਰੇਮ ਕੁਮਾਰ ਫਿਲੌਰ ਨੇ ਸਿੱਖਿਆ ਬੋਰਡ ਦੇ ਉਪ ਚੇਅਰਮੈਨ ਵਜੋਂ ਰਸਮੀ ਤੌਰ 'ਤੇ ਅਹੁਦਾ ਸੰਭਾਲ ਲਿਆ।ਪ੍ਰਿੰਸੀਪਲ ਫਿਲੌਰ ਸਭ ਤੋਂ ਪਹਿਲਾਂ ਰਸਮੀ ਤੌਰ 'ਤੇ ਬੋਰਡ ਦੀ ਚੇਅਰਪਰਸਨ ਡਾ.ਸਤਬੀਰ ਬੇਦੀ ਨੂੰ ਜਾ ਕੇ ਮਿਲੇ। ਮੈਡਮ ਬੇਦੀ ਨੇ ਸਵਾਗਤ ਕਰਦੇ ਹੋਏ ਉਨ੍ਹਾਂ ਨੂੰ ਸ਼ੁਭਕਾਮਨਾਵਾਂ ਦਿੱਤੀਆਂ।ਆਮ ਆਦਮੀ ਪਾਰਟੀ ਹਲਕਾ ਜਲੰਧਰ ਕੈਂਟ ਦੇ ਇੰਚਾਰਜ ਓਲੰਪੀਅਨ ਸੁਰਿੰਦਰ ਸਿੰਘ ਸੋਢੀ, ਐਗਰੀਕਲਚਰ ਐਕਸਪੋਰਟ ਪੰਜਾਬ ਦੇ ਚੇਅਰਮੈਨ ਮੰਗਲ ਸਿੰਘ ਜਲੰਧਰ, ਹਲਕਾ ਆਦਮਪੁਰ ਦੇ ਇੰਚਾਰਜ ਅਤੇ ਪਨਬਸ ਦੇ ਚੇਅਰਮੈਨ ਜੀਤ ਲਾਲ ਭੱਟੀ, ਹਲਕਾ ਸ਼ਾਹਕੋਟ ਦੇ ਇੰਚਾਰਜ ਪਿੰਦਰ ਪਡੋਰੀ, ਹਲਕਾ ਬੰਗਾ ਦੇ ਇੰਚਾਰਜ ਅਤੇ ਜਲ ਸਰੋਤ ਪੰਜਾਬ ਦੇ ਉਪ ਚੇਅਰਮੈਨ ਕੁਲਜੀਤ ਸਿੰਘ ਸਰਹਾਲ, ਹਲਕਾ ਨਵਾਂ ਸ਼ਹਿਰ ਦੇ ਇੰਚਾਰਜ ਅਤੇ ਉਪ ਚੇਅਰਮੈਨ ਟੈਕਨੀਕਲ ਐਜੂਕੇਸ਼ਨ ਪਾਠਕ ਬੱਲੂ ਤੇ ਸਿੱਖਿਆ ਜਗਤ ਨਾਲ ਸੰਬੰਧਤ ਵੱਖ ਵੱਖ ਜਥੇਬੰਦੀਆਂ ਦੇ ਆਗੂਆਂ ਨੇ ਪ੍ਰਿੰਸੀਪਲ ਫਿਲੌਰ ਨੂੰ ਫੁੱਲਾਂ ਦੇ ਹਾਰ ਅਤੇ ਬੁੱਕੇ ਭੇਟ ਕਰਕੇ ਕੁਰਸੀ 'ਤੇ ਬਿਠਾਉਂਦੇ ਹੋਏ ਉਨ੍ਹਾਂ ਦੀ ਬਤੌਰ ਉਪ ਚੇਅਰਮੈਨ



ਤਾਜਪੋਸ਼ੀ ਕੀਤੀ।ਇਸ ਮੌਕੇ ਫਿਲੌਰ ਦੇ ਕੌਂਸਲਰ ਡਾ:ਵੈਭਵ ਸ਼ਰਮਾ, ਪਿੰਡ ਮੋਤੀਪੁਰ ਖਾਲਸਾ (ਫਿਲੌਰ) ਦੇ ਸਾਬਕਾ ਸਰਪੰਚ ਜਰਨੈਲ ਸਿੰਘ ਮੋਤੀਪੁਰ, ਕੌਮੀ ਵੇਟ ਲਿਫਟਰ ਅਤੇ ਉੱਘੇ ਸਨਅਤਕਾਰ ਹਰਦੀਪ ਸਿੰਘ ਸੈਣੀ ਲੁਧਿਆਣਾ, ਖੇਡ ਪ੍ਰਮੋਟਰ ਜਗਰੂਪ ਸਿੰਘ ਜਰਖੜ, ਸੇਵਾ ਮੁਕਤ ਬੈਂਕ ਅਧਿਕਾਰੀ ਦਲਜੀਤ ਸਿੰਘ ਸ੍ਰੀ ਅੰਮਿਤਸਰ ਸਾਹਿਬ, ਸੇਵਾ ਮੁਕਤ ਐਸ.ਡੀ.ਓ. ਰਵਿੰਦਰ ਕੁਮਾਰ, ਅਸ਼ੋਕ ਦੱਤਾ ਫਿਲੌਰ, ਰਵੀਸ਼ ਮਲਹੋਤਰਾ ਗੁੱਲੂ, ਸੇਵਾ ਮੁਕਤ ਪੁਲਿਸ ਇੰਸਪੈਕਟਰ ਹਰਭਜਨ ਸਿੰਘ ਪਾਲ, ਜਗਤਰਾਮ ਭੱਟੀ ਪਿੰਡ ਨਗਰ, ਜਸਪਾਲ ਸਿੰਘ ਨੰਬਰਦਾਰ ਨਗਰ, ਸੁਰਿੰਦਰ ਸਿੰਘ ਬੱਛੋਵਾਲ, ਅਜਵਿੰਦਰ ਸਿੰਘ ਗੁਰਾਇਆ, ਹਰਮੇਸ਼ ਲਾਲ ਸਾਬਕਾ ਕੌਂਸਲਰ ਗੁਰਾਇਆ, ਸੁਰੇਸ਼ ਕੁਮਾਰ ਬਿੱਲਾ ਗੁਰਾਇਆ, ਸੰਜੀਵ ਹੀਰ, ਪਲਵਿੰਦਰ ਸਿੰਘ ਤੋਂ ਇਲਾਵਾ ਸਿੱਖਿਆ ਜਗਤ ਦੀਆਂ ਵੱਖ ਵੱਖ ਜਥੇਬੰਦੀਆਂ ਦੇ ਆਗੂ ਹਾਜ਼ਰ ਸਨ।

# ਧਨੀ ਪਿੰਡ ਸਕੂਲ ਨੂੰ ਪ੍ਰਵਾਸੀ ਭਾਰਤੀਆਂ ਨੇ ਤਿੰਨ ਲੱਖ ਤੋਂ ਵੱਧ ਰਾਸ਼ੀ ਕੀਤੀ ਦਾਨ



**ਫਗਵਾੜਾ (ਡਾ. ਰਮਨ, ਜਸਵਿੰਦਰ ਢੱਡਾ)**
ਸਿਆਣੇ ਕਹਿੰਦੇ ਹਨ ਕਿ ਦਾਨ ਦੇਣ ਨਾਲ ਪੈਸਾ ਘਟਦਾ ਨਹੀਂ ਸਗੋਂ ਚਾਰ ਗੁਣਾ ਹੋ ਜਾਂਦਾ ਹੈ ਅਤੇ ਦਾਨ ਦੇਣ ਵਾਲੇ ਲੋਕਾਂ ਦੇ ਘਰਾਂ ਵਿੱਚ ਖੁਸ਼ਹਾਲੀ ਆਉਂਦੀ ਹੈ, ਇਹਨਾਂ ਸ਼ਬਦਾਂ ਦਾ ਜ਼ਿਕਰ ਪ੍ਰਿੰਸੀਪਲ ਹਰਮੇਸ਼ ਲਾਲ ਘੇੜਾ (ਸਟੇਟ ਅਵਾਰਡੀ) ਨੇ ਧਨੀ ਪਿੰਡ ਸਕੂਲ ਨੂੰ ਦਾਨੀ ਸੱਜਣਾ ਅਤੇ ਐਨ ਆਰ ਆਈ ਵੱਲੋਂ ਤਿੰਨ ਲੱਖ 7 ਹਜ਼ਾਰ ਦੀ ਰਾਸ਼ੀ ਦੇਣ ਸਮੇਂ ਕਹੇ।ਪ੍ਰਿੰਸੀਪਲ ਘੇੜਾ ਨੇ ਦੱਸਿਆ ਕਿ ਧਨੀ ਪਿੰਡ ਦੇ ਉੱਘੇ ਸਮਾਜ ਸੇਵੀ ਅਤੇ ਮੈਂਬਰ ਪੰਚਾਇਤ ਬਲਕਾਰ ਸਿੰਘ ਕੂੰਨਰ ਦੀ ਪ੍ਰੇਰਨਾ ਨਾਲ ਪ੍ਰਵਾਸੀ ਭਾਰਤੀ ਹਰਪਾਲ ਸਿੰਘ ਕੂੰਨਰ ਯੂ.ਕੇ. ਨੇ ਇੱਕ ਲੱਖ ਪੰਜਾਹ ਹਜਾਰ, ਪ੍ਰਵਾਸੀ ਭਾਰਤੀ ਅਮਰਜੀਤ ਸਿੰਘ ਕੂੰਨਰ ਨੇ 71 ਹਜਾਰ, ਪ੍ਰਵਾਸੀ ਭਾਰਤੀ ਤੀਰਥ ਸਿੰਘ ਕੂੰਨਰ ਆਸਟਰੇਲੀਆ ਨੇ 50 ਹਜ਼ਾਰ, ਪ੍ਰਵਾਸੀ ਭਾਰਤੀ ਬਰਿੰਦਰ ਪਾਲ ਸਿੰਘ ਯੂ. ਕੇ. ਨੇ 25 ਹਜ਼ਾਰ ਰੁਪਏ ਅਤੇ ਸਕੂਲ ਦੀ ਐਸ.ਐਮ.ਸੀ. ਕਮੇਟੀ ਦੇ ਚੇਅਰਮੈਨ ਦਵਿੰਦਰ ਸਿੰਘ ਨੇ ਵੀ 11 ਹਜ਼ਾਰ ਰੁਪਏ ਸਕੂਲ ਵਿਕਾਸ ਲਈ ਦਿੱਤੇ ਹਨ। ਪ੍ਰਿੰਸੀਪਲ ਹਰਮੇਸ਼ ਲਾਲ ਘੇੜਾ, ਐਸ ਐਮ ਸੀ ਚੇਅਰਮੈਨ ਦਵਿੰਦਰ ਸਿੰਘ ਅਤੇ ਪੀ.ਟੀ.ਏ. ਕਮੇਟੀ ਪ੍ਰਧਾਨ ਅਮਰਜੀਤ ਨੇ ਦਾਨੀ ਸੱਜਣਾ ਦਾ ਸਕੂਲ ਨੂੰ ਰਾਸ਼ੀ ਦੇਣ ਲਈ ਵਿਸ਼ੇਸ਼ ਤੌਰ ਤੇ ਧੰਨਵਾਦ ਕੀਤਾ।ਇਸ ਮੌਕੇ ਵਾਈਸ ਪ੍ਰਿੰਸੀਪਲ ਰਿਸ਼ੀ ਕੁਮਾਰ, ਲੈਕ. ਵਿਦਿਆ ਸਾਗਰ, ਲੈਕ. ਕੁਲਵੰਤ ਰਾਮ, ਲੈਕ. ਤੀਰਥ ਸਿੰਘ ਬਾਸੀ, ਰਾਮ ਦਿਆਲ, ਜਸਵਿੰਦਰ ਸਾਂਪਲਾ, ਮੁਨੀਸ਼ ਕੁਮਾਰ, ਮੰਜੂ ਰਾਣੀ, ਸੀਮਾ ਦੇਵੀ, ਅੰਸ਼ੂ ਸੱਭਰਵਾਲ, ਸਰਬਜੀਤ ਕੌਰ, ਸੁਰਚੀ ਲੂਥਰਾ, ਸੁਖਵੀਰ ਕੌਰ, ਜਸਵੀਰ ਕੌਰ ਅਤੇ ਰਜਨੀ ਸੂਦ ਤੋਂ ਇਲਾਵਾ ਸਕੂਲ ਦੇ ਵਿਦਿਆਰਥੀਆਂ ਨੇ ਸ਼ਿਰਕਤ ਕੀਤੀ।

# ਦੋਆਬਾ ਜਨਰਲ ਕੈਟਾਗਰੀ ਫਰੰਟ ਨੇ ਮੁੱਖ ਮੰਤਰੀ ਨੂੰ ਭੇਜਿਆ ਮੰਗ ਪੱਤਰ



**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)**
ਦੋਆਬਾ ਜਨਰਲ ਕੈਟਾਗਰੀ ਫਰੰਟ ਵੱਲੋਂ ਪ੍ਰਧਾਨ ਬਲਵੀਰ ਸਿੰਘ ਫੁਗਲਾਣਾ ਦੀ ਅਗਵਾਈ 'ਚ ਵਧੀਕ ਡਿਪਟੀ ਕਮਿਸ਼ਨਰ (ਜ) ਰਾਹੁਲ ਚਾਬਾ ਰਾਹੀਂ ਮੁੱਖ ਮੰਤਰੀ ਪੰਜਾਬ ਨੂੰ ਮੰਗ ਪੱਤਰ ਭੇਜਿਆ ਗਿਆ। ਇਸ ਮੌਕੇ ਬਲਵੀਰ ਸਿੰਘ ਫੁਗਲਾਣਾ ਨੇ ਕਿਹਾ ਕਿ ਪਿਛਲੀ ਕਾਂਗਰਸ ਸਰਕਾਰ ਸਮੇਂ ਇਕ ਨੋਟੀਫਿਕੇਸ਼ਨ ਰਾਹੀਂ ਜਨਰਲ ਵਰਗ ਨਾਲ ਸਬੰਧਿਤ ਮਾਮਲਿਆਂ 'ਤੇ ਸੁਣਵਾਈ ਅਤੇ ਹੱਲ ਕਰਨ ਲਈ ਜਨਰਲ ਕੈਟਾਗਰੀ ਕਮਿਸ਼ਨ ਸਥਾਪਿਤ ਕੀਤਾ ਗਿਆ ਸੀ, ਜਿਸ ਨਾਲ ਜਨਰਲ ਵਰਗ ਦੇ ਲੋਕਾਂ 'ਚ ਇਨਸਾਫ ਦੀ ਇਕ ਉਮੀਦ ਜਾਗੀ। ਤਤਕਾਲੀ ਸਰਕਾਰ ਨੇ ਡਾ. ਨਵਜੋਤ ਸਿੰਘ ਦਾਹੀਆ ਨੂੰ ਕਮਿਸ਼ਨ ਦਾ ਚੇਅਰਮੈਨ ਤੇ ਉਨ੍ਹਾਂ ਵਲੋਂ ਬਤੌਰ ਚੇਅਰਪਰਸ਼ਨ ਦੀ ਤਾਇਨਾਤੀ ਕੀਤੀ ਗਈ ਸੀ। ਇਸ ਤੋਂ ਇਲਾਵਾ ਕਮਿਸ਼ਨ ਦੇ ਵਾਇਸ ਚੇਅਰਮੈਨ ਨੇ ਵੀ ਜੁਆਇਨ ਕੀਤਾ ਸੀ, ਪ੍ਰੰਤੂ 2022 ਦੀਆਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਡਾ: ਦਾਹੀਆ ਨੇ ਵਿਧਾਇਕ ਦੀ ਚੋਣ ਲੜਨ ਲਈ ਇਸ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਸੀ। ਹੁਣ ਮੌਜੂਦ ਆਮ ਆਦਮੀ ਪਾਰਟੀ ਦੀ ਸਰਕਾਰ ਵਲੋਂ ਅਜੇ ਤੱਕ ਜਨਰਲ ਵਰਗ ਲਈ ਸਥਾਪਿਤ ਕਮਿਸ਼ਨ ਦਾ ਕੋਈ ਵੀ ਚੇਅਰਮੈਨ, ਵਾਇਸ ਚੇਅਰਮੈਨ ਤੇ ਮੈਂਬਰ ਨਹੀਂ ਲਗਾਇਆ ਗਿਆ, ਜਿਸ ਕਾਰਨ ਜਨਰਲ ਵਰਗ 'ਚ ਰੋਸ ਦੀ ਲਹਿਰ ਹੈ। ਉਨ੍ਹਾਂ ਮੰਗ ਕੀਤੀ ਕਿ ਜਨਰਲ ਕੈਟਾਗਰੀ ਕਮਿਸ਼ਨ ਦਾ ਚੇਅਰਮੈਨ, ਵਾਇਸ ਚੇਅਰਮੈਨ ਤੇ ਮੈਂਬਰ ਤੁਰੰਤ ਨਿਯੁਕਤ ਕੀਤਾ ਜਾਵੇ। ਇਸ ਮੌਕੇ ਜਨਰਲ ਸਕੱਤਰ ਜਗਤਾਰ ਸਿੰਘ ਭੁੰਗਰਨੀ, ਸਰਪ੍ਰਸਤ ਸੁਰਜੀਤ ਸਿੰਘ ਮਸੂਤਾ, ਜਥੇਦਾਰ ਬਾਬਾ ਗੁਰਦੇਵ ਸਿੰਘ ਮੁਖੀ ਸਾਹਿਬਜਾਦਾ ਬਾਬਾ ਫਤਹਿ ਸਿੰਘ ਤਰਨਾ ਦਲ, ਬਲਵਿੰਦਰ ਸਿੰਘ ਜਮਹੂਰੀ ਕਿਸਾਨ ਸਭਾ ਪੰਜਾਬ, ਜਗਜੀਤ ਸਿੰਘ ਗਿੱਲ ਜਨਰਲ ਸਕੱਤਰ ਕੰਢੀ ਕਿਸਾਨ ਯੂਨੀਅਨ, ਜਸਵਿੰਦਰ ਸਿੰਘ ਸੰਘਾ, ਵਰਿੰਦਰ ਸਿੰਘ ਭਿੰਡਰ, ਗੁਰਦਿਆਲ ਸਿੰਘ ਜਲਵੇਹੜਾ, ਜੈ ਗੁਪਾਲ ਧੀਮਾਨ ਪ੍ਰਧਾਨ ਲੇਵਰ ਪਾਰਟੀ, ਸਤਨਾਮ ਸਿੰਘ ਸ਼ਿੰਦੂ ਭੁੰਗਰਨੀ, ਕਰਨਜੀਤ ਸਿੰਘ ਅਟਵਾਲ, ਮੱਖਣ ਸਿੰਘ ਜੱਜ, ਅਜੀਤ ਸਿੰਘ ਖਨੌੜਾ, ਮਲਕੀਤ ਸਿੰਘ ਪੰਡੋਰੀ ਕੱਦ ਅਤੇ ਸੰਜੀਵ ਪੰਚ ਨੰਗਲ ਆਦਿ ਹਾਜ਼ਰ ਸਨ।

# ਖਾਟੂ ਸ਼ਾਮ ਤੇ ਸਾਲਾਸਰ ਯਾਤਰਾ ਲਈ ਸ਼ਰਧਾਲੂਆਂ ਦੀ ਬੱਸ ਰਵਾਨਾ



**ਮੋਹਾਲੀ, (ਗੁਰਜੀਤ ਬਿੱਲਾ)**
ਵਿਧਾਇਕ ਮੋਹਾਲੀ ਕੁਲਵੰਤ ਸਿੰਘ ਨੇ ਸ਼੍ਰੀ ਲਕਸ਼ਮੀ ਨਰਾਇਣ ਮੰਦਿਰ ਫੇਜ਼-11 ਮੋਹਾਲੀ ਤੋਂ ਖਾਟੂਸ਼ਾਮ ਅਤੇ ਸਾਲਾਸਰ ਦੇ ਦਰਸ਼ਨਾਂ ਲਈ ਮੋਹਾਲੀ ਹਲਕੇ ਦਾ 7ਵਾਂ ਜੱਥਾ ਰਵਾਨਾ ਕੀਤਾ, ਇਸ ਮੌਕੇ ਸ਼ਰਧਾਲੂਆਂ ਨੂੰ ਵਿਧਾਇਕ ਕੁਲਵੰਤ ਸਿੰਘ ਵੱਲੋਂ ਯਾਤਰਾ ਦੇ ਦੌਰਾਨ ਇਸਤੇਮਾਲ ਕੀਤੇ ਜਾਣ ਲਈ ਲੋੜੀਂਦਾ ਸਮਾਨ ਵੀ ਤਕਸੀਮ ਕੀਤਾ ਗਿਆ।ਵਿਧਾਇਕ ਕੁਲਵੰਤ ਸਿੰਘ ਨੇ ਕਿਹਾ ਕਿ ਉਹਨਾਂ ਨੇ ਪੰਜਾਬ ਵਿਧਾਨ ਸਭਾ ਵਿੱਚ ਮੋਹਾਲੀ ਨਾਲ ਸੰਬੰਧਿਤ ਲੋਕਾਂ ਦੀਆਂ ਮੁਸ਼ਕਿਲਾਂ ਦੇ ਹੱਲ ਲਈ ਮੁੱਦੇ ਉਠਾਏ ਹਨ, ਮੋਹਾਲੀ ਵਿਚਲੇ ਵੱਡੇ ਹਸਪਤਾਲਾਂ ਦੇ ਬਾਹਰ ਪਾਰਕਿੰਗ ਦੀ ਸਮੱਸਿਆ ਅਤੇ ਮੋਹਾਲੀ ਵਿੱਚ ਸੀ. ਸੀ. ਟੀ ਵੀ ਕੈਮਰੇ ਲਗਾਏ ਜਾਣ ਦਾ ਮੁੱਦਾ ਉਠਾਇਆ ਹੈ, ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਵੱਲੋਂ ਮੋਹਾਲੀ ਦੇ ਵਿੱਚ ਸੀ ਸੀ ਟੀ ਵੀ ਕੈਮਰੇ ਅਤੇ ਕੰਟਰੋਲ ਰੂਮ ਸਤੰਬਰ ਮਹੀਨੇ ਤੱਕ ਸਥਾਪਿਤ ਕਰਨ ਦੇ ਲਈ ਭਰੋਸਾ ਦਿੱਤਾ ਗਿਆ ਹੈ।ਇਸ ਮੌਕੇ ਮੌਜੂਦ ਉਪਿੰਦਰਪ੍ਰੀਤ ਕੌਰ ਸਾਬਕਾ ਕੌਂਸਲਰ ਨੇ ਕਿਹਾ ਕਿ ਮੁੱਖ ਮੰਤਰੀ ਤੀਰਥ ਯੋਜਨਾ ਦੇ ਚਲਦਿਆਂ ਲੋਕਾਂ ਵੱਲੋਂ ਸਾਕਾਰਤਮਕ ਹੁੰਗਾਰਾ ਮਿਲ ਰਿਹਾ ਹੈ। ਇਸ ਮੌਕੇ 'ਤੇ ਮੌਜੂਦ ਸ਼ਰਧਾਲੂ ਜੈ ਪ੍ਰਕਾਸ਼ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਆਪਣੀ ਖੁਸ਼ੀ ਸਾਂਝੀ ਕਰਦੇ ਹੋਏ ਕਿਹਾ ਕਿ ਉਹ ਆਪਣੇ ਪਰਿਵਾਰ ਨਾਲ ਖਾਟੂਸ਼ਾਮ ਅਤੇ ਸਾਲਾਸਰ ਧਾਰਮਿਕ ਸਥਾਨਾਂ ਦੇ ਯਾਤਰਾ 'ਤੇ ਜਾ ਰਹੇ ਹਨ। ਇਸ ਦੇ ਲਈ ਉਹ ਵਿਧਾਇਕ ਕੁਲਵੰਤ ਸਿੰਘ ਦਾ ਤਹਿ ਦਿਲੋਂ ਧੰਨਵਾਦ ਕਰਦੇ ਹਨ।ਇਸ ਮੌਕੇ ਰਣਜੀਤ ਸਿੰਘ ਢਿੱਲੋਂ, ਉਪਿੰਦਰਪ੍ਰੀਤ ਕੌਰ, ਸਵਰਨ ਲਤਾ, ਗੱਜਣ ਸਿੰਘ, ਡਾ. ਰਵਿੰਦਰ ਕੁਮਾਰ,ਤਰੁਣ ਸਿੰਘ, ਗੌਰੀ ਜਗਤਪੁਰਾ, ਹਰਪਾਲ ਚੰਨਾ, ਕੈਪਟਨ ਕਰਨੈਲ ਸਿੰਘ, ਰਘਵੀਰ ਸਿੰਘ, ਮੰਦਿਰ ਕਮੇਟੀ ਵੀ ਮੌਜੂਦ ਸਨ।

# ਰੇਲਵੇ ਸਟੇਸ਼ਨ 'ਤੇ ਜਨ ਔਸ਼ਧੀ ਕੇਂਦਰ ਦਾ ਉਦਘਾਟਨ ਸੋਮ ਪ੍ਰਕਾਸ਼ ਨੇ ਕੀਤਾ

**ਫਗਵਾੜਾ, (ਇੰਦਰਜੀਤ ਸਿੰਘ ਮਠਾੜੂ)**-ਕੇਂਦਰ ਸਰਕਾਰ ਵਲੋਂ ਰੇਲਵੇ ਸਟੇਸ਼ਨਾਂ ਦੇ ਬਾਹਰ ਨਵੇਂ ਖੋਲ੍ਹੇ ਜਾ ਰਹੇ ਪ੍ਰਧਾਨ ਮੰਤਰੀ ਭਾਰਤੀਏ ਜਨ ਔਸ਼ਧੀ ਕੇਂਦਰ ਦਾ ਉਦਘਾਟਨ ਅੱਜ ਕੇਂਦਰੀ ਰਾਜ ਮੰਤਰੀ ਸੋਮ ਪ੍ਰਕਾਸ਼ ਨੇ ਕੀਤਾ। ਇਸ ਮੌਕੇ ਉਨ੍ਹਾਂ ਕਿਹਾ ਕਿ ਲੋਕਾਂ ਨੂੰ ਸਸਤੀਆਂ ਤੇ ਵਧੀਆ ਦਵਾਈਆਂ ਮੁਹੱਈਆ ਕਰਵਾਉਣ ਲਈ ਕੇਂਦਰ ਸਰਕਾਰ ਪੂਰੀ ਤਰ੍ਹਾਂ ਵਚਨਬੱਧ ਹੈ ਜਿਸ ਤਹਿਤ ਰੇਲਵੇ ਸਟੇਸ਼ਨਾਂ 'ਤੇ ਇਹ ਪ੍ਰੋਜੈਕਟ ਲਗਾਏ ਜਾ ਰਹੇ ਹਨ ਜਿਸ ਨਾਲ ਲੋਕਾਂ ਨੂੰ ਕਾਫੀ ਲਾਭ ਹੋਵੇਗਾ ਕਿਉਂਕਿ ਸਟੇਸ਼ਨ 'ਤੇ ਉੱਤਰਨ ਤੇ ਚੜ੍ਹਨ ਸਮੇਂ ਕੋਈ ਨਾ ਕੋਈ ਦਵਾਈ ਦੀ ਜ਼ਰੂਰਤ ਪੈਂਦੀ ਹੈ। ਉਨ੍ਹਾਂ ਦੱਸਿਆ ਕਿ ਇਸੇ ਤਰ੍ਹਾਂ ਇੱਕ ਪ੍ਰੋਜੈਕਟ ਵਨ ਸਟੇਸ਼ਨ ਵਨ ਪ੍ਰੋਜੈਕਟ ਤਹਿਤ ਵੀ ਇੱਕ ਦੁਕਾਨ ਖੋਲ੍ਹੀ ਜਾਵੇਗੀ ਤਾਂ ਜੋ ਲੋਕਾਂ ਨੂੰ ਜ਼ਰੂਰੀ ਵਰਤੋਂ ਵਾਲਾ ਹਰ ਸਾਮਾਨ ਮਿਲ ਸਕੇ। ਉਨ੍ਹਾਂ ਦੱਸਿਆ ਕਿ ਰੇਲਵੇ ਸਟੇਸ਼ਨ ਦੇ ਵਿਕਾਸ ਦਾ ਵੱਡਾ ਪ੍ਰੋਜੈਕਟ ਸ਼ੁਰੂ ਕੀਤਾ ਹੈ ਤੇ ਉਹ ਤੇਜ਼ੀ ਨਾਲ ਚੱਲ ਰਿਹਾ ਹੈ। ਆਉਂਦੇ 2-3 ਮਹੀਨਿਆਂ 'ਚ ਮੁਕੰਮਲ ਹੋ ਜਾਵੇਗਾ ਤੇ ਲੋਕਾਂ ਨੂੰ ਸਟੇਸ਼ਨ 'ਤੇ ਹਰ ਤਰ੍ਹਾਂ ਦੀਆਂ ਸਹੂਲਤਾਂ ਮੁਹੱਈਆਂ ਹੋਣਗੀਆਂ। ਇਸ ਮੌਕੇ ਅਵਤਾਰ ਸਿੰਘ ਮੰਡ ਸੀਨੀਅਰ ਭਾਜਪਾ ਆਗੂ, ਸਾਬਕਾ ਮੇਅਰ ਅਰੁਣ ਖੋਸਲਾ, ਹਰਪ੍ਰੀਤ ਸਿੰਘ ਸੋਨੂੰ, ਪੰਕਜ ਗੌਤਮ, ਅਸ਼ੋਕ ਸੇਠੀ, ਪਰਮਜੀਤ ਪੰਮਾ ਚਾਚੋਕੀ, ਸਟੇਸ਼ਨ ਮਾਸਟਰ ਦਵਿੰਦਰ ਸਿੰਘ ਸ਼ਾਮਲ ਸਨ।

# ਕੋਰਸ ਮੁਕੰਮਲ ਕਰਨ ਵਾਲੇ ਸਿਖਿਆਰਥੀਆਂ ਨੂੰ ਸਰਟੀਫਿਕੇਟ ਵੰਡੇ



**ਜਲੰਧਰ, (ਸ਼ੈਲੀ ਐਲਬਰਟ)**
ਸਥਾਨਕ ਰੁਡਸੈਟ ਇੰਸਟੀਚਿਊਟ ਵਿਖੇ ਬਿਊਟੀ ਪਾਰਲਰ ਮੈਨੇਜਮੈਂਟ ਦਾ ਕੋਰਸ ਮੁਕੰਮਲ ਕਰਨ ਵਾਲੇ ਸਿਖਿਆਰਥੀਆਂ ਨੂੰ ਸਰਟੀਫਿਕੇਟ ਵੰਡੇ ਗਏ।ਇਸ ਮੌਕੇ ਸਹਾਇਕ ਜਨਰਲ ਮੈਨੇਜਰ, ਕੇਨਰਾ ਬੈਂਕ ਮਨੋਜ ਮੀਨਾ ਨੇ ਕਿਹਾ ਕਿ ਸੰਸਥਾ ਵੱਲੋਂ ਸਿਖਿਆਰਥੀਆਂ ਨੂੰ ਸਵੈ-ਰੋਜ਼ਗਾਰ ਲਈ ਸਿਖਲਾਈ ਦੇ ਕੇ ਉੱਦਮੀ ਬਣਾਉਣ ਦਾ ਜੋ ਉਪਰਾਲਾ ਕੀਤਾ ਜਾ ਰਿਹਾ ਹੈ, ਉਹ ਸ਼ਲਾਘਾਯੋਗ ਅਤੇ ਬੇਮਿਸਾਲ ਹੈ।ਸੰਸਥਾ ਦੇ ਡਾਇਰੈਕਟਰ ਸੰਜੀਵ ਕੁਮਾਰ ਚੌਹਾਨ ਨੇ ਕਿਹਾ ਕਿ ਰੁਡਸੈੱਟ ਸੰਸਥਾ ਦੀ ਸਥਾਪਨਾ ਦੇਸ਼ ਵਿੱਚ ਸਵੈ-ਰੋਜ਼ਗਾਰ ਸਿਖਲਾਈ ਦੇ ਕੇ ਉੱਦਮਸ਼ੀਲਤਾ ਨੂੰ ਉਤਸ਼ਾਹਿਤ ਕਰਨ ਲਈ ਕੀਤੀ ਗਈ ਹੈ। ਉਨ੍ਹਾਂ ਸਮੂਹ ਸਿਖਿਆਰਥੀਆਂ ਨੂੰ ਸਵੈ-ਰੋਜ਼ਗਾਰ ਸ਼ੁਰੂ ਕਰਨ ਅਤੇ ਸਮਾਜ, ਸੂਬੇ ਅਤੇ ਦੇਸ਼ ਦੇ ਵਿਕਾਸ ਵਿੱਚ ਭਾਗੀਦਾਰ ਬਣਨ ਦਾ ਸੱਦਾ ਦਿੱਤਾ। ਉਨ੍ਹਾਂ ਦੱਸਿਆ ਸੰਸਥਾ ਵੱਲੋਂ ਫਰਿੱਜ, ਏ. ਸੀ. ਰਿਪੇਅਰ, ਫੈਸ਼ਨ ਡਿਜ਼ਾਈਨਿੰਗ, ਫਾਸਟ ਫੂਡ ਦੇ ਕੋਰਸ ਵੀ ਜਲਦ ਸ਼ੁਰੂ ਹੋਣ ਜਾ ਰਹੇ ਹਨ।ਇਸ ਦੌਰਾਨ ਕੋਰਸ ਦੌਰਾਨ ਵੱਖ-ਵੱਖ ਗਤੀਵਿਧੀਆਂ ਵਿੱਚ ਜੇਤੂ ਰਹੇ ਸਿਖਿਆਰਥੀਆਂ ਨੂੰ ਵੀ ਸਨਮਾਨਿਤ ਕੀਤਾ ਗਿਆ। ਇਸ ਮੌਕੇ ਸੰਸਥਾ ਦੇ ਸੀ.ਫੈਕਲਟੀ ਪਰਗਟ ਸਿੰਘ, ਮੀਨਲ, ਅਤਿਕਾ, ਦੀਪਿਕਾ, ਪੰਕਜ ਦਾਸ, ਵਿਸ਼ਾਲ ਅਤੇ ਸਿੱਖਿਆਰਥੀ ਵੀ ਮੌਜੂਦ ਸਨ।

# ਵਿੱਤੀ ਸਾਲ 2023-24 'ਚ 71 ਲੱਖ ਘਰੇਲੂ ਖਪਤਕਾਰਾਂ ਨੂੰ ਮਿਲਿਆ ਜ਼ੀਰੋ ਬਿੱਲ ਦਾ ਲਾਭ : ਈ ਟੀ ਓ

**ਚੰਡੀਗੜ੍ਹ, (ਗੁਰਜੀਤ ਬਿੱਲਾ)**

ਪੰਜਾਬ ਦੇ ਬਿਜਲੀ ਅਤੇ ਲੋਕ ਨਿਰਮਾਣ ਮੰਤਰੀ ਹਰਭਜਨ ਸਿੰਘ ਈਟੀਓ ਨੇ ਇਥੇ ਦੱਸਿਆ ਕਿ ਚਾਲੂ ਵਿੱਤੀ ਸਾਲ 2023-24 ਦੌਰਾਨ ਹੁਣ ਤੱਕ ਸੂਬੇ ਦੇ ਕੁੱਲ 70,86,273 ਘਰੇਲੂ ਖਪਤਕਾਰਾਂ ਨੂੰ ਜ਼ੀਰੋ ਬਿਜਲੀ ਬਿੱਲ ਪ੍ਰਾਪਤ ਹੋਏ ਹਨ।ਉਨ੍ਹਾਂ ਕਿਹਾ ਕਿ ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮਟਿਡ (ਪੀ ਐਸ ਪੀ ਸੀ ਐਲ) ਦੇ 77,23,309 ਘਰੇਲੂ ਖਪਤਕਾਰਾਂ ਨੂੰ 300 ਯੂਨਿਟ ਪ੍ਰਤੀ ਮਹੀਨਾ ਅਤੇ 600 ਯੂਨਿਟ ਪ੍ਰਤੀ ਬਿਲਿੰਗ ਸਾਈਕਲ ਮੁਫਤ ਬਿਜਲੀ ਦੀ ਸਹੂਲਤ ਦਿੱਤੀ ਗਈ। ਬਿਜਲੀ ਮੰਤਰੀ ਨੇ ਕਿਹਾ ਕਿ ਇਸ ਤਰ੍ਹਾਂ ਵਿੱਤੀ ਸਾਲ 2021-22 ਵਿੱਚ 200 ਯੂਨਿਟ ਪ੍ਰਤੀ ਮਹੀਨਾ ਮੁਫਤ ਬਿਜਲੀ ਸਪਲਾਈ ਦਾ ਲਾਭ ਲੈਣ ਵਾਲੇ 22,48,065 ਖਪਤਕਾਰਾਂ ਦੇ ਮੁਕਾਬਲੇ ਲਾਭਪਾਤਰੀਆਂ ਦੀ ਗਿਣਤੀ ਵਿੱਚ ਮਹੱਤਵਪੂਰਨ ਵਾਧਾ ਦਰਜ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਵਧਦੀ ਮਹਿੰਗਾਈ ਅਤੇ ਖਾਸ ਤੌਰ 'ਤੇ ਊਰਜਾ ਦੀਆਂ ਵੱਧ ਦੀਆਂ ਕੀਮਤਾਂ ਦੇ ਮੱਦੇਨਜ਼ਰ ਇਹ ਪਹਿਲਕਦਮੀ 90 ਪ੍ਰਤੀਸ਼ਤ ਘਰੇਲੂ ਖਪਤਕਾਰਾਂ ਨੂੰ ਰਾਹਤ ਪ੍ਰਦਾਨ ਕਰਨ ਵਿੱਚ ਮਦਦਗਾਰ ਸਾਬਤ ਹੋਈ ਹੈ।ਲਾਭਪਾਤਰੀਆਂ ਦਾ ਜ਼ਿਲ੍ਹਾਵਾਰ ਵੇਰਵਾ ਦਿੰਦਿਆਂ ਬਿਜਲੀ ਮੰਤਰੀ ਨੇ ਦੱਸਿਆ ਕਿ ਲੁਧਿਆਣਾ ਤੋਂ 7,43,631, ਪਟਿਆਲਾ ਤੋਂ 5,21,301, ਅੰਮ੍ਰਿਤਸਰ ਤੋਂ 5,15,352, ਹੁਸ਼ਿਆਰਪੁਰ ਤੋਂ 4,60,033, ਸ੍ਰੀ ਮੁਕਤਸਰ ਸਾਹਿਬ ਤੋਂ 4,13,788, ਗੁਰਦਾਸਪੁਰ ਤੋਂ 3,96,757, ਜਲੰਧਰ ਤੋਂ 3,95,369, ਰੋਪੜ ਤੋਂ 3,78,330, ਤਰਨਤਾਰਨ ਤੋਂ 3,30,010, ਕਪੂਰਥਲਾ ਤੋਂ 3,01,901, ਸ਼ਹੀਦ ਭਗਤ ਸਿੰਘ ਨਗਰ ਤੋਂ 2,96, 757, ਸਾਹਿਬਜ਼ਾਦਾ ਅਜੀਤ ਸਿੰਘ ਨਗਰ ਤੋਂ 2,88,499, ਬਠਿੰਡਾ ਤੋਂ 2,83,177, ਸ੍ਰੀ ਫਤਹਿਗੜ੍ਹ ਸਾਹਿਬ ਤੋਂ 2,57,264, ਸੰਗਰੂਰ ਤੋਂ 2,35,670, ਮੋਗਾ ਤੋਂ 2,13,871, ਬਰਨਾਲਾ ਤੋਂ 1,98,061, ਫਿਰੋਜ਼ਪੁਰ ਤੋਂ 1,93,159, ਮਾਨਸਾ ਤੋਂ 1,88,785, ਪਠਾਨਕੋਟ ਤੋਂ 1,70,039, ਫਰੀਦਕੋਟ ਤੋਂ 1,42,580, ਮਾਲੇਰਕੋਟਲਾ ਤੋਂ 97,553 ਅਤੇ ਫਾਜ਼ਿਲਕਾ ਤੋਂ 64,386 ਘਰੇਲੂ ਖਪਤਕਾਰਾਂ ਨੇ ਵਿੱਤੀ ਸਾਲ 2024-25 ਵਿੱਚ ਜ਼ੀਰੋ ਬਿਜਲੀ ਬਿੱਲ ਪ੍ਰਾਪਤ ਕੀਤਾ।

# ਘਰ ਅੱਗੇ ਖੜ੍ਹੀ ਕਾਰ ਦੇ ਚਾਰੇ ਟਾਇਰ ਖੋਲ੍ਹ ਕੇ ਲੈ ਗਏ ਚੋਰ



**ਫਿਲੌਰ, (ਨਿਰਮਲ)**-ਫਿਲੌਰ ਇਲਾਕੇ 'ਚ ਵਾਹਨ ਚੋਰਾਂ ਵੱਲੋਂ ਲਗਾਤਾਰ ਚੋਰੀ ਦੀਆਂ ਘਟਨਾਵਾਂ ਨੂੰ ਅੰਜਾਮ ਦਿੱਤਾ ਜਾ ਰਿਹਾ ਹੈ।ਮੋਟਰਸਾਈਕਲ ਚੋਰੀ ਦੀਆਂ ਘਟਨਾਵਾਂ ਤੋਂ ਬਾਅਦ ਬੀਤੀ ਰਾਤ ਪਿੰਡ ਨਗਰ ਵਿਖੇ ਚੋਰਾ ਵਲੋਂ ਘਰ ਦੇ ਬਾਹਰ ਖੜ੍ਹੀ ਇਕ ਆਲਟੋ ਕਾਰ ਦੇ ਚਾਰੇ ਹੀ ਟਾਇਰ ਸਮੇਤ ਅਲਾਏ ਵੀਲ ਉਤਾਰ ਕੇ ਚੋਰੀ ਕਰ ਲੈ ਗਏ। ਮਾਮਲੇ ਸਬੰਧੀ ਪਰਮਿੰਦਰ ਸਿੰਘ ਪੁੱਤਰ ਰਾਮ ਰਤਨ ਨੇ ਦੱਸਿਆ ਕਿ ਉਹ ਸ਼ਾਮੀਂ ਆਪਣੇ ਘਰ ਆਇਆ ਤਾਂ ਉਸ ਨੇ ਰੋਜ਼ਾਨਾ ਦੀ ਤਰ੍ਹਾਂ ਆਪਣੀ ਕਾਰ ਆਪਣੇ ਹੀ ਘਰ ਦੇ ਬਾਹਰ ਖੜ੍ਹੀ ਕਰ ਦਿੱਤੀ ਤੇ ਜਦ ਸਵੇਰੇ ਵੇਖਿਆ ਤਾਂ ਉਸ ਦੀ ਕਾਰ ਇੱਟਾਂ ਦੇ ਸਹਾਰੇ ਖੜ੍ਹੀ ਸੀ ਤੇ ਟਾਇਰ ਚੋਰੀ ਹੋ ਚੁੱਕੇ ਸਨ।ਕਾਰ ਮਾਲਕ ਨੇ ਦਸਿਆ ਨਿੱਤ ਹੋ ਰਹੀਆਂ ਚੋਰੀ ਦੀਆਂ ਵਾਰਦਾਤਾਂ 'ਤੇ ਨੱਥ ਪੈਣੀ ਚਾਹੀਦੀ ਹੈ ਕਿਉਂਕਿ ਉਨ੍ਹਾਂ ਨੇ ਬੜੀ ਮਿਹਨਤ ਕਰਕੇ ਕਾਰ ਖਰੀਦੀ ਸੀ ਜਿਸ ਦੇ ਟਾਇਰ ਚੋਰੀ ਹੋਣ ਕਾਰਨ ਉਨ੍ਹਾਂ ਦਾ ਕਰੀਬ 40 ਹਜ਼ਾਰ ਰੁਪਏ ਦਾ ਨੁਕਸਾਨ ਹੋ ਚੁੱਕਾ ਹੈ ਤੇ ਇਸ ਮਾਮਲੇ ਸੰਬੰਧੀ ਉਨ੍ਹਾਂ ਪੁਲਸ ਨੂੰ ਲਿਖਤੀ ਸ਼ਿਕਾਇਤ ਵੀ ਦੇ ਦਿੱਤੀ ਹੈ।

# ਸੂਬਾ ਸਰਕਾਰ ਖੇਡ ਤੇ ਖਿਡਾਰੀਆਂ ਨੂੰ ਉਤਸ਼ਾਹਤ ਕਰਨ ਲਈ ਯਤਨਸ਼ੀਲ : ਵਿਧਾਇਕ ਰਾਜਾ

**ਟਾਂਡਾ ਉੜਮੁੜ, (ਜਸਵਿੰਦਰ ਸੰਧੂ, ਉਂਕਾਰ ਸਿੰਘ)**



ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਵੱਲੋਂ ਸੂਬੇ ਅੰਦਰ ਖੇਡ ਤੇ ਖਿਡਾਰੀਆਂ ਨੂੰ ਉਤਸ਼ਾਹਿਤ ਕਰਨ ਲਈ ਹਰ ਸੰਭਵ ਯਤਨ ਕੀਤੇ ਜਾ ਰਹੇ ਹਨ ਇਹ ਵਿਚਾਰ ਹਲਕਾ ਵਿਧਾਇਕ ਟਾਂਡਾ ਜਸਵੀਰ ਸਿੰਘ ਰਾਜਾ ਨੇ ਪਿੰਡ ਖੁਣਖੁਣ ਕਲਾਂ ਵਿਖੇ ਬਣਨ ਵਾਲੇ ਖੇਡ ਮੈਦਾਨ ਦਾ ਨੀਂਹ ਪੱਥਰ ਰੱਖਣ ਸਮੇਂ ਕੀਤਾ।ਇਸ ਮੌਕੇ ਉਨ੍ਹਾਂ ਨਾਲ ਬਲਾਕ ਪ੍ਰਧਾਨ ਆਪ ਕੇਸ਼ਵ ਸਿੰਘ ਸੈਨੀ, ਸਾਬਕਾ ਸੰਮਤੀ ਮੈਂਬਰ ਅਸ਼ੋਕ ਕੁਮਾਰ ਸੈਨੀ, ਸਾਬਕਾ ਸਰਪੰਚ ਨਰਾਇਣ ਸਿੰਘ, ਬਿਕਰਮਜੀਤ ਸਿੰਘ ਖੁਣਖੁਣ ਤੇ ਹੋਰ ਪਿੰਡ ਵਾਸੀ ਵੀ ਮੌਜੂਦ ਸਨ।ਇਸ ਮੌਕੇ ਵਿਧਾਇਕ ਜਸਵੀਰ ਰਾਜਾ ਕਰੀਬ 15 ਲੱਖ ਰੁਪਏ ਦੀ ਲਾਗਤ ਨਾਲ ਬਣਾਏ ਜਾਣ ਵਾਲੇ ਖੇਡ ਮੈਦਾਨ ਸਬੰਧੀ ਸੂਬਾ ਸਰਕਾਰ ਦੀਆਂ ਖੇਡਾਂ ਪ੍ਰਤੀ ਨੀਤੀਆਂ ਦੀ ਜਾਣਕਾਰੀ ਦਿੱਤੀ। ਉਨ੍ਹਾਂ ਹਾਜ਼ਰ ਨੌਜਵਾਨਾਂ ਨੂੰ ਕਿਹਾ ਕਿ ਉਹ ਨਸ਼ਿਆਂ ਵਰਗੇ ਛੇਵੇਂ ਦਰਿਆ ਤੋਂ ਨਿਕਲ ਕੇ ਖੇਡਾਂ ਨਾਲ ਜੁੜਨ ਕਿਉਂਕਿ ਖੇਡਾਂ ਜਿੱਥੇ ਸਾਨੂੰ ਸਰੀਰਕ ਤੰਦਰੁਸਤੀ ਪ੍ਰਦਾਨ ਕਰਦੀਆਂ ਹਨ ਉੱਥੇ ਹੀ ਵਧੀਆ ਖੇਡ ਦਾ ਪ੍ਰਦਰਸ਼ਨ ਕਰਕੇ ਉੱਚ ਅਹੁਦੇ ਵੀ ਹਾਸਲ ਕਰ ਸਕਦੇ ਹਾਂ।ਇਸ ਮੌਕੇ ਸਰਪੰਚ ਜਰਨੈਲ ਸਿੰਘ ਕੁਰਾਲਾ, ਗੁਰਪ੍ਰੀਤ ਸਿੰਘ ,ਗੁਰਬਖਸ਼ ਸਿੰਘ ਨੀਲਾ, ਹਜਾਰਾ ਸਿੰਘ, ਵਿਕਰਮ ਸਿੰਘ, ਹਰਜਿੰਦਰ ਸਿੰਘ, ਕਿਰਪਾਲ ਸਿੰਘ ,ਗੁਰਦੀਪ ਸਿੰਘ ਹੈਪੀ, ਓਂਕਾਰ ਸਿੰਘ ਮੂਨਕਾਂ, ਨੰਬਰਦਾਰ ਮੋਹਨ ਸਿੰਘ, ਨੰਬਰਦਾਰ ਇਕਬਾਲ ਸਿੰਘ ਸਾਬੀ,ਅਤਵਾਰ ਸਿੰਘ ਪਲਾਹ ਚੱਕ, ਰਾਵਲ ਸਿੰਘ, ਬਲਵੀਰ ਸਿੰਘ, ਪਰਮਜੀਤ ਸਿੰਘ ਤੋਂ ਇਲਾਵਾ ਹੋਰ ਪਿੰਡ ਵਾਸੀ ਵੀ ਹਾਜ਼ਰ ਸਨ।

# ਇਸਲਾਮ ਅਲੀ ਨੇ ਪੰਜਾਬ ਰਾਜ ਘੱਟ ਗਿਣਤੀ ਕਮਿਸ਼ਨ ਦੇ ਮੈਂਬਰ ਵਜੋਂ ਅਹੁਦੇ ਦਾ ਕਾਰਜ ਭਾਰ ਸੰਭਾਲਿਆ

**ਮੋਹਾਲੀ, (ਗੁਰਜੀਤ ਬਿੱਲਾ)**- ਪੰਜਾਬ ਸਰਕਾਰ ਵੱਲੋਂ ਪੰਜਾਬ ਰਾਜ ਘੱਟ ਗਿਣਤੀ ਕਮਿਸ਼ਨ ਦੇ ਨਿਯੁਕਤ ਕੀਤੇ ਮੈਂਬਰ, ਇਸਲਾਮ ਅਲੀ ਨੇ ਇਥੇ ਕਮਿਸ਼ਨ ਦੇ ਦਫਤਰ ਵਿਖੇ ਆਪਣੇ ਅਹੁਦੇ ਦਾ ਕਾਰਜ ਭਾਰ ਸੰਭਾਲਿਆ।ਇਸ ਮੌਕੇ ਇਸਲਾਮ ਅਲੀ ਨੇ ਇਸ ਜ਼ਿੰਮੇਵਾਰੀ ਲਈ ਦਿੱਲੀ ਦੇ ਮੁੱਖ ਮੰਤਰੀ ਸ਼੍ਰੀ ਅਰਵਿੰਦ ਕੇਜਰੀਵਾਲ, ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਤੇ ਸਮੁੱਚੀ



ਲੀਡਰਸ਼ਿਪ ਦਾ ਧੰਨਵਾਦ ਕਰਦਿਆਂ ਕਿਹਾ ਕਿ ਜੋ ਵੀ ਜ਼ਿੰਮੇਵਾਰੀ ਉਹਨਾਂ ਨੂੰ ਸੌਂਪੀ ਗਈ ਹੈ, ਉਹ ਉਸ ਨੂੰ ਪੂਰੀ ਤਨਦੇਹੀ ਨਾਲ ਨਿਭਾਉਣਗੇ।ਇਸ ਮੌਕੇ ਵਧਾਈ ਦੇਣ ਵਾਲਿਆਂ ਵਿੱਚ ਹਰਚੰਦ ਸਿੰਘ ਬਰਸਟ ਚੇਅਰਮੈਨ ਮੰਡੀ ਬੋਰਡ, ਅਬਦੁਲ ਬਾਰੀ ਸਲਮਾਨੀ ਪੰਜਾਬ ਰਾਜ ਘੱਟ ਗਿਣਤੀ ਕਮਿਸ਼ਨ ਚੈਅਰਮੈਨ, ਵਿੱਕੀ ਘਨੌਰ ਵਾਈਸ ਚੇਅਰਮੈਨ ਪੰਜਾਬ ਹੈਲਥ ਸਿਸਟਮ ਕਾਰਪੋਰੇਸ਼ਨ, ਸੁਖਵਿੰਦਰ ਕੌਰ ਚੇਅਰਮੈਨ ਮਾਰਕੀਟ ਕਮੇਟੀ, ਕੇਵਲ ਸਿੰਘ ਜਾਗੋਵਾਲ ਚੇਅਰਮੈਨ ਇੰਪਰੂਵਮੈਂਟ ਟਰਸਟ ਮਲੇਰਕੋਟਲਾ, ਅੰਨੂ ਬਬਰ ਮੁਹਾਲੀ, ਸਕੱਤਰ ਆਮ ਆਦਮੀ ਪਾਰਟੀ ਘੱਟ ਗਿਣਤੀਆਂ ਵਿੰਗ ਪੰਜਾਬ ਅਬਦੁਲ ਕਾਦਰ, ਸਕੱਤਰ ਹਾਸੀਮ ਸੂਫ਼ੀ, ਪੰਜਾਬ ਇੰਡਸਟਰੀਜ਼ ਕਾਰਪੋਰੇਸ਼ਨ ਦੇ ਸੀਨੀਅਰ ਵਾਈਸ ਚੇਅਰਮੈਨ ਪਰਵੀਨ ਛਾਬੜਾ ਸ਼ਾਮਲ ਸਨ।

# ਅੱਖਾਂ ਦੇ ਫਰੀ ਕੈਂਪ 'ਚ 400 ਮਰੀਜ਼ਾਂ ਦਾ ਚੈਕਅੱਪ



**ਫਗਵਾੜਾ (ਡਾ. ਰਮਨ)**- ਪ੍ਰਵਾਸੀ ਭਾਰਤੀਆਂ ਵੱਲੋਂ ਡਾ. ਰਾਜਨ ਆਈ ਕੇਅਰ ਗੁਰੂ ਹਰਗੋਬਿੰਦ ਨਗਰ ਫਗਵਾੜਾ ਦੇ ਸਹਿਯੋਗ ਨਾਲ ਜ਼ਿਲ੍ਹਾ ਜਲੰਧਰ ਦੇ ਪਿੰਡ ਢੀਂਡਸਾ (ਗੁਰਾਇਆ) ਸਥਿਤ ਗੁਰਦੁਆਰਾ ਸ਼ਹੀਦਾ ਸਿੰਘਾਂ ਵਿਖੇ ਅੱਖਾਂ ਦਾ ਮੁਫ਼ਤ ਜਾਂਚ ਅਤੇ ਅਪਰੇਸ਼ਨ ਕੈਂਪ ਲਗਾਇਆ ਗਿਆ। ਜਿਸ ਵਿੱਚ 400 ਦੇ ਕਰੀਬ ਮਰੀਜ਼ਾਂ ਦੀਆਂ ਅੱਖਾਂ ਦੀ ਜਾਂਚ ਕੀਤੀ ਗਈ ਅਤੇ ਲੋੜਵੰਦਾਂ ਨੂੰ ਦਵਾਈਆਂ ਅਤੇ ਐਨਕਾਂ ਬਿਲਕੁੱਲ ਫਰੀ ਦਿੱਤੀਆਂ ਗਈਆਂ। ਜਦਕਿ ਅਪਰੇਸ਼ਨ ਲਈ ਚੁਣੇ ਗਏ 60 ਮਰੀਜ਼ਾਂ ਦੀਆਂ ਅੱਖਾਂ ਦਾ ਸਫ਼ਲ ਆਪ੍ਰੇਸ਼ਨ ਡਾ: ਰਾਜਨ ਆਈ ਕੇਅਰ ਵਿਖੇ ਕੀਤਾ ਗਿਆ। ਜਿੱਥੇ ਮਰੀਜ਼ਾਂ ਦੀਆਂ ਅੱਖਾਂ ਵਿੱਚ ਫੋਲਡੇਬਲ ਲੈਂਸ ਪਾਏ ਗਏ। ਅਪਰੇਸ਼ਨ ਵਾਲੇ ਮਰੀਜ਼ਾਂ ਨੂੰ ਸੁਰੱਖਿਆ ਕਾਰਨਾਂ ਕਰਕੇ ਐਨਕਾਂ ਵੀ ਮੁਫ਼ਤ ਦਿੱਤੀਆਂ ਗਈਆਂ। ਡਾ: ਰਾਜਨ ਨੇ ਅੱਖਾਂ ਦੇ ਮਰੀਜ਼ਾਂ ਨੂੰ ਜ਼ਰੂਰੀ ਹਦਾਇਤਾਂ ਦਿੱਤੀਆਂ ਅਤੇ ਧੁੱਪ, ਧੂੜ ਤੇ ਧੂੰਏਂ ਤੋਂ ਬਚਾਅ ਬਾਰੇ ਜਾਗਰੂਕ ਕੀਤਾ। ਪਿੰਡ ਦੇ ਸਰਪੰਚ ਹਰਬੰਸ ਸਿੰਘ ਨੇ ਇਸ ਉਪਰਾਲੇ ਲਈ ਕੁਲਵਿੰਦਰ ਸਿੰਘ, ਬਿੱਕਰ ਸਿੰਘ, ਗੁਰਦੀਪ ਸਿੰਘ, ਸੰਤੋਖ ਸਿੰਘ ਭੋਗਲ, ਸਰਬਜੀਤ ਭੋਗਲ ਆਦਿ ਦੀ ਸ਼ਲਾਘਾ ਕੀਤੀ। ਉਨ੍ਹਾਂ ਕਿਹਾ ਕਿ ਅਜਿਹੇ ਕੈਂਪ ਆਰਥਿਕ ਪੱਖੋਂ ਕਮਜ਼ੋਰ ਪਰਿਵਾਰਾਂ ਲਈ ਬਹੁਤ ਸਹਾਈ ਸਿੱਧ ਹੁੰਦੇ ਹਨ। ਪ੍ਰਬੰਧਕਾਂ ਨੇ ਵਿਸ਼ੇਸ਼ ਤੌਰ 'ਤੇ ਅੱਖਾਂ ਦੇ ਮਾਹਿਰ ਡਾ: ਐੱਸ. ਰਾਜਨ ਅਤੇ ਉਨ੍ਹਾਂ ਦੀ ਸਮੁੱਚੀ ਟੀਮ ਦਾ ਸਹਿਯੋਗ ਲਈ ਧੰਨਵਾਦ ਕੀਤਾ।

# ਸੰਯੁਕਤ ਕਿਸਾਨ ਮੋਰਚੇ ਨੇ ਦਿੱਲੀ ਦੇ ਰਾਮਲੀਲ੍ਹਾ ਗਰਾਊਂਡ ਵਿਖੇ ਕਿਸਾਨ-ਮਜ਼ਦੂਰ ਮਹਾਂ ਪੰਚਾਇਤ ਦੀ ਕੀਤੀ ਤਿਆਰੀ



**ਮੇਹਟੀਆਣਾ(ਜਗਤਾਰ ਸਿੰਘ ਭੁੰਗਰਨੀ)**

ਸੰਯੁਕਤ ਕਿਸਾਨ ਮੋਰਚਾ ਪੰਜਾਬ ਵਿੱਚ ਸ਼ਾਮਲ ਜਥੇਬੰਦੀਆਂ ਦੀ ਮੀਟਿੰਗ ਲੁਧਿਆਣਾ ਦੇ ਸ਼ਹੀਦ ਕਰਨੈਲ ਸਿੰਘ ਈਸੜੂ ਭਵਨ ਵਿਖੇ ਹੋਈ। ਮੀਟਿੰਗ ਦੀ ਪ੍ਰਧਾਨਗੀ ਹਰਦੇਵ ਸਿੰਘ ਸੰਧੂ, ਜਗਮਨਦੀਪ ਸਿੰਘ ਪੜ੍ਹੀ, ਹਰਬੰਸ ਸਿੰਘ ਸੰਘਾ ਅਤੇ ਗੁਰਵਿੰਦਰ ਸਿੰਘ ਬੱਲੋਂ ਨੇ ਕੀਤੀ। ਮੀਟਿੰਗ ਦੀ ਕਾਰਵਾਈ ਪ੍ਰੈੱਸ ਨੂੰ ਜਾਰੀ ਕਰਦਿਆਂ ਪ੍ਰਧਾਨਗੀ ਮੰਡਲ ਨੇ ਦੱਸਿਆ ਕਿ ਮੀਟਿੰਗ ਵਿੱਚ ਸਾਰੀਆਂ ਜਥੇਬੰਦੀਆਂ ਨੇ ਕਿਸਾਨ ਮਜਦੂਰ ਮਹਾਂਪੰਚਾਇਤ ਦੀ ਤਿਆਰੀ ਲਈ ਆਪੋ ਆਪਣੀ ਜਥੇਬੰਦੀ ਦੀਆਂ ਤਿਆਰੀਆਂ ਦੀ ਰਿਪੋਰਟ ਕੀਤੀ। ਇਸ ਅਨੁਸਾਰ ਦਹਿ ਹਜ਼ਾਰਾਂ ਦੀ ਗਿਣਤੀ ਵਿੱਚ ਕਿਸਾਨ ਮਜ਼ਦੂਰ ਮਰਦ ਅਤੇ ਬੀਬੀਆਂ 13 ਮਾਰਚ ਨੂੰ ਰੇਲਾਂ ਅਤੇ ਹੋਰ ਸਾਧਨਾਂ ਰਾਹੀਂ ਦਿੱਲੀ ਵੱਲ ਕੂਚ ਕਰਨਗੇ। 14 ਮਾਰਚ ਦੀ ਸ਼ਾਮ ਦੇ ਚਾਰ ਵਜੇ ਤੱਕ ਵਿਰੋਧ ਪ੍ਰਦਰਸ਼ਨ ਕੀਤੇ ਜਾਣਗੇ। ਮੀਟਿੰਗ ਨੇ ਸਰਬਸੰਮਤੀ ਨਾਲ ਪੰਜਾਬ ਸਰਕਾਰ ਵੱਲੋਂ ਮਜਦੂਰ ਆਗੂਆਂ ਅਤੇ ਕਿਰਤੀ ਕਿਸਾਨ ਯੂਨੀਅਨ ਦੇ ਆਗੂਆਂ ਨੂੰ ਗ੍ਰਿਫਤਾਰ ਕਰਨ, ਮਜਦੂਰਾਂ ਤੇ ਲਾਠੀਚਾਰਜ ਕਰਨ ਅਤੇ ਦਫਤਰ ਨੂੰ ਤਾਲਾ ਲਾਉਣ ਦੀ ਸਖਤ ਨਿਖੇਧੀ ਕੀਤੀ। ਮੀਟਿੰਗ ਵਿੱਚ ਪ੍ਰਧਾਨਗੀ ਮੰਡਲ ਤੋਂ ਇਲਾਵਾ ਸਤਨਾਮ ਸਿੰਘ ਅਜਨਾਲਾ, ਡਾਕਟਰ ਦਰਸ਼ਨ ਪਾਲ, ਸੁਖਦੇਵ ਸਿੰਘ ਅਰਾਈਆਂਵਾਲਾ, ਮੁਕੇਸ਼ ਚੰਦਰ, ਜੰਗਵੀਰ ਸਿੰਘ ਚੌਹਾਨ, ਮਨਜੀਤ ਸਿੰਘ ਧਨੇਰ, ਕਿਰਨਜੀਤ ਸੇਖੋਂ, ਪ੍ਰੇਮ ਸਿੰਘ ਭੰਗੂ, ਸੁਖ ਗਿੱਲ ਮੋਗਾ, ਗੁਰਪ੍ਰੀਤ ਸਿੰਘ ਸਾਹਾਬਾਣਾ, ਵੀਰਪਾਲ ਸਿੰਘ ਢਿੱਲੋਂ, ਬਿੰਦਰ ਸਿੰਘ ਗੋਲੇਵਾਲਾ, ਬੂਟਾ ਸਿੰਘ ਸਾਦੀਪੁਰ, ਰੁਲਦੂ ਸਿੰਘ ਮਾਨਸਾ, ਬੋਘ ਸਿੰਘ ਮਾਨਸਾ, ਰੂਪ ਬਸੰਤ ਸਿੰਘ, ਬੂਟਾ ਸਿੰਘ ਬੁਰਜ ਗਿੱਲ, ਰਮਿੰਦਰ ਸਿੰਘ ਪਟਿਆਲਾ, ਬਲਕਰਨ ਸਿੰਘ ਬਰਾੜ ਸ਼ਾਮਲ ਸਨ। ਇਸ ਪ੍ਰੋਗਰਾਮ ਦੀ ਜਾਂਣ ਹਰਬੰਸ ਸਿੰਘ ਸੰਘਾ ਰਾਜਪੁਰ ਭਾਈਆਂ ਨੇ ਪ੍ਰੈੱਸ ਨੂੰ ਦਿੱਤੀ।

# ਮਹਿਲਾ ਸੀਨੀਅਰ ਸਹਾਇਕ 3000 ਰੁਪਏ ਰਿਸ਼ਵਤ ਲੈਂਦੀ ਕਾਬੂ

**ਚੰਡੀਗੜ੍ਹ, (ਗੁਰਜੀਤ ਬਿੱਲਾ)**- ਪੰਜਾਬ ਵਿਜੀਲੈਂਸ ਬਿਊਰੋ ਨੇ ਸੂਬੇ ਵਿੱਚ ਭ੍ਰਿਸ਼ਟਾਚਾਰ ਵਿਰੁੱਧ ਚਲ ਰਹੀ ਮੁਹਿੰਮ ਦੌਰਾਨ ਜ਼ਿਲ੍ਹਾ ਖਜ਼ਾਨਾ ਦਫਤਰ, ਅੰਮ੍ਰਿਤਸਰ ਵਿਖੇ ਤਾਇਨਾਤ ਸੀਨੀਅਰ ਸਹਾਇਕ ਸੁਭਦੇਸ਼ ਕੌਰ ਨੂੰ 3000 ਰੁਪਏ ਦੀ ਰਿਸ਼ਵਤ ਲੈਂਦੇ ਹੋਏ ਰੰਗੇ ਹੱਥੀਂ ਕਾਬੂ ਕੀਤਾ ਹੈ।ਇਸ ਸਬੰਧੀ ਜਾਣਕਾਰੀ ਦਿੰਦਿਆਂ ਰਾਜ ਵਿਜੀਲੈਂਸ ਬਿਊਰੋ ਦੇ ਬੁਲਾਰੇ ਨੇ ਦੱਸਿਆ ਕਿ ਉਪਰੋਕਤ ਮੁਲਜ਼ਮਾਂ ਨੂੰ ਰਈਆ ਵਿਖੇ ਵਣ ਵਿਭਾਗ ਵਿੱਚ ਬਤੌਰ ਬਲਾਕ ਵਣ ਅਫਸਰ ਵਜੋਂ ਤਾਇਨਾਤ ਸੁਖਦੇਵ ਸਿੰਘ ਵੱਲੋਂ ਦਰਜ ਕਰਵਾਈ ਗਈ ਸ਼ਿਕਾਇਤ ਦੇ ਆਧਾਰ 'ਤੇ ਗ੍ਰਿਫਤਾਰ ਕੀਤਾ ਹੈ।ਸ਼ਿਕਾਇਤਕਰਤਾ ਨੇ ਵਿਜੀਲੈਂਸ ਬਿਊਰੋ ਰੇਂਜ ਅੰਮ੍ਰਿਤਸਰ ਕੋਲ ਪਹੁੰਚ ਕਰਕੇ ਦੋਸ਼ ਲਾਇਆ ਕਿ ਉਕਤ ਕਰਮਚਾਰਨ ਉਸ ਦਾ ਜੀਪੀਐਫ ਜਾਰੀ ਕਰਨ ਬਦਲੇ 10,000 ਰੁਪਏ ਦੀ ਰਿਸ਼ਵਤ ਦੀ ਮੰਗ ਰਹੀ ਹੈ ਅਤੇ ਇਸ ਸੰਬੰਧੀ ਪਹਿਲਾਂ ਹੀ ਦੋ ਕਿਸ਼ਤਾਂ ਵਿੱਚ 7000 ਰੁਪਏ ਲੈ ਚੁੱਕੀ ਹੈ।ਬੁਲਾਰੇ ਨੇ ਦੱਸਿਆ ਕਿ ਇਸ ਸ਼ਿਕਾਇਤ ਦੀ ਮੁੱਢਲੀ ਜਾਂਚ ਤੋਂ ਬਾਅਦ ਵਿਜੀਲੈਂਸ ਬਿਊਰੋ ਅੰਮ੍ਰਿਤਸਰ ਰੇਂਜ ਦੀ ਟੀਮ ਨੇ ਜਾਲ ਵਿਛਾਇਆ ਅਤੇ ਉਕਤ ਮੁਲਜ਼ਮਾਂ ਨੂੰ ਦੋ ਸਰਕਾਰੀ ਗਵਾਹਾਂ ਦੀ ਹਾਜ਼ਰੀ ਵਿੱਚ ਸ਼ਿਕਾਇਤਕਰਤਾ ਤੋਂ 3,000 ਰੁਪਏ ਦੀ ਆਖਰੀ ਕਿਸ਼ਤ ਲੈਂਦੇ ਹੋਏ ਰੰਗੇ ਹੱਥੀਂ ਕਾਬੂ ਕਰ ਲਿਆ।

# ਆਟੋ ਸਟੈਂਡ ਦੀ ਮੰਗ ਨੂੰ ਲੈ ਕੇ ਆਟੋ ਵਰਕਰਾਂ ਵੱਲੋਂ ਡੀ ਸੀ ਦਫਤਰ ਅੱਗੇ ਧਰਨਾ ਸ਼ੁਰੂ



**ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ)**

ਆਟੋ ਸਟੈਂਡ ਦੀ ਮੰਗ ਨੂੰ ਲੈ ਕੇ ਨਿਊ ਆਟੋ ਵਰਕਰ ਯੂਨੀਅਨ ਵਲੋਂ ਡਿਪਟੀ ਕਮਿਸ਼ਨਰ ਦਫਤਰ ਅੱਗੇ ਦਿਨ ਰਾਤ ਦਾ ਧਰਨਾ ਅਣਮਿੱਥੇ ਸਮੇਂ ਲਈ ਸ਼ੁਰੂ ਕੀਤਾ ਗਿਆ ਜਿੱਥੇ ਲੰਗਰ ਵੀ ਤਿਆਰ ਕੀਤਾ ਅਤੇ ਵਰਤਾਇਆ ਜਾ ਰਿਹਾ ਹੈ। ਇਸ ਧਰਨੇ ਨੂੰ ਸੰਬੋਧਨ ਕਰਦਿਆਂ ਯੂਨੀਅਨ ਦੇ ਜਿਲ੍ਹਾ ਪ੍ਰਧਾਨ ਪੁਨੀਤ ਕੁਮਾਰ ਬਛੌੜੀ, ਬਿੱਲਾ ਗੁੱਜਰ ਅਤੇ ਤਰਨਜੀਤ ਆਗੂਆਂ ਨੇ ਕਿਹਾ ਕਿ ਉਹ ਬੀਤੇ ਇਕ ਸਾਲ ਤੋਂ ਵੀ ਵੱਧ ਸਮੇਂ ਤੋਂ ਜਿਲ੍ਹਾ ਪ੍ਰਸ਼ਾਸਨ ਕੋਲੋਂ ਨਵਾਂਸ਼ਹਿਰ ਦੇ ਬੱਸ ਅੱਡੇ ਤੇ ਆਟੋ ਸਟੈਂਡ ਲਈ ਥਾਂ ਦੇਣ ਦੀ ਮੰਗ ਕਰ ਰਹੇ ਹਨ। ਇਸਦੇ ਲਈ ਉਹ ਜਿਲ੍ਹਾ ਪ੍ਰਸ਼ਾਸਨ, ਪੰਜਾਬ ਰੋਡਵੇਜ਼ ਦੇ ਜਨਰਲ ਮੈਨੇਜਰ ਨੂੰ ਕਈ ਵਾਰ ਮਿਲਕੇ ਲਿਖਤੀ ਰੂਪ ਵਿਚ ਬੇਨਤੀਆਂ ਕਰ ਚੁੱਕੇ ਹਨ, ਪਰ ਉਹਨਾਂ ਨੂੰ ਲਾਰਿਆਂ ਤੋਂ ਸਿਵਾਏ ਹੋਰ ਕੁਝ ਵੀ ਨਹੀਂ ਮਿਲਿਆ। ਉਹਨਾਂ ਕਿਹਾ ਕਿ ਪ੍ਰਸ਼ਾਸਨ ਦੇ ਲਾਰਿਆਂ ਤੋਂ ਦੁੱਖੀ ਹੋ ਕੇ ਯੂਨੀਅਨ ਨੇ ਇਹ ਧਰਨਾ ਲਾਇਆ ਹੈ। ਇਫਟੂ ਦੇ ਸੂਬਾ ਸਹਾਇਕ ਸਕੱਤਰ ਅਵਤਾਰ ਸਿੰਘ ਤਾਰੀ, ਜਿਲ੍ਹਾ ਪ੍ਰਧਾਨ ਗੁਰਦਿਆਲ ਰੱਕੜ, ਜਿਲ੍ਹਾ ਸਕੱਤਰ ਪਰਵੀਨ ਕੁਮਾਰ ਨਿਰਾਲਾ, ਇਸਤਰੀ ਜਾਗ੍ਰਿਤੀ ਮੰਚ ਦੇ ਸੂਬਾ ਪ੍ਰਧਾਨ ਗੁਰਬਖਸ਼ ਕੌਰ ਸੰਘਾ, ਸਿਮਰਨ ਕੌਰ ਸਿੰਮੀ, ਸਤੀਸ਼ ਕੁਮਾਰ, ਪੇਂਡੂ ਮਜਦੂਰ ਯੂਨੀਅਨ ਦੇ ਆਗੂ ਸੁਰਿੰਦਰ ਮੀਰਪੁਰੀ, ਕਿਰਨਜੀਤ ਕੌਰ, ਕਿਰਤੀ ਕਿਸਾਨ ਯੂਨੀਅਨ ਦੇ ਜਿਲ੍ਹਾ ਪ੍ਰਧਾਨ ਸੁਰਿੰਦਰ ਸਿੰਘ ਬੈਂਸ, ਰੇਹੜੀ ਵਰਕਰ ਯੂਨੀਅਨ ਦੇ ਪ੍ਰਧਾਨ ਹਰੇ ਰਾਮ ਨੇ ਕਿਹਾ ਕਿ ਉਹਨਾਂ ਦੀਆਂ ਜਥੇਬੰਦੀਆਂ ਆਟੋ ਵਰਕਰਾਂ ਦੇ ਇਸ ਧਰਨੇ ਦਾ ਭਰਪੂਰ ਸਮਰਥਨ ਕੀਤਾ।

# ਮਾਤਾ ਗੁਜਰੀ ਖ਼ਾਲਸਾ ਕਾਲਜ ਦੇ ਗਿਆਰ੍ਹਵੀਂ ਦੇ ਨਤੀਜੇ ਸ਼ਾਨਦਾਰ

**ਕਰਤਾਰਪੁਰ, (ਹਰਮੇਸ਼ ਦੱਤ)**- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਸਾਹਿਬ ਦੇ ਪ੍ਰਬੰਧ ਅਧੀਨ ਚਲਾਏ ਜਾ ਰਹੇ ਮਾਤਾ ਗੁਜਰੀ ਖ਼ਾਲਸਾ ਕਾਲਜ ਕਰਤਾਰਪੁਰ ਦੇ 10+1 ਕਲਾਸ ਦੇ ਨਤੀਜੇ ਬਹੁਤ ਸ਼ਾਨਦਾਰ ਰਹੇ। ਜਿਸ ਵਿੱਚ 10+1 ਸਾਇੰਸ ਮੈਡੀਕਲ ਦੀ ਵਿਦਿਆਰਥਣ ਹਰਲੀਨ ਕੌਰ ਨੇ 93.6%,ਹਰਨੀਤ ਕੌਰ ਨੇ 89.4% ਅਤੇ ਨਵਨੀਤ ਕੌਰ ਨੇ 83% ਅੰਕ ਪ੍ਰਾਪਤ ਕਰਕੇ ਕ੍ਰਮਵਾਰ ਪਹਿਲਾ, ਦੂਜਾ ਤੇ ਤੀਸਰਾ ਸਥਾਨ ਹਾਸਲ ਕੀਤਾ।10+1 ਨਾਨ-ਮੈਡੀਕਲ ਵਿੱਚੋਂ ਬਲਜੋਤ ਕੌਰ ਨੇ 89.4 ਫੀਸਦੀ ਪਵਨਪ੍ਰੀਤ ਸਿੰਘ ਨੇ 88.8 ਫੀਸਦੀ, ਸੋਨਮ ਕੁਮਾਰੀ ਨੇ 84.4% ਅੰਕ ਪ੍ਰਾਪਤ ਕਰਕੇ ਕ੍ਰਮਵਾਰ ਪਹਿਲਾ,ਦੂਜਾ ਤੇ ਤੀਸਰਾ ਸਥਾਨ ਪ੍ਰਾਪਤ ਕੀਤਾ। 10+1 ਕਾਮਰਸ ਦੀ ਵਿਦਿਆਰਥਣ ਅੰਜਲੀ ਨੇ 89%, ਸ਼ਾਇਨਾ ਨੇ 88.6% ਅਤੇ ਜਸਪ੍ਰੀਤ ਕੌਰ ਨੇ 87% ਅੰਕ ਪ੍ਰਾਪਤ ਕਰਕੇ ਕ੍ਰਮਵਾਰ ਪਹਿਲਾ,ਦੂਜਾ ਤੇ ਤੀਸਰਾ ਸਥਾਨ ਪ੍ਰਾਪਤ ਕੀਤਾ।10+1ਆਰਟਸ ਦੀ ਵਿਦਿਆਰਥਣ ਮਨਪ੍ਰੀਤ ਕੌਰ ਨੇ 85.4 ਫੀਸਦੀ, ਸੁਖਮਨਪ੍ਰੀਤ ਕੌਰ ਨੇ 83.6% ਅਤੇ ਜਰਕਰਣ ਸਿੰਘ ਨੇ 82.4% ਅੰਕ ਪ੍ਰਾਪਤ ਕਰਕੇ ਕ੍ਰਮਵਾਰ ਪਹਿਲਾ, ਦੂਜਾ ਤੇ ਤੀਸਰਾ ਸਥਾਨ ਪ੍ਰਾਪਤ ਕੀਤਾ। ਕਾਲਜ ਦੇ ਪ੍ਰਿੰਸੀਪਲ ਡਾ. ਹਰਮਨਦੀਪ ਸਿੰਘ ਗਿੱਲ ਨੇ ਵਿਦਿਆਰਥੀਆਂ ਦੀ ਇਸ ਉਪਲੱਬਧੀ ਲਈ ਉਹਨਾਂ ਨੂੰ ਵਧਾਈ ਦਿੰਦਿਆ ਭਵਿੱਖ ਵਿੱਚ ਵੀ ਮਿਹਨਤ ਅਤੇ ਲਗਨ ਨਾਲ ਅੱਗੇ ਵੱਧਣ ਲਈ ਪ੍ਰੇਰਿਤ ਕੀਤਾ।

# ਜਾਗੋ ਵੋਟਰ ਜਾਗੋ ਨਾਟਕ ਖੇਡਿਆ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**- ਸਰਕਾਰੀ ਆਈ.ਟੀ.ਆਈ. ਹਰਸੀ ਪਿੰਡ ਟਾਂਡਾ ਵਿਖੇ ਪ੍ਰਿੰਸੀਪਲ ਰਜਿੰਦਰ ਸਿੰਘ ਦੀ ਅਗਵਾਈ ਹੇਠਾਂ ਵੋਟਰ ਜਾਗਰੂਕਤਾ ਮੁਹਿੰਮ ਅਧੀਨ ਨੁੱਕੜ ਨਾਟਕ 'ਜਾਗੋ ਵੋਟਰ ਜਾਗੋ' ਨਹਿਰੂ ਯੁਵਾ ਕੇਂਦਰ ਹੁਸ਼ਿਆਰਪੁਰ ਵੱਲੋਂ ਅਸ਼ੋਕ ਪੁਰੀ ਅਤੇ ਉਹਨਾਂ ਦੀ ਟੀਮ ਮੈਂਬਰਜ਼ ਗੁਰਮੇਲ ਧਾਲੀਵਾਲ, ਅੰਮ੍ਰਿਤ ਲਾਲ, ਦਿਲਰਾਜ ਸਿੰਘ, ਸੁਖਵਿੰਦਰ ਰਾਣਾ ਅਤੇ ਕੁਲਦੀਪ ਮਾਹੀ ਵੱਲੋਂ ਖੇਡਿਆ ਗਿਆ। ਜਿਸ ਵਿੱਚ ਸਿਖਿਆਰਥੀਆਂ ਨੂੰ ਵੋਟ ਦਾ ਮਹੱਤਵ , ਵੋਟ ਦੇ ਅਧਿਕਾਰ ਦਾ ਸਹੀ ਇਸਤੇਮਾਲ ਕਰਨ ਦਾ ਸੰਦੇਸ਼ ਦਿੱਤਾ ਅਤੇ ਵੋਟਰ ਸਹੁੰ ਵੀ ਚੁਕਾਈ ਗਈ। ਇਸ ਮੌਕੇ ਤੇ ਸੰਸਥਾ ਦੇ ਸਵੀਪ ਨੋਡਲ ਸ੍ਰੀ ਨਰਿੰਦਰ ਸਿੰਘ ਅਤੇ ਸਮੂਹ ਸਟਾਫ ਵੱਲੋਂ ਸੰਪੂਰਨ ਸਹਿਯੋਗ ਦਿੱਤਾ ਗਿਆ ਇਸ ਵਿੱਚ ਲਗਭਗ 125-150 ਸਿੱਖਿਆਰਥੀਆਂ ਨੇ ਭਾਗ ਲਿਆ ।



# ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਬੀਰਮਪੁਰ 'ਚ ਮਹਿਲਾ ਦਿਵਸ ਮਨਾਇਆ

**ਗੜ੍ਹਸ਼ੰਕਰ (ਫੂਲਾ ਸਿੰਘ ਬੀਰਮਪੁਰ)**- ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਬੀਰਮਪੁਰ ਵਿੱਚ ਮਹਿਲਾ ਦਿਵਸ ਮਨਾਇਆ ਗਿਆ। ਮਹਿਲਾ ਅਧਿਆਪਕਾਵਾਂ ਨੂੰ ਸਨਮਾਨਿਤ ਕੀਤਾ ਗਿਆ। ਵਿਦਿਆਰਥੀਆਂ ਨੂੰ ਔਰਤਾਂ ਦਾ ਆਦਰ ਮਾਣ ਕਰਨ ਨੂੰ ਕਿਹਾ ਗਿਆ। ਸਮਾਜ ਵਿੱਚ ਬਹੁਤ ਸਾਰੇ ਲੋਕ ਔਰਤਾਂ ਜਾਂ ਰਿਸ਼ਤਿਆਂ ਨੂੰ ਗਾਲਾਂ ਦੇ ਰੂਪ ਚ ਵਰਤਦੇ ਹਨ। ਜੋ ਕਿ ਸਮਾਜ ਵਿੱਚ ਘਰੇਲੂ ਬਹੁਤ ਸਾਰੀਆਂ ਲੜਾਈਆਂ ਦਾ ਕਾਰਨ ਹਨ। ਵਿਦਿਆਰਥੀਆਂ ਨੂੰ ਇਸ ਤਰ੍ਹਾਂ ਦੇ ਸ਼ਬਦਾਂ ਦੀ ਵਰਤੋਂ ਨੂੰ ਨਾ ਵਰਤਣ ਦੇ ਆਦੇਸ਼ ਦਿੱਤੇ। ਹੈੱਡਮਾਸਟਰ ਸੁਖਵਿੰਦਰ ਕੁਮਾਰ ਨੇ ਆਰਟੀਕਲ ਅੰਦਲੋਨ ਵਿੱਚੋਂ ਨਿਕਲਿਆ ਅੰਤਰਰਾਸ਼ਟਰੀ ਔਰਤ ਦਿਵਸ 'ਚ ਦੱਸੇ ਇਤਿਹਾਸ ਬਾਰੇ ਗੱਲਬਾਤ ਦੌਰਾਨ ਦੱਸਿਆ ਸੰਸਾਰ ਭਰ ਵਿੱਚ 8 ਮਾਰਚ ਨੂੰ ਹਰ ਸਾਲ ਅੰਤਰਰਾਸਟਰੀ ਔਰਤ ਦਿਵਸ ਮਨਾਇਆ ਜਾਂਦਾ ਹੈ।



# ਇੰਜ. ਦਲਜੀਤ ਸਿੰਘ ਨੇ ਸ/ਕਾਰਜਕਾਰੀ ਇੰਜ: ਦਾ ਭੋਗਪੁਰ ਵਿਖੇ ਅਹੁਦਾ ਸੰਭਾਲਿਆ

**ਭੋਗਪੁਰ (ਕੁਲਵੀਰ ਸਿੰਘ ਕਾਹਲੋਂ)**- ਪੀ.ਐਸ.ਪੀ.ਸੀ.ਐਲ ਮੈਨੇਜਮੈਂਟ ਵੱਲੋਂ ਪਿਛਲੇ ਦਿਨੀ ਸਹਾਇਕ ਕਾਰਜਕਾਰੀ ਇੰਜੀਨੀਅਰਾਂ ਦੇ ਤਬਾਦਲੇ ਅਤੇ ਨਿਯੁਕਤੀਆਂ ਕੀਤੀਆਂ ਹਨ। ਜਿਨ੍ਹਾਂ ਵਿੱਚ ਦਲਜੀਤ ਸਿੰਘ ਸਹਾਇਕ ਕਾਰਜਕਾਰੀ ਇੰਜੀਨੀਅਰ ਭੋਗਪੁਰ ਨੰਬਰ ਇੱਕ ਦਫਤਰ ਵਿੱਚ ਆਪਣੇ ਅਹੁਦੇ ਦਾ ਚਾਰਜ ਸੰਭਾਲਿਆ ਹੈ। ਇਸ ਸਮੇਂ ਤੇ ਇੰਜ ਆਸ਼ੀਸ਼ ਕੁਮਾਰ ਸ਼ਰਮਾ ਸੀਨੀਅਰ ਕਾਰਜਕਾਰੀ ਇੰਜੀਨੀਅਰ ਮੰਡਲ ਭੋਗਪੁਰ, ਇੰਜ ਗਗਨਦੀਪ ਸਿੰਘ ਸ/ਕਾਰਜਕਾਰੀ ਇੰਜੀਨੀਅਰ, ਇੰਜ ਵਿਜੇ ਕੁਮਾਰ ਏ.ਏ.ਈ.,ਇੰਜ ਪ੍ਰੀਤਮ ਸਿੰਘ, ਇੰਜ ਪਰਮਜੀਤ ਸਿੰਘ, ਇੰਜ ਗੁਰਦੀਪ ਸਿੰਘ, ਮਾਲ ਲੇਖਾਕਾਰ ਚੰਨਪ੍ਰੀਤ ਸਿੰਘ ਸੈਣੀ, ਇੰਜ ਵਿਸਵਾ ਮਿੱਤਰ, ਇੰਜ ਮਨਜੀਤ ਸਿੰਘ, ਖਪਤਕਾਰ ਕਲਰਕ ਰਮਨ ਕੁਮਾਰ, ਨਰਿੰਦਰ ਕੁਮਾਰ ਯੂ ਡੀ ਸੀ,ਪਵਨ ਕੁਮਾਰ ਲਾਈਨਮੈਨ, ਜਗੀਰ ਲਾਲ ਕਲਰਕ ਸਮੇਤ ਹੋਰ ਵੀ ਹਾਜਰ ਸਨ। ਉਨ੍ਹਾਂ ਪ੍ਰੈੱਸ ਨਾਲ ਗਲਬਾਤ ਕਰਦਿਆਂ ਕਿਹਾ ਕਿ ਕਿਸੇ ਵੀ ਖਪਤਕਾਰ ਨੂੰ ਮੇਰੇ ਦਫਤਰ ਕੋਈ ਪ੍ਰੇਸ਼ਾਨੀ ਨਹੀਂ ਆਉਣ ਦਿੱਤੀ ਜਾਵੇਗੀ। ਖਪਤਕਾਰ ਮੇਰੇ ਨਾਲ ਸਿੱਧਾ ਰਾਬਤਾ ਵੀ ਰੱਖ ਸਕਦੇ ਹਨ। ਸਰਕਾਰ ਦੀਆਂ ਸਹੂਲਤਾਂ ਨੂੰ ਇੰਨ ਬਿੰਨ ਲਾਗੂ ਕੀਤਾ ਜਾਵੇਗਾ।



# ਜ਼ਿਲ੍ਹਾ ਅਧਿਕਾਰੀ ਗਲਤ ਜਾਣਕਾਰੀਆਂ ਤੇ ਸੂਚਨਾਵਾਂ ਦਾ ਤੁਰੰਤ ਖੰਡਨ ਕਰਨ : ਸਿਬਿਨ ਸੀ

**ਚੰਡੀਗੜ੍ਹ, (ਗੁਰਜੀਤ ਬਿੱਲਾ)**- ਪੰਜਾਬ ਦੇ ਮੁੱਖ ਚੋਣ ਅਧਿਕਾਰੀ ਸਿਬਿਨ ਸੀ ਨੇ ਸਾਰੇ ਡਿਪਟੀ ਕਮਿਸ਼ਨਰਾਂ, ਪੁਲਸ ਕਮਿਸ਼ਨਰਾਂ ਅਤੇ ਐਸ ਐਸ ਪੀਜ਼ ਨੂੰ ਹਦਾਇਤ ਕੀਤੀ ਹੈ ਕਿ ਲੋਕ ਸਭਾ ਚੋਣਾਂ-2024 ਦੌਰਾਨ ਜੇਕਰ ਕਿਸੇ ਵੀ ਪ੍ਰਕਾਰ ਦੀ ਕੋਈ ਗਲਤ ਜਾਣਕਾਰੀ ਜਾਂ ਸੂਚਨਾ ਫੈਲਦੀ ਹੈ ਤਾਂ ਉਸ ਦਾ ਖੰਡਨ ਤੁਰੰਤ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਇਸ ਮਕਸਦ ਲਈ ਸੋਸ਼ਲ ਮੀਡੀਆ ਪਲੇਟਫਾਰਮਾਂ ਦੀ ਯੋਗ ਵਰਤੋਂ ਕੀਤੀ ਜਾ ਸਕਦੀ ਹੈ।ਇਸ ਦੇ ਨਾਲ ਹੀ ਉਨ੍ਹਾਂ ਜ਼ੋਰ ਦਿੱਤਾ ਕਿ ਚੋਣਾਂ ਦੌਰਾਨ ਵੱਖ-ਵੱਖ ਸੋਸ਼ਲ ਮੀਡੀਆ ਪਲੇਟਫਾਰਮਾਂ ਦੀ ਵਰਤੋਂ ਵੋਟਰਾਂ ਤੱਕ ਜ਼ਰੂਰੀ ਸੰਦੇਸ਼ ਅਤੇ ਜਾਣਕਾਰੀਆਂ ਪਹੁੰਚਾਉਣ ਲਈ ਵੀ ਕੀਤੀ ਜਾਵੇ।ਮੁੱਖ ਚੋਣ ਅਧਿਕਾਰੀ ਦੇ ਦਫਤਰ ਵਿਚ ਵੀਡੀਓ ਕਾਨਫਰੰਸਿੰਗ ਜ਼ਰੀਏ ਪੰਜਾਬ ਦੇ ਸਾਰੇ ਡਿਪਟੀ ਕਮਿਸ਼ਨਰਾਂ, ਪੁਲਸ ਕਮਿਸ਼ਨਰਾਂ ਅਤੇ ਐਸ ਐਸ ਪੀਜ਼ ਨਾਲ ਇਕ ਉੱਚ ਪੱਧਰੀ ਮੀਟਿੰਗ ਕਰਦਿਆਂ ਸਿਬਿਨ ਸੀ ਨੇ ਕਿਹਾ ਕਿ ਚੋਣਾਂ ਬਿਨਾਂ ਪੱਖਪਾਤ ਤੋਂ ਪਾਰਦਰਸ਼ੀ ਅਤੇ ਬਿਨਾਂ ਕਿਸੇ ਦਬਾਅ ਦੇ ਕਰਵਾਈਆ ਜਾਣ।ਮੀਟਿੰਗ ਦੌਰਾਨ ਵਧੀਕ ਮੁੱਖ ਚੋਣ ਅਧਿਕਾਰੀ ਹਰੀਸ਼ ਨੱਈਅਰ ਤੇ ਅਭਿਜੀਤ ਕਪਲਿਸ਼, ਜੁਆਇੰਟ ਮੁੱਖ ਚੋਣ ਅਧਿਕਾਰੀ ਸਕੱਤਰ ਸਿੰਘ ਬੱਲ ਤੋਂ ਇਲਾਵਾ ਮੁੱਖ ਚੋਣ ਅਧਿਕਾਰੀ ਦੇ ਦਫਤਰ ਵਿਚਲੇ ਹੋਰ ਅਧਿਕਾਰੀ ਤੇ ਪੰਜਾਬ ਪੁਲਿਸ ਦੇ ਅਧਿਕਾਰੀ ਹਾਜ਼ਰ ਸਨ।

# ਨੇਤਰਹੀਣ ਦਿਵਿਆਂਗਜਨਾਂ ਦੇ ਅਟੈਂਡੈਂਟਾਂ ਨੂੰ ਸਰਕਾਰੀ ਬੱਸਾਂ 'ਚ ਕਿਰਾਏ ਤੋਂ ਮਿਲੇਗੀ ਛੋਟ : ਡਾ. ਬਲਜੀਤ ਕੌਰ

**ਚੰਡੀਗੜ੍ਹ,(ਗੁਰਜੀਤ ਬਿੱਲਾ)**-ਨੇਤਰਹੀਣ ਦਿਵਿਆਂਗਜਨਾਂ ਦੇ ਅਟੈਂਡੈਂਟਾਂ ਨੂੰ ਸਰਕਾਰੀ ਬੱਸਾਂ ਵਿੱਚ ਕਿਰਾਏ ਸੰਬੰਧੀ ਛੋਟ ਅਤੇ ਦਿਵਿਆਂਗਜਨਾਂ ਲਈ ਸਰਕਾਰੀ ਨੌਕਰੀਆਂ ਦੇ ਇਮਤਿਹਾਨਾਂ ਸੰਬੰਧੀ ਫੀਸ ਸੰਬੰਧੀ ਛੋਟ ਜਲਦੀ ਲਾਗੂ ਕਰ ਦਿੱਤੀ ਜਾਵੇਗੀ।ਇਹ ਐਲਾਨ ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਮੰਤਰੀ ਡਾ. ਬਲਜੀਤ ਕੌਰ ਨੇ ਸੈਕਟਰ 67 ਸਥਿਤ ਸੰਸਥਾ ਨਾਈਪਰ ਵਿਖੇ ਸਮਾਜਿਕ ਸੁਰੱਖਿਆ, ਇਸਤਰੀ ਤੇ ਬਾਲ ਵਿਕਾਸ ਵਿਭਾਗ ਵੱਲੋਂ ਕੌਮਾਂਤਰੀ ਮਹਿਲਾ ਦਿਵਸ ਸੰਬੰਧੀ ਕਰਵਾਏ ਸੂਬਾ ਪੱਧਰੀ ਸਮਾਗਮ ਦੌਰਾਨ ਬਤੌਰ ਮੁੱਖ ਮਹਿਮਾਨ ਸੰਬੋਧਨ ਕਰਦਿਆਂ ਕੀਤਾ।ਇਸ ਮੌਕੇ ਕੈਬਨਿਟ ਮੰਤਰੀ ਨੇ ਸਮਾਜਿਕ ਸੁਰੱਖਿਆ, ਇਸਤਰੀ ਤੇ ਬਾਲ ਵਿਕਾਸ ਵਿਭਾਗ ਵਿੱਚ ਨਵ ਨਿਯੁਕਤ 09 ਸੁਪਰਵਾਈਜ਼ਰ ਤੇ 09 ਕਲਰਕਾਂ ਅਤੇ ਸਮਾਜਿਕ ਨਿਆਂ, ਅਧਿਕਾਰਤਾ ਤੇ ਘੱਟ ਗਿਣਤੀ ਵਿਭਾਗ ਵਿੱਚ 14 ਸਟੈਨੋਜ਼ ਨੂੰ ਨਿਯੁਕਤੀ ਪੱਤਰ ਵੀ ਸੌਂਪੇ। ਇਸ ਦੇ ਨਾਲ ਹੀ ਕੈਬਨਿਟ ਮੰਤਰੀ ਨੇ ਪੰਜਾਬ ਅਨੁਸੂਚਿਤ ਜਾਤੀਆਂ ਭੌਂ ਤੇ ਵਿੱਤ ਕਾਰਪੋਰੇਸ਼ਨ ਵੱਲੋਂ ਅਨੁਸੂਚਿਤ ਜਾਤੀਆਂ ਦੇ 82 ਲਾਭਪਾਤਰੀਆਂ ਨੂੰ 1.66 ਕਰੋੜ ਰੁਪਏ ਦੇ ਕਰਜ਼ੇ ਅਤੇ ਬੈਕਫਿੰਕੋ ਵੱਲੋਂ ਪੱਛੜੀਆਂ ਸ਼੍ਰੇਣੀਆਂ ਦੇ 17 ਲਾਭਪਾਤਰੀਆਂ ਨੂੰ 32.45 ਲੱਖ ਰੁਪਏ ਦੇ ਕਰਜ਼ੇ ਵੀ ਵੰਡੇ।

# ਸੰਤ ਬਾਬਾ ਦੂਲਾ ਸਿੰਘ ਦੀ ਯਾਦ 'ਚ ਪਹਿਲਾ ਫੁੱਟਬਾਲ ਟੂਰਨਾਮੈਂਟ ਸ਼ਾਨੋ-ਸ਼ੌਕਤ ਨਾਲ ਹੋਇਆ ਸਮਾਪਤ



**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)**

ਪਿੰਡ ਮੌਜੋਮਜਾਰਾ ਵਿਖੇ ਸਮੂਹ ਨਗਰ ਨਿਵਾਸੀਆਂ, ਗ੍ਰਾਮ ਪੰਚਾਇਤ, ਪ੍ਰਵਾਸੀ ਭਾਰਤੀਆਂ ਅਤੇ ਇਲਾਕੇ ਦੇ ਸਹਿਯੋਗ ਨਾਲ ਬ੍ਰਹਮ ਗਿਆਨੀ 108 ਸੰਤ ਬਾਬਾ ਦੂਲਾ ਸਿੰਘ ਸਪੋਰਟਸ ਕਲੱਬ ਵੱਲੋਂ ਪਹਿਲਾ ਸ਼ਾਨਦਾਰ ਫੁੱਟਬਾਲ ਟੂਰਨਾਮੈਂਟ ਆਪਣੀਆਂ ਨਿੱਘਿਆ ਯਾਦ ਛੱਡਦਾ ਹੋਇਆ ਸਮਾਪਤ ਹੋ ਗਿਆ। ਇਸ ਮੌਕੇ ਚੇਅਰਮੈਨ ਹਰਦੇਵ ਸਿੰਘ, ਪ੍ਰਧਾਨ ਹਰਿੰਦਰ ਸਿੰਘ ਢਿੱਲੋ ਨੇ ਦੱਸਿਆ ਕਿ ਫੁੱਟਬਾਲ ਟੂਰਨਾਮੈਂਟ ਦਾ ਉਦਘਾਟਨ ਸੰਤ ਬਾਬਾ ਜਸਵੰਤ ਸਿੰਘ ਖੇੜਾ ਠੱਕਰਵਾਲ, ਸੰਤ ਬਾਬਾ ਹਰਕ੍ਰਿਸ਼ਨ ਸਿੰਘ ਸੋਢੀ ਪ੍ਰਧਾਨ ਨਿਰਮਲਾ ਸੰਤ ਮੰਡਲ ਪੰਜਾਬ ਨੇ ਸਾਂਝੇ ਤੌਰ 'ਤੇ ਅਰਦਾਸ ਹੋਣ ਤੋਂ ਬਾਅਦ ਗੀਬਨ ਕੱਟ ਕੇ ਕੀਤਾ ਸੀ। ਇਸ ਮੌਕੇ ਕਲੱਬ ਪ੍ਰਧਾਨ ਹਰਿੰਦਰ ਸਿੰਘ ਢਿੱਲੋ ਨੇ ਦੱਸਿਆ ਕਿ ਫੁੱਟਬਾਲ ਟੂਰਨਾਮੈਂਟ 'ਚ ਪੰਜਾਬ ਦੀਆਂ ਨਾਮਵਰ ਉਪਨ ਦੀਆਂ 24 ਟੀਮਾਂ ਅਤੇ 48 ਕਿਲੋ ਭਾਰ ਵਰਗ ਦੀਆਂ 10 ਟੀਮਾਂ ਹਿੱਸਾ ਲਿਆ। ਉਹਨਾਂ ਦੱਸਿਆ ਕਿ ਪਿੰਡ ਪੱਧਰ ਉਪਨ ਦਾ ਫਾਈਨਲ ਮੈਚ ਮੈਚ ਭਾਮ ਅਤੇ ਨੰਗਲ ਕਲਾਂ ਦੇ ਵਿਚਕਾਰ ਕਰਵਾਇਆ ਗਿਆ। ਜਿਸ ਵਿੱਚ ਪਿੰਡ ਭਾਮ ਦੀ ਟੀਮ ਜੇਤੂ ਰਹੀ। ਇਸ ਤਰ੍ਹਾਂ 48 ਕਿਲੋਗ੍ਰਾਮ ਭਾਰ ਵਰਗ ਦਾ ਮੈਚ ਭੁੰਗਰਨੀ ਅਤੇ ਚਿੱਤੋਂ ਵਿਚਕਾਰ ਕਰਵਾਇਆ ਗਿਆ। ਜਿਸ ਵਿਚ ਪਿੰਡ ਚਿੱਤੋਂ ਦੀ ਟੀਮ ਜੇਤੂ ਰਹੀ। ਇਸ ਮੌਕੇ ਪ੍ਰਬੰਧਕਾਂ ਨੇ ਦੱਸਿਆ ਕਿ ਫਾਈਨਲ ਵਾਲੇ ਦਿਨ ਮੁੱਖ ਮਹਿਮਾਨ ਸੰਤ ਬਾਬਾ ਜਸਵੰਤ ਸਿੰਘ ਖੇੜਾ, ਹਰਮਿੰਦਰ ਸਿੰਘ ਸੰਧੂ ਚੇਅਰਮੈਨ ਪੰਜਾਬ ਸ਼ਡਿਊਲ ਕਾਸਟ ਐਂਡ ਡਿਪੈਲਮੈਂਟ ਐਂਡ ਫਾਈਨਾਂਸ ਕਾਰਪੋਰੇਸ਼ਨ, ਡਾਕਟਰ ਹਰਮਿੰਦਰ ਸਿੰਘ ਮਾਹਿਲਪੁਰ, ਮੋਹਣ ਲਾਲ ਚਿੱਤੋਂ ਜੇਤੂ ਅਤੇ ਉਪ ਜੇਤੂ ਟੀਮਾਂ ਦੀ ਇਨਾਮਾਂ ਦੀ ਵੰਡ ਕੀਤੀ। ਉਨ੍ਹਾਂ ਦੱਸਿਆ ਕਿ ਫਾਈਨਲ ਵਾਲੇ ਦਿਨ ਵਿਸੇਸ ਮਹਿਮਾਨ ਜਥੇਦਾਰ ਹਰੀ ਸਿੰਘ ਜਸਵਾਲ ਭਾਮ, ਡਾਕਟਰ ਹਰਮਿੰਦਰ ਬਖਸੀ ਚੇਅਰਮੈਨ ਪੰਜਾਬ ਰਾਜ ਉਦਯੋਗਿਕ ਵਿਕਾਸ ਨਿਗਮ ਲਿਮਟਿਡ, ਮੋਹਣ ਲਾਲ ਚਿੱਤੋਂ ਨੈਸ਼ਨਲ ਕੋਸਲਰ ਮੈਂਬਰ, ਜਥੇਦਾਰ ਜਸਵੀਰ ਸਿੰਘ ਜਲੋਂਵਾਲ ਜਿਲਾ ਪ੍ਰਧਾਨ ਕਿਸਾਨ ਵਿੰਗ ਹੁਸ਼ਿਆਰਪੁਰ, ਸੁਰਜੀਤ ਸਿੰਘ ਭਾਮ ਬਲਾਕ ਪ੍ਰਧਾਨ, ਮਾਸਟਰ ਸਰਬਜੀਤ ਸਿੰਘ ਮੰਝ ਠੱਕਰਵਾਲ, ਪ੍ਰਿੰਸੀਪਲ ਸਖਇੰਦਰ ਸਿੰਘ ਮਿਨਹਾਸ ਰਿੱਕੀ, ਵਿਸੇਸ ਤੌਰ ਸ਼ਿਰਕਤ ਕੀਤੀ।ਉਹਨਾਂ ਦੱਸਿਆ ਕਿ ਉਪਨ ਫੁੱਟਬਾਲ ਟੂਰਨਾਮੈਂਟ ਦਾ ਪਹਿਲਾ ਇਨਾਮ 51000 ਹਜਾਰ ਰੁਪਏ ਅਤੇ ਦੂਸਰਾ ਇਨਾਮ 41000 ਹਜ਼ਾਰ ਰੁਪਏ ਦੇ ਕੇ ਸਨਮਾਨਿਤ ਕੀਤਾ ਗਿਆ।

# ਵਿਦਿਆਰਥੀਆਂ ਨੇ ਸੰਸਥਾ ਦਾ ਨਾਂਅ ਰੌਸ਼ਨ ਕੀਤਾ



**ਜਲੰਧਰ (ਇਕਬਾਲ ਸਿੰਘ ਉੱਭੀ)**—ਪੀ ਸੀ ਐਮ ਐਸ ਡੀ ਕਾਲਜ ਫਾਰ ਵੂਮੈਨ ਨੇ ਯੂਨੀਵਰਸਿਟੀ ਦੇ ਚੋਟੀ ਦੇ ਰੈਂਕਰ ਪੈਦਾ ਕਰਨ ਦੀ ਆਪਣੀ ਪਰੰਪਰਾ ਨੂੰ ਜਾਰੀ ਰੱਖਿਆ ਹੈ। ਇਸ ਸ਼ਲਾਘਾਯੋਗ ਰਿਕਾਰਡ ਨੂੰ ਕਾਇਮ ਰੱਖਦੇ ਹੋਏ, ਸਮੈਸਟਰ ਦੇ ਵਿਦਿਆਰਥੀਆਂ ਨੇ ਸ਼ਾਨਦਾਰ ਪ੍ਰਦਰਸ਼ਨ ਕਰਦੇ ਹੋਏ ਸੰਸਥਾ ਦਾ ਨਾਂਅ ਰੌਸ਼ਨ ਕੀਤਾ ਹੈ। ਅਰਪਨਜੋਤ ਕੌਰ ਨੇ ਸਮੈਸਟਰ ਵਿੱਚ 390/500 (78%) ਅੰਕ ਪ੍ਰਾਪਤ ਕਰਕੇ ਯੂਨੀਵਰਸਿਟੀ ਵਿੱਚੋਂ ਪਹਿਲਾ ਸਥਾਨ ਹਾਸਲ ਕੀਤਾ, ਜਦਕਿ ਸਿਮਰਨ ਸੋਨਿਕ 344/500 (69%) ਅੰਕ ਲੈ ਕੇ ਦੂਜੇ ਸਥਾਨ 'ਤੇ ਰਹੀ। ਇਸ ਮੌਕੇ 'ਤੇ ਪ੍ਰਧਾਨ ਨਰੇਸ਼ ਬੁਧੀਆ, ਸੀਨੀਅਰ ਮੀਤ ਪ੍ਰਧਾਨ ਵਿਨੋਦ ਦਾਦਾ , ਪ੍ਰਬੰਧਕੀ ਕਮੇਟੀ ਦੇ ਮੈਂਬਰ ਅਤੇ ਪ੍ਰਿੰਸੀਪਲ ਡਾ. ਪੂਜਾ ਪਰਾਸ਼ਰ ਨੇ ਪ੍ਰਾਪਤੀਆਂ ਕਰਨ ਵਾਲੇ ਵਿਦਿਆਰਥੀਆਂ ਦੀ ਪ੍ਰਸੰਸਾ ਕੀਤੀ ਅਤੇ ਉਨ੍ਹਾਂ ਦੇ ਭਵਿੱਖ ਲਈ ਸ਼ੁੱਭਕਾਮਨਾਵਾਂ ਦਿੱਤੀਆਂ।

# ਦਸਵਿੰਦਰ ਕੁਮਾਰ ਚਾਂਦ ਲਾਇਨਜ਼ ਆਈਜ਼ ਹਸਪਤਾਲ ਦੇ ਲਗਾਤਾਰ 6ਵੀਂ ਵਾਰ ਪ੍ਰਧਾਨ



**ਆਦਮਪੁਰ (ਪਰਮਜੀਤ ਸਿੰਘ)**-ਲਾਇਨਜ਼ ਆਇਜ ਹਸਪਤਾਲ ਦੇ ਸਮੂਹ ਟਰੱਸਟੀ ਮੈਂਬਰਾਂ ਦੀ ਇੱਕ ਅਹਿਮ ਮੀਟਿੰਗ ਆਦਮਪੁਰ ਵਿਖੇ ਹੋਈ। ਮੀਟਿੰਗ ਦੌਰਾਨ ਹਾਜ਼ਰ ਸਮੂਹ ਟਰੱਸਟ ਦੇ ਮੈਂਬਰਾਂ ਦੀ ਸਹਿਮਤੀ ਨਾਲ ਲਾਇਨ ਦਸਵਿੰਦਰ ਕੁਮਾਰ ਚਾਂਦ ਨੂੰ ਲਗਾਤਾਰ 6ਵੀਂ ਵਾਰ ਲਾਇਨਜ਼ ਆਇਜ਼ ਹਸਪਤਾਲ ਆਦਮਪੁਰ ਦੇ ਚੇਅਰਮੈਨ ਨਿਯੁਕਤ ਕੀਤਾ ਗਿਆ। ਹਸਪਤਾਲ ਦੇ ਚੇਅਰਮੈਨ ਦਸਵਿੰਦਰ ਕੁਮਾਰ ਚਾਂਦ ਨੇ ਉਨ੍ਹਾਂ ਨੂੰ ਲਗਾਤਾਰ 6 ਵਾਰ ਸੇਵਾ ਦਾ ਮੌਕਾ ਦੇਣ ਤੇ ਟਰੱਸਟ ਦੇ ਸਮੂਹ ਮੈਂਬਰਾਂ ਦਾ ਧੰਨਵਾਦ ਕੀਤਾ ਤੇ ਕਿਹਾ ਕੇ ਜੋ ਜਿੰਮੇਵਾਰੀ ਉਨ੍ਹਾਂ ਨੂੰ ਸੌਂਪੀ ਗਈ ਹੈ ਉਸਨੂੰ ਪੂਰੀ ਤਨਦੇਹੀ ਨਾਲ ਨਿਭਾਉਣਗੇ। ਇਸ ਮੌਕੇ ਟਰੱਸਟ 'ਚ ਦੋ ਨਵੇਂ ਮੈਂਬਰ ਲਾਇਨ ਕੁਲਵੀਰ ਸਿੰਘ ਤੇ ਲਾਇਨ ਵਿਨੋਦ ਟੰਡਨ ਸ਼ਾਮਿਲ ਕੀਤੇ ਗਏ। ਇਸ ਮੌਕੇ ਅਮਰਜੀਤ ਸਿੰਘ, ਕਰਨਲ ਮੋਹਨ ਲਾਲ ਸ਼ਾਰਦਾ, ਡਾ. ਕਰਨੈਲ ਸਿੰਘ, ਹਰਵਿੰਦਰ ਸਿੰਘ ਪ੍ਰਹਾਰ, ਰਾਜ ਕੁਮਾਰ ਪਾਲ, ਰਜਿੰਦਰ ਵਰਮਾ, ਮਲਕੀਤ ਸਿੰਘ ਮਿਨਹਾਸ, ਸੁਖਦੇਵ ਸਿੰਘ ਰੂਪਰਾ, ਸੁਖਵੀਰ ਸਿੰਘ ਕੁੱਕੀ ਤੇ ਹੋਰ ਮੈਂਬਰ ਹਾਜ਼ਰ ਸਨ।

# ਫਾਰਮੇਸੀ 'ਚ ਆਰਟੀਫੀਸ਼ੀਅਲ ਇੰਟੈਲੀਜੈਂਸ ਵਿਸ਼ੇ 'ਤੇ ਸੈਮੀਨਾਰ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**- ਰਿਆਤ ਬਾਹਰਾ ਫਾਰਮੇਸੀ ਕਾਲਜ ਵਿਖੇ ਫਾਰਮੇਸੀ ਵਿੱਚ ਆਰਟੀਫੀਸ਼ੀਅਲ ਇੰਟੈਲੀਜੈਂਸ ਦੀ ਭੂਮਿਕਾ ਬਾਰੇ ਸੈਮੀਨਾਰ ਕਰਵਾਇਆ ਗਿਆ। ਇਸ ਸੈਮੀਨਾਰ ਦੀ ਪ੍ਰਧਾਨਗੀ ਕੈਂਪਸ ਡਾਇਰੈਕਟਰ ਡਾ: ਚੰਦਰ ਮੋਹਨ ਨੇ ਕੀਤੀ। ਜਿਸ 'ਚ ਫਾਰਮੇਸੀ ਕਾਲਜ ਦੇ ਵਿਦਿਆਰਥੀਆਂ ਅਤੇ ਅਧਿਆਪਕਾਂ ਨੇ ਭਾਗ ਲਿਆ। ਇਸ ਮੌਕੇ ਵਿਸ਼ਾ ਮਾਹਿਰ ਡਾ.ਵਰਜੇਸ਼ ਸ਼ਰਮਾ ਨੇ ਵਿਦਿਆਰਥੀਆਂ ਨੂੰ ਮੈਡੀਕਲ ਰਿਕਾਰਡ, ਇਲਾਜ ਦੇ ਡਿਜ਼ਾਈਨ, ਸ਼ੁੱਧਤਾ ਅਤੇ ਸਿਹਤ ਸੰਭਾਲ ਪ੍ਰਣਾਲੀ ਦੇ ਵਿਸ਼ਲੇਸ਼ਣ ਆਦਿ ਦੇ ਪ੍ਰਬੰਧਨ ਵਿੱਚ ਆਰਟੀਫੀਸ਼ੀਅਲ ਇੰਟੈਲੀਜੈਂਸ ਦੀ ਵਰਤੋਂ ਬਾਰੇ ਕਈ ਤੱਥਾਂ ਬਾਰੇ ਚਾਨਣਾ ਪਾਇਆ। ਡਾ. ਬ੍ਰਿਜੇਸ਼ ਨੇ ਦਵਾਈਆਂ ਦੀ ਪਾਲਣਾ, ਸਪਲਾਈ ਚੇਨ ਮਹਾਂਮਾਰੀ ਪ੍ਰਬੰਧਨ, ਪ੍ਰਕੋਪ ਦੀ ਭਵਿੱਖਬਾਣੀ, ਆਦਿ ਵਿੱਚ ਆਰਟੀਫੀਸ਼ੀਅਲ ਇੰਟੈਲੀਜੈਂਸ ਦੀ ਭੂਮਿਕਾ ਦੇ ਕਈ ਪਹਿਲੂਆਂ ਦੀ ਵਿਆਖਿਆ ਕੀਤੀ। ਉਨ੍ਹਾਂ ਨੇ ਵਿਦਿਆਰਥੀਆਂ ਨੂੰ ਅਣੂ ਡਾਕਿੰਗ ਅਤੇ ਫਾਰਮਾਸਿਊਟੀਕਲ ਖੋਜ 'ਚ ਏਆਈ ਵਿੱਚ ਵਰਤੀਆਂ ਗਈਆਂ ਵੱਖ-ਵੱਖ ਨਵੀਨਤਮ ਤਕਨਾਲੋਜੀਆਂ ਬਾਰੇ ਵੀ ਸਹੀ ਜਾਣਕਾਰੀ ਦਿੱਤੀ। ਇਸ ਮੌਕੇ ਕੈਂਪਸ ਡਾਇਰੈਕਟਰ ਡਾ: ਚੰਦਰ ਮੋਹਨ ਨੇ ਡਾ: ਬ੍ਰਿਜੇਸ਼ ਦਾ ਧੰਨਵਾਦ ਕੀਤਾ ਅਤੇ ਰਿਆਤ ਬਾਹਰਾ ਗਰੁੱਪ ਦੀ ਤਰਫੋਂ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ। ਇਸ ਮੌਕੇ ਕਾਲਜ ਮੁਖੀ ਡਾ: ਅਮਿਤ ਸ਼ਰਮਾ ਨੇ ਦੱਸਿਆ ਕਿ ਰਿਆਤ ਬਾਹਰਾ ਫਾਰਮੇਸੀ ਕਾਲਜ ਵੱਲੋਂ ਵਿਦਿਆਰਥੀਆਂ ਦੀਆਂ ਲੋੜਾਂ ਨੂੰ ਧਿਆਨ ਵਿੱਚ ਰੱਖਦਿਆਂ ਅਜਿਹੇ ਸੈਮੀਨਾਰ ਕਰਵਾਏ ਜਾਂਦੇ ਹਨ। ਉਨ੍ਹਾਂ ਕਿਹਾ ਕਿ ਭਵਿੱਖ ਵਿੱਚ ਹੋਰ ਵੀ ਲਾਹੇਵੰਦ ਸੈਮੀਨਾਰ ਕਰਵਾਏ ਜਾਣਗੇ।

# ਅਜਨੋਹਾ 'ਚ 6 ਰੋਜ਼ਾ ਧਾਰਮਿਕ ਜੋੜ ਮੇਲਾ ਅੱਜ ਤੋਂ

**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)**-ਗੁਰਦੁਆਰਾ ਅਕਾਲੀ ਬਾਬਾ ਫੂਲਾ ਸਿੰਘ ਪਿੰਡ ਅਜਨੋਹਾ ਵਿਖੇ ਪ੍ਰਬੰਧਕ ਕਮੇਟੀ ਵੱਲੋਂ ਸੰਤ ਬਾਬਾ ਨਰਿੰਦਰ ਸਿੰਘ, ਸੰਤ ਬਾਬਾ ਬਲਵਿੰਦਰ ਸਿੰਘ ਸ੍ਰੀ ਹਜ਼ੂਰ ਸਾਹਿਬ ਵਾਲੇ, ਜਥੇਦਾਰ ਬਾਬਾ ਗੁਰਮੀਤ ਸਿੰਘ ਨਡਾਲੋਂ, ਪਿੰਡ ਤੇ ਇਲਾਕੇ ਦੀਆਂ ਸੰਗਤਾਂ ਦੇ ਸਹਿਯੋਗ ਨਾਲ ਨਿਰਭੈ ਯੋਧੇ ਅਕਾਲੀ ਬਾਬਾ ਫੂਲਾ ਸਿੰਘ ਅਤੇ ਸਿੰਘ ਸਾਹਿਬ ਗਿਆਨੀ ਗੁਰਦਿਆਲ ਸਿੰਘ ਸਾਬਕਾ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਸ੍ਰੀ ਅੰਮ੍ਰਿਤਸਰ ਨੂੰ ਸਮਰਪਿਤ 6 ਰੋਜ਼ਾ ਧਾਰਮਿਕ ਜੋੜ ਮੇਲਾ 12 ਮਾਰਚ ਤੋਂ 17 ਮਾਰਚ ਤੱਕ ਬੜੀ ਸ਼ਰਧਾ ਪੂਰਵਕ ਮਨਾਇਆ ਜਾ ਰਿਹਾ ਹੈ। ਪ੍ਰਧਾਨ ਭਾਈ ਬਲਵਿੰਦਰ ਸਿੰਘ ਖਾਲਸਾ ਨੇ ਦੱਸਿਆ ਕਿ 12 ਮਾਰਚ ਨੂੰ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਕੀਤੇ ਜਾਣਗੇ। ਜਿਨ੍ਹਾਂ ਦੇ ਭੋਗ 14 ਮਾਰਚ ਨੂੰ ਪਾਏ ਜਾਣਗੇ, 15 ਮਾਰਚ ਨੂੰ ਅਲੌਕਿਕ ਨਗਰ ਕੀਰਤਨ ਸਜਾਇਆ ਜਾਵੇਗਾ, 16 ਤੇ 17 ਮਾਰਚ ਦੋਵੇਂ ਦਿਨਾਂ ਨੂੰ ਸਵੇਰੇ 10:30 ਵਜੇ ਤੋਂ ਸ਼ਾਮ 5 ਵਜੇ ਤੱਕ ਮਹਾਨ ਗੁਰਮਤਿ ਸਮਾਗਮ ਕਰਵਾਏ ਜਾਣਗੇ। ਇਸ ਮੌਕੇ ਜਸਵੀਰ ਸਿੰਘ ਸੈਕਟਰੀ, ਪਰਮਜੀਤ ਸਿੰਘ ਕੈਸ਼ੀਅਰ, ਰਣਬੀਰ ਸਿੰਘ, ਸਤਨਾਮ ਸਿੰਘ, ਗੁਰਪ੍ਰੀਤ ਸਿੰਘ, ਸੁੱਖਵਿੰਦਰ ਸਿੰਘ, ਸੋਹਣ ਸਿੰਘ, ਡਾ. ਜਸਵੀਰ ਸਿੰਘ ਪਰਮਾਰ, ਭਾਈ ਸਤਨਾਮ ਸਿੰਘ ਹੈੱਡ ਗ੍ਰੰਥੀ, ਸੁਰਜੀਤ ਸਿੰਘ, ਸਤਨਾਮ ਸਿੰਘ ਸੱਤਾ, ਹਰਗੁਰਜੋਤ ਸਿੰਘ, ਮਨਮੋਹਣ ਸਿੰਘ, ਅਜੇ ਕੁਮਾਰ, ਪਰਮਜੋਤ ਸਿੰਘ, ਭਾਈ ਬਲਵਿੰਦਰ ਸਿੰਘ, ਕਿਰਪਾਲ ਸਿੰਘ ਪਾਲਾ, ਦੀਦਾਰ ਸਿੰਘ ਆਦਿ ਹਾਜ਼ਰ ਸਨ।

# ਬੀ ਐੱਨ ਡੀ ਸਕੂਲ 'ਚ ਕਰਵਾਈ ਸਾਲਾਨਾ ਸਪੋਰਟਸ ਮੀਟ



**ਅੱਡਾ ਸਰਾਂ , (ਕਾਜਲ)**

ਬੀ ਐੱਨ ਡੀ ਸੀਨੀਅਰ ਸੈਕੰਡਰੀ ਸਕੂਲ ਕੰਧਾਲਾ ਜੱਟਾਂ ਵਿਖੇ ਸਾਲਾਨਾ ਸਪੋਰਟਸ ਮੀਟ ਕਰਵਾਈ ਗਈ, ਜਿਸ ਵਿੱਚ ਵੱਖ ਵੱਖ ਵਰਗਾਂ ਦੇ ਖਿਡਾਰੀਆਂ ਨੇ ਹਿੱਸਾ ਲੈਂਦੇ ਹੋਏ ਆਪਣੀਆਂ ਪ੍ਰਤਿਭਾ ਦਾ ਲੋਹਾ ਮਨਵਾਇਆ। ਪ੍ਰਿੰਸੀਪਲ ਜੈ ਕ੍ਰਿਸ਼ਨ ਮਹਿਤਾ ਅਤੇ ਪ੍ਰਬੰਧਕ ਅਨਿਲ ਮਹਿਤਾ ਦੇ ਦਿਸ਼ਾ ਨਿਰਦੇਸ਼ਾਂ ਅਧੀਨ ਕਰਵਾਏ ਗਏ ਇਨ੍ਹਾਂ ਮੁਕਾਲੀਆ ਵਿਚ ਅਥਲੈਟਿਕ ਮੁਕਾਬਲੇ ਅਤੇ ਰੱਸਾ ਕੱਸੀ ਮੁਕਾਬਲੇ ਹੋਏ। ਅੰਡਰ 14 ਵਰਗ 100 ਮੀਟਰ ਰੇਸ 'ਚ ਰਮਨਪ੍ਰੀਤ ਕੌਰ, ਜਾਨਵੀਰ, ਤਾਨੀਆ, ਦਮਨਪ੍ਰੀਤ ਸਿੰਘ, ਕਾਮਨਾ ਸ਼ਰਮਾ, ਹਰਨੂਰ ਕੌਰ, ਜਸਜੀਤ ਸਿੰਘ, ਨੀਤੂ, ਗੁਰਜਾਪ ਕੌਰ,ਵਰਿੰਦਰ ਸਿੰਘ ਨੇ ਆਪੋ ਆਪਣੇ ਵਰਗ ਅਤੇ ਹਾਊਸ ਵਿੱਚੋ ਪਹਿਲਾ ਸਥਾਨ ਹਾਸਲ ਕੀਤਾ। ਲੰਬੀ ਛਾਲ ਵਿਚ ਗੁਰਜੀਤ ਸਿੰਘ, ਗੁਰਨੂਰ ਸਦਵਾਲ, ਜੈਸਮੀਨ ਕੌਰ, ਸੁਖਮਨ ਕੌਰ, ਮਾਨਵ ਸ਼ਰਮਾ, ਰਵੀਜੋਤ ਕੌਰ, ਹਰਮਨਪ੍ਰੀਤ ਕੌਰ, ਰਾਜਵੀਰ, ਇਸ਼ਾਨਵੀਰ, ਹਰਮਨਜੀਤ,ਰਾਧਿਕਾ ਸ਼ਰਮਾ ਨੇ ਪਹਿਲਾ ਸਥਾਨ ਹਾਸਲ ਕੀਤਾ।ਅੰਡਰ 19 ਵਰਗ 200 ਮੀਟਰ ਰੇਸ ਵਿਚ ਖੁਸ਼ਪ੍ਰੀਤ ਕੌਰ, ਤਨਜੋਤ, ਗੁਰਸ਼ਰਨ ਕੌਰ, ਗੁਰਜੀਤ ਕੌਰ, ਸਿਮਰਨਜੀਤ ਕੌਰ, ਰਾਜਵੀਰ ਕੌਰ, ਲਵਨੀਨ ਕੌਰ, ਜੈਸਮੀਨ ਕੌਰ, ਸਤਨਾਮ ਸਿੰਘ, ਜਸਮੀਤ ਸਿੰਘ, ਪਰਮਜੀਤ ਸਿੰਘ ਨੇ ਪਹਿਲਾ ਸਥਾਨ ਤੇ ਰਹੇ। ਲੰਬੀ ਛਾਲ ਵਿਚ ਪ੍ਰੀਤ ਇੰਦਰ ਕੌਰ, ਅਮਨਜੋਤ ਕੌਰ, ਹਰਜੋਤ ਕੌਰ,ਗੁਰਜੀਤ ਸਿੰਘ ਅਤੇ ਜਸਪ੍ਰੀਤ ਸਿੰਘ ਨੇ ਜਿੱਤ ਹਾਸਲ ਕੀਤੀ। ਜੂਨੀਅਰ ਵਰਗ 50 ਮੀਟਰ ਰੇਸ ਵਿਚ ਨਮਨਜੋਤ, ਜਸਪ੍ਰੀਤ, ਏਕਜੋਤ, ਫਾਤਿਮਾ, ਐਜਵੀਰ, ਜਸਸੀਰਤ, ਬਲਗੀਤ, ਵਰਨੀਤ, ਅਵਨੂਰ, ਜਸਲੀਨ, ਨਿਮਰਤਾ, ਹਰਕੀਰਤ, ਦਵਿੰਦਰ ਗਿੱਲ, ਮਨਵੀਰ ਕੌਰ, ਮਨਵੀਰ ਸਿੰਘ, ਜੈਸਮੀਨ ਕੌਰ ਤੇ ਮਨਰੋਜ ਕੌਰ ਜੇਤੂ ਰਹੇ। ਰੱਸਾਕੱਸੀ ਲੜਕੀਆਂ ਦੇ ਮੁਕਾਬਲੇ ਵਿਚ ਗੁਰੂ ਨਾਨਕ ਦੇਵ ਜੀ ਹਾਊਸ ਦੀ ਟੀਮ ਅਰਜੁਨ,ਗੁਰਜੀਤ ਸਿੰਘ,ਗਗਨਦੀਪ ਸਿੰਘ,ਸਮਰਾਜ ਸਿੰਘ,ਬਿਕਰਮਜੀਤ ਸਿੰਘ,ਜਸਮੀਤ ਸਿੰਘ ਅਤੇ ਅਨੁਰਾਗਦੀਪ ਸਿੰਘ ਨੇ ਪਹਿਲਾ ਸਥਾਨ ਹਾਸਲ ਕੀਤਾ। ਲੜਕੀਆਂ ਦੇ ਵਰਗ ਵਿਚ ਮਾਤਾ ਸਰਸਵਤੀ ਜੀ ਹਾਊਸ ਦੀ ਟੀਮ ਜੈਸਮੀਨ ਕੌਰ, ਵੰਦਨਾ, ਜਸਦੀਪ, ਗੁਰਜੀਤ ਕੌਰ, ਰਾਜਵੀਰ ਕੌਰ, ਅਨਮੋਲ, ਮੁਸਕਾਨ, ਮਨਪ੍ਰੀਤ ਕੌਰ, ਸ਼ਰਨਦੀਪ ਕੌਰ ਜੇਤੂ ਰਹੀਆਂ।

# ਲੋਕ ਸਭਾ ਚੋਣਾਂ-2024 ਤਹਿਤ ਵੈਬ ਕਾਸਟਿੰਗ ਸੰਬੰਧੀ ਵੀਡੀਓ ਕਾਨਫਰੰਸ

**ਮੋਹਾਲੀ, (ਗੁਰਜੀਤ ਬਿੱਲਾ)**- ਲੋਕ ਸਭਾ ਚੋਣਾਂ-2024 ਨੂੰ ਮੁੱਖ ਰੱਖਦੇ ਹੋਏ ਜ਼ਿਲ੍ਹਾ ਚੋਣ ਅਫ਼ਸਰ, ਐਸ ਏ ਐਸ ਨਗਰ ਵੱਲੋਂ ਮਿਤੀ 11 ਮਾਰਚ ਨੂੰ ਬਾਅਦ ਦੁਪਹਿਰ 2:30 ਵਜੇ ਵੈਬ ਕਾਸਟਿੰਗ (ਇੰਟਰ ਸਟੇਟ ਨਾਕਿਆਂ) ਸਬੰਧੀ ਡੀ.ਸੀ, ਐਸ.ਐਸ.ਪੀ, ਐਸ.ਪੀ ਹੈਡ ਕੁਆਰਟਰ ਅਤੇ ਐਕਸਾਈਜ਼ ਵਿਭਾਗ ਨਾਲ ਵੀਡਿਓ ਕਾਨਫਰੰਸ ਕੀਤੀ ਗਈ। ਉਨ੍ਹਾ ਵੱਲੋਂ ਦੱਸਿਆ ਗਿਆ ਕਿ ਭਾਰਤ ਚੋਣ ਕਮਿਸ਼ਨ ਦੀਆਂ ਹਦਾਇਤਾਂ ਅਨੁਸਾਰ ਇੰਟਰ ਜ਼ਿਲ੍ਹਾ ਅਤੇ ਇੰਟਰ ਸਟੇਟ ਨਾਕਿਆਂ ਤੇ ਵੈਬ ਸਟਰਿਮਿੰਗ ਕਰਵਾਈ ਜਾਣੀ ਹੈ। ਇੰਟਰ ਸਟੇਟ ਨਾਕਿਆਂ ਨਾਲ ਸਬੰਧਤ ਡੀ.ਸੀ., ਐਸ.ਐਸ.ਪੀ ਦਾ ਵਾਟਅੱਪਸ ਗਰੁੱਪ ਬਣਾਇਆ ਜਾਣਾ ਹੈ ਅਤੇ ਇਹ ਗਰੁੱਪ ਇਲੈਕਸ਼ਨ ਖਤਮ ਹੋਣ ਤੱਕ ਕੰਮ ਕਰੇਗਾ। ਜ਼ਿਲ੍ਹਾ ਐਸ.ਏ.ਐਸ.ਨਗਰ ਨਾਲ ਲੱਗਣ ਵਾਲੇ ਇੰਟਰ ਸਟੇਟ ਨਾਕੇ ਜਿਵੇਂ ਕਿ ਬਾਰਡਰ: ਹਰਿਆਣਾ, ਹਿਮਾਚਲ ਅਤੇ ਚੰਡੀਗੜ੍ਹ ਵਿੱਚ ਐਂਟਰ ਕਰਨ ਸਮੇ ਵੈਬ ਸਟਰਿਮਿੰਗ ਇਸ ਜ਼ਿਲ੍ਹੇ ਵੱਲੋਂ ਕਰਵਾਈ ਜਾਵੇਗੀ। ਜ਼ਿਲ੍ਹਾ ਚੋਣ ਅਫ਼ਸਰ ਵੱਲੋਂ ਇਹ ਵੀ ਹਦਾਇਤ ਕੀਤੀ ਗਈ ਕਿ ਮੇਨਰੋਡ ਅਤੇ ਲਿੰਕ ਰੋਡਾਂ ਤੇ ਲਿੱਕਰ ਅਤੇ ਕੈਸ਼ਫਲੋ ਦੀ ਪੂਰੀ ਜਾਂਚ ਕੀਤੀ ਜਾਵੇ। ਸਮੂਹ ਸੀਨੀਅਰ ਪੁਲਿਸ ਕਪਤਾਨ ਨੂੰ ਹਦਾਇਤਾ ਕੀਤੀ ਗਈ ਕਿ ਉਨ੍ਹਾਂ ਵੱਲੋਂ ਪੀ.ਓ ਦੀਆ ਲਿਸਟਾਂ ਇਸ ਦਫ਼ਤਰ ਨਾਲ ਸ਼ੇਅਰ ਕੀਤੀ ਜਾਵੇ। ਵੈਬ ਕਾਸ਼ਟਿੰਗ ਸਬੰਧੀ ਜਾਣਕਾਰੀ ਸ਼ੇਅਰ ਕਰਨ ਲਈ ਇੱਕ ਐਸ.ਓ.ਪੀ ਬਣਾਈ ਜਾਵੇਗੀ। ਜ਼ਿਲ੍ਹਾ ਪੱਧਰ ਅਤੇ ਵਿਧਾਨ ਸਭਾ ਚੋਣ ਹਲਕਾ ਪੱਧਰ ਤੇ ਵੈਬ ਕਾਸਟਿੰਗ ਸਬੰਧੀ ਨਿਯੁੱਕਤ ਕੀਤੇ ਗਏ ਨੋਡਲ ਅਫ਼ਸਰਾਂ ਦਾ ਇੱਕ ਗਰੁੱਪ ਬਣਾਇਆ ਜਾਵੇ।ਵੀਡੀਓ ਕਾਨਫਰੰਸ ਰਾਹੀਂ ਕੀਤੀ ਇਸ ਮੀਟਿੰਗ ਵਿੱਚ ਡੀ.ਸੀ. ਰੂਪਨਗਰ, ਪਟਿਆਲਾ, ਅੰਬਾਲਾ, ਪੰਚਕੂਲਾ, ਸੋਲਨ, ਚੰਡੀਗੜ੍ਹ ਅਤੇ ਸਮੂਹ ਐਸ.ਐਸ.ਪੀ ਅਤੇ ਨੋਡਲ ਅਫ਼ਸਰ ਐਕਸਾਈਜ਼ ਵੱਲੋਂ ਭਾਗ ਲਿਆ ਗਿਆ।

# ਬੇਟ ਖੇਤਰ ਦੇ ਵੱਖ-ਵੱਖ ਪਿੰਡਾਂ 'ਚ ਸੁਵਿਧਾ ਕੈਂਪ ਲਗਾਏ

**ਟਾਂਡਾ ਉੜਮੁੜ, (ਜਸਵਿੰਦਰ ਸੰਧੂ, ਉਂਕਾਰ ਸਿੰਘ)**

ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਦੀ ਯੋਗ ਅਗਵਾਈ ਹੇਠ ਲੋਕਾਂ ਨੂੰ ਪਿੰਡਾਂ ਵਿੱਚ ਹੀ ਵੱਖ-ਵੱਖ ਵਿਭਾਗਾਂ ਨਾਲ ਸਬੰਧਤ ਸਹੂਲਤਾਂ ਪ੍ਰਦਾਨ ਕਰਨ ਦੇ ਮੰਤਵ ਨਾਲ ਪਿੰਡ ਭੂਲਪੁਰ, ਵੈਂਸ ਅਵਾਨ ਤੇ ਦਬੁਰਜੀ ਦੇ ਲਾਭ ਪਾਤਰੀਆਂ ਲਈ ਵਿਸ਼ੇਸ਼ ਸੁਵਿਧਾ ਕੈਂਪ ਲਗਾਏ ਗਏ।ਵਿਧਾਇਕ ਟਾਂਡਾ ਜਸਵੀਰ ਸਿੰਘ ਰਾਜਾ ਤੇ ਐਸ ਡੀ ਐਮ ਟਾਂਡਾ ਵਿਊਮ ਭਾਰਦਵਾਜ ਦੇ ਦਿਸ਼ਾ-ਨਿਰਦੇਸ਼ਾਂ ਅਧੀਨ ਲਗਾਏ ਗਏ ਇਹਨਾਂ ਕੈਂਪਾਂ ਦੌਰਾਨ ਬਲਾਕ ਆਪ ਪ੍ਰਧਾਨ ਕੇਸ਼ਵ ਸਿੰਘ ਸੈਨੀ ਤੇ ਤਹਿਸੀਲਦਾਰ ਗੁਰਪ੍ਰੀਤ ਸਿੰਘ ਟਾਂਡਾ ਨੇ ਕੈਂਪਾਂ ਵਿੱਚ ਪਹੁੰਚ ਕੇ ਜਿੱਥੇ ਕੈਂਪ ਦਾ ਨਿਰੀਖਣ ਕੀਤਾ। ਇਸ ਮੌਕੇ ਸੰਬੋਧਨ ਕਰਦਿਆਂ ਪ੍ਰਧਾਨ ਕੇਸ਼ਵ ਸੈਨੀ ਤੇ ਤਹਿਸੀਲਦਾਰ ਗੁਰਪ੍ਰੀਤ ਸਿੰਘ ਨੇ ਦੱਸਿਆ ਕਿ ਸੂਬਾ ਸਰਕਾਰ ਵੱਲੋਂ ਆਰੰਭ ਕੀਤੇ ਗਏ ਇਹਨਾਂ ਕੈਂਪਾਂ ਦੌਰਾਨ 11 ਵਿਭਾਗਾਂ ਦੇ ਅਧਿਕਾਰੀ ਪਹੁੰਚ ਕੇ ਲੋਕਾਂ ਨੂੰ ਸਰਕਾਰ ਵੱਲੋਂ ਜਾਰੀ ਵੱਖ ਵੱਖ ਤਰ੍ਹਾਂ ਦੀਆਂ 44 ਸੇਵਾਵਾਂ ਮੌਕੇ 'ਤੇ ਹੀ ਪ੍ਰਦਾਨ ਕਰਦੇ ਹਨ। ਇਸ ਮੌਕੇ ਕੋਰ ਕਮੇਟੀ ਮੈਂਬਰ ਰਜਿੰਦਰ ਸਿੰਘ ਮਾਰਸ਼ਲ, ਬਲਾਕ ਪ੍ਰਧਾਨ ਲਖਵਿੰਦਰ ਸਿੰਘ ਸੇਠੀ, ਬਲਾਕ ਪ੍ਰਧਾਨ ਸਰਬਜੀਤ ਸਿੰਘ ਵਿੱਕੀ, ਆਪ ਆਗੂ ਸਾਈ ਭੂਲਪੁਰੀਆ, ਨਵਜੋਤ ਸਿੰਘ ਸੈਨੀ, ਕਰਮਜੀਤ ਸਿੰਘ ,ਹਰਪ੍ਰੀਤ ਸਿੰਘ, ਸੰਦੀਪ ਸਿੰਘ, ਪਰਮਜੀਤ ਸਿੰਘ ,ਗਿਆਨ ਸਿੰਘ, ਬੁੱਧ ਨਾਥ, ਇੰਦਰਜੀਤ ਬੰਟੀ, ਸੁਰਜੀਤ ਸਿੰਘ,ਵਿਨੋਦ ਭੱਟੀ, ਪੂਜਾ ਰਾਣੀ ਕਮੇਟੀ ਦਫ਼ਤਰ ਟਾਂਡਾ, ਡਾ. ਰਵੀ ਕੁਮਾਰ ਵੀ ਮੌਜੂਦ ਸਨ।



# ਆਦਮਪੁਰ ਹਵਾਈ ਅੱਡੇ ਦਾ ਨਾਂਅ ਸ੍ਰੀ ਗੁਰੂ ਰਵਿਦਾਸ ਜੀ ਦੇ ਨਾਂਅ 'ਤੇ ਰੱਖਣ ਦੀ ਮੰਗ ਜਲਦੀ ਪੂਰੀ ਕਰੇ ਸਰਕਾਰ : ਰਵੀ ਚੁੰਬਰ



**ਆਦਮਪੁਰ, (ਪਰਮਜੀਤ ਸਿੰਘ)**

ਗੁਰੂ ਰਵੀਦਾਸ ਟਾਈਗਰ ਫੋਰਸ ਜਲੰਧਰ ਦੇ ਸਮੂਹ ਅਹੁਦੇਦਾਰ ਅਤੇ ਮੇਂਬਰਾ ਵੱਲੋਂ ਆਦਮਪੁਰ ਸਿਵਲ ਹਵਾਈ ਅੱਡੇ ਦਾ ਨਾਂਅ ਸ੍ਰੀ ਗੁਰੂ ਰਵਿਦਾਸ ਜੀ ਦੇ ਨਾਂਅ 'ਤੇ ਰੱਖਣ ਦੀ ਮੋਦੀ ਸਰਕਾਰ ਕੋਲ ਪੁਰਜ਼ੋਰ ਮੰਗ ਉਠਾਈ ਗਈ ਹੈ। ਉਨ੍ਹਾਂ ਕਿਹਾ ਕਿ ਇਹ ਕਦਮ ਦੇਸ਼ ਭਰ ਦੇ ਕਰੋੜਾਂ ਲੋਕਾਂ ਖਾਸ ਕਰਕੇ ਗੁਰੂ ਰਵਿਦਾਸ ਜੀ ਦੇ ਪੈਰੋਕਾਰਾਂ ਦੀਆਂ ਭਾਵਨਾਵਾਂ ਦਾ ਸਤਿਕਾਰ ਕਰੇਗਾ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾਂ ਗੁਰੂ ਰਵਿਦਾਸ ਟਾਈਗਰ ਫੋਰਸ ਦੇ ਜਲੰਧਰ ਤੋਂ ਪ੍ਰਧਾਨ ਰਵੀ ਚੁੱਬਰ ਵੱਲੋਂ ਆਦਮਪੁਰ ਏਅਰਪੋਰਟ ਵਿਖੇ ਨਵੇਂ ਬਣੇ ਟਾਮਿਨੀਲ ਦਾ ਉਦਘਾਟਨ ਕਰਨ ਆਏ ਕੇਦਰੀ ਰਾਜ ਮੰਤਰੀ ਸੋਮ ਪ੍ਰਕਾਸ਼ ਰਾਹੀ ਕੇਂਦਰੀ ਸ਼ਹਿਰੀ ਹਵਾਬਾਜ਼ੀ ਮੰਤਰੀ ਜੋਤੀਰਾਦਿੱਤਿਆ ਐੱਮ ਸਿੰਧੀਆ ਨੂੰ ਮੰਗ ਪੱਤਰ ਦੇਣ ਮੌਕੇ ਕਹੇ।ਉਨ੍ਹਾਂ ਵੱਲੋਂ ਜਿੱਥੇ ਇਸ ਹਵਾਈ ਅੱਡੇ 'ਤੇ ਉਡਾਨਾਂ ਨੂੰ ਜਲਦੀ ਮੁੜ ਸ਼ੁਰੂ ਕਰਨ ਨੂੰ ਯਕੀਨੀ ਬਣਾਉਣ ਲਈ ਤੁਰੰਤ ਕਾਰਵਾਈ ਲਈ ਉਹਨਾਂ ਦਾ ਧੰਨਵਾਦ ਕੀਤਾ। ਉੱਥੇ ਉਨ੍ਹਾਂ ਕਿਹਾ ਕਿ ਪੰਜਾਬ ਦੇ ਵੱਡੀ ਗਿਣਤੀ ਲੋਕ ਇਸ ਹਵਾਈ ਅੱਡੇ ਦਾ ਨਾਂ ਸ੍ਰੀ ਗੁਰੂ ਰਵਿਦਾਸ ਜੀ ਦੇ ਨਾਂਅ 'ਤੇ ਰੱਖਣਾ ਚਾਹੁੰਦੇ ਹਨ ਤੇ ਪੰਜਾਬ ਵਿਧਾਨ ਸਭਾ ਪਹਿਲਾਂ ਹੀ ਲੋਕ ਭਾਵਨਾਵਾਂ ਨੂੰ ਧਿਆਨ 'ਚ ਰੱਖਦਿਆਂ ਕਾਂਗਰਸ ਸਰਕਾਰ ਵੱਲੋਂ ਇਸ ਸਬੰਧੀ ਮਤਾ ਪਾਸ ਕੀਤਾ ਗਿਆ ਸੀ। ਇਸ ਲਈ ਕੇਂਦਰ ਸਰਕਾਰ ਵੀ ਆਦਮਪੁਰ ਹਵਾਈ ਅੱਡੇ ਦਾ ਨਾਂ ਸ੍ਰੀ ਗੁਰੂ ਰਵਿਦਾਸ ਜੀ ਦੇ ਨਾਂਅ 'ਤੇ ਰੱਖਣ ਲਈ ਲੋੜੀਂਦੀ ਕਾਰਵਾਈ ਕਰੇ।ਇਸ ਮੌਕੇ ਹੋਰਨਾਂ ਤੋਂ ਇਲਾਵਾ ਦੇਸ ਰਾਜ ਧੀਰ ਪ੍ਰਧਾਨ ਆਦਮਪੁਰ, ਰਵੀ ਵਾਲੀਆਂ ਜਰਨਲ ਸਕੱਤਰ ਆਦਮਪੁਰ, ਰਾਜਵੀਰ ਬਡਿਆਲ, ਰਮਨ ਪੁਆਰ, ਜਸਪਾਲ ਸਿੱਧੂ ਅਤੇ ਹੋਰ ਹਾਜ਼ਰ ਸਨ।

# ਸੀ ਏ ਏ ਨੂੰ ਲਾਗੂ ਕਰਨਾ ਇੱਕ ਇਤਿਹਾਸਕ ਕਦਮ : ਪਵਨ ਸੇਠੀ



**ਸੁਲਤਾਨਪੁਰ ਲੋਧੀ, (ਹਨੀ)**- ਲੋਕ ਸਭਾ ਚੋਣਾਂ ਤੋਂ ਪਹਿਲਾਂ ਕੇਂਦਰ ਦੀ ਮੋਦੀ ਸਰਕਾਰ ਨੇ ਵੱਡਾ ਐਲਾਨ ਕੀਤਾ ਹੈ।ਭਾਰਤ ਵਿੱਚ ਸੀ ਏ ਏ ਯਾਨੀ ਨਾਗਰਿਕਤਾ ਸੋਧ ਕਾਨੂੰਨ ਦਾ ਨੋਟੀਫਿਕੇਸ਼ਨ ਜਾਰੀ ਕਰ ਦਿੱਤਾ ਗਿਆ ਹੈ।ਇਸ ਕਾਨੂੰਨ ਤਹਿਤ ਹੁਣ ਤਿੰਨ ਗੁਆਂਢੀ ਮੁਲਕਾਂ ਪਾਕਿਸਤਾਨ, ਅਫਗਾਨਿਸਤਾਨ ਅਤੇ ਬੰਗਲਾ ਦੇਸ਼ ਦੀਆਂ ਘੱਟ ਗਿਣਤੀਆਂ ਦੇ ਲੋਕ ਭਾਰਤ ਦੀ ਨਾਗਰਿਕਤਾ ਪ੍ਰਾਪਤ ਕਰ ਸਕਣਗੇ।ਇਸ ਦੌਰਾਨ ਭਾਜਪਾ ਦੇ ਸੀਨੀਅਰ ਨੇਤਾ ਅਤੇ ਸਾਬਕਾ ਕੌਂਸਲਰ ਪਵਨ ਸੇਠੀ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਦਾ ਧੰਨਵਾਦ ਕਰਦਿਆਂ ਇਸ ਫੈਸਲੇ ਨੂੰ ਇਤਿਹਾਸਕ ਦੱਸਿਆ। ਉਨ੍ਹਾ ਕਿਹਾ ਕਿ ਕਿਸੇ ਦੀ ਨਾਗਰਿਕਤਾ ਨਹੀਂ ਖੋਹੀ ਜਾਵੇਗੀ, ਸਗੋਂ ਨਾਗਰਿਕਤਾ ਦਿੱਤੀ ਜਾਵੇਗੀ। ਜੇਕਰ ਫਿਰ ਵੀ ਕੋਈ ਇਸ ਦਾ ਵਿਰੋਧ ਕਰਦਾ ਹੈ ਤਾਂ ਦੇਸ਼ ਦੀ ਜਨਤਾ ਉਸ ਨੂੰ ਚੋਣਾਂ ਅਤੇ ਸੜਕਾਂ ਤੇ ਮੂੰਹ ਤੋੜਵਾਂ ਜਵਾਬ ਦੇਵੇਗੀ।

14-MAR-PAGE-10.qxd 3/13/2024 10:24 PM Page 1



# ਦਰਜਾ ਚਾਰ ਮੁਲਾਜ਼ਮਾਂ ਦੀਆਂ ਲਟਕਦੀਆਂ ਮੰਗਾਂ ਦਾ ਤੁਰੰਤ ਨਿਪਟਾਰਾ ਕਰਨ ਦੀ ਮੰਗ



**ਕੋਟਕਪੂਰਾ, (ਰਛਪਾਲ ਭੁੱਲਰ)** ਦੀ ਕਲਾਸ ਫੋਰ ਗੌਰਮਿੰਟ ਇੰਪਲਾਈਜ ਯੂਨੀਅਨ ਪਸ਼ੂ ਪਾਲਣ ਵਿਭਾਗ ਪੰਜਾਬ ਦੀ ਹੰਗਾਮੀ ਮੀਟਿੰਗ ਸੂਬਾ ਪ੍ਰਧਾਨ ਜਗਦੀਸ਼ ਸਿੰਘ ਬਰਨਾਲਾ ਤੇ ਚੇਅਰਮੈਨ ਰਾਮ ਸਿੰਘ ਬਠਿੰਡਾ ਦੀ ਅਗਵਾਈ ਵਿੱਚ ਈਸੜੂ ਭਵਨ ਲੁਧਿਆਣਾ ਵਿਖੇ ਹੋਈ।

ਮੀਟਿੰਗ ਵਿੱਚ ਪੰਜਾਬ ਦੇ ਸੂਬਾ ਕਮੇਟੀ ਮੈਂਬਰ ਤੇ ਸਾਰੇ ਜ਼ਿਲ੍ਹਾ ਪ੍ਰਧਾਨ ਸ਼ਾਮਲ ਹੋਏ।ਵੱਖ-ਵੱਖ ਮੁੱਦਿਆਂ 'ਤੇ ਵਿਚਾਰ ਵਟਾਂਦਰਾ ਕੀਤਾ ਗਿਆ।ਮੀਟਿੰਗ ਦੀ ਕਾਰਵਾਈ ਪ੍ਰੈਸ ਦੇ ਨਾਂਅ ਜਾਰੀ ਕਰਦਿਆਂ ਜਥੇਬੰਦੀ ਦੇ ਸੂਬਾਈ ਮੀਤ ਪ੍ਰਧਾਨ ਇਕਬਾਲ ਸਿੰਘ ਢੁੱਡੀ ਤੇ ਕੁਲਬੀਰ ਸਿੰਘ ਸਰਾਵਾਂ ਨੇ ਦੱਸਿਆ ਕਿ ਪੰਜਾਬ ਸਰਕਾਰ ਮੁਲਾਜ਼ਮਾਂ ਨਾਲ ਲਗਾਤਾਰ ਵਿਤਕਰੇ ਕਰ ਰਹੀ ਹੈ।ਮੁਲਾਜ਼ਮਾਂ ਦਾ ਬਨਦਾ ਡੀ ਏ ਦੱਬੀ ਬੈਠੀ ਹੈ।ਪੇਅ ਕਮਿਸ਼ਨ ਦਾ ਪਿਛਲਾ ਬਨਦਾ ਬਕਾਇਆ ਜਾਰੀ ਨਹੀਂ ਕੀਤਾ ਜਾ ਰਿਹਾ ਅਤੇ ਨਾਲ ਹੀ ਪਸ਼ੂ ਪਾਲਣ ਵਿਭਾਗ ਦੇ ਵਿੱਚ ਦਰਜਾ ਚਾਰ ਮੁਲਾਜ਼ਮਾਂ ਨੂੰ ਆ ਰਹੀਆਂ ਮੁਸ਼ਕਲਾਂ ਦਾ ਹੱਲ ਕਰਨ ਵਿੱਚ ਲਗਾਤਾਰ ਨਾਕਾਮ ਰਹੀ ਹੈ।ਪਸ਼ੂ ਪਾਲਣ ਵਿਭਾਗ ਵਿੱਚ ਦਰਜਾ ਚਾਰ ਮੁਲਾਜ਼ਮਾਂ ਦੀ ਗਿਣਤੀ ਬਹੁਤ ਘੱਟ ਰਹਿ ਗਈ ਹੈ।ਪੰਜਾਬ ਸਰਕਾਰ ਵੱਲੋਂ ਐਲਾਨ ਕੀਤਾ ਗਿਆ ਸੀ ਕਿ ਪਸ਼ੂ ਪਾਲਣ ਵਿਭਾਗ ਵਿੱਚ ਦਰਜਾ ਚਾਰ ਦੀਆਂ 1183 ਪੋਸਟਾਂ ਦੀ ਭਰਤੀ ਜਾਵੇਗੀ, ਜੋ ਅਜੇ ਤੱਕ ਕੁੱਝ ਵੀ ਨਹੀਂ ਕੀਤਾ ਗਿਆ।

ਆਗੂਆਂ ਨੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ 1183 ਪੋਸਟਾਂ ਦੀ ਭਰਤੀ ਜਲਦ ਤੋਂ ਜਲਦ ਕੀਤੀ ਜਾਵੇ ਅਤੇ 497 ਕੱਚੇ ਦਰਜਾ ਚਾਰ ਮੁਲਾਜ਼ਮਾਂ ਨੂੰ ਵੀ ਇਸ ਭਰਤੀ ਵਿੱਚ ਮਰਜ ਕੀਤਾ ਜਾਵੇ।ਮੀਟਿੰਗ 'ਚ ਵਿਚਾਰ ਪੇਸ਼ ਕਰਦੇ ਹੋਏ ਸੀਨੀਅਰ ਮੀਤ ਪ੍ਰਧਾਨ ਗੌਤਮ ਭਾਰਦਵਾਜ, ਅਮੋਲਕ ਸਿੰਘ ਦਫ਼ਤਰ ਸਕੱਤਰ ਲੁਧਿਆਣਾ, ਦਰਸ਼ਨ ਸਿੰਘ ਸਲਾਹਕਾਰ ਮੁਹਾਲੀ ਵੱਲੋਂ ਕਿਹਾ ਗਿਆ ਕਿ ਪਸ਼ੂ ਪਾਲਣ ਵਿਭਾਗ ਅਤੇ ਪੰਜਾਬ ਸਰਕਾਰ ਨਾਲ ਵਾਰ-ਵਾਰ ਮੀਟਿੰਗਾਂ ਕਰਨ ਉਪਰੰਤ ਪੜ੍ਹੇ-ਲਿਖੇ ਦਰਜਾ ਚਾਰ ਮੁਲਾਜ਼ਮਾਂ ਦਾ ਪ੍ਰਮੋਸ਼ਨ ਚੈਨਲ ਨਹੀਂ ਖੋਲ੍ਹਿਆ ਜਾ ਰਿਹਾ, ਜਿਸ ਕਾਰਨ ਮੁਲਾਜ਼ਮਾਂ ਵਿੱਚ ਬਹੁਤ ਜ਼ਿਆਦਾ ਰੋਸ ਹੈ, ਇਸਦਾ ਖਮਿਆਜ਼ਾ ਵੋਟਾਂ ਵਿੱਚ ਪੰਜਾਬ ਸਰਕਾਰ ਨੂੰ ਭੁਗਤਣਾ ਪੈ ਸਕਦਾ ਹੈ।ਮੀਟਿੰਗ ਦੌਰਾਨ ਫਾਹੀ ਪੰਜਾਬ ਸਰਕਾਰ ਤੋਂ ਮੰਗ ਕੀਤੀ ਗਈ ਕਿ ਪਸ਼ੂ ਪਾਲਣ ਵਿਭਾਗ ਦੇ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਜਥੇਬੰਦੀ ਨੂੰ ਗੱਲਬਾਤ ਦਾ ਸਮਾਂ ਦੇ ਕੇ ਤੁਰੰਤ ਮੁਸ਼ਕਲਾਂ ਦਾ ਜਲਦੀ ਤੋਂ ਜਲਦੀ ਹੱਲ ਕਰਨ।ਮੀਟਿੰਗ ਵਿੱਚ ਹੋਰਨਾਂ ਤੋਂ ਇਲਾਵਾ ਪੰਜਾਬ ਚੇਅਰਮੈਨ ਰਾਮ ਸਿੰਘ ਬਠਿੰਡਾ, ਜਨਰਲ ਸਕੱਤਰ ਬਸੰਤ ਸਿੰਘ ਮੋਗਾ, ਦਰਸ਼ਨ ਸਿੰਘ ਸਲਾਹਕਾਰ ਮੋਹਾਲੀ, ਜਸਵੀਰ ਸਿੰਘ ਐਲ ਏ ਲੁਧਿਆਣਾ , ਗੁਰਦੀਪ ਸਿੰਘ ਭਗਤਾ, ਗੁਰਮੇਲ ਸਿੰਘ ਖ਼ਜ਼ਾਨਚੀ ਸ੍ਰੀ ਮੁਕਤਸਰ ਸਾਹਿਬ, ਸੇਵਾ ਸਿੰਘ ਲੁਧਿਆਣਾ, ਦਲਜੀਤ ਸਿੰਘ ਗੁਰਦਾਸਪੁਰ, ਜੰਗ ਸਿੰਘ ਤਰਨਤਾਰਨ ਜ਼ਿਲ੍ਹਾ ਪ੍ਰਧਾਨ, ਵਿਜੇ ਕੁਮਾਰ, ਜਸਵੰਤ ਸਿੰਘ ਫ਼ਿਰੋਜ਼ਪੁਰ ਜ਼ਿਲ੍ਹਾ ਪ੍ਰਧਾਨ, ਜਸਵੰਤ ਸਿੰਘ ਫ਼ਤਿਹਗੜ੍ਹ ਸਾਹਿਬ ਤੇ ਗੁਰਬਚਨ ਸਿੰਘ ਲੱਧੜ ਲੁਧਿਆਣਾ ਆਦਿ ਸ਼ਾਮਲ ਸਨ।

# ਦਿੱਲੀ ਮਹਾਂਪੰਚਾਇਤ 'ਚ ਸ਼ਮੂਲੀਅਤ ਲਈ ਬੀ ਕੇ ਯੂ ਡਕੌਂਦਾ ਧਨੇਰ ਦੀ ਮੀਟਿੰਗ

**ਝੁਨੀਰ (ਆਤਮਾ ਸਿੰਘ ਪਮਾਰ)**-ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ (ਧਨੇਰ) ਵਲੋਂ ਬਲਾਕ ਝੁਨੀਰ ਦੀ ਇੱਕ ਜ਼ਰੂਰੀ ਮੀਟਿੰਗ ਡੇਰਾ ਬਾਬਾ ਧਿਆਨ ਦਾਸ ਜੀ



ਵਿਖੇ ਹੋਈ। ਮੀਟਿੰਗ ਵਿੱਚ ਵਿਸ਼ੇਸ਼ ਤੌਰ 'ਤੇ ਜ਼ਿਲ੍ਹਾ ਮੀਤ ਪ੍ਰਧਾਨ ਬਲਕਾਰ ਸਿੰਘ ਚਹਿਲ ਅਤੇ ਮਾਨਸਾ ਬਲਾਕ ਦੀਆਂ ਔਰਤ ਆਗੂ ਸੁਖਜੀਤ ਕੌਰ ਭੈਣੀਬਾਘਾ, ਜਸਪ੍ਰੀਤ ਕੌਰ ਭੈਣੀ ਬਾਘਾ ਆਦਿ ਨੇ ਵੀ ਸ਼ਮੂਲੀਅਤ ਕੀਤੀ । ਔਰਤ ਆਗੂਆਂ ਨੇ ਦੱਸਿਆ ਕਿ ਸੰਯੁਕਤ ਕਿਸਾਨ ਮੋਰਚੇ ਵਿੱਚ ਸ਼ਾਮਲ ਸਾਰੇ ਭਾਰਤ ਦੀਆਂ 450 ਕਿਸਾਨ ਜਥਬੰਦੀਆਂ, ਪੰਜਾਬ ਦੀਆਂ 37 ਕਿਸਾਨ ਜਥਬੰਦੀਆਂ ਤੋਂ ਇਲਾਵਾ ਮਜ਼ਦੂਰ ਅਤੇ ਮੁਲਾਜ਼ਮਾਂ ਦੀਆਂ ਟਰੇਡ ਯੂਨੀਅਨ ਵਲੋਂ 14 ਮਾਰਚ ਨੂੰ ਰਾਮਲੀਲ੍ਹਾ ਮੈਦਾਨ ਦਿੱਲੀ ਵਿਖੇ ਕਿਸਾਨ ਮਹਾਂਪੰਚਾਇਤ ਕੀਤੀ ਜਾਵੇਗੀ। ਜਿਸ ਵਿੱਚ ਸ਼ਾਮਲ ਹੋਣ ਲਈ ਮਾਨਸਾ ਤੋਂ 9 ਵਜੇ ਰੇਲਵੇ ਸਟੇਸ਼ਨ ਮਾਨਸਾ ਤੋਂ ਰੇਲ ਗੱਡੀ ਰਾਹੀਂ ਜਥੇ ਦੇ ਰੂਪ ਵਿੱਚ ਰਵਾਨਾ ਹੋਇਆ ਜਾਵੇਗਾ। ਮਹਾਂਪੰਚਾਇਤ ਵਿੱਚ ਸਾਰੀਆਂ ਫਸਲਾਂ, ਦੁੱਧ ਅਤੇ ਸਬਜ਼ੀਆਂ 'ਤੇ ਐਮ ਐਸ ਪੀ ਮੰਨੀ ਹੋਈ ਮੰਗ ਉੱਪਰ ਗਰੰਟੀ ਦੇਵੇਗੀ। ਕਿਸਾਨਾਂ ਦਾ ਸਾਰਾ ਕਰਜ਼ਾ ਮੁਆਫ ਕੀਤਾ ਜਾਵੇ। ਲਖੀਮਪੁਰ ਖੀਰੀ ਵਿਖੇ ਕਿਸਾਨਾਂ ਅਤੇ ਪੱਤਰਕਾਰ ਸਾਥੀ ਨੂੰ ਦਰੜ ਕੇ ਮਾਰਨ ਵਾਲੇ ਅਜੇ ਮਿਸ਼ਰਾ ਟੈਣੀ ਅਤੇ ਉਸ ਦੇ ਸਾਥੀਆਂ ਨੂੰ ਕਾਲ ਕੋਠੜੀ ਵਿੱਚ ਬੰਦ ਕਰਕੇ ਸਖਤ ਤੋਂ ਸਖਤ ਸਜ਼ਾਵਾਂ ਦਿੱਤੀਆਂ ਜਾਣ। ਭਾਰਤ ਵਿਸ਼ਵ ਵਪਾਰ ਸੰਸਥਾ ਵਿਚੋਂ ਬਾਹਰ ਆਵੇ। ਪਹਿਲੇ ਕਿਸਾਨੀ ਅੰਦੋਲਨ ਦੌਰਾਨ ਕੇਂਦਰ ਸਰਕਾਰ ਵਲੋਂ ਮੰਨੀਆਂ ਹੋਈਆਂ ਮੰਗਾਂ ਨੂੰ ਵੀ ਲਾਗੂ ਕੀਤਾ ਜਾਵੇ। ਇਸ ਮੀਟਿੰਗ ਵਿੱਚ ਹੋਰਨਾਂ ਤੋਂ ਇਲਾਵਾ ਮਿੱਠੂ ਸਿੰਘ ਭੰਮੇ, ਬਲਜਿੰਦਰ ਸਿੰਘ ਢਿੱਲੋਂ, ਮੱਖਣ ਸਿੰਘ ਉੱਡਤ, ਕਰਨੈਲ ਸਿੰਘ ਚੋਟੀਆਂ, ਮੱਖਣ ਸਿੰਘ ਝੁਨੀਰ, ਜੈਲਾ ਸਿੰਘ ਰਾਮਾਨੰਦੀ, ਗੰਗਾ ਸਿੰਘ ਕੋਰਵਾਲਾ, ਸੁਖਵਿੰਦਰ ਸਿੰਘ ਚਹਿਲ, ਬਿੰਦਰ ਸਿੰਘ ਪੇਰੋਂ, ਬਹਾਲ ਸਿੰਘ ਮੋਫਰ, ਤਿੱਤਰ ਸਿੰਘ ਟਾਡੀਆ, ਜਸਵੀਰ ਸਿੰਘ ਮੋਫਰ, ਜਸਕਰਨ ਸਿੰਘ ਭਲਾਈਕੇ ਆਦਿ ਵੀ ਹਾਜ਼ਰ ਸਨ।

# ਨਾਰਦਰਨ ਰੇਲਵੇ ਮੈਨਸ ਯੂਨੀਅਨ ਵੱਲੋਂ ਬਰਾਂਚ ਕੌਂਸਲ ਮੀਟਿੰਗ



**ਫਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਨਾਰਦਨ ਰੇਲਵੇ ਮੈਨਸ ਯੂਨੀਅਨ ਸਰਹਿੰਦ ਬ੍ਰਾਂਚ ਵੱਲੋਂ ਯੂਨੀਅਨ ਦਫ਼ਤਰ ਵਿੱਚ ਬ੍ਰਾਂਚ ਕੌਂਸਲ ਬੈਠਕ ਕੀਤੀ ਗਈ।ਬੈਠਕ ਦੀ ਪ੍ਰਧਾਨਗੀ ਐਨ.ਆਰ ਐਮ.ਯੂ ਸਰਹਿੰਦ ਬ੍ਰਾਂਚ ਦੇ ਪ੍ਰਧਾਨ ਸੰਜੀਵ ਵਰਮਾ ਤੇ ਸੈਕਟਰੀ ਜਗਦੀਪ ਸਿੰਘ ਨੇ ਕੀਤੀ।ਕ੍ਰਮਚਾਰੀਆਂ ਨੂੰ ਸੰਬੋਧਨ ਕਰਦਿਆਂ ਬ੍ਰਾਂਚ ਸੈਕਟਰੀ ਜਗਦੀਪ ਸਿੰਘ ਕਾਹਲੋਂ ਨੇ ਕਿਹਾ ਕਿ ਯੂ.ਆਰ.ਐਮ.ਯੂ ਦੀਆਂ ਨੀਤੀਆਂ ਤੋਂ ਤੰਗ ਆ ਕੇ ਯੂ.ਆਰ.ਐਮ.ਯੂ ਸਰਹਿੰਦ ਬ੍ਰਾਂਚ ਦੇ ਉਪ ਪ੍ਰਧਾਨ ਕਰਨੈਲ ਸਿੰਘ, ਕੁਲਦੀਪ ਸਿੰਘ, ਹਰਬੰਸ ਸਿੰਘ, ਮੋਤੀ ਲਾਲ ਨੇ ਆਪਣੀ ਪੂਰੀ ਟੀਮ ਨਾਲ ਨਾਰਦਨ ਰੇਲਵੇ ਮੈਨਸ ਯੂਨੀਅਨ ਨੂੰ ਜੁਆਇਨ ਕੀਤਾ। ਉਨ੍ਹਾਂ ਕਿਹਾ ਕਿ ਕਰਨੈਲ ਸਿੰਘ ਤੇ ਉਨ੍ਹਾਂ ਦੀ ਟੀਮ ਨਾਲ ਨਾਰਦਨ ਰੇਲਵੇ ਮੈਨਸ ਯੂਨੀਅਨ ਸਰਹਿੰਦ ਬ੍ਰਾਂਚ ਨੂੰ ਹੋਰ ਤਾਕਤ ਮਿਲੇਗੀ। ਉਨ੍ਹਾਂ ਨੌਜਵਾਨ ਕ੍ਰਮਚਾਰੀਆਂ ਨੂੰ ਅਪੀਲ ਕੀਤੀ ਕਿ ਉਹ ਵੱਧ ਤੋਂ ਵੱਧ ਨਾਰਦਨ ਰੇਲਵੇ ਮੈਨਸ ਯੂਨੀਅਨ ਦੀ ਵਿਚਾਰਧਾਰਾ ਨਾਲ ਜੁੜਨ ਅਤੇ ਅੱਗੇ ਹੋ ਕੇ ਯੂਨੀਅਨ ਦੀ ਸੇਵਾ ਕਰਨ ਤਾਂ ਜੁ ਸੰਗਠਨ ਵਿੱਚ ਹੋਰ ਮਜਬੂਤੀ ਆ ਸਕੇ।ਇਸ ਮੌਕੇ ਟੀ.ਆਰ.ਡੀ ਦੇ ਨੌਜਵਾਨ ਕ੍ਰਮਚਾਰੀਆਂ ਦਾ ਫੁੱਲ ਮਾਲਾ ਨਾਲ ਸਵਾਗਤ ਕੀਤਾ ਗਿਆ। ਬ੍ਰਾਂਚ ਪ੍ਰਧਾਨ ਸੰਜੀਵ ਵਰਮਾ ਨੇ ਕਿਹਾ ਕਿ ਸਾਨੂੰ ਆਲ ਇੰਡੀਆ ਰੇਲਵੇ ਮੈਨਸ ਫੈਡਰੇਸ਼ਨ ਅਤੇ ਨਾਰਦਨ ਰੇਲਵੇ ਮੈਨਸ ਯੂਨੀਅਨ ਦੇ ਇਤਿਹਾਸ ਨੂੰ ਹਮੇਸ਼ਾ ਯਾਦ ਰੱਖਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਐਨਪੀਐਸ ਵਰਗੇ ਵੱਡੇ ਮੁੱਦਿਆਂ 'ਤੇ ਸਾਰੇ ਰੇਲਵੇ ਕ੍ਰਮਚਾਰੀਆਂ ਨੂੰ ਇਕੱਠੇ ਹੋ ਕੇ ਦੀ ਸੰਘਰਸ਼ ਕਰਨ ਦੀ ਲੋੜ ਹੈ।ਉਨ੍ਹਾਂ ਕਿਹਾ ਕਿ ਜੇਕਰ ਕੇਂਦਰ ਸਰਕਾਰ ਦੀਆਂ ਮਜ਼ਦੂਰ ਵਿਰੋਧੀ ਨੀਤੀਆਂ ਦੇ ਖਿਲਾਫ਼ ਸੰਘਰਸ਼ ਨਾ ਕੀਤਾ ਗਿਆ ਤਾਂ ਪੁਰਾਣੇ ਪੈਨਸ਼ਨ ਕਦੇ ਕ੍ਰਮਚਾਰੀਆਂ ਨੂੰ ਨਹੀਂ ਮਿਲ ਸਕਦੀ।

## 'ਪ੍ਰਾਰੰਭ ਪਰਿਕਸ਼ਨ' ਸ.ਫਲਤਾਪੂਰਵਕ ਸੰਪੰਨ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਬੇਸ਼ੱਕ ਰੋਟਰੀ ਦਾ ਨਵਾਂ ਸਾਲ 1 ਜੁਲਾਈ ਤੋਂ ਸ਼ੁਰੂ ਹੁੰਦਾ ਹੈ, ਪਰ ਇਸ ਦੀਆਂ ਤਿਆਰੀਆਂ ਕਈ ਮਹੀਨਿਆਂ ਪਹਿਲਾਂ ਹੀ ਸ਼ੁਰੂ ਹੋ ਜਾਂਦੀਆਂ ਹਨ।ਇਸ ਤਿਆਰੀਆਂ ਦੀ ਲੜੀ ਵਿੱਚ ਰੋਟਰੀ ਡਿਸਟ੍ਰਿਕਟ 3090 ਦੇ ਜ਼ੋਨ 1 ਅਧੀਨ ਆਉਂਦੇ ਰੋਟਰੀ ਕਲੱਬਾਂ ਦੇ ਪ੍ਰਧਾਨ ਤੇ ਸਕੱਤਰਾਂ ਦੀ ਪ੍ਰੀ-ਟ੍ਰੇਨਿੰਗ ਸਥਾਨਕ ਭਸੀਨ ਹੋਟਲ ਵਿਖੇ ਡਿਸਟ੍ਰਿਕਟ ਗਵਰਨਰ 2024-25 ਡਾ. ਸੰਦੀਪ ਚੌਹਾਨ ਦੀ ਅਗਵਾਈ ਵਿਚ ਸਫ਼ਲਤਾਪੂਰਵਕ ਸੰਪੰਨ ਹੋਈ, ਜਿਸ ਵਿੱਚ ਡਿਸਟ੍ਰਿਕ ਗਵਰਨਰ ਘਨਸ਼ਾਮ ਕਾਂਸਲ ਮੁੱਖ ਮਹਿਮਾਨ, ਪ੍ਰਿਸਾਈਡਿੰਗ ਅਫ਼ਸਰ ਪਾਸਟ ਡਿਸਟ੍ਰਿਕਟ ਗਵਰਨਰ ਪ੍ਰੇਮ ਅਗਰਵਾਲ, ਗੈਸਟ ਆਫ਼ ਹੋਨਰ ਪਾਸਟ ਡਿਸਟ੍ਰਿਕਟ ਗਵਰਨਰ ਵਿਜੇ ਅਰੋੜਾ ਤੇ ਵਿਸ਼ੇਸ਼ ਮਹਿਮਾਨ ਦੇ ਰੂਪ ਵਿਚ ਮੇਜਰ ਭੁੱਲਰ ਨੇ ਭਾਗ ਲਿਆ।ਪ੍ਰੋਗਰਾਮ ਦੇ ਕੋਆਡਰੀਨੇਟਰ ਅਸਿਸਟੈਂਟ ਗਵਰਨਰ ਕੋਆਰਡੀਨੇਟਰ ਲਲਿਤ ਗੁਪਤਾ, ਕੋ-ਕੋਆਡੀਨੇਟਰ ਅਸਿਸਟੈਂਟ ਗਵਰਨਰ ਕਮਲ ਸ਼ਰਮਾ ਤੇ ਅਸਿਸਟੈਂਟ ਗਵਰਨਰ ਡਾ. ਸੁਰਿੰਦਰ ਸਿੰਘ ਕਪੂਰ ਨੇ ਵਧੇਰੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਇਸ ਟ੍ਰੇਨਿੰਗ ਵਿੱਚ 15 ਤੋਂ ਵੱਧ ਰੋਟਰੀ ਕਲੱਬਾਂ ਦੇ ਪ੍ਰਧਾਨ ਅਤੇ ਸੱਕਤਰਾਂ ਨੇ ਭਾਗ ਲਿਆ ਤੇ ਰੋਟਰੀ ਦਾ ਇਤਿਹਾਸ, ਮਾਈ ਰੋਟਰੀ, ਟਿਕਾਊ ਪ੍ਰੋਜੈਕਟ ਅਤੇ ਪਬਲਿਕ ਇਮੇਜ, ਰੋਟਰੀ ਪ੍ਰਧਾਨ ਦੇ ਕੰਮ ਅਤੇ ਜ਼ਿੰਮੇਵਾਰੀਆਂ, ਟੀ.ਆਰ.ਐਫ., ਮੈਂਬਰਸ਼ਿਪ ਗ੍ਰੋਥ ਆਦਿ ਵਿਸ਼ਿਆਂ ਤੇ ਟ੍ਰੇਨਿੰਗ ਪ੍ਰਾਪਤ ਕੀਤੀ।ਅਸਿਸਟੈਂਟ ਗਵਰਨਰ ਵਿਮਲ ਗਰਗ, ਅਸਿਸਟੈਂਟ ਗਵਰਨਰ ਹਰਜਿੰਦਰ ਹਾਂਡਾ, ਅਸਿਸਟੈਂਟ ਗਵਰਨਰ ਕੁਲਦੀਪ ਗਰਗ ਅਤੇ ਅਸਿਸਟੈਂਟ ਗਵਰਨਰ ਪ੍ਰਸ਼ਾਂਤ ਬਿਸ਼ਨੋਈ ਆਦਿ ਨੇ ਦੱਸਿਆ ਕਿ ਇਸ ਟ੍ਰੇਨਿੰਗ ਦਾ ਮੰਤਵ ਕਲੱਬ ਮੁਖੀਆਂ ਨੂੰ ਉਨ੍ਹਾਂ ਦੇ ਕਾਰਜ ਕਾਲ ਲਈ ਤਿਆਰ ਕਰਨਾ ਸੀ।ਵੱਖ-ਵੱਖ ਬੁਲਾਰਿਆਂ ਨੇ ਦੱਸਿਆ ਕਿ ਕਿਵੇਂ ਰੋਟਰੀ ਸਮਾਜ ਸੇਵਾ ਦੇ ਖੇਤਰ ਵਿੱਚ ਇੱਕ ਮੋਢੀ ਸੰਸਥਾ ਹੈ, ਕਿਵੇਂ ਰੋਟਰੀ ਆਪਣੇ ਪ੍ਰੋਜੈਕਟਾਂ ਰਾਹੀਂ ਸਮਾਜ ਦੇ ਉਸ ਵਰਗ ਨਾਲ ਜੁੜਦੀ ਹੈ, ਜੋ ਸਹੀ ਮਾਇਨੇ ਵਿੱਚ ਲੋੜਵੰਦ ਹਨ।

## ਕਾਤਰਾਂ

### ਹਥਿਆਰ ਜਮ੍ਹਾਂ ਕਰਾਉਣ ਦੀ ਸਕਰੀਨਿੰਗ ਲਈ ਕਮੇਟੀ ਗਠਿਤ

**ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਲੋਕ ਸਭਾ ਚੋਣਾ-2024 ਦੇ ਮੱਦੇਨਜ਼ਰ ਜ਼ਿਲ੍ਹੇ ਵਿੱਚ ਅਮਨ ਕਾਨੂੰਨ ਦੀ ਸਥਿਤੀ ਬਣਾਈ ਰੱਖਣ ਲਈ ਚੋਣ ਕਮਿਸ਼ਨ ਦੀਆਂ ਹਦਾਇਤਾਂ ਅਨੁਸਾਰ ਜ਼ਿਲ੍ਹੇ ਦੇ ਅਸਲਾ ਲਾਇਸੰਸ ਧਾਰਕਾਂ ਵੱਲੋਂ ਹਥਿਆਰ ਜਮ੍ਹਾ ਕਰਾਉਣ ਦੀ ਸਕਰੀਨਿੰਗ ਦੇ ਉਦੇਸ਼ ਨਾਲ ਜ਼ਿਲ੍ਹਾ ਚੋਣ ਅਫ਼ਸਰ-ਕਮ-ਡਿਪਟੀ ਕਮਿਸ਼ਨਰ ਸ੍ਰੀਮਤੀ ਪਰਨੀਤ ਸ਼ੇਰਗਿੱਲ ਵੱਲੋਂ ਅਧਿਕਾਰੀਆਂ ਦੀ ਇੱਕ ਕਮੇਟੀ ਦਾ ਗਠਨ ਕੀਤਾ ਗਿਆ ਹੈ, ਜਿਸ ਵਿੱਚ ਡਿਪਟੀ ਕਮਿਸ਼ਨਰ-ਕਮ ਜ਼ਿਲ੍ਹਾ ਮੈਜਿਸਟ੍ਰੇਟ, ਫ਼ਤਹਿਗੜ੍ਹ ਸਾਹਿਬ ਤੇ ਐਸ.ਪੀ., ਹੈੱਡਕੁਆਰਟਰ, ਫ਼ਤਹਿਗੜ੍ਹ ਸਾਹਿਬ ਕਮੇਟੀ ਦੇ ਮੈਂਬਰ ਹੋਣਗੇ।ਇਹ ਸਕਰੀਨਿੰਗ ਕਮੇਟੀ ਚੋਣਾਂ ਦੇ ਐਲਾਨ ਦੇ ਦਿਨ ਤੋਂ ਸਕ੍ਰੀਨਿੰਗ ਦਾ ਕੰਮ ਸ਼ੁਰੂ ਕਰੇਗੀ ਤੇ ਇਹ ਕਮੇਟੀ ਚੋਣ ਕਮਿਸ਼ਨ ਵੱਲੋਂ ਦਿੱਤੇ ਨਿਰਦੇਸ਼ਾਂ/ਪ੍ਰਕਿਰਿਆਵਾਂ ਅਨੁਸਾਰ ਕੰਮ ਕਰੇਗੀ।

### 100 ਗ੍ਰਾਮ ਹੈਰੋਇਨ ਸਮੇਤ ਕਾਬੂ

**ਮਲੋਟ (ਗੁਰਮੀਤ ਸਿੰਘ ਮੱਕੜ)** : ਐੱਸ ਆਈ ਰਣਜੀਤ ਸਿੰਘ ਮੁੱਖ ਅਫਸਰ ਥਾਣਾ ਕਬਰਵਾਲਾ ਤੇ ਪੁਲਸ ਪਾਰਟੀ ਨੂੰ ਉਸ ਸਮੇਂ ਸਫਲਤਾ ਮਿਲੀ ਜਦੋਂ ਇੱਕ ਵਿਅਕਤੀ ਨੂੰ ਕਾਬੂ ਕਰਕੇ ਉਸ ਪਾਸੋਂ 100 ਗ੍ਰਾਮ ਹੈਰੋਇਨ ਬਰਾਮਦ ਕੀਤੀ। ਥਾਣਾ ਕਬਰਵਾਲਾ ਦੀ ਪੁਲਸ ਪਾਰਟੀ ਗਸ਼ਤ ਵਾ ਚੈਕਿੰਗ ਦੌਰਾਨ ਪਿੰਡ ਪੱਕੀ ਟਿੱਬੀ ਮੌਜੂਦ ਸੀ ਤਾਂ ਇੱਕ ਵਿਅਕਤੀ ਆਉਂਦਾ ਦਿਖਾਈ ਦਿੱਤਾ, ਜਿਸ ਨੂੰ ਰੋਕ ਕੇ ਨਾਮ ਪਤਾ ਪੁੱਛਿਆ ਤਾਂ ਉਸ ਨੇ ਆਪਣਾ ਨਾਮ ਰਾਮ ਸਿੰਘ ਉਰਫ ਰਾਮੂ ਪੁੱਤਰ ਅਰੂੜ ਸਿੰਘ ਵਾਸੀ ਪੀਰਾਂਵਾਲੀ ਹਿਸਾਰ (ਹਰਿਆਣਾ) ਦੱਸਿਆ, ਜਿਸ ਦੀ ਤਲਾਸ਼ੀ ਲੈਣ 'ਤੇ ਉਸ ਪਾਸੋਂ 100 ਗ੍ਰਾਮ ਹੈਰੋਇਨ ਬਰਾਮਦ ਕੀਤੀ ਗਈ, ਜਿਸ ਖਿਲਾਫ ਥਾਣਾ ਕਬਰਵਾਲਾ ਪੁਲਸ ਵੱਲੋਂ ਮੁਕੱਦਮਾ ਦਰਜ ਕਰ ਤਫਤੀਸ਼ ਸ਼ੁਰੂ ਕਰ ਦਿੱਤੀ ਹੈ।

### 17ਵੀਂ ਐਥਲੈਟਿਕ ਮੀਟ ਕਰਵਾਈ



**ਬਰੇਟਾ (ਰੀਤਵਾਲ)**-ਸਥਾਨਕ ਸੰਸਥਾ ਮਾਤਾ ਗੁਰਦੇਵ ਕੌਰ ਮੈਮੋਰੀਅਲ ਐਜੂਕੇਸ਼ਨਲ ਇੰਸਟੀਚਿਊਟ ਬਰੇਟਾ ਵਿਖੇ ਇੱਕ ਰੋਜ਼ਾ 17ਵੀਂ ਐਥਲੈਟਿਕ ਮੀਟ ਕਰਵਾਈ ਗਈ, ਜਿਸ ਵਿੱਚ 100 ਮੀਟਰ, 200 ਮੀਟਰ, ਡਿਸਕਸ ਥਰੋ, ਲੰਬੀ ਛਾਲ, ਉੱਚੀ ਥਾਲ, ਜੈਵਲਿੰਗ ਤੇ ਹੋਰ ਹਾਸਰਸ ਖੇਡਾਂ ਕਰਵਾਈਆਂ ਗਈਆਂ, ਜਿਸ ਵਿੱਚ ਵਿਦਿਆਰਥਣਾਂ ਨੇ ਵੱਧ-ਚੜ੍ਹ ਕੇ ਹਿੱਸਾ ਲਿਆ। ਕਾਲਜ ਦੇ ਪ੍ਰਿੰਸੀਪਲ ਡਾ. ਸੰਦੀਪ ਕੌਰ ਤੇ ਮੈਨੇਜਮੈਂਟ ਵੱਲੋਂ ਸਾਰੀਆਂ ਵਿਦਿਆਰਥਣਾਂ ਨੂੰ ਸਿੱਖਿਆ ਤੇ ਸਿਹਤਮੰਦ ਰਹਿਣ ਲਈ ਖੇਡਾਂ ਸੰਬੰਧੀ ਉਤਸ਼ਾਹਤ ਕੀਤਾ ਗਿਆ। ਇਸ ਐਥਲੈਟਿਕਮੀਟ ਵਿੱਚ ਰਾਣੀ ਲਕਸ਼ਮੀ ਬਾਈ ਹਾਊਸ ਦੀਆਂ ਵਿਦਿਆਰਥਣਾਂ ਨੇ ਸਭ ਤੋਂ ਵੱਧ ਪੁਜੀਸ਼ਨਾਂ ਪ੍ਰਾਪਤ ਕੀਤੀਆਂ ਤੇ ਵਿਦਿਆਰਥਣ ਪ੍ਰੇਮਿਕਾ ਨੇ ਬੈਸਟ ਐਥਲੀਟ ਦਾ ਸਥਾਨ ਹਾਸਲ ਕੀਤਾ।

### ਪ੍ਰਗਟ ਸਿੰਘ ਧੀਰਾ ਪੱਤਰਾ ਭਾਰਤੀ ਕਿਸਾਨ ਏਕਤਾ ਸੈਣ ਵੈਲਫੇਅਰ ਸਭਾ ਦੇ ਪ੍ਰਧਾਨ ਚੁਣੇ



**ਕੋਟਕਪੂਰਾ, (ਰਛਪਾਲ ਭੁੱਲਰ)** ਭਾਰਤੀ ਕਿਸਾਨ ਏਕਤਾ ਸੈਣ ਵੈਲਫ਼ੇਅਰ ਸਭਾ ਦੀ ਇਕੱਤਰਤਾ ਪਿੰਡ ਧੀਰਾ ਪੱਤਰਾ ਵਿਖੇ ਹੋਈ, ਜਿਸ ਵਿੱਚ ਡਾ. ਪ੍ਰਗਟ ਸਿੰਘ ਨੂੰ ਸੂਬਾ ਪ੍ਰਧਾਨ ਚੁਣਿਆ ਗਿਆ ਤੇ ਬਾਕੀ ਅਹੁਦੇਦਾਰ ਚੁਣਨ ਲਈ ਉਨ੍ਹਾਂ ਨੂੰ ਅਧਿਕਾਰਤ ਕੀਤਾ ਗਿਆ। ਇਸ ਮੌਕੇ ਸਭਾ ਨੂੰ ਸੁਚੱਜੇ ਢੰਗ ਨਾਲ ਚਲਾਉਣ ਲਈ ਵਿਚਾਰ ਵਟਾਂਦਰਾ ਕੀਤਾ ਗਿਆ।ਨੀਲਾ ਸਿੰਘ, ਬੂਟਾ ਸਿੰਘ ਤੇ ਰਮਨ ਸੈਣ ਨੂੰ ਹੋਰ ਪ੍ਰਬੰਧ ਕਰਨ ਲਈ ਅਧਿਕਾਰਤ ਕੀਤਾ ਗਿਆ।ਇਸ ਮੌਕੇ ਰਛਪਾਲ ਸਿੰਘ ਭੁੱਲਰ, ਬੂਟਾ ਸਿੰਘ, ਨੀਲਾ ਸਿੰਘ, ਸੁਖਵੀਰ ਸਿੰਘ, ਬਿੰਦਰ ਸਿੰਘ, ਰੂਪ ਸਿੰਘ, ਕੁਲਵੰਤ ਸਿੰਘ, ਰਮਨ ਸੈਣ, ਨਿਰਮਲ ਸਿੰਘ ਭੁੱਲਰ, ਡਾ. ਪ੍ਰਗਟ ਸਿੰਘ ਭੁੱਲਰ, ਸਰਵਨ ਸਿੰਘ, ਬਿੰਦਰ ਸਿੰਘ ਪੰਜਗਰਾਂਈ, ਮੇਜਰ ਸਿੰਘ, ਕ੍ਰਿਸ਼ਨ ਸਿੰਘ ਤੇ ਹੋਰ ਵੀ ਕਾਫੀ ਸੈਣ ਸਮਾਜ ਦੇ ਵਿਅਕਤੀ ਹਾਜ਼ਰ ਸਨ।

# ਜ਼ਿਲ੍ਹੇ 'ਚ ਮਨਾਇਆ ਜਾ ਰਿਹਾ ਕਾਲਾ ਮੋਤੀਆ ਹ.ਫ਼ਤਾ

**ਲੁਧਿਆਣਾ (ਰਾਜ ਸਿੰਗਲਾ)** ਸਿਵਲ ਸਰਜਨ ਲੁਧਿਆਣਾ ਡਾ. ਜਸਬੀਰ ਸਿੰਘ ਔਲਖ ਦੀ ਅਗਵਾਈ ਹੇਠ ਜ਼ਿਲ੍ਹੇ ਭਰ ਵਿਚ 10 ਤੋ 16 ਮਾਰਚ ਤੱਕ ਵਿਸ਼ਵ ਗਲੂਕੋਮਾ (ਕਾਲਾ ਮੋਤੀਆ) ਹਫਤਾ ਮਨਾਇਆ ਜਾ ਰਿਹਾ ਹੈ, ਜਿਸ ਤਹਿਤ ਜ਼ਿਲ੍ਹਾ ਹਸਪਤਾਲ ਅਤੇ ਸਬ ਡਵੀਜ਼ਨ ਹਸਪਤਾਲਾਂ ਵਿੱਚ ਅੱਖਾਂ ਦੇ ਚੈੱਕਅਪ ਕੈਂਪ ਲਾਏ ਜਾ ਰਹੇ ਹਨ ਤਾਂ ਜੁ ਗਲੂਕੋਮਾ ਤੋਂ ਪੀੜਤ ਲੋਕਾਂ ਦੀ ਪਛਾਣ ਕਰਕੇ ਸਮੇਂ ਸਿਰ ਉਨ੍ਹਾਂ ਦਾ ਇਲਾਜ ਕੀਤਾ ਜਾ ਸਕੇ।

ਡਾ. ਔਲਖ ਨੇ ਦੱਸਿਆ ਕਿ ਗਲੂਕੋਮਾ ਅੱਖਾਂ ਦਾ ਇੱਕ ਅਜਿਹਾ ਰੋਗ ਹੈ, ਜੋ ਅੱਖਾਂ ਦੀ ਦ੍ਰਿਸ਼ਟੀ ਨੂੰ ਭਾਰੀ ਨੁਕਸਾਨ ਪਹੁੰਚਾ ਸਕਦਾ ਹੈ। ਇਸ ਰੋਗ ਦਾ ਉਦੋਂ ਤੱਕ ਕੋਈ ਲੱਛਣ ਦਿਖਾਈ ਨਹੀਂ ਦਿੰਦਾ, ਜਦੋਂ ਤੱਕ ਬਿਮਾਰੀ ਮੱਧਮ ਜਾਂ ਉਨਤ ਪੜਾਅ ਤੱਕ ਨਹੀਂ ਪਹੁੰਚ ਜਾਂਦੀ। ਉਨ੍ਹਾਂ ਕਿਹਾ ਕਿ ਕਾਲਾ ਮੋਤੀਆ ਕਿਸੇ ਵੀ ਵਿਅਕਤੀ ਨੂੰ ਹੋ ਸਕਦਾ ਹੈ ਪਰ ਕੁਝ ਲੋਕਾਂ ਨੂੰ ਇਸ ਦਾ ਵਧੇਰੇ ਖਤਰਾ ਹੁੰਦਾ ਹੈ, ਜਿਨ੍ਹਾਂ ਵਿੱਚ 60 ਸਾਲ ਤੋਂ ਵੱਧ ਉਮਰ ਦੇ ਵਿਅਕਤੀ, ਪਰਵਾਰਕ ਹਿਸਟਰੀ, ਡਾਕਟਰੀ ਪ੍ਰਸਥਿਤੀਆਂ ਜਿਵੇਂ ਸ਼ੂਗਰ, ਹਾਈ ਬਲੱਡ ਪ੍ਰੈਸ਼ਰ ਆਦਿ।

ਉਨ੍ਹਾਂ ਇਹ ਵੀ ਦੱਸਿਆ ਕਿ 40 ਸਾਲ ਤੋਂ ਵੱਧ ਉਮਰ ਦੇ ਲੋਕਾਂ ਨੂੰ ਹਰ ਦੋ ਸਾਲ ਬਾਅਦ ਅੱਖਾਂ ਦੀ ਜਾਂਚ ਕਰਾਉਣੀ ਚਾਹੀਦੀ ਹੈ, ਜਦਕਿ 65 ਸਾਲ ਤੋਂ ਵੱਧ ਉਮਰ ਦੇ ਲੋਕਾਂ ਨੂੰ ਹਰ ਛੇ ਮਹੀਨੇ ਬਾਅਦ ਆਪਣੀ ਅੱਖਾਂ ਦੀ ਜਾਂਚ ਕਰਾਉਣੀ ਚਾਹੀਦੀ ਹੈ।

ਉਨ੍ਹਾਂ ਸਪੱਸ਼ਟ ਕੀਤਾ ਕਿ ਆਮ ਲੋਕਾਂ ਨੂੰ ਇਸ ਬਿਮਾਰੀ ਸਬੰਧੀ ਜਾਗਰੂਕ ਕਰਨ ਲਈ ਜ਼ਿਲ੍ਹਾ ਮਾਸ ਮੀਡੀਆ ਵਿੰਗ ਵੱਲੋਂ ਜਾਗਰੂਕਤਾ ਗਤੀਵਿਧੀਆਂ ਵੀ ਕੀਤੀਆਂ ਜਾ ਰਹੀਆ ਹਨ। ਉਨ੍ਹਾਂ ਆਮ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਨੇੜੇ ਦੀ ਸਿਹਤ ਸੰਸਥਾ ਵਿੱਚ ਮੁਫ਼ਤ ਜਾਂਚ ਲਈ ਲਾਏ ਗਏ ਕੈਂਪਾਂ ਵਿੱਚ ਸ਼ਮੂਲੀਅਤ ਕਰਦਿਆਂ ਅੱਖਾਂ ਦੀ ਜਾਂਚ ਜ਼ਰੂਰ ਕਰਾਉਣ ਤਾਂ ਜੁ ਕਾਲਾ ਮੋਤੀਆ ਦੀ ਰੋਕਥਾਮ ਕੀਤੀ ਜਾ ਸਕੇ।

# ਖੇਤੀਬਾੜੀ, ਰਿਹਾਇਸ਼ੀ ਤੇ ਵਪਾਰਕ ਖਪਤਕਾਰਾਂ ਲਈ ਲੋਡ ਵਧਾਉਣ ਦੀਆਂ ਦਰਾਂ ਘਟਾ ਕੇ ਅੱਧੀਆਂ ਕੀਤੀਆਂ : ਖੁੱਡੀਆਂ



**ਸ੍ਰੀ ਮੁਕਤਸਰ ਸਾਹਿਬ, (ਸ਼ਮਿੰਦਰ ਪਾਲ/ਪਰਮਜੀਤ ਸਿੰਘ/ਪੂਜਾ)** ਪੰਜਾਬ ਦੇ ਖੇਤੀਬਾੜੀ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਨੇ ਆਖਿਆ ਹੈ ਕਿ ਸਮਾਜ ਦੇ ਹਰ ਵਰਗ ਨੂੰ ਸਹੂਲਤਾਂ ਦੇਣ ਲਈ ਆਪਣੀਆਂ ਕੋਸ਼ਿਸ਼ਾਂ ਜਾਰੀ ਰੱਖਦੇ ਹੋਏ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਸਰਕਾਰ ਨੇ ਟਿਊਬਵੈੱਲ, ਵਪਾਰਕ ਤੇ ਰਿਹਾਇਸ਼ੀ ਬਿਜਲੀ ਕੁਨੈਕਸ਼ਨਾਂ ਲਈ ਸਵੈ ਇੱਛਤ ਖੁਲਾਸਾ ਯੋਜਨਾ (ਵੀ.ਡੀ.ਐਸ.) ਸ਼ੁਰੂ ਕਰਕੇ ਰਾਜ ਦੇ ਲੋਕਾਂ ਨੂੰ ਇਕ ਵੱਡੀ ਰਾਹਤ ਦਿੱਤੀ ਹੈ।ਉਨ੍ਹਾਂ ਨੇ ਲੋਕਾਂ ਨੂੰ ਇਸ ਸਕੀਮ ਦਾ ਲਾਭ ਲੈਣ ਦੀ ਅਪੀਲ ਕੀਤੀ ਹੈ। ਖੁੱਡੀਆਂ ਨੇ ਦੱਸਿਆ ਕਿ ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮ: ਨੂੰ ਇਹ ਸਕੀਮਾਂ ਖੇਤੀਬਾੜੀ, ਰਿਹਾਇਸ਼ੀ ਤੇ ਵਪਾਰਕ ਬਿਜਲੀ ਕੁਨੈਕਸ਼ਨ ਰੱਖਣ ਵਾਲੇ ਖਪਤਕਾਰਾਂ ਲਈ ਸ਼ੁਰੂ ਕਰਨ ਦੇ ਨਿਰਦੇਸ਼ ਦਿੱਤੇ ਗਏ ਹਨ।ਉਨ੍ਹਾਂ ਨੇ ਕਿਹਾ ਕਿ ਕਿਸਾਨਾਂ ਦੀ ਇਸ ਸਬੰਧੀ ਵਿਸ਼ੇਸ਼ ਮੰਗ ਸੀ ਤੇ ਸਰਕਾਰ ਨੇ ਕਿਸਾਨਾਂ ਹਿੱਤਾਂ ਵਿੱਚ ਇਹ ਫ਼ੈਸਲਾ ਕੀਤਾ ਹੈ।ਉਨ੍ਹਾਂ ਕਿਹਾ ਕਿ ਖੇਤੀ ਕੁਨੈਕਸ਼ਨ ਵਾਲੇ ਖਪਤਕਾਰ ਜੋ ਆਪਣੇ ਟਿਊਬਵੈੱਲ ਕੁਨੈਕਸ਼ਨਾਂ ਦਾ ਲੋਡ ਵਧਾਉਣ ਦੇ ਇੱਛੁਕ ਹਨ, ਉਨ੍ਹਾਂ ਨੂੰ ਹੁਣ ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ ਵੱਲੋਂ ਨਿਰਧਾਰਤ 4750 ਰੁਪਏ ਪ੍ਰਤੀ ਹਾਰਸ ਪਾਵਰ ਦੇ ਮੁਕਾਬਲੇ 2500 ਰੁਪਏ ਪ੍ਰਤੀ ਹਾਰਸ ਪਾਵਰ ਦੇ ਤੌਰ 'ਤੇ ਸਰਵਿਸ ਚਾਰਜਿਜ਼ ਅਦਾ ਕਰਨੇ ਪੈਣਗੇ।ਉਨ੍ਹਾਂ ਕਿਹਾ ਕਿ ਇਸ ਦੀ ਸਕਿਊਰਿਟੀ ਵੀ ਪਹਿਲਾਂ ਦੇ 400 ਰੁਪਏ ਪ੍ਰਤੀ ਹਾਰਸ ਪਾਵਰ ਦੇ ਮੁਕਾਬਲੇ 200 ਰੁਪਏ ਪ੍ਰਤੀ ਹਾਰਸ ਪਾਵਰ ਘਟਾ ਦਿੱਤੀ ਗਈ ਹੈ। ਖੇਤੀ ਮੰਤਰੀ ਨੇ ਕਿਹਾ ਕਿ ਘਰੇਲੂ ਕੁਨੈਕਸ਼ਨਾਂ ਲਈ ਵੀ ਲੋਡ ਵਧਾਉਣ ਲਈ ਵੀ.ਡੀ.ਐਸ. ਦੀ ਸ਼ੁਰੂਆਤ ਕੀਤੀ ਗਈ ਹੈ ਅਤੇ ਦਰਾਂ ਨੂੰ ਅੱਧਾ ਕਰ ਦਿੱਤਾ ਗਿਆ ਹੈ।ਉਨ੍ਹਾਂ ਕਿਹਾ ਕਿ ਹੁਣ 2 ਕਿਲੋਵਾਟ ਤੱਕ ਲੋਡ ਵਧਾਉਣ ਲਈ ਮੌਜੂਦਾ 450 ਰੁਪਏ ਦੀ ਬਜਾਏ 225 ਰੁਪਏ ਪ੍ਰਤੀ ਕਿਲੋਵਾਟ ਫੀਸ ਲੱਗੇਗੀ।ਉਨ੍ਹਾਂ ਦੱਸਿਆ ਕਿ 2 ਤੋਂ 7 ਕਿਲੋਵਾਟ ਤੱਕ ਲੋਡ ਵਧਾਉਣ ਲਈ ਰੇਟ 1000 ਰੁਪਏ ਤੋਂ ਘਟਾ ਕੇ 500 ਰੁਪਏ ਪ੍ਰਤੀ ਕਿਲੋਵਾਟ ਕਰ ਦਿੱਤਾ ਗਿਆ ਹੈ।ਇਸੇ ਤਰ੍ਹਾਂ 7 ਤੋਂ 50 ਕਿਲੋਵਾਟ ਲੋਡ ਦੇ ਰੇਟ 1500 ਤੋਂ ਘਟਾ ਕੇ 750 ਰੁਪਏ ਪ੍ਰਤੀ ਕਿਲੋਵਾਟ ਕਰ ਦਿੱਤੇ ਗਏ ਹਨ ਅਤੇ 50 ਤੋਂ 100 ਕੇ.ਵੀ.ਏ. ਲਈ ਮੌਜੂਦਾ 1750 ਰੁਪਏ ਦੀ ਥਾਂ ਹੁਣ 875 ਰੁਪਏ ਕਰ ਦਿੱਤੇ ਗਏ ਹਨ। ਖੇਤੀ ਮੰਤਰੀ ਨੇ ਹੋਰ ਦੱਸਿਆ ਕਿ ਵਪਾਰਕ ਖਪਤਕਾਰਾਂ ਲਈ ਵੀ.ਡੀ.ਐਸ. ਅਨੁਸਾਰ 7 ਕਿਲੋਵਾਟ ਤੱਕ ਲੋਡ ਵਧਾਉਣ ਦੀ ਦਰ 1000 ਰੁਪਏ ਪ੍ਰਤੀ ਕਿਲੋਵਾਟ ਤੋਂ ਘਟਾ ਕੇ 500 ਰੁਪਏ ਕਰ ਦਿੱਤੀ ਗਈ ਹੈ।ਉਨ੍ਹਾਂ ਦੱਸਿਆ ਕਿ 7 ਤੋਂ 20 ਕਿਲੋਵਾਟ ਤੱਕ ਲੋਡ ਵਧਾਉਣ ਲਈ ਫੀਸ 1600 ਰੁਪਏ ਤੋਂ ਘਟਾ ਕੇ 800 ਰੁਪਏ ਅਤੇ 20 ਕਿਲੋਵਾਟ ਤੋਂ 50 ਕਿਲੋਵਾਟ ਲਈ ਮੌਜੂਦਾ 1600 ਰੁਪਏ ਪ੍ਰਤੀ ਕਿਲੋਵਾਟ ਤੋਂ ਘਟਾ ਕੇ 800 ਰੁਪਏ ਪ੍ਰਤੀ ਕਿਲੋਵਾਟ ਕਰ ਦਿੱਤੇ ਗਏ ਹਨ।

# ਸੰਘਰਸ਼ ਨੂੰ ਕੁਚਲਣ ਦੀ ਬਜਾਏ ਮੰਗਾਂ ਪ੍ਰਵਾਨ ਕਰੇ ਸਰਕਾਰ : ਮੋਰਚਾ ਆਗੂ



**ਲਹਿਰਾ ਮੁਹੱਬਤ (ਭੀਮ ਸੈਨ ਹਦਵਾਰੀਆ)**-ਮੋਗਾ ਵਿਖੇ ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਦੀ ਆਮਦ ਮੌਕੇ ਪਾਵਰਕਾਮ ਅਤੇ ਟ੍ਰਾਂਸਕੋ ਠੇਕਾ ਮੁਲਾਜ਼ਮ ਯੂਨੀਅਨ ਪੰਜਾਬ ਦੇ ਆਗੂਆਂ ਦੇ ਘਰ-ਘਰ ਜਾ ਕੇ ਪੁਲਸ ਪ੍ਰਸ਼ਾਸਨ ਵੱਲੋਂ ਛਾਪੇਮਾਰੀ ਕਰਕੇ ਠੇਕਾ ਮੁਲਾਜ਼ਮਾਂ ਦੇ ਪਰਿਵਾਰਾਂ ਨੂੰ ਪ੍ਰੇਸ਼ਾਨ ਕਰਨ ਦੇ ਅਤਿ ਨਿੰਦਣਯੋਗ ਵਰਤਾਰੇ ਦੀ ਠੇਕਾ ਮੁਲਾਜ਼ਮ ਸੰਘਰਸ਼ ਮੋਰਚਾ ਪੰਜਾਬ ਨੇ ਸਖਤ ਸ਼ਬਦਾਂ ਵਿੱਚ ਨਿਖੇਧੀ ਕੀਤੀ ਹੈ। ਸੰਘਰਸ਼ ਮੋਰਚਾ ਦੇ ਸੂਬਾਈ ਆਗੂਆਂ ਵਰਿੰਦਰ ਸਿੰਘ ਮੋਮੀ, ਜਗਰੂਪ ਸਿੰਘ ਲਹਿਰਾ, ਗੁਰਵਿੰਦਰ ਸਿੰਘ ਪੰਨੂੰ, ਪਵਨਦੀਪ ਸਿੰਘ, ਬਲਿਹਾਰ ਸਿੰਘ ਕਟਾਰੀਆ, ਸਿਮਰਨਜੀਤ ਸਿੰਘ ਨੀਲੋਂ, ਸ਼ੇਰ ਸਿੰਘ ਖੰਨਾ, ਜਸਪ੍ਰੀਤ ਸਿੰਘ ਗਗਨ, ਸੁਰਿੰਦਰ ਕੁਮਾਰ ਤੇ ਜਗਸੀਰ ਸਿੰਘ ਭੰਗੂ ਨੇ ਜਾਰੀ ਕੀਤੇ ਸਾਂਝੇ ਪ੍ਰੈੱਸ ਬਿਆਨ ਰਾਹੀਂ ਕਿਹਾ ਕਿ ਬੀਤੇ ਦਿਨ ਆਪਣੀਆਂ ਹੱਕੀ ਤੇ ਜਾਇਜ਼ ਮੰਗਾਂ ਨੂੰ ਲੈ ਕੇ ਮਾਡਲ ਟਾਊਨ ਡਵੀਜ਼ਨ ਦਫ਼ਤਰ ਪਟਿਆਲਾ ਅੱਗੇ ਸ਼ਾਂਤੀਪੂਰਵਕ ਧਰਨਾ ਦੇਣ ਜਾ ਰਹੇ ਪਾਵਰਕਾਮ ਤੇ ਟ੍ਰਾਂਸਕੋ ਦੇ ਸੀ. ਐੱਚ. ਵੀ./ਡਬਲਯੂ ਆਊਟਸੋਰਸਡ ਠੇਕਾ ਮੁਲਾਜ਼ਮਾਂ ਨੂੰ ਉਸ ਏਰੀਏ ਨਾਲ ਸੰਬੰਧਤ ਪੁਲਸ ਸਟੇਸ਼ਨ ਦੇ ਐੱਸ. ਐੱਚ. ਓ. ਹਰਜਿੰਦਰ ਸਿੰਘ ਢਿੱਲੋਂ ਵੱਲੋਂ ਖਿੱਚ-ਧੂਹ ਕਰਕੇ ਪੁਲਸ ਥਾਣੇ ਡੱਕਣ ਤੇ ਗਾਲੀ-ਗਲੋਚ ਕਰਕੇ ਜਬਰ ਕੀਤੇ ਜਾਣ ਦੀ ਸੰਘਰਸ਼ ਮੋਰਚਾ ਨਿੰਦਾ ਕਰਦਾ ਹੈ ਅਤੇ ਪੰਜਾਬ ਸਰਕਾਰ ਤੋਂ ਮੰਗ ਕਰਦਾ ਹੈ ਕਿ ਜਬਰ ਦੇ ਜ਼ੋਰ ਨਾਲ ਸੰਘਰਸ਼ਾਂ ਨੂੰ ਕੁਚਲਣ ਦਾ ਰਾਹ ਛੱਡ ਕੇ ਪਾਵਰਕਾਮ ਤੇ ਟ੍ਰਾਂਸਕੋ ਵਿਭਾਗ ਦੇ ਠੇਕਾ ਮੁਲਾਜ਼ਮਾਂ ਸਮੇਤ ਸਮੂਹ ਸਰਕਾਰੀ ਵਿਭਾਗਾਂ ਦੇ ਆਊਟਸੋਰਸਡ ਤੇ ਇਨਲਿਸਟਮੈਂਟ ਠੇਕਾ ਮੁਲਾਜ਼ਮਾਂ ਨੂੰ ਵਿਭਾਗਾਂ ਵਿੱਚ ਮਰਜ਼ ਕਰਕੇ ਪੱਕਾ ਕਰਨ ਸਮੇਤ ਹੋਰ ਸਮੂਹ ਮੰਗਾਂ ਨੂੰ ਜਲਦ ਪ੍ਰਵਾਨ ਕੀਤਾ ਜਾਵੇ।

# ਫੈਕਟਰੀ ਦੇ ਕੁਆਰਟਰਾਂ 'ਚ ਮਹਿਲਾ ਮੁਲਾਜ਼ਮ ਨੇ ਕੀਤੀ ਆਤਮ ਹੱਤਿਆ

**ਮਾਛੀਵਾੜਾ ਸਾਹਿਬ, (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)** ਕੁਹਾੜਾ ਰੋਡ 'ਤੇ ਪੈਂਦੀ ਧਾਗਾ ਮਿਲ ਵਿਚ ਕੰਮ ਕਰਦੀ ਇੱਕ ਮਹਿਲਾ ਮੁਲਾਜ਼ਮ ਰੂਪਮਾ (21) ਨੇ ਮਿਲ ਦੇ ਅੰਦਰ ਬਣੇ ਕੁਆਰਟਰਾਂ ਵਿਚ ਗਲ਼ ਫਾਹਾ ਲੈ ਕੇ ਖੁਦਕੁਸ਼ੀ ਕਰ ਲਈ। ਜਾਣਕਾਰੀ ਮੁਤਾਬਿਕ ਰੂਪਮਾ ਤੇ ਉਸਦਾ ਪਤੀ ਸੌਰਵ ਕੁਮਾਰ ਇਸ ਧਾਗਾ ਫੈਕਟਰੀ ਵਿਚ ਕੰਮ ਕਰਦੇ ਸਨ ਅਤੇ ਇੱਥੇ ਹੀ ਮਿਲ ਅੰਦਰ ਬਣੇ ਕੁਆਰਟਰਾਂ 'ਚ ਰਹਿੰਦੇ ਸਨ। ਪਰਵਾਰਕ ਮੈਂਬਰਾਂ ਨੇ ਉਸਦੇ ਕੁਆਰਟਰ ਦਾ ਦਰਵਾਜ਼ਾ ਖੜਕਾਇਆ ਤਾਂ ਅੰਦਰੋਂ ਕੁੰਡੀ ਲੱਗੀ ਹੋਈ ਸੀ ਤੇ ਵਾਰ-ਵਾਰ ਦਰਵਾਜ਼ਾ ਖੜਕਾਉਣ 'ਤੇ ਵੀ ਉਸ ਨੇ ਨਾ ਖੋਲ੍ਹਿਆ ਤਾਂ ਆਸ-ਪਾਸ ਦੇ ਗੁਆਂਢੀਆਂ ਨੇ ਮਿਲ ਕੇ ਦਰਵਾਜ਼ਾ ਤੋੜ ਦਿੱਤਾ। ਕਮਰੇ ਅੰਦਰਲਾ ਦ੍ਰਿਸ਼ ਦੇਖ ਕੇ ਸਾਰੇ ਦਹਿਲ ਗਏ ਕਿ ਰੂਪਮਾ ਨੇ ਗਲ ਫਾਹਾ ਲੈ ਕੇ ਅੰਦਰ ਆਤਮਹੱਤਿਆ ਕੀਤੀ ਹੋਈ ਸੀ। ਪੁਲਸ ਵੱਲੋਂ ਮੌਕੇ 'ਤੇ ਪਹੁੰਚ ਕੇ ਲਾਸ਼ ਨੂੰ ਕਬਜ਼ੇ 'ਚ ਲੈ ਗਿਆ ਤੇ ਪੋਸਟ ਮਾਰਟਮ ਲਈ ਭਿਜਵਾ ਦਿੱਤਾ ਗਿਆ। ਪੁਲਿਸ ਥਾਣੇ ਵਿਚ ਵਿਆਹੁਤਾ ਦੇ ਮਾਪੇ ਅਤੇ ਉਸ ਦੇ ਪਤੀ ਸਮੇਤ ਪਰਵਾਰਕ ਮੈਂਬਰ ਵੀ ਮੌਜੂਦ ਸਨ, ਜਿਨ੍ਹਾਂ ਪੁਲਸ ਨੂੰ ਬਿਆਨ ਦਰਜ ਕਰਾਏ ਕਿ ਰੂਪਮਾ ਪਿਛਲੇ ਕੁੱਝ ਦਿਨਾਂ ਤੋਂ ਮਾਨਸਿਕ ਤੌਰ 'ਤੇ ਪ੍ਰੇਸ਼ਾਨ ਚੱਲ ਰਹੀ ਸੀ, ਜਿਸ ਕਾਰਨ ਉਸਨੇ ਆਤਮ-ਹੱਤਿਆ ਕਰ ਲਈ। ਮਰਨ ਤੋਂ 2 ਦਿਨ ਪਹਿਲਾਂ ਰੂਪਮਾ ਨੇ ਬੜੇ ਭਾਵੁਕ ਦੋ ਸਟੇਟਸ ਲਾਏ ਹੋਏ, ਜਿਸ ਵਿੱਚ ਉਸ ਨੇ ਆਪਣੀ ਫੋਟੋ ਲਾ ਕੇ ਲਿਖਿਆ ਸੀ ਕਿ 'ਚਲਤੇ ਰਹੇਂਗੇ ਕਾਫਿਲੇ ਮੇਰੇ ਬਗੈਰ ਵੀ ਜਹਾਂ, ਏਕ ਸਿਤਾਰਾ ਟੂਟ ਜਾਨੇ ਸੇ ਆਸਮਾਂ ਸੂਨਾ ਨਹੀਂ ਹੋਤਾ'। ਦੂਜਾ ਸਟੇਟਸ ਵਿਚ ਉਸਨੇ ਲਿਖਿਆ ਸੀ ਕਿ 'ਏਕ ਦਿਨ ਹਮ ਵੀ ਕਫ਼ਨ ਓਡ ਜਾਏਂਗੇ, ਸਭ ਰਿਸ਼ਤੇ ਇਸ ਜ਼ਮੀਨ ਕੇ ਤੋੜ ਜਾਏਂਗੇ, ਜਿਤਨਾ ਬੀ ਚਾਹੇ ਸਤਾ ਲੋ ਮੁਝ ਕੋ ਏਕ ਦਿਨ ਰੋਤਾ ਹੁਆ ਸਭ ਕੋ ਛੋਡ ਜਾਏਂਗੇ'। ਪੁਲਸ ਵੱਲੋਂ ਰੂਪਮਾ ਦਾ ਪੋਸਟ ਮਾਰਟਮ ਕਰਾਇਆ ਜਾ ਰਿਹਾ ਹੈ।

# ਪੰਜਾਬ ਮੁਲਾਜ਼ਮ ਤੇ ਪੈਨਸ਼ਨਰਜ਼ ਸਾਂਝਾ ਫਰੰਟ ਨੇ ਫੂਕੀਆਂ ਬਜਟ ਦੀਆਂ ਕਾਪੀਆਂ



**ਮੋਗਾ, (ਇਕਬਾਲ ਸਿੰਘ ਖਹਿਰਾ)**- ਪੰਜਾਬ ਸਰਕਾਰ ਵਲੋਂ ਪੇਸ਼ ਕੀਤੇ ਬਜਟ ਵਿੱਚ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਦੀਆਂ ਮੰਗਾਂ ਨੂੰ ਅੱਖੋ-ਪਰੋਖੇ ਕਰਨ ਤੇ ਪੰਜਾਬ ਮੁਲਾਜ਼ਮ ਅਤੇ ਪੈਨਸ਼ਨਰਜ਼ ਸਾਂਝਾ ਫਰੰਟ ਜ਼ਿਲ੍ਹਾ ਇਕਾਈ ਮੋਗਾ ਦੀਆਂ ਜਥੇਬੰਦੀਆਂ ਨੇ ਬਜਟ ਦੀਆਂ ਕਾਪੀਆਂ ਸਾੜ ਕੇ ਆਪਣਾ ਰੋਸ ਪਰਗਟ ਕੀਤਾ। ਇਸ ਮੌਕੇ ਸੂਬਾ ਕਨਵੀਨਰ ਭਜਨ ਸਿੰਘ ਗਿੱਲ, ਜ਼ਿਲ੍ਹਾ ਕਨਵੀਨਰ ਗੁਰਮੇਲ ਸਿੰਘ ਨਾਹਰ, ਲੈਕ: ਸੁਖਮੰਦਰ ਸਿੰਘ, ਜਾਗੀਰ ਸਿੰਘ ਖੋਖਰ, ਸਰਬਜੀਤ ਦਾਊਧਰ, ਭੁਪਿੰਦਰ ਸਿੰਘ ਸੇਖੋਂ, ਸੁਖਮੰਦਰ ਸਿੰਘ ਗੱਜਣ ਵਾਲਾ, ਪੋਹਲਾ ਸਿੰਘ ਬਰਾੜ, ਸੁਰਿੰਦਰ ਸਿੰਘ ਸਾਬਕਾ ਡੀ.ਟੀ.ਐਫ਼ ਪ੍ਰਧਾਨ, ਗੁਰਮੇਲ ਸਿੰਘ ਖੋਟੇ, ਪ੍ਰੇਮ ਕੁਮਾਰ ਆਦਿ ਆਗੂਆਂ ਨੇ ਦੱਸਿਆ ਕਿ ਇੱਕ ਪਾਸੇ ਪੰਜਾਬ ਸਰਕਾਰ ਸਾਂਝੇ ਫਰੰਟ ਦੇ ਆਗੂਆਂ ਨੂੰ ਮਿਲਣ ਦਾ ਸਮਾਂ ਦੇ ਕੇ ਲਗਾਤਾਰ ਭੱਜ ਰਹੀ ਹੈ ਅਤੇ ਦੂਜੇ ਪਾਸੇ ਪੰਜਾਬ ਸਰਕਾਰ ਵੱਲੋਂ ਬਜਟ ਵਿੱਚ ਪੁਰਾਣੀ ਪੈਨਸ਼ਨ ਬਹਾਲੀ, ਪੈਨਸ਼ਨਰਾਂ ਲਈ 2. 59 ਦਾ ਗੁਣਾਕ , ਪੇ ਕਮਿਸ਼ਨ ਦਾ ਸਾਢੇ ਪੰਜ ਸਾਲ ਦਾ ਬਕਾਇਆ, ਡੀ. ਏ ਦੀਆਂ ਰਹਿੰਦੀਆਂ ਤਿੰਨ ਕਿਸ਼ਤਾਂ ਕੇਂਦਰ ਦੀ ਤਰਜ 'ਤੇ 38 % ਤੋਂ 50 % ਕਰਨ, ਮੁਲਾਜ਼ਮਾਂ ਦੇ ਕੱਟੇ ਗਏ 37 ਭੱਤੇ ਬਹਾਲ ਕਰਨ, ਠੇਕੇ ਅਤੇ ਆਊਟਸੋਰਸ ਦੇ ਮੁਲਾਜ਼ਮਾਂ ਨੂੰ ਰੈਗੂਲਰ ਕਰਨ , ਪ੍ਰੋਬੇਸ਼ਨ ਪੀਰੀਅਡ ਤਿੰਨ ਸਾਲ ਤੋਂ ਘਟਾ ਕੇ ਪਹਿਲਾਂ ਵਾਂਗ ਇੱਕ ਸਾਲ ਕਰਨ, 2017 ਤੋਂ ਬਾਅਦ ਭਰਤੀ ਮੁਲਾਜ਼ਮਾਂ ਨੂੰ ਪੰਜਾਬ ਸਰਕਾਰ ਦੇ ਛੇਵੇਂ ਪੇ ਕਮਿਸ਼ਨ ਦੇ ਲਾਭ ਵਰਗੀਆਂ ਅਹਿਮ ਮੰਗਾਂ ਤੇ ਸਰਕਾਰ ਨੇ ਚੁੱਪ ਧਾਰ ਕੇ ਮੁਲਾਜ਼ਮਾਂ ਪੈਨਸ਼ਨਰਾਂ ਨਾਲ ਧੋਖਾ ਕੀਤਾ ਹੈ। ਜਿਸ ਕਰਕੇ ਅੱਜ ਮੁਲਾਜ਼ਮਾਂ ਪੈਨਸ਼ਨਰਾਂ ਨੇ ਸਰਕਾਰ ਦੇ ਬਜਟ ਦੀਆਂ ਕਾਪੀਆਂ ਸਾੜ ਕੇ ਆਪਣਾ ਗੁੱਸਾ ਜ਼ਾਹਰ ਕੀਤਾ ਅਤੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਉਹ ਮੁਲਾਜ਼ਮਾਂ ਪੈਨਸ਼ਨਰਾਂ ਦੀਆਂ ਉਪਰੋਕਤ ਮੰਗਾਂ ਦਾ ਤੁਰੰਤ ਨਿਪਟਾਰਾ ਕਰੇ। ਅੱਜ ਦੇ ਇਸ ਬਜਟ ਦੀਆਂ ਕਾਪੀਆਂ ਸਾੜਨ ਲਈ ਅਮਰ ਜੀਤ ਸਿੰਘ ਮਾਨੂਕੇ, ਅਵਤਾਰ ਸਿੰਘ, ਬੂਟਾ ਸਿੰਘ ਭੱਟੀ, ਗੁਰਜੰਟ ਸਿੰਘ ਸੰਘਾ, ਅੰਮ੍ਰਿਤ ਲਾਲ, ਤਰਸੇਮ ਸ਼ਰਮਾਂ ਬੁੱਟਰ, ਤੇਜਾ ਸਿੰਘ ਘੱਲ ਕਲਾਂ, ਗੁਰਬਚਨ ਸਿੰਘ ਚਿੰਤਕ, ਗੁਰਦੇਵ ਸਿੰਘ ਚੜਿੱਕ, ਗੁਰਮੇਲ ਸਿੰਘ ਖੋਟੇ, ਗੁਰਦੀਪ ਸਿੰਘ ਦੌਧਰ, ਬਲਦੇਵ ਸਿੰਘ ਮੋਗਾ, ਪਰਮਜੀਤ ਸਿੰਘ ਬੁੱਟਰ, ਚਰਨ ਜੀਤ ਸਿੰਘ, ਤੇਜਾ ਸਿੰਘ ਘੱਲ ਕਲਾਂ, ਸੁਖਦੇਵ ਸਿੰਘ, ਸ਼ਮਸ਼ੇਰ ਸਿੰਘ, ਗਿਆਨ ਸਿੰਘ ਮੋਗਾ ਸਮੇਤ ਬਹੁਤ ਸਾਰੇ ਮੁਲਾਜ਼ਮ ਪੈਨਸ਼ਨਰ ਸ਼ਾਮਲ ਹੋਏ।

# ਜੈਨੇਸਿਸ ਡੈਂਟਲ ਕਾਲਜ ਤੇ ਹਸਪਤਾਲ 'ਚ ਸਾਲਾਨਾ ਸਪੋਰਟਸ ਮੀਟ

**ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ)** ਜੈਨੇਸਿਸ ਡੈਂਟਲ ਕਾਲਜ ਤੇ ਹਸਪਤਾਲ ਵਿਖੇ ਸਾਲਾਨਾ ਸਮਾਗਮ ਸਪੋਰਟਸ ਮੀਟ ਮੁਕਾਬਲਿਆਂ ਦੇ ਜੇਤੂਆਂ ਨੂੰ ਇਨਾਮ ਵੰਡਣ ਨਾਲ ਸਮਾਪਤ ਹੋ ਗਿਆ।ਇਸ ਖੇਡ ਸੰਮੇਲਨ ਦੀ ਪ੍ਰਧਾਨਗੀ ਕਾਲਜ ਚੇਅਰਮੈਨ ਸੀਏ ਵਰਿੰਦਰ ਮੋਹਨ ਸਿੰਘਲ ਦੀ ਪਤਨੀ ਮੀਨਾਕਸ਼ੀ ਸਿੰਘਲ ਤੇ ਜੁਆਇੰਟ ਚੇਅਰਮੈਨ ਗਗਨਦੀਪ ਸਿੰਘਲ ਦੀ ਪਤਨੀ ਨਮਿਤਾ ਸਿੰਘਲ ਨੇ ਕੀਤੀ। ਇਸ ਖੇਡ ਸੰਮੇਲਨ ਵਿੱਚ ਸੀਜੀਐਮ ਏਕਤਾ ਉੱਪਲ ਮੁੱਖ ਮਹਿਮਾਨ ਵਜੋਂ ਹਾਜ਼ਰ ਹੋਏ।ਇਸ ਮੌਕੇ ਮੀਨਾਕਸ਼ੀ ਸਿੰਘਲ, ਨਮਿਤਾ ਸਿੰਘਲ ਨੇ ਮੁੱਖ ਮਹਿਮਾਨ ਨੂੰ ਗੁਲਦਸਤਾ ਦੇ ਕੇ ਸਵਾਗਤ ਕੀਤਾ। ਮੀਨਾਕਸ਼ੀ ਸਿੰਘਲ ਨੇ ਕਿਹਾ ਕਿ ਡੈਂਟਲ ਕਾਲਜ ਵਿੱਚ ਸਿਰਫ਼ ਅਧਿਆਪਨ 'ਤੇ ਨਹੀਂ, ਸਗੋਂ ਸਰਵਪੱਖੀ ਵਿਕਾਸ 'ਤੇ ਵੀ ਧਿਆਨ ਦਿੱਤਾ ਜਾਂਦਾ ਹੈ।ਉਨ੍ਹਾਂ ਕਿਹਾ ਕਿ ਵਿਦਿਆਰਥੀਆਂ ਨੂੰ ਖੇਡਾਂ ਤੋਂ ਸਕਾਰਾਤਮਕ ਊਰਜਾ ਮਿਲਦੀ ਹੈ।ਅਜਿਹੀਆਂ ਖੇਡ ਗਤੀਵਿਧੀਆਂ ਰਾਹੀਂ ਵਿਦਿਆਰਥੀਆਂ ਦੇ ਸਰੀਰਕ ਵਿਕਾਸ ਵੱਲ ਧਿਆਨ ਦੇਣਾ ਵੀ ਬਹੁਤ ਜ਼ਰੂਰੀ ਹੋ ਗਿਆ ਹੈ।ਇਸੇ ਉਦੇਸ਼ ਨੂੰ ਮੁੱਖ ਰੱਖਦਿਆਂ ਕਾਲਜ ਵਿੱਚ ਸਪੋਰਟਸ ਮੀਟ ਕਰਵਾਈ ਜਾ ਰਹੀ ਹੈ।ਇਸ ਮੌਕੇ ਨਮਿਤਾ ਸਿੰਘਲ ਨੇ ਕਿਹਾ ਕਿ ਅਸੀਂ ਵਿੱਦਿਆ ਰਾਹੀਂ ਮਾਨਸਿਕ ਵਿਕਾਸ ਵਿੱਚ ਯੋਗਦਾਨ ਪਾਉਂਦੇ ਹਾਂ, ਇਸ ਲਈ ਹਰ ਸਾਲ ਇੱਕ ਸਪੋਰਟਸ ਮੀਟ ਕਰਾਈ ਜਾਂਦੀ ਹੈ।ਇਸ ਮੌਕੇ ਮੁੱਖ ਮਹਿਮਾਨ ਸੀਜੀਐਮ ਏਕਤਾ ਉੱਪਲ ਨੇ ਕਿਹਾ ਕਿ ਅਜਿਹੀਆਂ ਖੇਡ ਗਤੀਵਿਧੀਆਂ ਰਾਹੀਂ ਵਿਦਿਆਰਥੀਆਂ ਦੇ ਸਰੀਰਕ ਵਿਕਾਸ ਵੱਲ ਧਿਆਨ ਦੇਣਾ ਬਹੁਤ ਜ਼ਰੂਰੀ ਹੋ ਗਿਆ ਹੈ।ਮੁੱਖ ਮਹਿਮਾਨ ਸੀਜੀਐਮ ਏਕਤਾ ਉੱਪਲ ਨੇ ਸਾਰੇ ਜੇਤੂਆਂ ਨੂੰ ਸਨਮਾਨਤ ਕੀਤਾ।ਅੰਤ ਵਿੱਚ ਕਾਲਜ ਪ੍ਰਿੰਸੀਪਲ ਡਾ. ਪ੍ਰਸ਼ੋਤਮ ਜਸੂਜਾ, ਨਰਸਿੰਗ ਕਾਲਜ ਪ੍ਰਿੰਸੀਪਲ ਰਵਿੰਦਰ ਕੌਰ, ਨਰਸਿੰਗ ਬ੍ਰਾਂਚ ਹੈੱਡ ਸਪੋਰਟਸ ਕੋਆਰਡੀਨੇਟਰ ਸ਼ਿਵਾਨੀ ਸ਼ਰਮਾ ਨੇ ਮੁੱਖ ਮਹਿਮਾਨ ਤੇ ਵਿਸ਼ੇਸ਼ ਮਹਿਮਾਨਾਂ ਦਾ ਧੰਨਵਾਦ ਕੀਤਾ ਤੇ ਰਾਸ਼ਟਰੀ ਗੀਤ ਨਾਲ ਸਪੋਰਟਸ ਮੀਟ ਦੀ ਸਮਾਪਤੀ ਕੀਤੀ ਗਈ।

# 1.64 ਕਰੋੜ ਨਾਲ ਬਣਨ ਵਾਲੀਆਂ ਮੰਡੀਆਂ ਦੇ ਨੀਂਹ ਪੱਥਰ ਰੱਖਣਗੇ ਕਿਸਾਨ ਤੇ ਮਜ਼ਦੂਰ ਭਰਾ



ਮਲੋਟ/ਮੁਕਤਸਰ ਸਾਹਿਬ (ਗੁਰਮੀਤ ਸਿੰਘ ਮੱਕੜ/ਸ਼ਮਿੰਦਰਪਾਲ) ਡਾ. ਬਲਜੀਤ ਕੌਰ ਦੇ ਹਲਕੇ ਵਿੱਚ ਇੱਕ ਕਰੋੜ 64 ਲੱਖ ਰੁਪਏ ਦੀ ਲਾਗਤ ਨਾਲ ਮੰਡੀਆਂ ਦੇ ਕੰਮ ਹੋਣੇ ਹਨ, ਪਰ ਉਨ੍ਹਾਂ ਨੇ ਇੱਕ ਨਵੀਂ ਪਹਿਲ ਕਰਦਿਆਂ ਇਨ੍ਹਾਂ ਕੰਮਾਂ ਦੇ ਨੀਹ ਪੱਥਰ ਖੁਦ ਰੱਖਣ ਦੀ ਬਜਾਏ ਕਿਸਾਨ ਮਜ਼ਦੂਰ ਭਰਾਵਾਂ ਤੋਂ ਰਖਵਾਉਣ ਦਾ ਫ਼ੈਸਲਾ ਕੀਤਾ ਹੈ। ਡਾ. ਬਲਜੀਤ ਕੌਰ ਨੇ ਦੱਸਿਆ ਕਿ 13 ਮਾਰਚ ਨੂੰ ਦੁਪਹਿਰ 12 ਵਜੇ ਉਨ੍ਹਾਂ ਦੇ ਹਲਕੇ ਦੇ ਕਿਸਾਨ ਤੇ ਮਜ਼ਦੂਰ ਭਰਾ ਹੀ ਇਨ੍ਹਾਂ ਮੰਡੀਆਂ ਦੇ ਨਵੀਨੀਕਰਨ ਦੇ ਪ੍ਰੋਜੈਕਟਾਂ ਦੇ ਨੀਂਹ ਪੱਥਰ ਰੱਖਣਗੇ। ਡਾ. ਬਲਜੀਤ ਕੌਰ ਨੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦਾ ਵਿਸ਼ੇਸ਼ ਤੌਰ 'ਤੇ ਧੰਨਵਾਦ ਕਰਦਿਆਂ ਕਿਹਾ ਕਿ ਜਿਵੇਂ ਹੀ ਸਰਕਾਰ ਦੇ ਧਿਆਨ 'ਚ ਲੋਕਾਂ ਦੀਆਂ ਇਹ ਮੰਗਾਂ ਆਈਆਂ ਤਾਂ ਸਰਕਾਰ ਵੱਲੋਂ ਇਨ੍ਹਾਂ ਪਿੰਡਾਂ ਵਿੱਚ ਮੰਡੀਆਂ ਦੀ ਉਸਾਰੀ ਲਈ ਫੰਡ ਜਾਰੀ ਕੀਤੇ ਗਏ। ਉਨ੍ਹਾਂ ਕਿਹਾ ਕਿ ਕਿਸਾਨਾਂ ਤੇ ਮਜ਼ਦੂਰਾਂ ਲਈ ਮੰਡੀ ਇੱਕ ਮਹੱਤਵਪੂਰਨ ਸਥਾਨ ਹੈ, ਜਿੱਥੇ ਉਹ ਆਪਣੀ ਕਿਰਤ ਵੇਚਣ ਲਈ ਪਹੁੰਚਦੇ ਹਨ। ਉਨ੍ਹਾਂ ਨੇ ਆਖਿਆ ਕਿ ਇਹ ਮੰਡੀਆਂ ਬਣਨ ਨਾਲ ਕਿਸਾਨਾਂ ਨੂੰ ਆਪਣੀ ਫ਼ਸਲ ਦੇ ਮੰਡੀਕਰਨ ਵਿੱਚ ਸੌਖ ਹੋਵੇਗੀ ਅਤੇ ਇੱਥੇ ਕੰਮ ਕਰਨ ਵਾਲੇ ਮਜ਼ਦੂਰ ਵੀ ਇਸ ਤੋਂ ਲਾਹਾ ਲੈਣਗੇ। ਡਾ. ਬਲਜੀਤ ਕੌਰ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਪਿੰਡ ਖੁੰਨਣ ਕਲਾਂ ਵਿੱਚ 65.89 ਲੱਖ ਰੁਪਏ ਦੀ ਲਾਗਤ ਨਾਲ ਸਟੀਲ ਸ਼ੈਡ, ਫੜ੍ਹ ਵਿੱਚ ਵਾਧਾ ਤੇ ਸੜਕਾਂ ਬਣਾਈਆਂ ਜਾਣਗੀਆਂ। ਪਿੰਡ ਬਾਮ ਵਿੱਚ 48.55 ਲੱਖ ਰੁਪਏ ਦੀ ਲਾਗਤ ਨਾਲ ਸਟੀਲ ਸ਼ੈਡ, ਫੜ੍ਹ ਵਿੱਚ ਵਾਧਾ ਅਤੇ ਸੜਕਾਂ ਬਣਾਈਆਂ ਜਾਣਗੀਆਂ। ਇਸੇ ਤਰ੍ਹਾਂ ਪਿੰਡ ਉੜਾਂਗ ਵਿੱਚ 27.79 ਲੱਖ ਰੁਪਏ ਦੀ ਨਾਲ ਸੜਕ ਅਤੇ ਫੜ ਬਣਾਇਆ ਜਾਵੇਗਾ। ਮਲੋਟ ਮੰਡੀ ਵਿੱਚ ਵੀ 21.80 ਲੱਖ ਰੁਪਏ ਦੀ ਲਾਗਤ ਨਾਲ ਕਵਰ ਸ਼ੈਡ ਦੀ ਰਿਪੇਅਰ, ਗੇਟ, ਚਾਰਦੀਵਾਰੀ ਤੇ ਫੁੱਟਪਾਥ ਬਣਾਏ ਜਾਣਗੇ। ਉਨ੍ਹਾਂ ਕਿਹਾ ਕਿ ਘੱਗਾ ਮੰਡੀ ਸਬੰਧੀ ਵੀ ਜਲਦ ਹੀ ਚੰਗੀ ਖ਼ਬਰ ਇਲਾਕਾ ਨਿਵਾਸੀਆਂ ਨੂੰ ਮਿਲੇਗੀ। ਕੈਬਨਿਟ ਮੰਤਰੀ ਨੇ ਇਹ ਵੀ ਦੱਸਿਆ ਕਿ ਇਨ੍ਹਾਂ ਸਾਰੀਆਂ ਮੰਡੀਆਂ ਦੇ ਨੀਂਹ ਪੱਥਰ ਉਹ ਖੁਦ ਨਹੀਂ, ਸਗੋਂ ਉਹਨਾਂ ਦੇ ਇਲਾਕੇ ਦੇ ਸਨਮਾਨਯੋਗ ਕਿਸਾਨ ਅਤੇ ਮਜ਼ਦੂਰ ਭਰਾ ਰੱਖਣਗੇ। ਕੈਬਨਿਟ ਮੰਤਰੀ ਵੱਲੋਂ ਲਏ ਗਏ ਇਸ ਫੈਸਲੇ ਦੀ ਇਲਾਕੇ ਦੇ ਕਿਸਾਨ, ਮਜ਼ਦੂਰ ਤੇ ਹੋਰ ਆਮ ਲੋਕ ਵੀ ਖੁੱਲ੍ਹ ਕੇ ਸ਼ਲਾਘਾ ਕਰ ਰਹੇ ਹਨ।

# ਸੀਨੀਅਰ ਲੀਡਰਸ਼ਿਪ ਨੇ ਫੱਤਣਵਾਲਾ ਪਰਵਾਰ ਨੂੰ ਦਿੱਤੀ ਵਧਾਈ



**ਸ੍ਰੀ ਮੁਕਤਸਰ ਸਾਹਿਬ ( ਸ਼ਮਿੰਦਰ ਪਾਲ / ਪੂਜਾ )**- ਇਥੋਂ ਦੇ ਪ੍ਰਸਿੱਧ ਸਿਆਸੀ ਪਰਵਾਰ ਫੱਤਣਵਾਲਾ ਪਰਵਾਰ ਦੀ ਬੇਟੀ ਰਾਬੀਆ ਕੌਰ ਬਰਾੜ ਪੁੱਤਰੀ ਮਨਜੀਤ ਸਿੰਘ ਫੱਤਣਵਾਲਾ ਸਾਬਕਾ ਚੇਅਰਮੈਨ ਦੇ ਵਿਆਹ ਦੀ ਖ਼ੁਸ਼ੀ ਵਿੱਚ ਸਥਾਨਕ ਪੈਲੇਸ ਵਿੱਚ ਪਾਰਟੀ ਰੱਖੀ ਗਈ। ਜਿਸ ਵਿੱਚ ਸੀਨੀਅਰ ਲੀਡਰਸ਼ਿਪ ਸੁਖਬੀਰ ਸਿੰਘ ਬਾਦਲ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ, ਆਦੇਸ਼ ਪ੍ਰਤਾਪ ਸਿੰਘ ਕੈਰੋਂ ਸਾਬਕਾ ਮੰਤਰੀ, ਪੁਰਨੀਤ ਕੌਰ ਕੈਰੋਂ ਪੁੱਤਰੀ ਪ੍ਰਕਾਸ਼ ਸਿੰਘ ਬਾਦਲ, ਮਨਪ੍ਰੀਤ ਸਿੰਘ ਬਾਦਲ ਸਾਬਕਾ ਮੰਤਰੀ, ਬਲਵਿੰਦਰ ਸਿੰਘ ਭੂੰਦੜ ਸਾਬਕਾ ਮੰਤਰੀ, ਤ੍ਰਿਪਤ ਰਜਿੰਦਰ ਸਿੰਘ ਬਾਜਵਾ ਸਾਬਕਾ ਮੰਤਰੀ, ਮਨਤਾਰ ਸਿੰਘ ਬਰਾੜ ਸਾਬਕਾ ਮੰਤਰੀ, ਸਰਬਜੀਤ ਸਿੰਘ ਝਿੰਜਰ ਪ੍ਰਧਾਨ ਯੂਥ ਅਕਾਲੀ ਦਲ, ਜਗਦੀਪ ਸਿੰਘ ਕਾਕਾ ਬਰਾੜ ਵਿਧਾਇਕ, ਹਰਪ੍ਰੀਤ ਸਿੰਘ ਸਾਬਕਾ ਵਿਧਾਇਕ, ਜਗਬੀਰ ਸਿੰਘ ਸਾਬਕਾ ਵਿਧਾਇਕ, ਭਾਈ ਹਰਨਿਰਪਾਲ ਕੁੱਕੂ ਸਾਬਕਾ ਵਿਧਾਇਕ, ਕੰਵਰਜੀਤ ਸਿੰਘ ਰੋਜ਼ੀ ਬਰਕੰਦੀ ਸਾਬਕਾ ਵਿਧਾਇਕ, ਰਾਜਿੰਦਰ ਸਿੰਘ ਜਾਖੜ ਸਾਬਕਾ ਚੇਅਰਮੈਨ, ਬ੍ਰਿਗੇਡੀਅਰ ਨਵਦੀਪ ਬਰਾੜ, ਕਰਨਲ ਡਿੰਪਲ ਗਰੇਵਾਲ, ਅਰਵਿੰਦਰਪਾਲ ਸਿੰਘ ਆਈ ਏ ਐਸ, ਅਵਨੀਤ ਕੌਰ ਸਿੱਧੂ ਏ ਆਈ ਜੀ, ਵਰਦੇਵ ਸਿੰਘ ਨੋਨੀ ਮਾਨ, ਸੁਖਵਿੰਦਰ ਸੁੱਖੀ ਪੰਜਾਬੀ ਸਿੰਗਰ, ਅਭੇ ਢਿੱਲੋਂ, ਮੋਂਟੂ ਵੋਹਰਾ, ਪਰਮਿੰਦਰ ਸਿੰਘ ਕੋਲਿਆਂਵਾਲੀ ਤੇ ਹੋਰ ਵੱਡੀ ਗਿਣਤੀ ਗਿਣਤੀ ਵਿੱਚ ਪਹੁੰਚੇ ਮਹਿਮਾਨਾਂ ਨੇ ਜਗਜੀਤ ਸਿੰਘ ਬਰਾੜ ਹਨੀ ਫੱਤਣਵਾਲਾ, ਮਨਰਾਜ ਸਿੰਘ ਬਰਾੜ ਤੇ ਜੈਰਾਜ ਸਿੰਘ ਫੱਤਣਵਾਲਾ ਨੂੰ ਵਧਾਈ ਦਿੱਤੀ ਤੇ ਇਸ ਖੁਸ਼ੀ ਵਿੱਚ ਸਾਰਾ ਫੱਤਣਵਾਲਾ ਪਰਵਾਰ ਤੇ ਰਿਸ਼ਤੇਦਾਰ ਸ਼ਾਮਲ ਹੋਏ।

# ਡੀ ਸੀ ਨੇ ਖੇਤ ਮਜ਼ਦੂਰ ਯੂਨੀਅਨ ਨਾਲ ਕੀਤੀ ਬੈਠਕ

**ਸ੍ਰੀ ਮੁਕਤਸਰ ਸਾਹਿਬ, ( ਸ਼ਮਿੰਦਰ ਪਾਲ / ਪੂਜਾ/ ਪਰਮਜੀਤ ਸਿੰਘ)**-ਪੰਜਾਬ ਖੇਤ ਮਜ਼ਦੂਰ ਯੂਨੀਅਨ ਵੱਲੋਂ ਲਾਏ ਤਿੰਨ ਰੋਜ਼ਾ ਧਰਨੇ ਉਪਰੰਤ ਪ੍ਰਸ਼ਾਸਨ ਵੱਲੋਂ ਕੀਤੇ ਵਾਅਦੇ ਅਨੁਸਾਰ ਅੱਜ ਡਿਪਟੀ ਕਮਿਸ਼ਨਰ ਹਰਪ੍ਰੀਤ ਸਿੰਘ ਸੂਦਨ ਨੇ ਯੂਨੀਅਨ ਦੇ ਆਗੂਆਂ ਨਾਲ ਬੈਠਕ ਕਰਦਿਆਂ ਮੰਗਾਂ ਉਪਰ ਵਿਚਾਰ ਕੀਤਾ ਤੇ ਕਈ ਮੰਗਾਂ ਦੇ ਨਿਪਟਾਰੇ ਲਈ ਕਾਰਵਾਈ ਸ਼ੁਰੂ ਕਰ ਦਿੱਤੀ। ਯੂਨੀਅਨ ਦੇ ਵਫਦ ਵਿੱਚ ਸ਼ਾਮਲ ਜ਼ਿਲ੍ਹਾ ਜਨਰਲ ਸਕੱਤਰ ਤਰਸੇਮ ਸਿੰਘ ਖੁੰਡੇ ਹਲਾਲ, ਕਾਰਜਕਾਰੀ ਪ੍ਰਧਾਨ ਗੁਰਜੰਟ ਸਿੰਘ ਸਾਉਂਕੇ, ਬਾਜ ਸਿੰਘ ਭੁੱਟੀਵਾਲਾ, ਕਾਲਾ ਸਿੰਘ ਖੂਨਣ ਖੁਰਦ, ਕਾਕਾ ਸਿੰਘ ਖੁੰਡੇ ਹਲਾਲ ਅਤੇ ਜਸਵਿੰਦਰ ਸਿੰਘ ਸੰਗੂਧੌਣ ਨੇ ਦੱਸਿਆ ਕਿ ਮਨਰੇਗਾ ਦਾ ਪਿੰਡਾਂ ਵਿੱਚ ਕੰਮ ਰੁਕਿਆ ਹੋਇਆ ਹੈ, ਜਿਸ ਨੂੰ ਜਲਦੀ ਚਲਾਉਣ ਦੀ ਮੰਗ ਕੀਤੀ ਗਈ। ਇਸੇ ਤਰ੍ਹਾਂ ਪ੍ਰਧਾਨ ਮੰਤਰੀ ਅਵਾਸ ਯੋਜਨਾ ਤਹਿਤ ਜਾਰੀ ਹੋਈਆਂ ਗਰਾਂਟਾਂ ਦੀਆਂ ਰਹਿੰਦੀਆਂ ਕਿਸ਼ਤਾਂ ਜਾਰੀ ਕਰਾਉਣ, ਪਿੰਡ ਸਿੰਘੇਵਾਲਾ, ਕਿਲਿਆਂਵਾਲੀ ਦੇ ਪਲਾਟਾਂ ਦੀਆਂ ਜਾਰੀ ਕੀਤੀਆਂ ਸਨਦਾਂ ਅਨੁਸਾਰ ਲੰਬੀ ਦੇ ਬੀ ਡੀ ਪੀ ਓ ਨੂੰ ਕਬਜ਼ੇ ਦੇਣ ਵਾਸਤੇ ਹਦਾਇਤ ਕਰਨ, ਬਿਜਲੀ ਦੇ ਪੁੱਟੇ ਮੀਟਰ ਲਾਉਣ, ਮਜ਼ਦੂਰਾਂ-ਕਿਸਾਨਾਂ 'ਤੇ ਦਰਜ ਮੁਕੱਦਮੇ ਖਾਰਜ ਕਰਨ ਲਈ ਪੰਜਾਬ ਸਰਕਾਰ ਨੂੰ ਭੇਜਣ, ਮਜ਼ਦੂਰਾਂ ਨੂੰ ਸਹਿਕਾਰੀ ਸਭਾਵਾਂ ਦੇ ਮੈਂਬਰ ਬਣਾ ਕੇ ਕਰਜ਼ੇ ਦੇਣ ਅਤੇ ਭੁੱਟੀਵਾਲਾ ਦੀ ਵਿਵਾਦਿਤ ਗਲੀ ਪੱਕੀ ਬਣਾਉਣ ਲਈ ਬੀ ਡੀ ਪੀ ਓ ਗਿੱਦੜਬਾਹਾ ਨੂੰ ਹਦਾਇਤ ਜਾਰੀ ਕਰਨ ਦੀ ਮੰਗ ਕੀਤੀ ਗਈ ਜਿਸ ਨੂੰ ਡਿਪਟੀ ਕਮਿਸ਼ਨਰ ਨੇ ਤੁਰੰਤ ਹੱਲ ਕਰਨ ਦਾ ਭਰੋਸਾ ਦਿੰਦਿਆਂ ਸਬੰਧਤ ਅਧਿਕਾਰੀਆਂ ਨੂੰ ਹਦਾਇਤਾਂ ਜਾਰੀ ਕਰ ਦਿੱਤੀਆਂ।

# ਪੰਜਾਬ ਸਰਕਾਰ ਸਿੱਖਿਆ ਦੇ ਖੇਤਰ 'ਚ ਪੁੱਟ ਰਹੀ ਕ੍ਰਾਂਤੀਕਾਰੀ ਕਦਮ : ਰਾਏ

ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)-ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਿੱਚ ਪੰਜਾਬ ਸਰਕਾਰ ਸਿੱਖਿਆ ਦੇ ਖੇਤਰ ਨੂੰ ਸੁਧਾਰਨ ਵਿੱਚ ਦਿਨ-ਰਾਤ ਮਿਹਨਤ ਨਾਲ ਕੰਮ ਕਰ ਰਹੀ ਹੈ ਤੇ ਨਵੇਂ ਕ੍ਰਾਂਤੀਕਾਰੀ ਕਦਮ ਪੁੱਟੇ ਜਾ ਰਹੇ ਹਨ, ਜਿਸ ਦੇ ਸਾਰਥਿਕ ਨਤੀਜੇ ਸਾਡੇ ਸਾਹਮਣੇ ਆਉਣੇ ਸ਼ੁਰੂ ਹੋ ਗਏ ਹਨ ਤੇ ਸਰਕਾਰੀ ਸਕੂਲਾਂ ਦੀ ਹਾਲਤ ਸੁਧਰ ਰਹੀ ਹੈ।ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਵਿਧਾਇਕ ਐਡਵੋਕੇਟ ਲਖਵੀਰ ਸਿੰਘ ਰਾਏ ਨੇ ਸਰਕਾਰੀ ਕੰਨਿਆਂ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਸਰਹੰਦ ਮੰਡੀ ਵਿਖੇ 07 ਲੱਖ ਰੁਪਏ ਦੀ ਲਾਗਤ ਨਾਲ ਨਵੀਨੀਕਰਨ ਕੀਤੇ 07 ਕਮਰਿਆਂ ਦਾ ਉਦਘਾਟਨ ਕਰਨ ਮੌਕੇ ਕੀਤਾ।

ਵਿਧਾਇਕ ਰਾਏ ਨੇ ਕਿਹਾ ਕਿ ਚੋਣਾਂ ਤੋਂ ਪਹਿਲਾਂ ਆਮ ਆਦਮੀ ਪਾਰਟੀ ਨੇ ਲੋਕਾਂ ਨੂੰ ਸਿੱਖਿਆ, ਸਿਹਤ ਤੇ ਪੰਜਾਬ ਦੇ ਸਰਵਪੱਖੀ ਵਿਕਾਸ ਲਈ ਜੋ ਗਰੰਟੀਆਂ ਦਿੱਤੀਆਂ ਸਨ, ਉਨ੍ਹਾਂ ਨੂੰ ਇੱਕ-ਇੱਕ ਕਰਕੇ ਪੂਰਾ ਕੀਤਾ ਹੈ ਤੇ ਸੂਬੇ ਦਾ ਵਿਕਾਸ ਹੋ ਰਿਹਾ ਹੈ।ਵਿਧਾਇਕ ਨੇ ਦੱਸਿਆ ਕਿ ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਮਰਾਟ ਸਕੂਲ ਸਰਹਿੰਦ ਮੰਡੀ ਵਿਖੇ ਉੱਪਰਲੀ ਮੰਜ਼ਲ ਦੇ ਕਮਰੇ ਤਿਆਰ ਨਹੀਂ ਸਨ, ਜਿਹੜੇ 07 ਲੱਖ ਰੁਪਏ ਦੀ ਲਾਗਤ ਨਾਲ ਨਵੀਨੀਕਰਨ ਕਰਕੇ ਸਮਾਰਟ ਰੂਮ ਬਣਾਏ ਗਏ ਹਨ।ਇਸ ਤੋਂ ਇਲਾਵਾ ਹਲਕੇ 'ਚ ਵੱਡੀ ਪੱਧਰ 'ਤੇ ਪਿੰਡਾਂ ਤੇ ਸ਼ਹਿਰਾਂ ਦਾ ਵਿਕਾਸ ਚੱਲ ਰਿਹਾ ਹੈ।ਇਸ ਦੇ ਨਾਲ ਹੀ ਬੱਚਿਆਂ ਨੂੰ ਸਮੇਂ ਦੇ ਹਾਣੀ ਬਣਾਉਣ ਲਈ ਸਕੂਲ ਆਫ ਐਮੀਨੈਂਸ ਖੋਲੇ ਜਾ ਰਹੇ ਹਨ ਤਾਂ ਜੁ ਉਹ ਆਉਣ ਵਾਲੇ ਸਮੇਂ ਵਿੱਚ ਤਕਨੀਕੀ ਤੇ ਮਿਆਰੀ ਸਿੱਖਿਆ ਹਾਸਲ ਕਰਕੇ ਉੱਚੇ ਅਹੁਦਿਆਂ ਤੇ ਬਿਰਾਜਮਾਨ ਹੋ ਸਕਣ।



# ਹਰਨੀਤ ਕੌਰ ਨੇ ਪ੍ਰਾਪਤ ਕੀਤਾ ਤੀਜਾ ਡਾ. ਅਮਨਪ੍ਰੀਤ ਸਿੰਘ ਯੰਗ ਸਿੱਖ ਸਕਾਲਰ ਐਵਾਰਡ



**ਸ੍ਰੀ ਫ਼ਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ ਦੇ ਧਰਮ ਅਧਿਐਨ ਵਿਭਾਗ ਦੀ ਰਿਸਰਚ ਸਕਾਲਰ ਹਰਨੀਤ ਕੌਰ ਨੂੰ ਤੀਜਾ ਡਾ. ਅਮਨਪ੍ਰੀਤ ਸਿੰਘ ਯੰਗ ਸਿੱਖ ਸਕਾਲਰ ਐਵਾਰਡ ਮਿਲਣ ਤੇ ਯੂਨੀਵਰਸਿਟੀ ਉੱਚ ਅਧਿਕਾਰੀਆਂ ਨੇ ਖ਼ੁਸ਼ੀ ਜ਼ਾਹਰ ਕਰਦਿਆਂ ਦੱਸਿਆ ਕਿ ਪਿਛਲੇ ਦਿਨੀਂ ਅਕਾਲ ਕਾਲਜ, ਮਸਤੂਆਣਾ ਸਾਹਿਬ ਵਿਖੇ ਹੋਏ ਸਾਹਿਤ ਮੇਲੇ ਵਿਚ ਪੰਜਾਬ ਦੀਆਂ ਵੱਖ-ਵੱਖ ਯੂਨੀਵਰਸਿਟੀਆਂ ਅੰਦਰ ਧਰਮ ਅਧਿਐਨ ਵਿਸ਼ੇ ਵਿੱਚ ਪੀ-ਐਚ. ਡੀ ਕਰ ਰਹੇ ਪੰਜ ਗੁਰਸਿੱਖ ਖੋਜਾਰਥੀਆਂ ਨੂੰ ਸਨਮਾਨਤ ਕੀਤਾ ਗਿਆ।ਜ਼ਿਕਰਯੋਗ ਹੈ ਕਿ ਇਹ ਸਨਮਾਨ ਸਵ: ਡਾ. ਅਮਨਪ੍ਰੀਤ ਸਿੰਘ ਦੀ ਨਿੱਘੀ ਯਾਦ ਵਿੱਚ 2021 ਤੋਂ ਹਰ ਸਾਲ ਦਿੱਤਾ ਜਾ ਰਿਹਾ ਹੈ, ਜਿਸ ਵਿੱਚ ਸਨਮਾਨ ਪ੍ਰਾਪਤ ਕਰਨ ਵਾਲੇ ਖੋਜਾਰਥੀਆਂ ਦੀਆਂ ਖੋਜ-ਕਾਰਜ ਖੇਤਰ ਤੇ ਪ੍ਰਾਪਤੀਆਂ ਸਾਝੀਆਂ ਕੀਤੀਆਂ ਜਾਂਦੀਆਂ ਹਨ।ਇਸ ਵਰ੍ਹੇ ਖੋਜਾਰਥੀਆਂ ਨੂੰ ਸਨਮਾਨਤ ਕਰਨ ਲਈ ਤਖ਼ਤ ਸ੍ਰੀ ਦਮਦਮਾ ਸਾਹਿਬ, ਸਾਬੋ ਕੀ ਤਲਵੰਡੀ ਦੇ ਮੁੱਖ ਗ੍ਰੰਥੀ ਗਿਆਨੀ ਜਗਤਾਰ ਸਿੰਘ ਉਚੇਚੇ ਤੌਰ 'ਤੇ ਪਹੁੰਚੇ।

ਸਨਮਾਨ ਪ੍ਰਾਪਤ ਕਰਨ ਪਿੱਛੋਂ ਯੂਨੀਵਰਸਿਟੀ ਪਹੁੰਚਣ 'ਤੇ ਵਾਈਸ ਚਾਂਸਲਰ ਪ੍ਰੋਫੈਸਰ ਪਰਿਤ ਪਾਲ ਸਿੰਘ ਤੇ ਡੀਨ ਅਕਾਦਮਿਕ ਮਾਮਲੇ ਪ੍ਰੋਫੈਸਰ ਸੁਖਵਿੰਦਰ ਸਿੰਘ ਬਿਲਿੰਗ ਨੇ ਖੋਜਾਰਥੀ ਹਰਨੀਤ ਕੌਰ ਤੇ ਵਿਭਾਗ ਮੁਖੀ ਡਾ. ਹਰਦੇਵ ਸਿੰਘ ਨੂੰ ਮੁਬਾਰਕਾਂ ਤੇ ਸ਼ੁਭਕਾਮਨਾਵਾਂ ਦਿੱਤੀਆਂ। ਵਾਈਸ ਚਾਂਸਲਰ ਨੇ ਖੁਸ਼ੀ ਦਾ ਪ੍ਰਗਟਾਵਾ ਕਰਦਿਆਂ ਆਖਿਆ ਕਿ ਨਵੀਂ ਪੀੜ੍ਹੀ ਦੇ ਖੋਜਾਰਥੀਆਂ ਦਾ ਗੁਰਬਾਣੀ ਅਧਿਐਨ ਨਾਲ ਜੁੜਨਾ ਇੱਕ ਸ਼ੁਭ ਸ਼ਗਨ ਹੈ। ਨਾਲ ਹੀ ਉਨ੍ਹਾਂ ਡਾ. ਅਮਨਪ੍ਰੀਤ ਸਿੰਘ ਯੰਗ ਸਿੱਖ ਸਕਾਲਰ ਵੈਲਫੇਅਰ ਸੁਸਾਇਟੀ, ਲੁਧਿਆਣਾ ਵੱਲੋਂ ਸ਼ੁਰੂ ਕੀਤੇ ਗਏ ਇਸ ਐਵਾਰਡ ਦੀ ਵੀ ਭਰਪੂਰ ਸ਼ਲਾਘਾ ਕੀਤੀ।

ਪ੍ਰੋਫੈਸਰ ਬਿਲਿੰਗ ਨੇ ਦੱਸਿਆ ਕਿ ਯੂਨੀਵਰਸਿਟੀ ਵੱਲੋਂ ਅਧਿਐਨ ਦੇ ਨਾਲ-ਨਾਲ ਖਾਸ ਕਰਕੇ ਗੁਰਬਾਣੀ ਤੇ ਸਿੱਖ ਇਤਿਹਾਸ ਸਬੰਧੀ ਖੋਜ ਦੇ ਖੇਤਰ ਨੂੰ ਉਚੇਚੀ ਤਵੱਜੋਂ ਦਿੱਤੀ ਜਾ ਰਹੀ ਹੈ। ਡਾ. ਹਰਦੇਵ ਸਿੰਘ ਨੇ ਦੱਸਿਆ ਕਿ ਖੋਜਾਰਥੀ ਹਰਨੀਤ ਕੌਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਮੈਕਾਲਿਫ ਤੇ ਪ੍ਰੋਫੈਸਰ ਤਾਲਿਬ ਵੱਲੋਂ ਕੀਤੇ ਗਏ ਅੰਗਰੇਜ਼ੀ ਅਨੁਵਾਦ ਦਾ ਆਲੋਚਨਾਤਮਕ ਅਧਿਐਨ ਵਿਸ਼ੇ 'ਤੇ ਪੀਐਚਡੀ ਕਰ ਰਹੇ ਹਨ।ਇਸ ਮੌਕੇ ਹੋਰਨਾਂ ਤੋਂ ਇਲਾਵਾ ਰਜਿਸਟਰਾਰ ਪ੍ਰੋ. ਤੇਜਬੀਰ ਸਿੰਘ ਤੇ ਡੀਨ ਵਿਦਿਆਰਥੀ ਭਲਾਈ ਡਾ. ਸਿਕੰਦਰ ਸਿੰਘ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।

# 4 ਸਾਲ ਦੇ ਬੱਚੇ ਦੀ ਛੱਪੜ 'ਚ ਡੁੱਬਣ ਕਾਰਨ ਮੌਤ



**ਦੋਦਾ (ਵਕੀਲ ਬਰਾੜ)**- ਇਥੋਂ ਨਾਲ ਦੇ ਪਿੰਡ ਲੁਹਾਰਾ ਵਿਖੇ ਬੀਤੀ ਸ਼ਾਮ ਇਕ ਚਾਰ ਸਾਲ ਦਾ ਬੱਚਾ ਬਿਨਾਂ ਦੱਸੇ ਘਰੋਂ ਖੇਡਣ ਲਈ ਬਹਾਰ ਨਿਕਲਿਆ। ਜਦ ਘਰਦਿਆਂ ਨੇ ਤਲਾਸ਼ ਕੀਤੀ ਪਰ ਬੱਚਾ ਕਿਤੋਂ ਵੀ ਨਾ ਮਿਲਿਆ। ਬੱਚੇ ਫਤਿਹ ਸਿੰਘ ਪੁੱਤਰ ਜਸਵੀਰ ਸਿੰਘ ਦੀ ਘਰਦਿਆਂ ਅਤੇ ਗੁਆਢੀਆਂ ਵੱਲੋਂ ਤਲਾਸ਼ ਕਰਦਿਆਂ ਘਰ ਨੇੜੇ ਛੱਪੜ ਵਿਚ ਬੱਚੇ ਦੀਆਂ ਚੱਪਲਾਂ ਤੈਰਦੀਆਂ ਨਜ਼ਰ ਪਈਆਂ । ਲੱਭਣ 'ਤੇ ਬੱਚੇ ਦੀ ਲਾਸ਼ ਛੱਪੜ ਵਿਚੋਂ ਮਿਲੀ। ਇਸ ਘਟਨਾ ਦਾ ਪਤਾ ਲੱਗਦਿਆਂ ਹੀ ਸਮੁੱਚੇ ਪਿੰਡ ਸੋਗ ਦੀ ਲਹਿਰ ਦੌੜ ਗਈ।

# ਲੋਹਾਰਾ ਦੀ ਸਹਿਕਾਰੀ ਸਭਾ ਨੇ 11.68 ਲੱਖ ਰੁਪਏ ਦਾ ਮੁਨਾ.ਫ਼ਾ ਵੰਡਿਆ

**ਲੁਧਿਆਣਾ (ਰਾਜ ਸਿੰਗਲਾ)** ਵਿਧਾਇਕ ਰਾਜਿੰਦਰਪਾਲ ਕੌਰ ਛੀਨਾ ਵੱਲੋਂ ਵਿਧਾਨ ਸਭਾ ਹਲਕਾ ਲੁਧਿਆਣਾ ਦੱਖਣੀ ਅਧੀਨ ਪਿੰਡ ਲੋਹਾਰਾ ਸਹਿਕਾਰੀ ਸਭਾ ਨੂੰ 11,68,900/- ਰੁਪਏ ਦਾ ਮੁਨਾਫ਼ਾ ਵੰਡਿਆ। ਵਿਧਾਇਕ ਛੀਨਾ ਨੇ ਕਿਹਾ ਕਿ ਪਹਿਲਾਂ ਸਰਕਾਰਾਂ ਸਿਰਫ਼ 10 ਫ਼ੀਸਦੀ ਮੁਨਾਫ਼ਾ ਦਿੰਦੀਆਂ ਸਨ, ਪਰ ਜਦੋਂ ਤੋਂ ਸੂਬੇ ਵਿੱਚ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਕਮਾਨ ਸੰਭਾਲ ਹੈ ਸਰਕਾਰ ਮੈਂਬਰਾਂ ਨੂੰ 20 ਫ਼ੀਸਦੀ ਲਾਭਅੰਸ਼ ਦਿੰਦੀ ਹੈ। ਉਨ੍ਹਾਂ ਦੱਸਿਆ ਕਿ ਪਿੰਡ ਲੋਹਾਰਾ ਦੇ 758 ਮੈਂਬਰਾਂ ਦੇ ਨਾਲ-ਨਾਲ ਪਿੰਡ ਬੁਲਾਰਾ ਦੇ 125 ਮੈਂਬਰਾਂ ਨੂੰ ਵੀ ਲਾਭ ਦਿੱਤਾ ਗਿਆ ਹੈ। ਵਿਧਾਇਕ ਛੀਨਾ ਨੇ ਮੈਂਬਰਾਂ ਨੂੰ ਕਿਹਾ ਕਿ ਕਿਸਾਨ ਵੀਰਾਂ ਨੂੰ ਜੋ ਵੀ ਸਮੱਸਿਆ ਆਵੇਗੀ, ਉਸ ਦਾ ਪਹਿਲ ਦੇ ਆਧਾਰ 'ਤੇ ਨਿਪਟਾਰਾ ਕੀਤਾ ਜਾਵੇਗਾ ਤੇ ਸਾਡੀ ਸਰਕਾਰ ਸਾਰੀਆਂ ਸਹੂਲਤਾਂ ਪ੍ਰਦਾਨ ਕਰੇਗੀ। ਸੁਸਾਇਟੀ ਦੇ ਮੈਂਬਰਾਂ ਨੇ ਵਿਧਾਇਕ ਦਾ ਨਿੱਘਾ ਸਵਾਗਤ ਕੀਤਾ ਤੇ ਉਨ੍ਹਾਂ ਨੂੰ ਸਿਰੋਪਾਓ ਭੇਂਟ ਕਰਕੇ ਸਨਮਾਨਤ ਕੀਤਾ।

14-MAR-PAGE-11-2024.qxd 3/13/2024 11:07 PM Page 1



# ਡੀ ਐੱਮ ਸੀ ਵੱਲੋਂ ਆਮ ਆਦਮੀ ਕਲੀਨਿਕ ਜੌੜਾ ਛਤਰਾਂ ਦੀ ਚੈਕਿੰਗ



ਗੁਰਦਾਸਪੁਰ (ਦਿਨੇਸ਼ ਕੁਮਾਰ)-ਸਿਵਲ ਸਰਜਨ ਗੁਰਦਾਸਪੁਰ ਡਾ. ਹਰਭਜਨ ਰਾਮ ਮਾਂਡੀ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਡਿਪਟੀ ਮੈਡੀਕਲ ਕਮਿਸ਼ਨਰ ਡਾ. ਰੋਮੀ ਰਾਜਾ ਮਹਾਜਨ ਨੇ ਸੀਐਚਸੀ ਕਲਾਨੌਰ ਅਤੇ ਆਮ ਆਦਮੀ ਕਲੀਨਿਕ ਜੌੜਾ ਛਤਰਾਂ ਦੀ ਚੈਕਿੰਗ ਕੀਤੀ।

ਇਸ ਮੌਕੇ ਡੀਐੱਮਸੀ ਰੋਮੀ ਰਾਜਾ ਨੇ ਮਰੀਜ਼ਾਂ ਅਤੇ ਉਨ੍ਹਾਂ ਦੇ ਤਾਮੀਰਦਾਰਾਂ ਨਾਲ ਗੱਲਬਾਤ ਕੀਤੀ।ਮਰੀਜ਼ਾਂ ਨੂੰ ਮਿਲ ਰਹੀ ਸਹੂਲਤਾਂ ਬਾਰੇ ਜਾਣਕਾਰੀ ਹਾਸਲ ਕੀਤੀ।ਉਨ੍ਹਾਂ ਸਟਾਫ ਮੈਂਬਰਾਂ ਨੂੰ ਹਿਦਾਇਤ ਕੀਤੀ ਕਿ ਸਰਕਾਰ ਵਲੋਂ ਜਾਰੀ ਸਿਹਤ ਸਕੀਮਾਂ ਦਾ ਫਾਇਦਾ ਲੋਕਾਂ ਨੂੰ ਮਿਲੇ।ਮੁਫਤ ਦਵਾਈਆਂ, ਮੁਫਤ ਟੈਸਟ, ਮੁਫਤ ਇਲਾਜ ਸਹੂਲੀਅਤ ਦਾ 100 ਫੀਸਦੀ ਲਾਭ ਲੋਕਾਂ ਨੂੰ ਮਿਲੇ, ਇਸ ਗਲ ਨੂੰ ਯਕੀਨੀ ਬਣਾਇਆ ਜਾਵੇ।

ਦਵਾਈ ਦੇ ਨਾਲ ਨਾਲ ਮਰੀਜ਼ਾਂ ਨੂੰ ਸਿਹਤ ਜਾਗਰੂਕਤਾ ਬਾਰੇ ਵੀ ਦੱਸਿਆ ਜਾਵੇ। ਮਰੀਜ਼ਾਂ ਦੀ ਦਿੱਕਤ ਸਮਾਂ ਰਹਿੰਦੇ ਦੂਰ ਕੀਤੀ ਜਾਵੇ।ਇਸ ਮੌਕੇ ਐੱਸਐੱਮਓ ਡਾ. ਸੁਖਦੀਪ ਸਿੰਘ, ਡਾਕਟਰ ਵਿਸ਼ਾਲ, ਅਮਨਦੀਪ ਸਿੰਘ, ਰਾਕੇਸ਼ ਕੁਮਾਰ ਆਦਿ ਹਾਜ਼ਰ ਸਨ।

# ਈ ਟੀ ਓ ਨੇ 3 ਕਰੋੜ 25 ਲੱਖ ਰੁਪਏ ਤੋਂ ਵੱਧ ਦੇ ਕੰਮਾਂ ਦੇ ਕੀਤੇ ਉਦਘਾਟਨ



ਤਰਸਿੱਕਾ, (ਤਰਸੇਮ ਸਿੰਘ ਸਾਧਪੁਰ)-ਕੈਬਨਿਟ ਮੰਤਰੀ ਹਰਭਜਨ ਸਿੰਘ ਈ.ਟੀ.ਓ. ਨੇ ਹਲਕਾ ਜੰਡਿਆਲਾ ਗੁਰੂ ਨਾਲ ਸੰਬੰਧਿਤ ਬਲਾਕ ਤਰਸਿਕਾ ਦੇ 15 ਪਿੰਡਾਂ ਵਿੱਚ ਵਿਕਾਸ ਕਾਰਜਾਂ ਦੇ ਉਦਘਾਟਨ ਦੀ ਸ਼ੁਰੂਆਤ ਕਰਦਿਆਂ ਦੱਸਿਆ ਕਿ ਇਨਾਂ ਪਿੰਡਾਂ ਵਿੱਚ ਵਾਟਰ ਸਪਲਾਈ ਅਤੇ ਸੈਨੀਟੇਸ਼ਨ ਤੋਂ ਇਲਾਵਾ ਗਲੀਆਂ ਨਾਲੀਆਂ ਅਤੇ ਲਿੰਕ ਸੜਕਾਂ ਬਣਾਈਆਂ ਜਾਣਗੀਆਂ। ਆਪਣੇ ਇਸ ਤੁਫਾਨੀ ਦੌਰੇ ਦੌਰਾਨ ਉਨਾਂ ਨੇ ਸਵੇਰ ਤੋਂ ਹੀ ਵੱਖ-ਵੱਖ 15 ਪਿੰਡਾਂ ਵਿੱਚ ਜਾ ਕੇ ਨੀਂਹ ਪੱਥਰ ਰੱਖਣੇ ਸ਼ੁਰੂ ਕੀਤੇ।

ਇਸ ਮੌਕੇ ਲੋਕ ਨਿਰਮਾਣ ਮੰਤਰੀ ਨੇ ਦੱਸਿਆ ਕਿ ਪਿੰਡ ਮੁੱਛਲ ਵਿਖੇ ਵਾਟਰ ਸਪਲਾਈ ਅਤੇ ਸੈਨੀਟੇਸ਼ਨ ਲਈ 8 ਲੱਖ ਰੁਪਏ ਪਿੰਡ ਰਸੂਲਪੁਰਾ ਵਿਖੇ, 7.50 ਲੱਖ ਰੁਪਏ ਪਿੰਡ ਦਸਮੇਸ਼ ਨਗਰ ਵਿਖੇ, 25 ਲੱਖ ਰੁਪਏ ਦੀ ਲਾਗਤ ਨਾਲ ਗਲੀਆਂ, ਨਾਲੀਆਂ ਅਤੇ ਸੀਵਰੇਜ, ਪਿੰਡ ਕੁਹਾਲਾ ਵਿਖੇ 13 ਲੱਖ ਰੁਪਏ ਦੀ ਲਾਗਤ ਨਾਲ ਵਾਟਰ ਸਪਲਾਈ ਅਤੇ ਸੈਨੀਟੇਸ਼ਨ, ਪਿੰਡ ਤਰਸਿੱਕਾ ਵਿਖੇ 15 ਲੱਖ ਰੁਪਏ ਦੀ ਲਾਗਤ ਨਾਲ, ਪਿੰਡ ਮਹਿਸਮਪੁਰ ਖੁਰਦ ਵਿਖੇ 8 ਲੱਖ ਰੁਪਏ ਦੀ ਲਾਗਤ ਨਾਲ, ਪਿੰਡ ਉਦੋਨੰਗਲ ਵਿਖੇ 8.50 ਲੱਖ ਰੁਪਏ ਦੀ ਲਾਗਤ ਨਾਲ, ਪਿੰਡ ਦਬੁਰਜੀ ਵਿਖੇ 5 ਲੱਖ ਰੁਪਏ ਦੀ ਲਾਗਤ ਨਾਲ ਵਾਟਰ ਸਪਲਾਈ ਅਤੇ ਸੈਨੀਟੇਸ਼ਨ ਦੇ ਕੰਮ ਕਰਵਾਏ ਜਾਣਗੇ। ਉਨਾਂ ਦੱਸਿਆ ਕਿ ਇਸੇ ਤਰ੍ਹਾਂ ਹੀ ਪਿੰਡ ਸਰਜਾ ਤੋਂ ਜੋਧਾ ਨਗਰੀ ਵਿਖੇ ਨਵੀਂ ਲਿੰਕ ਸੜਕ ਜਿਸ ਤੇ 29.45 ਲੱਖ ਰੁਪਏ ਦੀ ਲਾਗਤ ਨਾਲ ਅਤੇ ਪਿੰਡ ਕੋਟਲਾ ਬਥੂਨਗੜ੍ਹ ਤੋਂ ਗੁਰਦੁਆਰਾ ਬਾਬਾ ਭਾਣਾ ਸਾਹਿਬ ਵਿਖੇ ਨਵੀਂ ਲਿੰਕ ਸੜਕ ਬਣਾਉਣ ਤੇ 59 ਲੱਖ ਰੁਪਏ, ਪਿੰਡ ਰਾਣਾ ਕਾਲਾ ਡੇਰੇ ਸੁਖਵਿੰਦਰ ਸਿੰਘ ਮਾਨ ਦੇ ਘਰ ਤੱਕ ਨਵੀਂ ਲਿੰਕ ਸੜਕ ਬਣਾਉਣ ਤੇ 31 ਲੱਖ ਰੁਪਏ, ਪਿੰਡ ਰਾਣਾ ਕਾਲਾ ਤੋਂ ਡੇਰੇ ਮਹਿੰਦਰ ਸਿੰਘ ਦੇ ਘਰ ਤੱਕ ਨਵੀਆਂ ਇੰਟਰਲਾਕਿੰਗ ਟਾਈਲਾਂ ਲਗਾਉਣ ਤੇ 65.93 ਲੱਖ ਰੁਪਏ, ਪਿੰਡ ਨਾਰਾਇਣਗੜ੍ਹ ਤੋਂ ਰਾਣਾ ਕਾਲਾ ਤੱਕ ਨਵੀਂ ਲਿੰਕ ਸੜਕ ਬਣਾਉਣ ਤੇ 15.50 ਲੱਖ ਰੁਪਏ ਖਰਚ ਆਉਣਗੇ। ਉਨ੍ਹਾਂ ਦੱਸਿਆ ਕਿ ਇਸੇ ਤਰ੍ਹਾਂ ਪਿੰਡ ਕੋਟਲਾ ਬਥੂਨਗੜ੍ਹ ਵਿਖੇ ਵਾਟਰ ਸਪਲਾਈ ਅਤੇ ਸੈਨੀਟੇਸ਼ਨ ਦੇ ਕੰਮਾਂ ਲਈ 7 ਲੱਖ ਰੁਪਏ ਅਤੇ ਪਿੰਡ ਰਾਣਾ ਕਾਲਾ ਵਿਖੇ ਫਿਰਨੀ ਦੀ ਸਪੈਸ਼ਲ ਰਿਪੇਅਰ ਲਈ 29 ਲੱਖ ਰੁਪਏ ਖਰਚ ਕੀਤੇ ਜਾਣਗੇ। ਈ.ਟੀ.ਓ. ਨੇ ਦੱਸਿਆ ਕਿ ਸਾਡੀ ਸਰਕਾਰ ਦਾ ਮੁੱਖ ਉਦੇਸ਼ ਲੋਕਾਂ ਨੂੰ ਬੁਨਿਆਦੀ ਸਹੂਲਤਾਂ ਮੁਹੱਈਆ ਕਰਵਾਉਣਾ ਹੈ। ਇਸੇ ਤਹਿਤ ਦੋ ਸਾਲ ਦੇ ਸਾਸ਼ਨ ਵਿੱਚ ਸਾਡੀ ਸਰਕਾਰ ਨੇ ਸਿਹਤ ਤੇ ਸਿੱਖਿਆ ਦੇ ਨਾਲ ਨਾਲ ਲੋਕਾਂ ਨੂੰ ਬੁਨਿਆਦੀ ਸਹੂਲਤਾਂ ਵੀ ਮੁਹੱਈਆ ਕਰਵਾਈਆਂ ਹਨ। ਉਨਾਂ ਕਿਹਾ ਕਿ ਪੰਜਾਬ ਦੇ ਇਤਿਹਾਸ ਵਿੱਚ ਪਹਿਲੀ ਵਾਰ ਹੋਇਆ ਹੈ ਕਿ ਕਿਸੇ ਸਰਕਾਰ ਨੇ ਆਪਣੇ 2 ਸਾਲ ਦੇ ਸਾਸ਼ਨ ਵਿੱਚ 40 ਹਜਾਰ ਤੋਂ ਵੱਧ ਨੌਜਵਾਨਾਂ ਨੂੰ ਰੋਜ਼ਗਾਰ ਮੁਹੱਈਆ ਕਰਵਾਇਆ ਹੈ।

# ਜਮਹੂਰੀ ਕਿਸਾਨ ਸਭਾ ਪੰਜਾਬ ਦਾ ਜਥਾ ਦਿੱਲੀ ਮਹਾਂਪੰਚਾਇਤ ਲਈ ਰਵਾਨਾ



ਭਿੱਖੀਵਿੰਡ/ਖਾਲੜਾ (ਲਖਵਿੰਦਰ ਸਿੰਘ ਗੋਲਣ/ਰਣਬੀਰ ਸਿੰਘ ਗੋਲਣ)-ਦੇਸ਼ ਭਰ ਦੀਆਂ ਕਿਸਾਨ ਜਥੇਬੰਦੀਆਂ ਵੱਲੋਂ 14 ਮਾਰਚ ਨੂੰ ਦਿੱਲੀ ਦੇ ਰਾਮਲੀਲਾ ਮੈਦਾਨ ਵਿੱਚ ਕੀਤੀ ਜਾ ਰਹੀ ਮਹਾਂਪੰਚਾਇਤ 'ਚ ਸ਼ਾਮਲ ਹੋਣ ਲਈ ਜਮਹੂਰੀ ਕਿਸਾਨ ਸਭਾ ਪੰਜਾਬ ਦਾ ਜਥਾ ਯੂਨੀਅਨ ਸਕੱਤਰ ਦਲਜੀਤ ਸਿੰਘ ਦਿਆਲਪੁਰਾ, ਪ੍ਰਧਾਨ ਗੁਰਨਾਮ ਸਿੰਘ ਬਾਸਰਕੇ ਅਤੇ ਤਹਿਸੀਲ ਸਕੱਤਰ ਕੇਵਲ ਸਿੰਘ ਕੰਬੋਕੇ ਦੀ ਪ੍ਰਧਾਨਗੀ ਹੇਠ ਦਿੱਲੀ ਨੂੰ ਰਵਾਨਾ ਹੋਇਆ।ਇਸ ਮੌਕੇ ਤਹਿਸੀਲ ਸਕੱਤਰ ਦਲਜੀਤ ਸਿੰਘ ਦਿਆਲਪੁਰਾ ਅਤੇ ਜ਼ਿਲ੍ਹਾ ਕਮੇਟੀ ਮੈਂਬਰ ਬਲਦੇਵ ਸਿੰਘ ਅਹਿਮਦਪੁਰ ਨੇ ਆਖਿਆ ਕਿ ਸੰਯੁਕਤ ਮੋਰਚੇ ਵੱਲੋਂ ਕੀਤੇ ਸੰਘਰਸ਼ ਦੇ ਦਬਾਅ ਸਦਕਾ ਮੋਦੀ ਸਰਕਾਰ ਨੇ ਕਾਲੇ ਕਾਨੂੰਨ ਤਾਂ ਵਾਪਸ ਲੈ ਲਏ ਸਨ,ਪ੍ਰੰਤੂ ਲਗਭੱਗ ਦਸ ਸਾਲਾਂ ਤੋਂ ਸੱਤਾ 'ਤੇ ਕਾਬਜ਼ ਭਾਜਪਾਈਆਂ ਨੇ ਨਾ ਤਾਂ ਕਿਸਾਨਾਂ ਦੇ ਕਰਜ਼ੇ ਮੁਆਫ਼ ਕੀਤੇ ਤੇ ਨਾ ਹੀ ਐੱਮਐੱਸਪੀ ਦੀ ਕਾਨੂੰਨੀ ਗਾਰੰਟੀ ਦਿੱਤੀ ਹੈ। ਆਗੂਆਂ ਨੇ ਕਿਹਾ ਕਿ ਕੇਂਦਰ ਸਰਕਾਰ ਕੁਦਰਤੀ ਆਫਤਾਂ ਕਾਰਨ ਨੁਕਸਾਨੀਆਂ ਫਸਲਾਂ ਦਾ ਪੂਰਾ ਮੁਆਵਜ਼ਾ ਦੇਣ ਲਈ ਫ਼ਸਲ ਬੀਮਾ ਯੋਜਨਾ ਵੀ ਲਾਗੂ ਨਹੀਂ ਕਰ ਰਹੀ। ਇਸੇ ਤਰ੍ਹਾਂ ਸਰਕਾਰ 60 ਸਾਲ ਉਮਰ ਪੂਰੀ ਕਰ ਚੁੱਕੇ ਕਿਸਾਨ-ਮਜ਼ਦੂਰਾਂ ਨੂੰ ਦਸ-ਦਸ ਹਜ਼ਾਰ ਰੁਪਏ ਮਾਸਕ ਪੈਨਸ਼ਨ ਦੇਣ ਨਹੀਂ ਦੇ ਰਹੀ, ਲਖੀਮਪੁਰ ਖੀਰੀ ਦੇ ਚਾਰ ਕਿਸਾਨ ਅਤੇ ਇੱਕ ਪੱਤਰਕਾਰ ਨੂੰ ਕਾਰ ਹੇਠਾਂ ਦਰੜ ਕੇ ਮਾਰਨ ਵਾਲੇ ਅਜੇ ਮਿਸ਼ਰਾ ਟੈਨੀ ਨੂੰ ਕੈਬਨਿਟ ਤੇ ਪਾਰਟੀ 'ਚੋਂ ਬਰਖਾਸਤ ਕਰਨ ਤੋਂ ਇਲਾਵਾ ਕਿਸਾਨਾਂ ਦੀਆਂ ਲੰਮੇ ਸਮੇਂ ਤੋਂ ਲਟਕਦੀਆਂ ਆ ਰਹੀਆਂ ਮੰਗਾਂ ਮੰਨਣ ਤੋਂ ਇਨਕਾਰ ਕਰ ਰਹੀ ਹੈ। ਇਸ ਮੌਕੇ ਉਨ੍ਹਾਂ ਕਿਸਾਨਾਂ, ਮਜ਼ਦੂਰਾਂ ਤੇ ਸੰਘਰਸ਼ਸ਼ੀਲ ਲੋਕਾਂ ਨੂੰ ਮਿਤੀ 14 ਮਾਰਚ ਨੂੰ ਦਿੱਲੀ ਮਹਾਂਪੰਚਾਇਤ ਵਿੱਚ ਪਹੁੰਚਣ ਦੀ ਅਪੀਲ ਕੀਤੀ।ਇਸ ਮੌਕੇ ਗੁਰਬਖ਼ਸ਼ ਸਿੰਘ ਬਾਸਰਕੇ, ਹੀਰਾ ਸਿੰਘ ਸਰਪੰਚ ਕਾਲੇ, ਗੁਰਸੇਵਕ ਸਿੰਘ, ਜਸਵਿੰਦਰ ਸਿੰਘ ਕੰਬੋਕੇ, ਗੁਰਸੇਵਕ ਸਿੰਘ, ਤਰਲੋਚਨ ਸਿੰਘ, ਸਾਹਿਬ ਸਿੰਘ, ਗੁਰਵੇਲ ਸਿੰਘ ਭਿੱਖੀਵਿੰਡ, ਰਣਜੀਤ ਸਿੰਘ, ਟਹਿਲ ਸਿੰਘ ਦਿਆਲਪੁਰਾ, ਸਰਵਣ ਸਿੰਘ ਉਰਫ ਸੰਮਾ, ਮੇਜਰ ਸਿੰਘ ਆਦਿ ਆਗੂ ਹਾਜ਼ਰ ਸਨ ।

# ਵਿਰੋਧੀ ਪਾਰਟੀਆਂ ਸੀਏਏ ਕਾਨੂੰਨ ਪ੍ਰਤੀ ਲੋਕਾਂ ਨੂੰ ਗੁੰਮਰਾਹ ਕਰ ਰਹੀਆਂ: ਹੀਰਾ ਵਾਲੀਆ



**ਬਟਾਲਾ, (ਤਰਲੋਕ ਬੱਗਾ)**-ਭਾਰਤ ਵਿਚ ਨਾਗਰਿਕਤਾ ਸੋਧ ਕਾਨੂੰਨ ਲਾਗੂ ਕਰਕੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਆਪਣੀ ਗਰੰਟੀ ਪੂਰੀ ਕਰ ਦਿੱਤੀ ਹੈ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਭਾਜਪਾ ਦੇ ਜ਼ਿਲਾ ਪ੍ਰਧਾਨ ਹੀਰਾ ਵਾਲੀਆ ਨੇ ਭਾਜਪਾ ਆਗੂਆਂ ਨੂੰ ਸੰਬੋਧਨ ਕਰਦਿਆਂ ਕੀਤਾ।ਉਨਾਂ ਕਿਹਾ ਕਿ ਨਾਗਰਿਕਤਾ (ਸੋਧ) ਕਾਨੂੰਨ ਨੂੰ ਲਾਗੂ ਕਰਨ ਦਾ ਫ਼ੈਸਲਾ ਪੀੜਤ ਮਨੁੱਖਤਾ ਦੀ ਭਲਾਈ ਲਈ ਇਤਿਹਾਸਕ ਹੈ।ਇਸ ਨਾਲ ਪਾਕਿਸਤਾਨ, ਬੰਗਲਾਦੇਸ਼ ਅਤੇ ਅਫਗਾਨਿਸਤਾਨ ਵਿਚ ਧਾਰਮਿਕ ਬੇਰਹਿਮੀ ਨਾਲ ਪੀੜਤ ਘੱਟ ਗਿਣਤੀ ਭਾਈਚਾਰਿਆਂ ਲਈ ਸਨਮਾਨਜਨਕ ਜੀਵਨ ਦਾ ਰਾਹ ਪੱਧਰਾ ਹੋਇਆ ਹੈ।ਉਨ੍ਹਾਂ ਮਾਨਵਤਾ ਨੂੰ ਖੁਸ਼ੀ ਦੇਣ ਵਾਲੇ ਇਸ ਮਾਨਵਤਾਵਾਦੀ ਫੈਸਲੇ ਲਈ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਧੰਨਵਾਦ ਅਤੇ ਗ੍ਰਹਿ ਮੰਤਰੀ ਅਮਿਤ ਸ਼ਾਹ ਦਾ ਧੰਨਵਾਦ ਕੀਤਾ।ਉਨਾਂ ਕਿਹਾ ਕਿ ਸੀਏਏ ਕਿਸੇ ਦੀ ਨਾਗਰਿਕਤਾ ਖੋਹਣ ਵਾਲਾ ਕਾਨੂੰਨ ਨਹੀਂ ਹੈ।ਸੀਏਏ ਦੇ ਮੁੱਦੇ ਤੇ ਵਿਰੋਧੀਆਂ ਵਲੋਂ ਕੁਝ ਲੋਕਾਂ ਨੂੰ ਭੜਕਾਇਆ ਜਾ ਰਿਹਾ ਹੈ ਪਰ ਇਸ ਰਾਹੀਂ ਕਿਸੇ ਦੀ ਨਾਗਰਿਕਤਾ ਨਹੀਂ ਖੋਹੀ ਜਾ ਸਕਦੀ। ਇਸ ਕਾਨੂੰਨ ਵਿੱਚ ਅਜਿਹੀ ਕੋਈ ਵਿਵਸਥਾ ਨਹੀਂ ਹੈ। ਸੀਏਏ ਉਨਾਂ ਲੋਕਾਂ ਨੂੰ ਨਾਗਰਿਕਤਾ ਦੇਣ ਲਈ ਬਣਾਇਆ ਗਿਆ ਹੈ ਜੋ ਪਾਕਿਸਤਾਨ ਅਤੇ ਬੰਗਲਾਦੇਸ਼ ਤੋਂ ਧਾਰਮਿਕ ਅੱਤਿਆਚਾਰ ਦਾ ਸਾਹਮਣਾ ਕਰਨ ਤੋਂ ਬਾਅਦ ਭਾਰਤ ਆਏ ਅਤੇ ਇੱਥੇ ਸ਼ਰਨ ਲਈ।ਕਿਸੇ ਨੂੰ ਵੀ ਇਸ ਦਾ ਵਿਰੋਧ ਨਹੀਂ ਕਰਨਾ ਚਾਹੀਦਾ।ਹੀਰਾ ਵਾਲੀਆ ਨੇ ਕਿਹਾ ਕਿ ਪਾਕਿਸਤਾਨ, ਅਫ਼ਗਾਨਿਸਤਾਨ ਅਤੇ ਅਤੇ ਬੰਗਲਾਦੇਸ ਤੋਂ ਵਿਸਥਾਪਿਤ ਲੋਕ ਜੋ 2014 ਤੋਂ ਪਹਿਲਾਂ ਭਾਰਤ 'ਚ ਦਾਖ਼ਲ ਹੋਏ ਹਨ, ਉਨਾਂ ਨੂੰ ਦੇਸ਼ 'ਚ ਨਾਗਰਿਕਤਾ ਹਾਸਲ ਕਰਨ 'ਚ ਤਰਜੀਹ ਮਿਲੇਗੀ।ਇਸ ਨਾਲ ਉਨਾਂ ਲੱਖਾਂ ਲੋਕਾਂ ਦੀ ਮਦਦ ਹੋਵੇਗੀ, ਜੋ ਭਾਰਤ 'ਚ ਰਹਿ ਰਹੇ ਹਨ। ਕਾਨੂੰਨ 2019 ਵਿਚ ਪਾਸ ਹੋਇਆ ਸੀ ਅਤੇ ਸਰਕਾਰ ਨੂੰ ਨਿਯਮਾਂ ਨੂੰ ਨੋਟੀਫਾਈ ਕਰਨ ਦਾ ਅਧਿਕਾਰ ਸੀ।

ਉਨ੍ਹਾਂ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਸੀਏਏ ਨਿਯਮ ਜਾਰੀ ਹੋ ਜਾਣ ਤੋਂ ਬਾਅਦ ਮੋਦੀ ਸਰਕਾਰ 31 ਦਸੰਬਰ 2014 ਤੱਕ ਭਾਰਤ ਆਏ ਬੰਗਲਾਦੇਸ਼ੀ, ਪਾਕਿਸਤਾਨ ਅਤੇ ਅਫ਼ਗਾਨਿਸਤਾਨ ਦੇ ਪ੍ਰਤਾੜਿਤ ਹਿੰਦੂ, ਸਿੱਖ, ਜੈਨ, ਬੋਧੀ, ਪਾਰਸੀ ਅਤੇ ਇਸਾਈ ਵਿਅਕਤੀਆਂ ਨੂੰ ਭਾਰਤੀ ਨਾਗਰਿਕਤਾ ਦੇਣੀ ਸ਼ੁਰੂ ਕਰ ਦੇਵੇਗੀ।ਉਨ੍ਹਾਂ ਨੇ ਕਿਹਾ ਕਿ ਇਹ ਫੈਸਲਾ ਬਹੁਤ ਹੀ ਇਤਿਹਾਸਕ ਹੈ।

# ਸਕੂਲ 'ਚ ਕਮਿਸਟਰੀ ਪਾਰਕ ਦੇ ਵਿਸਥਾਰ ਲਈ 21000 ਰੁਪਏ ਭੇਟ



ਝਬਾਲ (ਹਰਜਿੰਦਰ ਸਿੰਘ ਸੋਨੀ)-ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਗੱਗੋਬੂਆ ਵਿਖੇ ਬਣੇ ਹੋਏ ਕਮਿਸਟਰੀ ਪਾਰਕ ਦੇ ਵਿਸਥਾਰ ਲਈ ਸਕੂਲ ਦੇ ਕਮਿਸਟਰੀ ਲੈਕਚਰਾਰ ਸਰਤਾਜ ਸਿੰਘ ਨੇ ਪ੍ਰਿੰਸੀਪਲ ਅੰਨੂ ਮੋਗਾ ਨੂੰ 21000 ਰੁਪਏ ਦਾ ਚੈੱਕ ਭੇਟ ਕੀਤਾ।

ਲੈਕਚਰਾਰ ਸਰਤਾਜ ਸਿੰਘ ਨੇ ਦੱਸਿਆ ਕਿ ਇਹ ਰਾਸ਼ੀ ਸਕੂਲ ਦੇ ਵਿਦਿਆਰਥੀਆਂ ਨੂੰ ਉਤਸਾਹਿਤ ਕਰਕੇ ਉਨ੍ਹਾਂ ਦੇ ਮਾਪਿਆਂ ਦੇ ਸਹਿਯੋਗ ਦੇ ਨਾਲ ਇਕੱਤਰ ਕੀਤੀ ਗਈ ਹੈ।

ਉਨ੍ਹਾਂ ਇਹ ਵੀ ਦੱਸਿਆ ਕਿ ਸਕੂਲ ਵਿੱਚ ਮੌਜੂਦ ਕਮਿਸਟਰੀ ਪਾਰਕ ਨੂੰ ਹੋਰ ਵਧੀਆ ਤੇ ਆਧੁਨਿਕ ਬਣਾਇਆ ਜਾਵੇਗਾ। ਪ੍ਰਿੰਸੀਪਲ ਮੋਗਾ ਨੇ ਲੈਕਚਰਾਰ ਸਰਤਾਜ ਸਿੰਘ ਅਤੇ ਵਿਦਿਆਰਥੀਆਂ ਦੁਆਰਾ ਕੀਤੇ ਗਏ ਸਾਂਝੇ ਉਪਰਾਲੇ ਦੀ ਭਰਪੂਰ ਸ਼ਲਾਘਾ ਕੀਤੀ। ਉਨ੍ਹਾਂ ਇਹ ਵੀ ਦੱਸਿਆ ਕਿ ਸਕੂਲ ਵਿੱਚ ਮੌਜੂਦ ਕਮਿਸਟਰੀ ਪਾਰਕ ਵਿਦਿਆਰਥੀਆਂ ਦੀ ਵਿਸੇ ਪ੍ਰਤੀ ਦਿਲਚਸਪੀ ਨੂੰ ਹੋਰ ਵਧਾਉਂਦਾ ਹੈ ਅਤੇ ਇਸ ਵਿੱਚ ਲੱਗੇ ਹੋਏ ਵੱਖ-ਵੱਖ ਮਾਡਲ ਬੱਚਿਆਂ ਦੀ ਜਾਣਕਾਰੀ ਦੇ ਵਿੱਚ ਵਾਧਾ ਕਰ ਰਹੇ ਹਨ। ਇਸ ਮੌਕੇ ਲੈਕਚਰਾਰ ਸੁਖਵੰਤ ਸਿੰਘ, ਪ੍ਰਭਜੀਤ ਸਿੰਘ, ਬਲਵਿੰਦਰ ਸਿੰਘ, ਤਜਿੰਦਰ ਪਾਲ ਸਿੰਘ, ਪ੍ਰਿਤਪਾਲ ਸਿੰਘ ਆਦਿ ਵੀ ਮੌਜੂਦ ਸਨ।

# ਗੁਰਬਾਣੀ ਕੀਰਤਨ ਨਾਲ ਬੀਬੀਆਂ ਨੇ ਵਿਸਮਾਦੀ ਮਾਹੌਲ ਸਿਰਜਿਆ



ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)-ਗੁਰਦੁਆਰਾ ਮੱਲ ਅਖਾੜਾ ਸਾਹਿਬ ਪਾ: ਛੇਵੀ, ਬੁਰਜ ਅਕਾਲੀ ਬਾਬਾ ਫੂਲਾ ਸਿੰਘ ਵਿਖੇ ਮਹਾਨ ਸੂਰਬੀਰ ਅਕਾਲੀ ਬਾਬਾ ਫੂਲਾ ਸਿੰਘ ਸ਼ਹੀਦ ਦੀ ਦੂਜੀ ਸ਼ਹੀਦੀ ਸ਼ਤਾਬਦੀ ਦੇ ਤਿੰਨ ਰੋਜ਼ਾ ਸੰਪੂਰਨਤਾ ਸਮਾਗਮਾਂ ਦੇ ਪਹਿਲੇ ਦਿਨ ਸੁਖਮਨੀ ਸਾਹਿਬ ਸੇਵਾ ਸੁਸਾਇਟੀਆਂ ਅਤੇ ਨਿਹੰਗ ਸਿੰਘਾਂ ਦੇ ਵੱਖ-ਵੱਖ ਰਾਗੀ ਜਥਿਆਂ ਨੇ ਕੀਰਤਨ ਅਤੇ ਕਥਾਵਾਚਕ ਵਿਦਵਾਨਾਂ ਨੇ ਗੁਰਬਾਣੀ ਦੇ ਵਿਖਿਆਨਾਂ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ।

ਗੁਰਮਤਿ ਸਮਾਗਮ ਵਿੱਚ ਨਿਹੰਗ ਸਿੰਘਾਂ ਦੇ ਕੀਰਤਨੀ ਜਥਿਆਂ ਤੋਂ ਇਲਾਵਾ ਅੰਮ੍ਰਿਤਸਰ ਸ਼ਹਿਰ ਦੀਆਂ 40 ਦੇ ਕਰੀਬ ਸੁਸਾਇਟੀਆਂ ਦੀਆਂ ਮੁਖੀ ਬੀਬੀਆਂ ਨੇ ਇੱਕ ਇੱਕ ਗੁਰਬਾਣੀ ਸ਼ਬਦ ਦੇ ਜਾਪ ਰਾਹੀਂ ਹਾਜ਼ਰੀ ਭਰੀ। ਬੀਬੀ ਗੁਰਚਰਨ ਕੌਰ ਬੇਬੇ ਨਾਨਕੀ ਇਸਤਰੀ ਸਤਿਸੰਗ ਸਭਾ ਤੋਂ ਇਲਾਵਾ ਬੀਬੀ ਰਘਬੀਰ ਕੌਰ, ਬੀਬੀ ਮਨਜੀਤ ਕੌਰ, ਬੀਬੀ ਹਰਪ੍ਰੀਤ ਕੌਰ, ਬੀਬੀ ਰਜਿੰਦਰ ਕੌਰ, ਬੀਬੀ ਕਵਲਜੀਤ ਕੌਰ, ਬੀਬੀ ਗੁਰਪ੍ਰੀਤ ਕੌਰ, ਬੀਬੀ ਕਮਲਜੀਤ ਕੌਰ, ਬੀਬੀ ਮਨਿੰਦਰ ਕੌਰ, ਬੀਬੀ ਰਣਜੀਤ ਕੌਰ ਅਤੇ ਬੀਬੀ ਬਲਬੀਰ ਕੌਰ ਨੇ ਵੱਖ-ਵੱਖ ਸਭਾ ਵੱਲੋਂ ਕੀਰਤਨ ਅਤੇ ਜਪ ਤਪ ਰਾਹੀਂ ਹਾਜ਼ਰੀ ਭਰੀ। ਸਮਾਗਮ ਸਮੇਂ ਸਟੇਜ ਸਕੱਤਰ ਦੀ ਸੇਵਾ ਬਾਬਾ ਲਖਬੀਰ ਸਿੰਘ ਪ੍ਰਚਾਰਕ ਬੁੱਢਾ ਦਲ ਨੇ ਕੀਤੀ। ਸੰਗਤਾਂ ਦੀ ਆਓ ਭਗਤ ਲਈ ਲੰਗਰ ਅਟੁੱਟ ਚਲਦੇ ਰਹੇ।

# ਮਿਊਂਸੀਪਲ ਕਮੇਟੀ ਕਾਦੀਆਂ ਦੇ ਸਫਾਈ ਸੇਵਕਾਂ ਨੇ ਕੀਤੀ ਕੰਮਛੋੜ ਹੜਤਾਲ




**ਕਾਦੀਆ (ਯਾਦਵਿੰਦਰ ਸਿੰਘ ਮਲਹੋਤਰਾ)**-ਪੰਜਾਬ ਸਰਕਾਰ ਦੀਆਂ ਮੁਲਾਜ਼ਮ ਵਿਰੋਧੀ ਨੀਤੀਆਂ ਖਿਲਾਫ ਪੂਰੇ ਪੰਜਾਬ ਵਿੱਚ ਇੱਕ ਦਿਨਾਂ ਹੜਤਾਲ ਕੀਤੀ ਗਈ ਮਿਊਂਸੀਪਲ ਮੁਲਾਜ਼ਮ ਸਫਾਈ ਸੀਵਰਮੈਨ ਕਮੇਟੀ ਕਾਦੀਆਂ ਵਿਖੇ ਅੱਜ ਸਮੂਹ ਸਫਾਈ ਸੇਵਕਾਂ ਵੱਲੋਂ ਕੰਮ ਛੱਡੂ ਹੜਤਾਲ ਕੀਤੀ ਗਈ ਇਸ ਸਬੰਧ ਵਿੱਚ ਜਾਣਕਾਰੀ ਦਿੰਦੇ ਹੋਏ ਸਫਾਈ ਸੇਵਕਾਂ ਦੇ ਪ੍ਰਧਾਨ ਰਹਿਮਤ ਨੇ ਦੱਸਿਆ ਕਿ ਉਨਾਂ ਵੱਲੋਂ ਪੰਜਾਬ ਸਰਕਾਰ ਨੂੰ ਮਨਵਾਈਆਂ ਹੋਈਆਂ ਮੰਗਾਂ ਨਹੀਂ ਮੰਨੀਆਂ ਜਾ ਰਹੀਆਂ ਇਸ ਕਰਕੇ ਪੂਰੇ ਪੰਜਾਬ ਦੇ ਸਮੂਹ ਸਫਾਈ ਸੇਵਕ ਅਤੇ ਸੀਵਰਮੈਨ ਵੱਲੋਂ 13 ਮਾਰਚ ਨੂੰ ਇੱਕ ਦਿਨਾਂ ਲਈ ਹੜਤਾਲ ਕੀਤੀ ਗਈ ਹੈ ਜਿਸ ਦੇ ਰੋਸ ਵਜੋਂ ਮਿਊਂਸੀਪਲ ਮੁਲਾਜ਼ਮ ਐਕਸ਼ਨ ਕਮੇਟੀ ਪੰਜਾਬ ਦੇ ਸੱਦੇ ਅਨੁਸਾਰ ਸਫਾਈ ਸੇਵਕ ਯੂਨੀਅਨ ਪੰਜਾਬ ਵੱਲੋਂ ਇਹ ਫੈਸਲਾ ਕੀਤਾ ਗਿਆ ਹੈ ਕਿ ਪੰਜਾਬ ਭਰ ਵਿੱਚ ਮਿਊਂਸੀਪਲ ਮੁਲਾਜ਼ਮਾਂ ਤੇ ਸਫਾਈ ਸੇਵਕਾਂ ਤੇ ਸੀਵਰਮੈਨਾ ਵੱਲੋਂ ਪੰਜਾਬ ਸਰਕਾਰ ਦੇ ਖਿਲਾਫ ਇੱਕ ਦਿਨ ਦੀ ਕੰਮ ਛੱਡੂ ਹੜਤਾਲ ਕੀਤੀ ਜਾਵੇਗੀ ਅਤੇ ਰੋਸ ਪ੍ਰਦਰਸ਼ਨ ਕਰਕੇ ਪੰਜਾਬ ਸਰਕਾਰ ਨੂੰ ਮੰਗ ਪੱਤਰ ਭੇਜੇ ਜਾਣਗੇ। ਅਗਰ ਉਨਾਂ ਦੀਆਂ ਮੰਗਾਂ ਸਰਕਾਰ ਵੱਲੋਂ ਨਹੀਂ ਮੰਨੀਆਂ ਜਾਂਦੀਆਂ ਤਾਂ ਅਗਲੀ ਮੁਹਿੰਮ ਵਿਡੀ ਜਾਵੇਗੀ। ਇਸ ਮੌਕੇ ਸਫਾਈ ਸੇਵਕਾਂ ਦੇ ਪ੍ਰਧਾਨ ਰਹਿਮਤ ਤੋਂ ਇਲਾਵਾ ਰਮਨ, ਮਿਥੁਨ, ਰਵਿੰਦਰ, ਅਵਿਨਾਸ਼, ਵਿਕਰਾਂਤ, ਨਰੇਸ਼, ਅਜੀਤ ਲਾਲ, ਰਾਮ ਲਾਲ, ਰਮੇਸ਼, ਸੁਰੇਸ਼, ਮੋਹਨ ਲਾਲ, ਸ਼ਾਮ ਲਾਲ, ਅਸ਼ੋਕ, ਸ਼ੀਲਾ, ਰਾਣੀ, ਸੁਨੀਤਾ, ਸੂਰਜ, ਬਲਜੀਤ, ਗੋਲਡੀ ਗੁਰਦੀਪ, ਰਾਜਾ ਆਦਿ ਹਾਜ਼ਰ ਸਨ ।

# ਸਬ-ਇੰਸਪੈਕਟਰ ਹਰਪਾਲ ਸਿੰਘ ਨੇ ਥਾਣਾ ਪੁਰਾਣਾ ਸ਼ਾਲਾ ਦਾ ਚਾਰਜ ਸੰਭਾਲਿਆ



ਗੁਰਦਾਸਪੁਰ (ਜਨਕ ਮਹਾਜਨ)-ਥਾਣਾ ਪੁਰਾਣਾ ਸ਼ਾਲਾ ਵਿਖੇ ਨਵੇਂ ਆਏ ਥਾਣਾ ਮੁਖੀ ਸਬ ਇੰਸਪੈਕਟਰ ਹਰਪਾਲ ਸਿੰਘ ਨੇ ਚਾਰਜ ਸੰਭਾਲਣ ਉਪਰੰਤ ਕੰਮਕਾਜ਼ ਸ਼ੁਰੂ ਕਰ ਦਿੱਤਾ ਹੈ। ਇਸ ਮੌਕੇ ਗੱਲਬਾਤ ਕਰਦਿਆਂ ਥਾਣਾ ਮੁਖੀ ਪੁਰਾਣਾ ਸ਼ਾਲਾ ਹਰਪਾਲ ਸਿੰਘ ਨੇ ਦੱਸਿਆ ਕਿ ਜਿਲ੍ਹਾ ਪੁਲਸ ਮੁਖੀ ਦਯਾਮਾ ਹਰੀਸ਼ ਕੁਮਾਰ ਦੇ ਦਿਸ਼ਾ ਨਿਰਦੇਸ਼ਾ ਤਹਿਤ ਇਲਾਕੇ ਅੰਦਰ ਅਮਨ ਕਾਨੂੰਨ ਦੀ ਸਥਿਤੀ ਨੂੰ ਕਾਇਮ ਰੱਖਣਾ ਉਨ੍ਹਾਂ ਦੀ ਪਹਿਲ ਹੋਵੇਗੀ। ਉਨ੍ਹਾਂ ਕਿਹਾ ਨਸ਼ਿਆਂ ਦੇ ਕਾਰੋਬਾਰ ਅਤੇ ਨਸ਼ਾ ਕਰਨ ਵਾਲਿਆਂ 'ਤੇ ਪੂਰਾ ਸ਼ਿਕੰਜਾ ਕੱਸਿਆ ਜਾਵੇਗਾ। ਉਨ੍ਹਾਂ ਇਲਾਕਾ ਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਇਲਾਕੇ ਅੰਦਰ ਘੁੰਮਦੇ ਸ਼ੱਕੀ ਵਿਅਕਤੀ ਦੀ ਸੂਚਨਾ ਤੁਰੰਤ ਪੁਲਿਸ ਪ੍ਰਸ਼ਾਸਨ ਨੂੰ ਦੇਣ। ਉਨ੍ਹਾਂ ਆਪਣੇ ਅਧੀਨ ਕੰਮ ਕਰਦੇ ਸਟਾਫ਼ ਮੈਂਬਰਾਂ ਨੂੰ ਵੀ ਤਾਕੀਦ ਕੀਤੀ ਕਿ ਉਹ ਲੋਕਾਂ ਨਾਲ ਨਿਮਰਤਾ ਸਹਿਤ ਪੇਸ਼ ਆਉਣ ਤਾਂ ਜੋ ਲੋਕਾਂ ਅੰਦਰ ਪੁਲਸ ਦਾ ਅਕਸ ਵਧੀਆ ਹੋਵੇ।ਉਨ੍ਹਾਂ ਲੋਕਾਂ ਨੂੰ ਕਿਹਾ ਕਿ ਜੇਕਰ ਕਿਸੇ ਨੂੰ ਵੀ ਕਿਸੇ ਕਿਸਮ ਦੀ ਮੁਸ਼ਕਲ ਪੇਸ਼ ਆਵੇ ਤਾਂ ਉਹ ਉਨ੍ਹਾਂ ਨਾਲ ਸਿੱਧਾ ਰਾਬਤਾ ਕਾਇਮ ਕਰ ਸਕਦਾ ਹੈ।

# ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਵੱਲੋਂ ਵਿਧਾਇਕ ਟੌਂਗ ਦਾ ਧੰਨਵਾਦ



ਪੱਟੀ (ਬਲਦੇਵ ਸਿੰਘ ਸੰਧੂ/ਸ਼ਮਸ਼ੇਰ ਸਿੰਘ ਯੋਧਾ)-ਵਿਧਾਨ ਸਭਾ ਤੋਂ ਪਹਿਲਾਂ ਆਮ ਆਦਮੀ ਪਾਰਟੀ ਵੱਲੋਂ ਸੂਬੇ ਅੰਦਰ ਉਨ੍ਹਾਂ ਦੀ ਸਰਕਾਰ ਆਉਣ ਤੇ ਪ੍ਰੈਕਟਿਸ ਕਰਦੇ ਡਾਕਟਰਾਂ ਨੂੰ ਰਜਿਸਟਰਡ ਕਰਨ ਦਾ ਵਾਅਦਾ ਕੀਤਾ ਸੀ।ਪੰਜਾਬ ਵਿਧਾਨ ਸਭਾ ਦੇ ਚੱਲ ਰਹੇ ਬੱਜਟ ਸੈਸ਼ਨ ਦੌਰਾਨ ਹਲਕਾ ਬਾਬਾ ਬਕਾਲਾ ਦੇ ਵਿਧਾਇਕ ਦਲਬੀਰ ਸਿੰਘ ਟੌਂਗ ਵੱਲੋਂ ਅਨ-ਰਜਿਸਟਰਡ ਮੈਡੀਕਲ ਪ੍ਰੈਕਟੀਸ਼ਨਰਾਂ ਦੀਆਂ ਮੰਗਾਂ ਦੀ ਹਮਾਇਤ ਕਰਦਿਆਂ ਸਿਫਾਰਿਸ਼ ਸਹਿਤ ਪੰਜਾਬ ਸਰਕਾਰ ਦੇ ਧਿਆਨ ਵਿੱਚ ਲਿਆਉਂਦਿਆਂ ਸਾਰਥਕ ਹੱਲ ਕੱਢਣ ਦੀ ਮੰਗ ਕੀਤੀ।ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਪੰਜਾਬ ਦੇ ਸੂਬਾਈ ਆਗੂਆਂ ਧੰਨਾ ਮੱਲ ਗੋਇਲ, ਨਛੱਤਰ ਸਿੰਘ ਚੀਮਾ, ਸੁਖਚੈਨ ਸਿੰਘ ਬੋਪਾਰਾਏ, ਜੈਮਲ ਸਿੰਘ ਸੈਦੋ, ਗੁਰਜੀਤ ਸਿੰਘ ਦੁੱਬਲੀ, ਸ਼ਮਸ਼ੇਰ ਸਿੰਘ ਬਾਜਵਾ, ਸੁਖਵਿੰਦਰ ਸਿੰਘ ਬੱਬੂ ਆਦਿ ਵੱਲੋਂ ਅਨਰਜਿਸਟਰਡ ਮੈਡੀਕਲ ਪ੍ਰੈਕਟੀਸ਼ਨਰਾਂ ਦੀਆਂ ਮੰਗਾਂ ਨੂੰ ਸੁਚੱਜੇ ਅਤੇ ਜ਼ੋਰਦਾਰ ਢੰਗ ਨਾਲ ਵਿਧਾਨ ਸਭਾ ਵਿੱਚ ਰੱਖਣ 'ਤੇ ਦਲਬੀਰ ਸਿੰਘ ਟੌਂਗ ਦਾ ਵਿਸ਼ੇਸ਼ ਧੰਨਵਾਦ ਕੀਤਾ।ਉਨ੍ਹਾਂ ਦੱਸਿਆ ਕਿ ਇਨ੍ਹਾਂ ਤੋਂ ਪਹਿਲਾਂ ਵੀ ਮੈਡੀਕਲ ਪ੍ਰੈਕਟੀਸ਼ਨਰਾਂ ਦੀਆਂ ਮੰਗਾਂ ਨੂੰ ਹਲਕਾ ਨਿਹਾਲ ਸਿੰਘ ਵਾਲਾ ਦੇ ਵਿਧਾਇਕ ਮਨਜੀਤ ਸਿੰਘ ਬਿਲਾਸਪੁਰ, ਹਲਕਾ ਫਿਰੋਜ਼ਪੁਰ ਦਿਹਾਤੀ ਦੇ ਵਿਧਾਇਕ ਐਡਵੋਕੇਟ ਰਜਨੀਸ਼ ਦਹੀਆ, ਚੱਲ ਰਹੇ ਬੱਜਟ ਸੈਸ਼ਨ ਦੌਰਾਨ ਹਲਕਾ ਖਡੂਰ ਸਾਹਿਬ ਦੇ ਵਿਧਾਇਕ ਮਨਜਿੰਦਰ ਸਿੰਘ ਲਾਲਪੁਰਾ ਵੀ ਉਕਤ ਮੈਡੀਕਲ ਪ੍ਰੈਕਟੀਸ਼ਨਰਾਂ ਵੱਲੋਂ ਦਿੱਤੀਆਂ ਜਾਂਦੀਆਂ 24 ਘੰਟੇ, ਸਸਤੀਆਂ, ਸੌਖੀਆਂ ਸੇਵਾਵਾਂ ਦੀ ਸ਼ਲਾਘਾ ਕਰਦਿਆਂ ਸਿਫਾਰਿਸ਼ ਸਹਿਤ ਟ੍ਰੇਨਿੰਗ ਦੇ ਕੇ ਮਾਨਤਾ ਦੇਣ ਦੀ ਮੰਗ ਕਰ ਚੁੱਕੇ ਹਨ। ਉਨ੍ਹਾਂ ਮੁੱਖ ਮੰਤਰੀ ਭਗਵੰਤ ਮਾਨ ਤੇ ਸਿਹਤ ਮੰਤਰੀ ਡਾ. ਬਲਵੀਰ ਸਿੰਘ ਨੂੰ ਅਪੀਲ ਕੀਤੀ ਕਿ ਮੈਡੀਕਲ ਪ੍ਰੈਕਟੀਸ਼ਨਰਾਂ ਨਾਲ ਚੋਣਾਂ ਮੌਕੇ ਕੀਤਾ ਵਾਅਦਾ ਪੂਰਾ ਕਰਨ ਲਈ ਸਰਕਾਰ ਤੇ ਕੋਈ ਆਰਥਿਕ ਬੋਝ ਨਹੀਂ ਪਵੇਗਾ ਸਗੋਂ ਸਰਕਾਰ ਦੀ ਆਮਦਨ ਵਿੱਚ ਵਾਧਾ ਵੀ ਹੋਵੇਗਾ ਅਤੇ ਵੱਡੀ ਗਿਣਤੀ ਮੈਡੀਕਲ ਪ੍ਰੈਕਟੀਸ਼ਨਰਾਂ ਦੇ ਰੁਜ਼ਗਾਰ ਦਾ ਉਜਾੜਾ ਵੀ ਨਹੀਂ ਹੋਵੇਗਾ।ਸਰਕਾਰ ਦਾ ਘਰ ਘਰ ਸਿਹਤ ਸੇਵਾਵਾਂ ਪਹੁੰਚਾਉਣ ਦੇ ਟੀਚੇ ਦੀ ਪੂਰਤੀ ਵੀ ਹੋਵੇਗੀ।

ਮੈਡੀਕਲ ਪ੍ਰੈਕਟੀਸ਼ਨਰਾਂ ਨੂੰ ਮਾਨਤਾ ਦਿਵਾਉਣ ਲਈ ਵੱਡੀ ਗਿਣਤੀ ਪੰਚਾਇਤੀ ਮਤੇ ਅਤੇ ਆਮ ਲੋਕਾਂ ਵੱਲੋਂ ਜਥੇਬੰਦੀ ਵੱਲੋਂ ਚਲਾਈ ਗਈ ਜਨਤਕ ਦਸਤਖ਼ਤੀ ਮੁਹਿੰਮ ਰਾਹੀਂ ਵੀ ਕੀਤੀ ਜ਼ੋਰਦਾਰ ਮੰਗ ਦੀ ਵਿਸ਼ੇਸ਼ ਸਮਾਜਿਕ ਮਹੱਤਤਾ ਦਰਸ਼ਾਉਂਦੀ ਹੈ।

# ਲੋਕ ਸਭਾ ਚੋਣਾਂ ਦੇ ਮੱਦੇਨਜ਼ਰ ਭਿੱਖੀਵਿੰਡ ਪੁਲਸ ਵੱਲੋਂ ਵਾਹਨਾਂ ਦੀ ਚੈਕਿੰਗ



ਭਿੱਖੀਵਿੰਡ/ਖਾਲੜਾ (ਲਖਵਿੰਦਰ ਸਿੰਘ ਗੋਲਣ/ਰਣਬੀਰ ਸਿੰਘ ਗੋਲਣ)-ਲੋਕ ਸਭਾ ਚੋਣਾਂ ਦੇ ਮੱਦੇਨਜ਼ਰ ਇਲਾਕੇ ਵਿੱਚ ਅਮਨ-ਸ਼ਾਂਤੀ ਕਾਇਮ ਰੱਖਣ ਤੇ ਸਮਾਜ ਵਿਰੋਧੀ ਅਨਸਰਾਂ 'ਤੇ ਨਕੇਲ ਕੱਸਣ ਦੇ ਮਕਸਦ ਨਾਲ ਐੱਸਐੱਚਓ ਭਿੱਖੀਵਿੰਡ ਮੋਹਿਤ ਕੁਮਾਰ ਵੱਲੋਂ ਪੈਰਾ ਮਿਲਟਰੀ ਫੋਰਸ ਦੇ ਸਹਿਯੋਗ ਨਾਲ ਭਿੱਖੀਵਿੰਡ ਚੌਕ 'ਚ ਨਾਕਾ ਲਗਾ ਕੇ ਵਾਹਨਾਂ ਦੀ ਚੈਕਿੰਗ ਕੀਤੀ ਗਈ।

ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਐੱਸਐੱਚਓ ਮੋਹਿਤ ਕੁਮਾਰ ਨੇ ਦੱਸਿਆ ਕਿ ਲੋਕ ਸਭਾ ਚੋਣਾਂ ਦੇ ਮੱਦੇਨਜ਼ਰ ਇਲਾਕੇ ਵਿੱਚ ਅਮਨ ਸ਼ਾਂਤੀ ਬਰਕਰਾਰ ਰੱਖਣ ਤੇ ਮਾੜੇ ਅਨਸਰਾਂ ਨੂੰ ਦਬੋਚਣ ਲਈ ਐੱਸਐੱਸਪੀ ਤਰਨ ਤਾਰਨ ਅਸ਼ਵਨੀ ਕਪੂਰ ਤੇ ਸਬ ਡਵੀਜ਼ਨ ਭਿੱਖੀਵਿੰਡ ਦੇ ਡੀਐੱਸਪੀ ਪ੍ਰੀਤਇੰਦਰ ਸਿੰਘ ਵੱਲੋਂ ਜਾਰੀ ਹਦਾਇਤਾਂ ਤਹਿਤ ਸਖ਼ਤੀ ਨਾਲ ਵਾਹਨਾਂ ਦੀ ਚੈਕਿੰਗ ਕੀਤੀ ਗਈ ਹੈ।ਥਾਣਾ ਮੁਖੀ ਨੇ ਦੱਸਿਆ ਕਿ ਲੋਕ ਸਭਾ ਚੋਣਾਂ ਨੂੰ ਸ਼ਾਂਤੀਪੂਰਵਕ ਨੇਪਰੇ ਚਾੜ੍ਹਨ ਤੇ ਇਲਾਕੇ ਵਿੱਚ ਵਧ ਰਹੀਆਂ ਲੁੱਟ-ਖੋਹ ਤੇ ਚੋਰੀ ਦੀਆਂ ਵਾਰਦਾਤਾਂ ਨੂੰ ਰੋਕਣ ਲਈ ਪੁਲਸ ਅਤੇ ਅਰਧ ਸੈਨਿਕ ਬਲਾਂ ਵੱਲੋਂ ਗਸ਼ਤ ਦੇ ਨਾਲ-ਨਾਲ ਨਾਕਾਬੰਦੀ ਮੁਹਿੰਮ ਜਾਰੀ ਰਹੇਗੀ।ਇਸ ਮੌਕੇ ਟ੍ਰੈਫਿਕ ਇੰਚਾਰਜ ਸ਼ੇਰ ਸਿੰਘ, ਏਐੱਸਆਈ ਬਲਬੀਰ ਸਿੰਘ, ਏਐੱਸਆਈ ਰੇਸ਼ਮ ਸਿੰਘ, ਹੈੱਡ ਕਾਂਸਟੇਬਲ ਪ੍ਰਦੀਪ ਕੁਮਾਰ, ਹੈੱਡ ਕਾਂਸਟੇਬਲ ਗੁਰਪਾਲ ਸਿੰਘ ਆਦਿ ਮੁਲਾਜ਼ਮ ਹਾਜ਼ਰ ਸਨ।

# ਗੁਰੂ ਅਰਜਨ ਦੇਵ ਪਬਲਿਕ ਸਕੂਲ ਚੋਹਲਾ ਸਾਹਿਬ ਵਿਖੇ ਸਾਲਾਨਾ ਇਨਾਮ ਵੰਡ ਸਮਾਰੋਹ



ਚੋਹਲਾ ਸਾਹਿਬ (ਰਮਨ ਚੱਢਾ)-ਇਲਾਕੇ ਦੀ ਨਾਮਵਰ ਵਿੱਦਿਅਕ ਸੰਸਥਾ ਗੁਰੂ ਅਰਜਨ ਦੇਵ ਪਬਲਿਕ ਸਕੂਲ ਚੋਹਲਾ ਸਾਹਿਬ ਵਿਖੇ ਸਾਲਾਨਾ ਇਨਾਮ ਵੰਡ ਸਮਾਰੋਹ ਕਰਵਾਇਆ ਗਿਆ ਅਤੇ ਵਿਦਿਆਰਥੀਆਂ ਦੇ ਨਤੀਜੇ ਐਲਾਨ ਕੀਤੇ ਗਏ। ਸਕੂਲ ਪ੍ਰਿੰਸੀਪਲ ਮੈਡਮ ਪਰਮਿੰਦਰ ਕੌਰ ਖਹਿਰਾ ਨੇ ਵਧੇਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਸਾਡੀ ਸਕੂਲ ਪ੍ਰਬੰਧਕੀ ਕਮੇਟੀ ਦੀ ਸੁਚੱਜੀ ਅਗਵਾਈ ਹੇਠ ਮਿਹਨਤੀ ਸਟਾਫ ਦੀ ਦੇਖ ਰੇਖ ਵਿੱਚ ਸਾਰੇ ਵਿਦਿਆਰਥੀਆਂ ਦੇ ਨਤੀਜੇ ਸ਼ਾਨਦਾਰ ਰਹੇ ਹਨ। ਮਾਪੇ ਅਧਿਆਪਕ ਮਿਲਣੀ ਪ੍ਰੋਗਰਾਮ ਤਹਿਤ ਵਿਦਿਆਰਥੀਆਂ ਅਤੇ ਉਨ੍ਹਾਂ ਦੇ ਮਾਪਿਆਂ ਨੇ ਉਤਸ਼ਾਹ ਨਾਲ ਹਿੱਸਾ ਲਿਆ ਅਤੇ ਪੁਜ਼ੀਸ਼ਨਾਂ ਤੇ ਆਉਣ ਵਾਲੇ ਵਿਦਿਆਰਥੀਆਂ ਨੂੰ ਇਨਾਮ ਦੇ ਕੇ ਹੌਸਲਾ ਅਫ਼ਜ਼ਾਈ ਕੀਤੀ ਗਈ। ਇਸ ਸਮੇਂ ਮੈਡਮ ਸਿਮਰਜੀਤ ਕੌਰ, ਗਗਨਪ੍ਰੀਤ ਕੌਰ, ਪ੍ਰਭਦੀਪ ਕੌਰ, ਰਾਜਬੀਰ ਕੌਰ, ਜਸਦੀਪ ਕੌਰ, ਸਿਮਰਨਜੀਤ ਕੌਰ, ਹਰਪ੍ਰੀਤ ਕੌਰ, ਹਰਸਿਮਰਨ ਕੌਰ, ਨਵਨੀਤ ਕੌਰ, ਅਮ੍ਰਿਤਪਾਲ ਕੌਰ, ਨਵਦੀਪ ਕੌਰ, ਰਾਜਪ੍ਰੀਤ ਕੌਰ, ਸੰਦੀਪ ਕੌਰ, ਨਿਰਮਲ ਕੌਰ ਆਦਿ ਹਾਜ਼ਰ ਸਨ।

# ਪੀ ਸੀ ਐੱਮ ਐੱਸ ਡੀ ਕਾਲਜ ਵੱਲੋਂ ਸਲੋਗਨ ਰਾਈਟਿੰਗ ਮੁਕਾਬਲੇ ਦਾ ਆਯੋਜਨ



**ਜਲੰਧਰ** : ਪੀ. ਸੀ. ਐੱਮ. ਐੱਸ. ਡੀ. ਕਾਲਜ ਦੀ ਰੈੱਡ ਕਰਾਸ ਸੁਸਾਇਟੀ ਨੇ ਕਾਲਜ ਦੇ ਬੱਡੀ ਗਰੁੱਪ ਦੇ ਸਹਿਯੋਗ ਨਾਲ 'ਸਲੋਗਨ ਰਾਈਟਿੰਗ ਮੁਕਾਬਲੇ' ਦਾ ਆਯੋਜਨ ਕੀਤਾ ਜਿਸ ਦਾ ਉਦੇਸ਼ ਨਸ਼ਿਆਂ ਦੀ ਸਮਾਜਿਕ ਸਮੱਸਿਆ ਅਤੇ ਨੌਜਵਾਨਾਂ 'ਤੇ ਇਸ ਦੇ ਪ੍ਰਭਾਵ ਨੂੰ ਹੱਲ ਕਰਨਾ ਹੈ। ਵਿਦਿਆਰਥੀਆਂ ਨੇ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਬਾਰੇ ਸੋਚ-ਵਿਚਾਰ ਕਰਨ ਵਾਲੇ ਨਾਅਰਿਆਂ ਰਾਹੀਂ ਆਪਣੇ ਵਿਚਾਰ ਪ੍ਰਗਟ ਕੀਤੇ। ਇਸ ਨਾਲ ਵਿਦਿਆਰਥੀਆਂ ਨੂੰ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਬਾਰੇ ਜਾਗਰੂਕ ਕੀਤਾ ਗਿਆ। ਰੈੱਡ ਕਰਾਸ ਸੋਸਾਇਟੀ ਅਤੇ ਬੱਡੀ ਗਰੁੱਪ ਨੇ ਇੱਕ ਪਲੇਟਫਾਰਮ ਤਿਆਰ ਕਰਨ ਲਈ ਮਿਲ ਕੇ ਕੰਮ ਕੀਤਾ ਜਿਸ ਨੇ ਵਿਦਿਆਰਥੀਆਂ ਨੂੰ ਦੇਸ਼ ਭਰ ਦੇ ਭਾਈਚਾਰਿਆਂ ਨੂੰ ਪ੍ਰਭਾਵਿਤ ਕਰਨ ਵਾਲੇ ਇੱਕ ਕਾਰਨ ਲਈ ਆਪਣੀ ਆਵਾਜ਼ ਦੀ ਵਰਤੋਂ ਕਰਨ ਲਈ ਉਤਸ਼ਾਹਿਤ ਕੀਤਾ। ਇਸ ਮੌਕੇ ਪ੍ਰਧਾਨ ਨਰੇਸ਼ ਬੁਧੀਆ, ਸੀਨੀਅਰ ਮੀਤ ਪ੍ਰਧਾਨ ਵਿਨੋਦ ਦਾਦਾ, ਪ੍ਰਬੰਧਕ ਕਮੇਟੀ ਦੇ ਸਤਿਕਾਰਯੋਗ ਮੈਂਬਰਾਂ ਅਤੇ ਪ੍ਰਿੰਸੀਪਲ, ਡਾ. ਪੂਜਾ ਪਰਾਸ਼ਰ ਨੇ ਸਮੂਹ ਵਿਦਿਆਰਥੀਆਂ ਨੂੰ ਇਸ ਤਰ੍ਹਾਂ ਦੀਆਂ ਗਤੀਵਿਧੀਆਂ ਵਿੱਚ ਵੱਧ-ਚੜ੍ਹ ਕੇ ਹਿੱਸਾ ਲੈਂਦੇ ਰਹਿਣ ਲਈ ਪ੍ਰੇਰਿਤ ਕੀਤਾ। ਉਨ੍ਹਾਂ ਸਮਾਗਮ ਨੂੰ ਸਫਲਤਾਪੂਰਵਕ ਨੇਪਰੇ ਚਾੜ੍ਹਨ ਲਈ ਰੈੱਡ ਕਰਾਸ ਸੁਸਾਇਟੀ ਅਤੇ ਬੱਡੀ ਗਰੁੱਪ ਦੀ ਸਮੁੱਚੀ ਟੀਮ ਦੇ ਯਤਨਾਂ ਦੀ ਵੀ ਸ਼ਲਾਘਾ ਕੀਤੀ।

# ਬਹੁ-ਤਕਨੀਕੀ ਕਾਲਜ ਦੋਦਵਾਂ ਦੀਆਂ ਅੱਠ ਵਿਦਿਆਰਥਣਾਂ ਦੀ ਨੌਕਰੀ ਲਈ ਚੋਣ



ਗੁਰਦਾਸਪੁਰ (ਦਿਨੇਸ਼ ਕੁਮਾਰ)-ਸਰਕਾਰੀ ਬਹੁ ਤਕਨੀਕੀ ਕਾਲਜ ਦੋਦਵਾਂ ਦੀਨਾਨਗਰ ਵਿਖੇ ਪ੍ਰਿੰਸੀਪਲ ਇੰਜੀਨੀਅਰ ਵਿਜੇ ਕੁਮਾਰ ਥਾਪਾ ਦੀ ਰਹਿਨੁਮਾਈ ਹੇਠ ਪਲੇਸਮੈਂਟ ਸੈਲ ਦੇ ਯਤਨਾਂ ਸਦਕਾ ਮਲਟੀ ਨੈਸ਼ਨਲ ਕੰਪਨੀ ਪਰਾਈਵੇਟ ਲਿਮਿਟਡ ਵੱਲੋਂ ਕਾਲਜ ਵਿਖੇ ਵਿਦਿਆਰਥੀਆਂ ਨੂੰ ਰੋਜ਼ਗਾਰ ਦੇਣ ਲਈ ਪਲੇਸਮੈਂਟ ਡਰਾਈਵ ਕਰਵਾਈ ਗਈ।

ਇਸ ਮੌਕੇ ਕੰਪਨੀ ਦੇ ਐੱਚ. ਆਰ. ਮੈਨੇਜਰ ਮਿਸ ਪ੍ਰੀਆ ਅਤੇ ਮਿਸ ਕਮਲਜੀਤ ਕੌਰ ਵੱਲੋਂ ਵਿਦਿਆਰਥੀਆਂ ਨੂੰ ਕੰਪਨੀ ਦੇ ਕੰਮਕਾਜ ਬਾਰੇ ਜਾਣਕਾਰੀ ਦਿੱਤੀ ਗਈ।ਕੰਪਨੀ ਵੱਲੋਂ ਵਿਦਿਆਰਥੀਆਂ ਦਾ ਲਿਖਤੀ ਟੈਸਟ ਲਿਆ ਗਿਆ ਅਤੇ ਬਾਅਦ ਵਿੱਚ ਇੰਟਰਵਿਊ ਵੀ ਲਈ ਗਈ ਜਿਸ ਦੇ ਆਧਾਰ ਤੇ ਉਨ੍ਹਾਂ ਵੱਲੋਂ ਕਾਲਜ ਦੀਆਂ ਅੱਠ ਵਿਦਿਆਰਥਣਾਂ ਸਪਨਾ ਦੇਵੀ, ਅਨਮੋਲਦੀਪ ਕੌਰ, ਅਰੁਨਾ, ਰਵਲੀਨ ਕੌਰ, ਪ੍ਰਿਅੰਕਾ, ਰੇਨੂਕਾ, ਕੋਮਲ ਅਤੇ ਦੀਵਾਂਸ਼ੀ ਨੂੰ ਨੌਕਰੀ ਲਈ ਚੁਣਿਆ ਗਿਆ ਅਤੇ ਆਫਰ ਲੈਟਰ ਵੀ ਮੌਕੇ 'ਤੇ ਦਿੱਤੇ ਗਏ।ਇਸ ਮੌਕੇ ਕਾਲਜ ਦੇ ਪ੍ਰਿੰਸੀਪਲ ਵਿਜੇ ਕੁਮਾਰ ਥਾਪਾ ਵੱਲੋਂ ਕੰਪਨੀ ਤੋਂ ਆਏ ਨੁਮਾਇੰਦਿਆਂ ਦਾ ਧੰਨਵਾਦ ਕੀਤਾ ਗਿਆ। ਉਨ੍ਹਾਂ ਕਿਹਾ ਕਿ ਉਨ੍ਹਾਂ ਦੇ ਸਹਿਯੋਗ ਤੋਂ ਬਿਨਾਂ ਕਾਲਜ ਵਿੱਚ ਪਲੇਸਮੈਂਟ ਡਰਾਈਵ ਸੰਭਵ ਨਹੀਂ ਸੀ।ਪ੍ਰਿੰਸੀਪਲ ਨੇ ਵਿਦਿਆਰਥਣਾਂ ਅਤੇ ਉਨ੍ਹਾਂ ਦੇ ਮਾਪਿਆਂ ਨੂੰ ਵਧਾਈ ਦਿੰਦੇ ਹੋਏ ਵਿਦਿਆਰਥੀਆਂ ਦੇ ਸੁਨਹਿਰੀ ਭਵਿੱਖ ਦੀ ਕਾਮਨਾ ਕੀਤੀ।

ਇਸ ਦੇ ਨਾਲ ਹੀ ਪ੍ਰਿੰਸੀਪਲ ਵੱਲੋਂ ਸਫਲ ਪਲੇਸਮੈਂਟ ਡਰਾਈਵ ਲਈ ਕਾਲਜ ਦੇ ਪਲੇਸਮੈਂਟ ਸੈੱਲ ਦੇ ਮੈਂਬਰਾਂ ਜਸਵਿੰਦਰ ਸਿੰਘ, ਰਚਿਤਾ ਮਹਾਜਨ ਅਤੇ ਅਮਿਤ ਸਿੰਘ ਦੀ ਸ਼ਲਾਘਾ ਕੀਤੀ ਗਈ।ਇਸ ਮੌਕੇ ਕਾਲਜ ਦੇ ਬਿਕਰਮਜੀਤ ਸਿੰਘ ਸੀਨੀਅਰ ਲੈਕਚਰ ਇੰਚਾਰਜ ਕੰਪਿਊਟਰ ਸਾਇੰਸ ਐਂਡ ਇੰਜੀ., ਮਨਦੀਪ ਸਿੰਘ ਲੈਕਚਰਾਰ, ਦਲਬੀਰ ਚੰਦ ਵਰਕਸ਼ਾਪ ਇੰਚਾਰਜ ਵੀ ਹਾਜ਼ਰ ਸਨ।

# ਪਨਿਆੜ ਨਜ਼ਦੀਕ ਰੇਲਵੇ ਫਾਟਕ 'ਤੇ ਓਵਰਬ੍ਰਿਜ ਬਣਾਉਣ ਦੀ ਮੰਗ



ਗੁਰਦਾਸਪੁਰ (ਜਨਕ ਮਹਾਜਨ)-ਗੁਰਦਾਸਪੁਰ ਜੇਲ੍ਹ ਰੋਡ ਤੋਂ ਦੀਨਾਨਗਰ ਨੂੰ ਜਾਣ ਵਾਲੀ ਲਿੰਕ ਸੜਕ ਵਿਚਕਾਰ ਪੈਂਦੇ ਪਿੰਡ ਪਨਿਆੜ ਨੇੜੇ ਰੇਲਵੇ ਫਾਟਕ ਦੇ ਅਕਸਰ ਬੰਦ ਰਹਿਣ ਕਾਰਨ 40-45 ਦੇ ਕਰੀਬ ਪਿੰਡਾਂ ਦੇ ਲੋਕਾਂ ਨੂੰ ਕਾਫ਼ੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਇਲਾਕਾ ਵਾਸੀ ਮੱਖਣ ਸਿੰਘ, ਤਰਸੇਮ ਕੁਮਾਰ ਆਦਿ ਨੇ ਦੱਸਿਆ ਕਿ ਇਸ ਲਿੰਕ ਸੜਕ ਨਾਲ ਕਾਫ਼ੀ ਪਿੰਡ ਜੁੜੇ ਹੋਏ ਹਨ ਅਤੇ ਇਨ੍ਹਾਂ ਪਿੰਡਾਂ ਦੇ ਲੋਕ ਵਾਇਆ ਪਨਿਆੜ ਰਾਹੀਂ ਦੀਨਾਨਗਰ ਨੂੰ ਆਉਂਦੇ ਜਾਂਦੇ ਹਨ। ਲੋਕਾਂ ਦਾ ਕਹਿਣਾ ਹੈ ਕਿ ਇਸ ਸੜਕ 'ਤੇ ਪਨਿਆੜ ਨਜ਼ਦੀਕ ਕਾਫ਼ੀ ਪੁਰਾਣਾ ਰੇਲਵੇ ਫਾਟਕ ਅਕਸਰ ਹੀ ਬੰਦ ਰਹਿੰਦਾ ਹੈ ਅਤੇ ਲੰਬਾ ਸਮਾਂ ਫਾਟਕ ਬੰਦ ਰਹਿਣ ਨਾਲ ਲੋਕ ਉਥੇ ਖੜ੍ਹੇ ਰਹਿੰਦੇ ਹਨ। ਉਨ੍ਹਾਂ ਕਿਹਾ ਫਾਟਕ ਬੰਦ ਹੋਣ ਕਰਕੇ ਵਾਹਨਾਂ ਦੀਆਂ ਲੰਬੀਆਂ-ਲੰਬੀਆਂ ਲਾਈਨਾਂ ਲੱਗ ਜਾਂਦੀਆਂ ਹਨ ਅਤੇ ਜਦੋਂ ਫਿਰ ਫਾਟਕ ਖੁੱਲ੍ਹਦਾ ਹੈ ਤਾਂ ਜਲਦਬਾਜ਼ੀ ਵਿਚ ਲੰਘਦੇ ਵਾਹਨ ਚਾਲਕ ਆਪਸ ਵਿਚ ਟਕਰਾ ਜਾਂਦੇ ਹਨ ਜਿਸ ਨਾਲ ਜਾਨੀ ਮਾਲੀ ਨੁਕਸਾਨ ਹੋਣ ਦਾ ਡਰ ਬਣਿਆ ਰਹਿੰਦਾ ਹੈ। ਉਨ੍ਹਾਂ ਕਿਹਾ ਵੱਖ-ਵੱਖ ਸਰਕਾਰਾਂ ਨੇ ਇਸ ਫਾਟਕ ਨੂੰ ਓਵਰਬ੍ਰਿਜ ਵਿਚ ਤਬਦੀਲ ਕਰਨ ਵਾਸਤੇ ਕਿਸੇ ਨੇ ਕੋਈ ਧਿਆਨ ਨਹੀਂ ਦਿੱਤਾ। ਫਾਟਕ ਬੰਦ ਰਹਿਣ ਨਾਲ ਮੁਲਾਜ਼ਮ, ਵਿਦਿਆਰਥੀ, ਵਪਾਰੀਆਂ ਤੋਂ ਇਲਾਵਾ ਐਂਬੂਲੈਂਸ ਗੱਡੀਆਂ ਵੀ ਫਾਟਕ ਖੁੱਲ੍ਹਣ ਦਾ ਇੰਤਜ਼ਾਰ ਕਰਦੀਆਂ ਰਹਿੰਦੀਆਂ ਹਨ।

ਉਨ੍ਹਾਂ ਕਿਹਾ ਇਹ ਮਾਮਲਾ ਕਈ ਵਾਰ ਉਚ ਅਧਿਕਾਰੀਆਂ ਦੇ ਧਿਆਨ ਵਿਚ ਲਿਆਉਣ ਦੇ ਬਾਵਜੂਦ ਵੀ ਕੋਈ ਹੱਲ ਨਹੀਂ ਹੋ ਰਿਹਾ। ਇਲਾਕਾ ਵਾਸੀਆਂ ਨੇ ਭਾਰਤ ਦੇ ਰੇਲਵੇ ਮੰਤਰੀ ਅਤੇ ਪੰਜਾਬ ਸਰਕਾਰ ਪਾਸੋਂ ਮੰਗ ਕੀਤੀ ਹੈ ਕਿ ਪਨਿਆੜ ਨਜ਼ਦੀਕ ਪੈਂਦੇ ਰੇਲਵੇ ਫਾਟਕ 'ਤੇ ਓਵਰਬ੍ਰਿਜ ਬਣਾਇਆ ਜਾਵੇ ਤਾਂ ਜੋ ਲੋਕਾਂ ਦੀ ਨਿੱਤ ਰੋਜ਼ ਦੀ ਮੁਸ਼ਕਿਲ ਦਾ ਹੱਲ ਹੋ ਸਕੇ।

# ਲੋਕ ਸਭਾ ਚੋਣਾਂ 'ਚ 'ਆਪ' ਦੇ ਜੇਤੂ ਰਹਿਣ 'ਤੇ ਪੰਜਾਬ ਨੂੰ ਕੇਂਦਰ ਦੇ ਮਤਰੇਈ ਮਾਂ ਵਾਲੇ ਵਤੀਰੇ ਤੋਂ ਮਿਲੇਗੀ ਨਿਜਾਤ : ਜਸਕਰਨ ਬੰਦੇਸ਼ਾ

**ਅੰਮ੍ਰਿਤਸਰ (ਨਰਿੰਦਰਜੀਤ ਸਿੰਘ)**-ਪੰਜਾਬ ਟਰੇਡਰਜ਼ ਕਮਿਸ਼ਨ ਦੇ ਸੰਵਿਧਾਨਿਕ ਮੈਂਬਰ ਅਤੇ ਆਮ ਆਦਮੀ ਪਾਰਟੀ ਦੇ ਪੰਜਾਬ ਬੁਲਾਰਾ ਜਸਕਰਨ ਬੰਦੇਸ਼ਾ ਨੇ ਅੱਜ ਪਾਰਟੀ ਦੇ ਕੌਮੀ ਕਨਵੀਨਰ ਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਅਤੇ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਵੱਲੋਂ ਸਾਂਝੇ ਤੌਰ 'ਤੇ ਅਗਾਮੀ ਲੋਕ ਸਭਾ ਚੋਣਾਂ ਲਈ ਰਸਮੀ ਤੌਰ 'ਤੇ ਪੰਜਾਬ 'ਚ ਪਾਰਟੀ ਦੇ ਹੱਕ 'ਚ ਚੋਣ ਪ੍ਰਚਾਰ ਦਾ ਬਿਗੁਲ ਵਜਾਏ ਜਾਣ ਲਈ ਧੰਨਵਾਦ ਤੇ ਸਵਾਗਤ ਕਰਦਿਆਂ ਕਿਹਾ ਕਿ ਪਾਰਟੀ ਸੁਪ੍ਰੀਮੋ ਕੇਜਰੀਵਾਲ ਵੱਲੋਂ ਇਸ ਮੌਕੇ ਦਿੱਤੇ ਗਏ ਨਾਅਰੇ 'ਸੰਸਦ 'ਚ ਵੀ ਭਗਵੰਤ ਮਾਨ- ਖੁਸ਼ਹਾਲ ਪੰਜਾਬ ਤੇ ਵਧੇਗੀ ਸ਼ਾਨ' ਨੂੰ ਆਮ ਆਦਮੀ ਪਾਰਟੀ ਦੀ ਪੰਜਾਬ ਇਕਾਈ ਪੂਰੀ ਤਰ੍ਹਾਂ ਤਨਦੇਹੀ ਨਾਲ ਅਮਲੀਜਾਮਾ ਪਹਿਨਾ ਕੇ ਪੰਜਾਬ 'ਚ 13 ਸੀਟਾਂ 'ਤੇ ਹੀ ਜਿੱਤ ਦਰਜ ਕਰਵਾ ਕੇ 13-0 ਦਾ ਟੀਚਾ ਪ੍ਰਾਪਤ ਕਰੇਗੀ।ਪੰਜਾਬ ਦੀਆਂ 13 ਸੀਟਾਂ ਜਿੱਤ ਕੇ ਵੋਟਰਾਂ ਦੇ ਫਤਵੇ ਨਾਲ ਪਾਰਟੀ ਸੁਪ੍ਰੀਮੋ ਕੇਜਰੀਵਾਲ ਦੀ ਝੋਲੀ 'ਚ ਪਾਈਆਂ ਜਾਣਗੀਆਂ।ਗੱਲਬਾਤ ਦੌਰਾਨ ਸੂਬਾਈ ਬੁਲਾਰੇ ਬੰਦੇਸ਼ਾ ਨੇ ਕਿਹਾ ਕਿ ਪਾਰਟੀ ਦੇ ਸੁਪ੍ਰੀਮੋ ਅਰਵਿੰਦ ਕੇਜਰੀਵਾਲ ਤੇ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਦੀ ਅਗਵਾਈ 'ਚ ਪੰਜਾਬ ਦੀਆਂ 13 ਸੀਟਾਂ 'ਤੇ ਹੀ ਲੋਕਾਂ ਦਾ ਫਤਵਾ ਹਾਸਿਲ ਕਰਨ ਲਈ ਪਾਰਟੀ ਵੱਲੋਂ ਬਕਾਇਦਾ ਚੋਣ ਪ੍ਰਚਾਰ ਜਨਸੰਪਰਕ ਮੁਹਿਮ ਹੁਣ ਰਸਮੀ ਤੌਰ 'ਤੇ ਵਿੱਢ ਕੇ ਹਰ ਪਿੰਡ ਤੇ ਹਰ ਸ਼ਹਿਰ ਦੇ ਹਰ ਘਰ ਤੱਕ ਪਹੁੰਚ ਕੀਤੀ ਜਾਵੇਗੀ ਅਤੇ ਇਸ ਮੁਹਿੰਮ ਦੌਰਾਨ ਪਾਰਟੀ ਦੇ ਪੰਜਾਬ ਪੱਧਰ ਤੋਂ ਲੈ ਕੇ ਹੇਠਾਂ ਬੂਥ ਪੱਧਰ ਤੱਕ ਦੇ ਵਲੰਟੀਅਰਾਂ ਤੇ ਆਗੂਆਂ ਵੱਲੋਂ ਪੇਂਡੂ ਤੇ ਸ਼ਹਿਰੀ ਬਹੁਪੱਖੀ ਵਿਕਾਸ 'ਚ ਕ੍ਰਾਂਤੀਕਾਰੀ ਮੱਲਾਂ ਮਾਰਕੇ ਪੇਂਡੂ ਤੇ ਸ਼ਹਿਰੀ ਪਾੜੇ ਨੂੰ ਸਾਬਕਾ ਸਰਕਾਰਾਂ ਵੱਲੋਂ ਪੈਦਾ ਕੀਤੀ ਗਈ ਰਵਾਇਤ ਨੂੰ ਤੋੜੇ ਜਾਣ, ਪੰਜਾਬ ਵਾਸੀਆਂ ਦੇ ਜੀਵਨ 'ਚ ਝੂਠੇ ਮੁਕੱਦਮਿਆਂ 'ਤੇ ਵਿਰਾਮ ਲਗਾ ਕੇ ਲੋਕਾਂ ਨੂੰ ਬਿਨਾਂ ਸਰਕਾਰੀ ਦਖਲ ਤੋਂ ਸੁਖਾਲਾ ਜੀਵਨ ਬਤੀਤ ਕਰਨ, ਪੰਜਾਬ ਵਾਸੀਆਂ ਨੂੰ ਹਰ ਪੱਖੋਂ ਆਧੁਨਿਕ ਤੇ ਮਿਆਰੀ ਬੁਨਿਆਦੀ ਮੂਲ ਢਾਂਚਾ ਮੁਹੱਈਆ ਕਰਵਾਏ ਜਾਣ, ਪੰਜਾਬ 'ਚੋਂ ਗੈਂਗਸਟਰ ਕਲਚਰ ਤੇ ਸਮਾਜ ਵਿਰੋਧੀ ਅਨਸਰਾਂ ਨੂੰ ਨਕੇਲ ਪਾ ਕੇ ਅਮਨ-ਕਾਨੂੰਨ ਦੀ ਹਾਲਤ ਸਥਿਰ ਬਣਾਏ ਜਾਣ ਨਾਲ ਵੱਡੇ ਉਦਯੋਗਪਤੀਆਂ ਵੱਲੋਂ ਉਦਯੋਗਾਂ ਲਈ ਆਪਣਾ ਅਰਬਾਂ ਰੁਪਏ ਪੂੰਜੀਨਿਵੇਸ਼ ਕੀਤੇ ਜਾਣ, ਅਨੁਕੂਲ ਤੇ ਟਿਕਾਊ ਵਿਕਾਸ ਤੋਂ ਇਲਾਵਾ ਰੁਜ਼ਗਾਰ ਦੇ ਲੱਖਾਂ ਅਵਸਰ ਪੈਦਾ ਕੀਤੇ ਜਾਣ, ਸਿੱਖਿਆ ਤੇ ਸਿਹਤ ਨੂੰ ਸਮੇਂ ਦੇ ਹਾਣੀ ਬਣਾਉਣ ਅਤੇ ਪੰਜਾਬ ਨੂੰ ਆਰਥਿਕ ਵਿਕਾਸ ਦੇ ਕੇਂਦਰ ਵਜੋਂ ਉਭਾਰ ਕੇ ਰੰਗਲੇ ਪੰਜਾਬ ਦੀ ਸਿਰਜਣਾ ਲਈ ਕੀਤੀਆਂ ਗਈਆਂ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਦੀਆਂ ਪ੍ਰਾਪਤੀਆਂ ਤੋਂ ਵੋਟਰਾਂ ਨੂੰ ਜਾਣੂੰ ਕਰਵਾਇਆ ਜਾਵੇਗਾ।ਉਨ੍ਹਾਂ ਨੇ ਕਿਹਾ ਕਿ ਪੰਜਾਬ 'ਚੋਂ 13 ਸੀਟਾਂ 'ਤੇ ਹੀ ਪਾਰਟੀ ਉਮੀਦਵਾਰਾਂ ਨੂੰ ਵੋਟਰਾਂ ਵੱਲੋਂ ਜੇਤੂ ਬਣਾਏ ਜਾਣ ਨਾਲ ਕੇਂਦਰੀ ਸਰਕਾਰ ਵੱਲੋਂ ਕੀਤੇ ਜਾ ਰਹੇ ਪੈਰ-ਪੈਰ 'ਤੇ ਮਤਰੇਈ ਮਾਂ ਵਾਲੇ ਸਲੂਕ ਤੇ ਪੰਜਾਬ ਨਾਲ ਨਫਰਤ ਭਰੇ ਵਤੀਰੇ ਤੋਂ ਜਿੱਥੇ ਰਾਹਤ ਮਿਲੇਗੀ ਉੱਥੇ ਆਰਥਿਕ ਵਿਕਾਸ ਮਜ਼ਬੂਤ ਕਰਨ ਲਈ ਵੀ 13 ਸੀਟਾਂ ਦੀ ਜਿੱਤ ਇਕ ਗੇਮ ਚੇਂਜਰ ਵਜੋਂ ਉਭਰੇਗੀ ਜਿਸ ਦੇ ਨਤੀਜੇ ਵਜੋਂ ਕੇਂਦਰ ਸਰਕਾਰ ਵੱਲੋਂ ਪੇਂਡੂ ਵਿਕਾਸ ਫੰਡ ਸਮੇਤ ਹੋਰ ਰੋਕੇ ਹੋਏ 8 ਹਜ਼ਾਰ ਕਰੋੜ ਰੁਪਏ ਦੇ ਫੰਡ ਮੁੜ ਪੰਜਾਬ ਨੂੰ ਦਿਵਾਉਣ ਲਈ ਪਾਰਟੀ ਦੇ ਜੇਤੂ ਸੰਸਦ ਮੈਂਬਰ ਇਕਸੁਰ ਹੋ ਕੇ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਦੇ ਵੱਲੋਂ ਸੰਸਦ ਵਿਚ ਆਵਾਜ਼ ਬੁਲੰਦ ਕਰਨਗੇ।

# ਗਹਿਰੀ ਮੰਡੀ ਤੋਂ ਦੇਵੀਦਾਸਪੁਰ ਸੜਕ ਨੂੰ ਚੌੜਿਆਂ ਕਰਨ ਦਾ ਕੰਮ ਸ਼ੁਰੂ: ਸਰਜਾ



**ਗਹਿਰੀ ਮੰਡੀ (ਮਨਜੀਤ ਸਿੰਘ ਭੰਗੂ)**-ਗਹਿਰੀ ਮੰਡੀ ਤੋਂ ਦੇਵੀਦਾਸਪੁਰ ਨੂੰ ਜਾਂਦੀ ਸੜਕ 18 ਫੁਟ ਚੌੜੀ ਕਰਨ ਲਈ ਕੈਬਨਿਟ ਮੰਤਰੀ ਹਰਭਜਨ ਸਿੰਘ ਈਟੀਓ ਦੀ ਰਹਿਨੁਮਾਈ ਹੇਠ ਆਮ ਆਦਮੀ ਪਾਰਟੀ ਦੇ ਆਗੂ ਸੁਖਦੇਵ ਸਿੰਘ ਸਰਜਾ ਤੇ ਵਰਕਰਾਂ ਨੇ ਰਲ ਕੇ ਸੜਕ ਨੂੰ ਚੌੜੀ ਕਰਨ ਲਈ ਲੱਡੂ ਵੀ ਵੰਡੇ ਤੇ ਖੁਸ਼ੀ ਵੀ ਜ਼ਾਹਰ ਕੀਤੀ।ਇਹ ਸੜਕ ਗਹਿਰੀ ਮੰਡੀ ਤੋਂ ਦੇਵੀਦਾਸਪੁਰ ਨੂੰ ਲੰਘਦੀ ਹੋਈ ਅਮਰਕੋਟ ਤੇ ਵਡਾਲੀ ਡੋਗਰਾਂ ਨੂੰ ਜਾਂਦੀ ਹੋਈ ਮਾਨਾਵਾਲਾ ਹਸਪਤਾਲ ਤੋਂ ਹਾਈਵੇ ਜਲੰਧਰ ਰੋਡ 'ਤੇ ਜਾ ਮਿਲਦੀ ਹੈ।ਸਰਜਾ ਨੇ ਕਿਹਾ ਕੇ ਇਹ ਸੜਕ ਚੌੜੀ ਹੋਣ ਨਾਲ ਕਿਸਾਨਾਂ ਅਤੇ ਹਸਪਤਾਲ ਨੂੰ ਜਾਣ ਅਤੇ ਅੰਮ੍ਰਿਤਸਰ ਨੂੰ ਜਾਣ ਲਈ ਲੋਕਾ ਨੂੰ ਬੁਹਤ ਵੱਡੀ ਰਾਹਤ ਮਿਲੇਗੀ।ਆਗੂ ਸਰਜਾ ਅਤੇ ਵਰਕਰਾਂ ਨੇ ਕੈਬਨਿਟ ਮੰਤਰੀ ਦਾ ਬੁਹਤ ਧੰਨਵਾਦ ਕੀਤਾ।ਮੁੱਖ ਮਹਿਮਾਨ ਵਜੋਂ ਮਾਰਕੀਟ ਕਮੇਟੀ ਜੰਡਿਆਲਾ ਗੁਰੂ ਦੇ ਚੇਅਰਮੈਨ ਸੂਬੇਦਾਰ ਸ਼ਨਾਖ ਸਿੰਘ, ਮਹਿਲਾ ਵਿੰਗ ਦੇ ਪ੍ਰਧਾਨ ਹਰਪਾਲ ਕੌਰ ਤੇ ਦੇਵੀਦਾਸਪੁਰ ਦੇ ਆਗੂ ਹਰਵਿੰਦਰ ਸਿੰਘ ਫੌਜੀ, ਰਜਿੰਦਰ ਸਿੰਘ ਲਾਲੀ, ਹਰਪ੍ਰੀਤ ਸਿੰਘ ਬਾਠ ਮੇਹਰਬਾਨਪੁਰਾ, ਖਜਾਨ ਸਿੰਘ ਦੇਵੀਦਾਸਪੁਰ, ਅਰਜਨ ਸਿੰਘ, ਸੁਖਦੀਪ ਸਿੰਘ, ਜਸਵੰਤ ਸਿੰਘ, ਹਰਜੀਤ ਸਿੰਘ, ਕਾਬਲ ਸਿੰਘ ਆਦਿ ਹਾਜ਼ਰ ਸਨ।

# ਵਿਧਾਇਕ ਕੁਲਵੰਤ ਸਿੰਘ ਨੇ 5 ਕਿਸਾਨਾਂ ਦੇ ਪਰਵਾਰਾਂ ਨੂੰ ਨਿਯੁਕਤੀ ਪੱਤਰ ਸੌਂਪੇ



**ਚੰਡੀਗੜ੍ਹ (ਗੁਰਜੀਤ ਬਿੱਲਾ)**

ਕੇਂਦਰ ਸਰਕਾਰ ਵੱਲੋਂ ਖ਼ੇਤੀਬਾੜੀ ਸਬੰਧੀ ਬਣਾਏ ਤਿੰਨ ਕਾਨੂੰਨਾਂ ਨੂੰ ਰੱਦ ਕਰਵਾਉਣ ਲਈ ਸਾਲ 2021-22 ਦੌਰਾਨ ਦੇਸ਼ ਦੀ ਰਾਜਧਾਨੀ ਦਿੱਲੀ ਦੇ ਸਿੰਘੂ ਬਾਰਡਰ, ਟਿੱਕਰੀ ਬਾਰਡਰ ਤੇ ਇੱਕ ਸਾਲ ਤੋਂ ਵੱਧ ਸਮੇਂ ਦੇ ਮੋਰਚੇ ਦੌਰਾਨ ਸੰਘਰਸ਼ ਕਰਦੇ ਹੋਏ ਪੰਜਾਬ ਦੇ ਕਈ ਕਿਸਾਨ ਆਪਣੀ ਜਾਨ ਗੁਆ ਗਏ ਸਨ। ਜਿਨ੍ਹਾਂ ਦੇ ਪਰਵਾਰਾਂ ਦੀ ਭਲਾਈ ਲਈ ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਦੀ ਅਗਵਾਈ ਵਾਲੀ ਸਰਕਾਰ ਵੱਲੋਂ ਕੀਤੇ ਜਾ ਰਹੇ ਉਪਰਾਲੇ ਤਹਿਤ ਸਬੰਧਤ ਪਰਵਾਰਾਂ ਨੂੰ ਵਿੱਤੀ ਸਹਾਇਤਾ ਦੇਣ ਤੋਂ ਇਲਾਵਾ ਪਰਵਾਰ ਦੇ ਇੱਕ ਮੈਂਬਰ ਨੂੰ ਨੌਕਰੀ ਵੀ ਦਿੱਤੀ ਜਾ ਰਹੀ ਹੈ।ਇਸ ਕੜੀ ਤਹਿਤ ਅੱਜ ਕੁਲਵੰਤ ਸਿੰਘ ਹਲਕਾ ਵਿਧਾਇਕ ਐਸ.ਏ.ਐਸ. ਨਗਰ ਵੱਲੋਂ ਮੋਹਾਲੀ ਜ਼ਿਲ੍ਹੇ ਦੇ 5 ਕਿਸਾਨਾਂ ਦੇ ਵਾਰਿਸਾਂ ਨੂੰ ਪੰਜਾਬ ਸਰਕਾਰ ਦੇ ਖ਼ੇਤੀਬਾੜੀ ਵਿਭਾਗ ਵਿੱਚ ਪੱਕੀ ਨੌਕਰੀ ਦੇ ਨਿਯੁਕਤੀ ਪੱਤਰ ਸੌਂਪੇ ਗਏ।ਨਿਯੁਕਤੀ ਪੱਤਰ ਪ੍ਰਾਪਤ ਕਰਨ ਵਾਲਿਆਂ ਵਿੱਚ ਜਸਵਿੰਦਰ ਸਿੰਘ ਵਾਸੀ ਪਿੰਡ ਮਨਾਣਾ, ਬਲਜੀਤ ਸਿੰਘ ਵਾਸੀ ਪਿੰਡ ਦਾਊਂ, ਲਖਵਿੰਦਰ ਸਿੰਘ ਪਿੰਡ ਕੁਰੜੀ, ਜੁਗਰਾਜ ਸਿੰਘ ਵਾਸੀ ਪਿੰਡ ਸਹੋੜਾ, ਸੁਖਵੀਰ ਸਿੰਘ ਪਿੰਡ ਜਾਸਤਾਨਾ ਕਲਾਂ ਦੇ ਨਾਂ ਸ਼ਾਮਲ ਹਨ।ਇਸ ਮੌਕੇ ਹਲਕਾ ਵਿਧਾਇਕ ਨੇ ਕਿਹਾ ਕਿ ਪੰਜਾਬ ਸਰਕਾਰ ਕਿਸਾਨਾਂ ਅਤੇ ਨੌਜਵਾਨਾਂ ਦੇ ਨਾਲ ਹਰ ਸਮੇਂ ਖੜ੍ਹੀ ਹੈ, ਕਿਸਾਨ ਅੰਦੋਲਨ ਦੌਰਾਨ ਸ਼ਹੀਦ ਹੋਏ ਕਿਸਾਨਾਂ ਦੇ ਬੱਚਿਆਂ ਨੂੰ ਸਰਕਾਰੀ ਨੌਕਰੀਆਂ ਦਿੱਤੀਆਂ ਜਾ ਰਹੀਆਂ ਹਨ ਤਾਂ ਜੋ ਉਨ੍ਹਾਂ ਦਾ ਆਰਥਿਕ ਪੱਧਰ ਉੱਚਾ ਚੁੱਕਿਆ ਜਾ ਸਕੇ। ਹਲਕਾ ਵਿਧਾਇਕ ਨੇ ਦੱਸਿਆ ਕਿ ਮੌਜੂਦਾ ਸਰਕਾਰ ਦੇ ਰਾਜ ਵਿੱਚ 2 ਸਾਲਾਂ ਦੌਰਾਨ 40 ਹਜ਼ਾਰ ਤੋਂ ਵੱਧ ਨੌਜਵਾਨਾਂ ਨੂੰ ਸਰਕਾਰੀ ਨੌਕਰੀ ਦਿੱਤੀ ਗਈ ਹੈ।ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਵਿੱਚ ਨਵ ਨਿਯੁਕਤ ਬੱਚਿਆਂ ਨੂੰ ਨੌਕਰੀ ਦੇ ਨਿਯੁਕਤੀ ਪੱਤਰ ਸੌਂਪਣ ਮੌਕੇ ਡਾ. ਗੁਰਮੇਲ ਸਿੰਘ ਮੁੱਖ ਖੇਤੀਬਾੜੀ ਅਫਸਰ, ਗੁਰਦਿਆਲ ਕੁਮਾਰ ਖੇਤੀਬਾੜੀ ਵਿਕਾਸ ਅਫਸਰ, ਕੁਲਦੀਪ ਸਿੰਘ ਸਮਾਣਾ, ਸੁਖਦੇਵ ਸਿੰਘ ਪਟਵਾਰੀ, ਡਾ. ਕੁਲਦੀਪ ਸਿੰਘ, ਅਵਤਾਰ ਸਿੰਘ ਮੌਲੀ, ਹਰਪਾਲ ਸਿੰਘ ਚੰਨਾ, ਹਰਮੇਸ਼ ਸਿੰਘ ਕੁੰਬੜਾ ਅਤੇ ਨੌਕਰੀ ਪ੍ਰਾਪਤ ਕਰਨ ਵਾਲੇ ਬੱਚਿਆਂ ਦੇ ਪਰਵਾਰਕ ਮੈਂਬਰ ਵੀ ਹਾਜ਼ਰ ਸਨ।

# ਪੰਜਾਬ ਸਰਕਾਰ ਘੱਟੋ-ਘੱਟ ਸਮਰਥਨ ਮੁੱਲ 'ਤੇ ਬਿੱਲ ਲਿਆਵੇ : ਚੌਧਰੀ

**ਜਲੰਧਰ (ਇਕਬਾਲ ਸਿੰਘ ਉਭੀ)**-ਵਿਧਾਇਕ ਵਿਕਰਮਜੀਤ ਸਿੰਘ ਚੌਧਰੀ ਨੇ ਪੰਜਾਬ ਵਿਧਾਨ ਸਭਾ ਵਿੱਚ ਸਿਫਰ ਕਾਲ ਦੌਰਾਨ ਫਸਲਾਂ ਦੇ ਘੱਟੋ-ਘੱਟ ਸਮਰਥਨ ਮੁੱਲ ਦਾ ਮੁੱਦਾ ਉਠਾਉਂਦਿਆਂ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਵਿਧਾਨ ਸਭਾ ਵਿੱਚ ਘੱਟੋ-ਘੱਟ ਸਮਰਥਨ ਮੁੱਲ ਦੀ ਗਰੰਟੀ ਦੇਣ ਵਾਲਾ ਬਿੱਲ ਲਿਆਏ।ਆਪ ਦੇ ਵਿਰੋਧੀ ਧਿਰ 'ਚ ਹੋਣ ਸਮੇਂ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਫਸਲਾਂ ਲਈ ਘੱਟੋ-ਘੱਟ ਸਮਰਥਨ ਮੁੱਲ 'ਤੇ ਕਾਨੂੰਨ ਬਣਾਉਣ ਦੀ ਮੰਗ ਕਰਨ ਦੀ ਵੀਡੀਓ ਚਲਾਉਂਦੇ ਹੋਏ ਵਿਧਾਇਕ ਚੌਧਰੀ ਨੇ ਕਿਹਾ ਕਿ ਵਿਰੋਧੀ ਧਿਰ 'ਚ ਹੋਣ ਵੇਲੇ ਸੀ ਐੱਮ ਮਾਨ ਵੱਡੇ-ਵੱਡੇ ਐਲਾਨ ਤੇ ਵਾਅਦੇ ਕਰਦੇ ਸਨ, ਪਰ ਸਰਕਾਰ ਬਣਨ ਦੇ ਦੋ ਸਾਲ ਬੀਤ ਜਾਣ ਤੋਂ ਬਾਅਦ ਵੀ ਉਹ ਆਪਣੇ ਸ਼ਬਦਾਂ ਨੂੰ ਅਮਲੀ ਰੂਪ ਦੇਣ ਵਿਚ ਅਸਫਲ ਰਹੇ ਹਨ।ਫਿਲੌਰ ਦੇ ਵਿਧਾਇਕ ਨੇ ਕਿਹਾ ਕਿ ਪੰਜਾਬ ਦੇ ਕਿਸਾਨ ਮੁੱਖ ਮੰਤਰੀ ਨੂੰ ਵਿਰੋਧੀ ਧਿਰ ਵਿੱਚ ਰਹਿੰਦਿਆਂ ਆਪਣੇ ਕਹੇ ਸ਼ਬਦਾਂ 'ਤੇ ਅਮਲ ਕਰਨ ਲਈ ਆਖ ਰਹੇ ਹਨ। ਉਨ੍ਹਾਂ ਕਿਹਾ ਕਿ ਆਪ ਦੇ ਵਿਧਾਇਕ ਉਸ ਸਮੇਂ ਐੱਮ ਐਸ ਪੀ ਦੇ ਮੁੱਦੇ 'ਤੇ ਵਿਧਾਨ ਸਭਾ ਤੋਂ ਵਾਕਆਊਟ ਕਰਦੇ ਸਨ ਪਰ ਹੁਣ ਕਿਸਾਨਾਂ ਦੀਆਂ ਜਾਇਜ਼ ਮੰਗਾਂ ਨੂੰ ਪੂਰਾ ਕਰਨ ਦੀ ਬਜਾਏ ਮੁੱਖ ਮੰਤਰੀ ਮਾਨ ਵਿਰੋਧੀ ਧਿਰ ਦੇ ਵਿਧਾਇਕਾਂ ਨੂੰ ਸਦਨ ਦੇ ਅੰਦਰ ਬੰਦ ਕਰਨ ਵਰਗੀਆਂ ਬੇਤੁਕੀਆਂ ਸਕੀਮਾਂ ਘੜ ਕੇ ਆਪਣਾ ਸਮਾਂ ਬਰਬਾਦ ਕਰ ਰਹੇ ਹਨ

# ਸੇਫ ਸਕੂਲ ਵਾਹਨ ਪਾਲਿਸੀ ਤਹਿਤ ਸਕੂਲੀ ਬੱਸਾਂ ਦੀ ਕੀਤੀ ਚੈਕਿੰਗ

**ਹੁਸ਼ਿਆਰਪੁਰ, (ਓ ਪੀ ਰਾਣਾ)**

ਸੇਫ ਸਕੂਲ ਵਾਹਨ ਪਾਲਿਸੀ ਤਹਿਤ ਸਕੂਲੀ ਬੱਚਿਆਂ ਦੀ ਸੁਰੱਖਿਆ ਨੂੰ ਮੁੱਖ ਰੱਖਦੇ ਹੋਏ ਸਕੂਲ ਮੁਖੀ ਵੱਲੋਂ ਬੱਸਾਂ ਵਿਚ ਸਾਰੇ ਨਾਰਮਜ਼/ਸ਼ਰਤਾਂ ਦੀ ਪਾਲਣਾ ਕਰਨੀ ਅਤਿ ਜ਼ਰੂਰੀ ਹੈ। ਇਸ ਸਬੰਧੀ ਅੱਜ ਜ਼ਿਲ੍ਹੇ ਵਿਚ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਅਤੇ ਪੰਜਾਬ ਰਾਜ ਬਾਲ ਅਧਿਕਾਰ ਰੱਖਿਆ ਕਮਿਸ਼ਨ ਵੱਲੋਂ ਜਾਰੀ ਹਦਾਇਤਾਂ ਅਤੇ ਡਿਪਟੀ ਕਮਿਸ਼ਨਰ ਹੁਸ਼ਿਆਰਪੁਰ ਕੋਮਲ ਮਿੱਤਲ ਦੇ ਹੁਕਮਾਂ ਅਨੁਸਾਰ ਸੇਫ ਸਕੂਲ ਵਾਹਨ ਪਾਲਿਸੀ ਤਹਿਤ ਸੇਂਟ ਸੋਲਜਰ ਡਿਵਾਈਨ ਪਬਲਿਕ ਸਕੂਲ ਹੁਸ਼ਿਆਰਪੁਰ ਅਤੇ ਐਸ.ਏ.ਵੀ ਜੈਨ ਡੇਅ ਬੋਰਡਿੰਗਜ਼ ਸਕੂਲ ਵਿੱਚ 15 ਬੱਸਾਂ ਦੀ ਚੈਕਿੰਗ ਕੀਤੀ ਗਈ।ਚੈਕਿੰਗ ਦੌਰਾਨ ਫਸਟ ਏਡ ਕਿੱਟਾਂ, ਬਿਨਾਂ ਲੇਡੀ ਅਟੈਂਡੈਂਟ, ਬਿਨਾਂ ਪਾਸਿੰਗ, ਸਪੀਡ ਗਵਰਨਰ ਦਾ ਨਾ ਹੋਣਾ, ਬੱਸ ਵਿਚ ਐਮਰਜੈਂਸੀ ਐਗਜ਼ਿਟ ਦਾ ਨਾ ਹੋਣਾ, ਬਿਨਾਂ ਅੱਗ ਬੁਝਾਊ ਯੰਤਰ, ਬਿਨਾਂ ਸੀ.ਸੀ.ਟੀ.ਵੀ ਕੈਮਰਾ, ਬੱਸ ਵਿਚ ਸਿਟਿੰਗ ਕਪੈਸਿਟੀ ਦਾ ਵੱਧ ਹੋਣਾ ਆਦਿ ਦੀ ਚੈਕਿੰਗ ਕੀਤੀ ਗਈ।ਇਨ੍ਹਾਂ ਵਿੱਚੋਂ 3 ਬੱਸਾਂ ਦੇ ਦਸਤਾਵੇਜ਼ ਨਾ ਹੋਣ ਕਾਰਨ ਜ਼ਬਤ ਕੀਤੀਆਂ ਗਈਆਂ।ਇਸ ਮੌਕੇ ਜ਼ਿਲ੍ਹਾ ਬਾਲ ਸੁਰੱਖਿਆ ਅਫ਼ਸਰ ਹਰਪ੍ਰੀਤ ਕੌਰ ਨੇ ਦੱਸਿਆ ਕਿ ਸੇਫ ਸਕੂਲ ਵਾਹਨ ਪਾਲਿਸੀ ਅਨੁਸਾਰ ਸ਼ਰਤਾਂ ਪੂਰੀਆਂ ਨਾ ਕਰਨ ਵਾਲੀਆਂ ਬੱਸਾਂ ਨਾਲ ਅਕਸਰ ਕੋਈ ਨਾ ਕੋਈ ਹਾਦਸਾ ਵਾਪਰਨ ਦਾ ਖਤਰਾ ਬਣਿਆ ਰਹਿੰਦਾ ਹੈ। ਇਸ ਮੌਕੇ ਟਾਸਕ ਫੋਰਸ ਨੇ ਦੱਸਿਆ ਕਿ ਇਸ ਮੁਹਿੰਮ ਨੂੰ ਪੂਰੇ ਜ਼ਿਲ੍ਹੇ ਵਿਚ ਲਗਾਤਾਰ ਚਲਾਇਆ ਜਾਵੇਗਾ। ਉਨ੍ਹਾਂ ਸਾਰੇ ਸਕੂਲਾਂ ਨੂੰ ਹਦਾਇਤ ਕੀਤੀ ਗਈ ਕਿ ਸਾਰੇ ਡਰਾਈਵਰਾਂ ਦਾ ਸਮੇਂ ਸਿਰ ਮੈਡੀਕਲ




ਚੈੱਕਅੱਪ ਕਰਵਾਇਆ ਜਾਵੇ, ਸਾਰੀਆਂ ਬੱਸਾਂ ਦੇ ਡਰਾਈਵਰ ਅਤੇ ਅਟੈਂਡੈਂਟ ਆਪਣੀ ਯੂਨੀਫਾਰਮ ਜ਼ਰੂਰ ਪਾਉਣ, ਬੱਸਾਂ ਵਿਚ ਸਫਰ ਕਰਨ ਵਾਲੇ ਛੋਟੇ ਬੱਚਿਆਂ ਦਾ ਖਾਸ ਧਿਆਨ ਰੱਖਣ। ਉਨ੍ਹਾਂ ਨੂੰ ਬੱਸ ਤੋਂ ਚੜ੍ਹਨ ਅਤੇ ਉਤਰਨ ਸਮੇਂ ਸਹੀ ਤਰੀਕੇ ਨਾਲ ਰੋਡ ਕਰਾਸ ਕਰਵਾਉਣ ਅਤੇ ਜਿਨ੍ਹਾਂ ਸਕੂਲੀ ਬੱਸਾਂ ਵਿਚ ਜੋ ਵੀ ਕਮੀਆਂ ਪਾਈਆਂ ਗਈਆਂ ਹਨ, ਉਨ੍ਹਾਂ ਨੂੰ ਤੁਰੰਤ ਦੂਰ ਕੀਤਾ ਜਾਵੇ।ਇਸ ਮੌਕੇ ਰਿਜਨਲ ਟ੍ਰਾਂਸਪੋਰਟ ਅਥਾਰਿਟੀ ਵੱਲੋਂ ਵਧੀਕ ਟਰਾਂਸਪੋਰਟ ਅਫ਼ਸਰ ਹੁਸ਼ਿਆਰਪੁਰ ਸਿੱਖਿਆ ਵਿਭਾਗ ਤੋਂ ਜਰਨੈਲ ਸਿੰਘ, ਪੁਲਸ ਵਿਭਾਗ ਤੋਂ ਮਦਨ ਲਾਲ (ਟ੍ਰੈਫਿਕ ਪੁਲਸ) ਅਤੇ ਜੂਨੀਅਰ ਅਸਿਸਟੈਂਟ ਰਵਿੰਦਰ ਸ਼ਰਮਾ ਤੋਂ ਇਲਾਵਾ ਹੋਰ ਵੀ ਮੌਜੂਦ ਸਨ।

# ਪਲੇਸਮੈਂਟ ਕੈਂਪ ਅੱਜ

**ਚੰਡੀਗੜ੍ਹ (ਗੁਰਜੀਤ ਬਿੱਲਾ)**- ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ ਅਤੇ ਮਾਡਲ ਕੈਰੀਅਰ ਸੈਂਟਰ, ਵਲੋਂ, ਸ਼ੋਪ ਐਨ ਸਰਵਿਸ ਡਾਟ ਕੋਮ, ਫਾਈਵਐਸ ਡਿਜ਼ੀਟਲ, ਮਾਰੂਤੀ ਸਜ਼ੂਕੀ, ਅਰੈਨਾ ਐਂਡ ਐਮਪੀ, ਨੈਕਸਾ, ਐਕਸਿਸ ਬੈਂਕ, ਏਰੀਅਲ ਟੈਲੀਕੋਮ, ਪਿਓਰ ਨੈਚੁਰਲ ਕੇਅਰ ਦੇ ਸਹਿਯੋਗ ਨਾਲ ਜ਼ਿਲ੍ਹੇ ਦੇ ਬੇਰੁਜ਼ਗਾਰ ਨੌਜਵਾਨਾਂ ਲਈ ਪਲੇਸਮੈਂਟ ਕੈਂਪ 14 ਮਾਰਚ ਨੂੰ ਡੀ.ਬੀ.ਈ.ਈ, ਦਫ਼ਤਰ, ਕਮਰਾ ਨੰ.461, ਤੀਜੀ ਮੰਜ਼ਿਲ, ਡੀ. ਸੀ. ਕੰਪਲੈਕਸ, ਸੈਕਟਰ- 76 ਐੱਸ.ਏ.ਐੱਸ. ਨਗਰ (ਮੁਹਾਲੀ) ਵਿਖੇ ਲਗਾਇਆ ਜਾ ਰਿਹਾ ਹੈ। ਜਿਸ ਵਿੱਚ ਬਾਰ੍ਹਵੀਂ, ਗ੍ਰੈਜੂਏਟ ਅਤੇ ਪੋਸਟ ਗ੍ਰੈਜੂਏਟ ਉਮੀਦਵਾਰ ਸਵੇਰੇ 10.00 ਵਜੇ ਤੋਂ 1.00 ਵਜੇ ਤੱਕ ਆਪਣੇ ਦਸਤਾਵੇਜ਼ ਲੈ ਕੇ ਪਹੁੰਚਣ।ਵਧੇਰੇ ਜਾਣਕਾਰੀ ਦਿੰਦਿਆਂ ਡੀ.ਬੀ.ਈ.ਈ ਦੇ ਅਧਿਕਾਰੀਆਂ ਨੇ ਦੱਸਿਆ ਕਿ ਇਸ ਕੈਂਪ ਵਿੱਚ ਕੇਵਲ 18 ਤੋਂ 30 ਸਾਲ ਤੱਕ ਅਤੇ ਤਜਰਬੇਕਾਰ ਉਮੀਦਵਾਰ ਜੋ ਬਾਰ੍ਹਵੀਂ, ਗ੍ਰੈਜੂਏਟ ਅਤੇ ਪੋਸਟ ਗ੍ਰੈਜੂਏਟ ਹੋਣ ਸ਼ਾਮਲ ਹੋ ਸਕਦੇ ਹਨ। ਇਸ ਲਈ ਇੱਛੁਕ ਪ੍ਰਾਰਥੀ ਆਪਣਾ ਰਜ਼ਿਊਮ ਅਤੇ ਜ਼ਰੂਰੀ ਦਸਤਾਵੇਜ਼ ਲੈ ਕੇ ਡੀ.ਬੀ.ਈ.ਈ ਦਫ਼ਤਰ ਪਹੁੰਚਣ ਦੀ ਖੇਚਲ ਕਰਨ। ਵਧੇਰੇ ਜਾਣਕਾਰੀ ਲਈ ਉਮੀਦਵਾਰ ਡੀ.ਬੀ.ਈ.ਈ, ਕਮਰਾ ਨੰ.461, ਤੀਜੀ ਮੰਜ਼ਿਲ, ਡੀ. ਸੀ. ਕੰਪਲੈਕਸ, ਸੈਕਟਰ- 76 ਐੱਸ.ਏ.ਐੱਸ. ਨਗਰ ਨਾਲ ਤਾਲਮੇਲ ਕਰ ਸਕਦੇ ਹਨ ਅਤੇ ਆਪਣੇ ਰਜ਼ਿਊਮ ਨੂੰ ਦਫ਼ਤਰ ਦੀ ਈ-ਮੇਲ ਆਈ ਡੀ - dbeeplacementssasnagar@gmail.com 'ਤੇ ਭੇਜ ਸਕਦੇ ਹਨ। ਰੋਜ਼ਗਾਰ ਸਬੰਧੀ ਜਾਣਕਾਰੀ ਹਾਸਲ ਕਰਨ ਲਈ ਡੀ.ਬੀ.ਈ.ਈ ਦੇ ਸੋਸ਼ਲ ਮੀਡੀਆ ਅਕਾਊਂਟ ਨੂੰ ਫੋਲੋ ਕਰ ਸਕਦੇ ਹਨ ਜਿਵੇਂ ਫੇਸਬੁੱਕ ਅਕਾਊਂਟ, User name- DegtoSAS.

# ਐਲ ਪੀ ਯੂ ਦੇ ਵਿਦਿਆਰਥੀ ਨੂੰ ਨੈਸ਼ਨਲ ਯੂਥ ਪਾਰਲੀਮੈਂਟ 'ਚ ਮਿਲਿਆ 2 ਲੱਖ ਰੁਪਏ ਦਾ ਇਨਾਮ

**ਜਲੰਧਰ (ਸ਼ੈਲੀ ਐਲਬਰਟ)**

ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ (ਐੱਲ. ਪੀ. ਯੂ.) ਦੇ ਐੱਮ.ਏ (ਇਤਿਹਾਸ) ਦੇ ਹੋਣਹਾਰ ਵਿਦਿਆਰਥੀ ਯਤਿਨ ਭਾਸਕਰ ਦੁੱਗਲ ਨੇ ਨਵੀਂ ਦਿੱਲੀ ਸਥਿਤ ਭਾਰਤੀ ਸੰਸਦ ਦੇ ਸੈਂਟਰਲ ਹਾਲ 'ਚ ਆਯੋਜਿਤ ਨੈਸ਼ਨਲ ਯੂਥ ਪਾਰਲੀਮੈਂਟ ਫੈਸਟੀਵਲ (2024) 'ਚ ਵੱਕਾਰੀ ਪਹਿਲਾ ਇਨਾਮ ਜਿੱਤ ਕੇ ਸ਼ਾਨਦਾਰ ਪ੍ਰਾਪਤੀ ਕੀਤੀ ਹੈ। ਯਤਿਨ ਦੇ ਬੇਮਿਸਾਲ ਪ੍ਰਦਰਸ਼ਨ ਨੇ ਲੋਕ ਸਭਾ ਦੇ 17ਵੇਂ ਅਤੇ ਮੌਜੂਦਾ ਸਪੀਕਰ ਓਮ ਬਿਰਲਾ ਅਤੇ ਸੂਚਨਾ ਤੇ ਪ੍ਰਸਾਰਨ ਅਤੇ ਯੁਵਾ ਮਾਮਲੇ ਤੇ ਖੇਡਾਂ ਦੇ ਕੇਂਦਰੀ ਮੰਤਰੀ ਅਨੁਰਾਗ ਠਾਕੁਰ ਸਮੇਤ ਉੱਘੀਆਂ ਰਾਜਨੀਤਿਕ ਹਸਤੀਆਂ ਦਾ ਧਿਆਨ ਖਿੱਚਿਆ। ਦੇਸ਼ ਭਰ ਦੇ ਵੱਖ-ਵੱਖ ਰਾਜਾਂ ਤੋਂ 86 ਹੋਰ ਪ੍ਰਤੀਯੋਗੀਆਂ ਨੂੰ ਪਛਾੜਦੇ ਹੋਏ ਯਤਿਨ ਨੇ ਸੰਸਦੀ ਕਾਰਵਾਈਆਂ ਦੀ ਇੱਕ ਬੇਮਿਸਾਲ ਸਮਝ ਦਾ ਪ੍ਰਦਰਸ਼ਨ ਕੀਤਾ, ਜਿਸ ਨਾਲ ਨਾ ਸਿਰਫ਼ ਐਲ ਪੀ ਯੂ, ਸਗੋਂ ਐਲ ਪੀ ਯੂ ਦੇ ਸਮੁੱਚੇ ਵਿਦਿਆਰਥੀ ਭਾਈਚਾਰੇ ਲਈ ਵੀ ਬਹੁਤ ਮਾਣ ਦੀ ਗੱਲ ਹੈ। ਉਸ ਦੀ ਸ਼ਾਨਦਾਰ ਪ੍ਰਾਪਤੀ ਦੇ ਪ੍ਰਮਾਣ ਵਜੋਂ ਯਤਿਨ ਨੂੰ 2 ਲੱਖ ਰੁਪਏ ਦਾ ਨਕਦ ਇਨਾਮ ਉੱਘੀਆਂ ਰਾਜਨੀਤਿਕ ਹਸਤੀਆਂ ਦੁਆਰਾ ਦਿੱਤਾ ਗਿਆ। ਐਲ ਪੀ ਯੂ ਦੇ ਸੰਸਥਾਪਕ ਚਾਂਸਲਰ ਅਤੇ ਸੰਸਦ (ਰਾਜ ਸਭਾ) ਦੇ ਮੈਂਬਰ ਡਾ. ਅਸ਼ੋਕ ਕੁਮਾਰ ਮਿੱਤਲ ਨੇ ਮਿਹਨਤੀ ਵਿਦਿਆਰਥੀ ਨੂੰ ਵਧਾਈ ਦਿੱਤੀ। ਉਸ ਦੇ ਭਵਿੱਖ ਦੀ ਵੀ ਕਾਮਨਾ ਕੀਤੀ ਜਿੱਥੇ ਉਹ ਇੱਕ ਪ੍ਰਮੁੱਖ ਸੰਸਦ ਮੈਂਬਰ ਵਜੋਂ ਉਭਰ ਕੇ ਭਾਰਤੀ ਨੌਜਵਾਨਾਂ, ਖਾਸ ਤੌਰ ਤੇ ਵਿਦਿਆਰਥੀ ਭਾਈਚਾਰੇ ਦੀਆਂ ਲੋੜਾਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਉਭਾਰਦਾ ਹੈ। ਹਰੇਕ ਰਾਜ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ ਦੇ ਪਹਿਲੇ, ਦੂਜੇ ਅਤੇ ਤੀਜੇ ਇਨਾਮ ਜੇਤੂਆਂ ਦੀ ਨੁਮਾਇੰਦਗੀ ਕਰਦੇ 87 ਰਾਜ ਪੱਧਰੀ ਜੇਤੂ, ਯੂਥ ਪਾਰਲੀਮੈਂਟ ਦੇ ਫਾਈਨਲ ਲਈ ਨਵੀਂ ਦਿੱਲੀ ਵਿੱਚ ਇਕੱਠੇ ਹੋਏ ਸਨ। ਇਹ ਯੂਥ ਪਾਰਲੀਮੈਂਟ ਦੇਸ਼ ਭਰ ਦੇ 785 ਜ਼ਿਲ੍ਹਿਆਂ ਨੂੰ ਕਵਰ ਕਰਦੇ ਹੋਏ ਤਿੰਨ ਪੱਧਰਾਂ 'ਤੇ ਆਯੋਜਿਤ ਕੀਤੀ ਗਈ ਸੀ। ਜ਼ਿਲ੍ਹਾ ਪੱਧਰ ਤੇ ਜੇਤੂ ਰਹਿਣ ਵਾਲੇ ਭਾਗੀਦਾਰ ਸਟੇਟ ਯੂਥ ਪਾਰਲੀਮੈਂਟ ਵਿੱਚ ਮੁਕਾਬਲਾ ਕਰਨ ਲਈ ਅੱਗੇ ਵਧੇ ਸਨ। ਤਾਮਿਲਨਾਡੂ ਦੀ ਵੈਸ਼ਨਾ ਪਿਚਾਈ ਨੇ ਦੂਜਾ ਅਤੇ ਰਾਜਸਥਾਨ ਦੀ ਕਨਿਸ਼ਕਾ ਸ਼ਰਮਾ ਨੇ ਤੀਜਾ ਇਨਾਮ ਹਾਸਲ ਕੀਤਾ। ਇਸ ਦਾ ਉਦੇਸ਼ ਨੌਜਵਾਨਾਂ ਵਿੱਚ ਅਨੁਸ਼ਾਸਨ, ਸਹਿਣਸ਼ੀਲਤਾ ਅਤੇ ਸੰਸਦੀ ਅਭਿਆਸਾਂ ਅਤੇ ਪ੍ਰਕਿਰਿਆਵਾਂ ਦੀ ਵਿਆਪਕ ਸਮਝ ਪੈਦਾ ਕਰਨਾ ਹੈ।




# ਰਾਮਗੜ੍ਹੀਆ ਕਾਲਜ 'ਚ 'ਪੰਜਾਬੀ ਬੋਲੀ, ਭਾਸ਼ਾ ਤੇ ਰੰਗਮੰਚ' ਵਿਸ਼ੇ 'ਤੇ ਭਾਸ਼ਣ

**ਫਗਵਾੜਾ (ਇੰਦਰਜੀਤ ਸਿੰਘ ਮਠਾੜੂ)**- ਰਾਮਗੜ੍ਹੀਆ ਕਾਲਜ 'ਚ 'ਪੰਜਾਬੀ ਬੋਲੀ, ਭਾਸ਼ਾ ਤੇ ਰੰਗਮੰਚ' ਵਿਸ਼ੇ 'ਤੇ ਭਾਸ਼ਣ ਕਰਵਾਇਆ ਗਿਆ ਜਿਸ 'ਚ ਵਿਸ਼ੇਸ਼ ਭਾਸ਼ਣ ਲਈ ਮੋਹੀ ਅਮਰਜੀਤ ਸਿੰਘ ਤੇ ਉਨ੍ਹਾਂ ਦੀ ਸਮੁੱਚੀ ਟੀਮ ਨੇ ਭਾਗ ਲਿਆ। ਮੋਹੀ ਅਮਰਜੀਤ ਸਿੰਘ ਨੇ ਪੰਜਾਬੀ ਰੰਗਮੰਚ ਦੀ ਮੌਜੂਦਾ ਸਥਿਤੀ, ਸੰਭਾਵਨਾ ਤੇ ਚੁਣੌਤੀਆਂ ਸੰਬੰਧੀ ਵਿਚਾਰ ਸਾਂਝੇ ਕੀਤੇ। ਉਨ੍ਹਾਂ ਨੇ ਪੰਜਾਬੀ ਰੰਗਮੰਚ ਦੀ ਇਤਿਹਾਸਕਾਰੀ ਸੰਬੰਧੀ ਗੱਲ ਕਰਦਿਆਂ ਪੰਜਾਬੀ ਰੰਗਮੰਚ 'ਚ ਆਈਆਂ ਤਬਦੀਲੀਆਂ ਨਾਲ ਰੂ-ਬ-ਰੂ ਕਰਵਾਇਆ। ਇਸ ਮੌਕੇ ਕਾਲਜ ਪ੍ਰਿੰਸੀਪਲ ਡਾ. ਮਨਜੀਤ ਸਿੰਘ ਨੇ ਆਏ ਹੋਏ ਮਹਿਮਾਨਾਂ ਦਾ ਧੰਨਵਾਦ ਕੀਤਾ। ਸਟੇਜ ਸਕੱਤਰ ਦੀ ਭੂਮਿਕਾ ਪ੍ਰੋਫ਼ੈਸਰ ਹਰਜਿੰਦਰ ਸਿੰਘ ਨੇ ਨਿਭਾਈ। ਇਸ ਮੌਕੇ ਕਾਲਜ ਦਾ ਸਟਾਫ ਡਾ. ਹਰਮੀਤ ਕੌਰ, ਡਾ. ਪ੍ਰੋ. ਵੰਦਨਾ ਬਾਂਸਲ, ਪ੍ਰੋ. ਰਾਜ ਕੁਮਾਰ, ਪ੍ਰੋ. ਡਾ. ਜਸਕਰਨ ਸਿੰਘ, ਪ੍ਰੋ. ਕੁਲਵੀਰ ਕੌਰ, ਪ੍ਰੋਫੈਸਰ ਰਾਜਵਿੰਦਰ ਮਿਨਹਾਸ, ਪ੍ਰੋਫੈਸਰ ਹਰਪ੍ਰੀਤ ਕੌਰ, ਕਾਲਜ ਦੇ ਵਿਦਿਆਰਥੀ ਤੇ ਹੋਰ ਕਾਲਜ ਸਟਾਫ ਹਾਜ਼ਰ ਰਿਹਾ।

# ਕੈਬਨਿਟ ਮੰਤਰੀ ਜਿੰਪਾ ਨੇ ਗੌਤਮ ਨਗਰ ਗਲੀ 'ਚ ਸੜਕ ਨਿਰਮਾਣ ਕਾਰਜ ਦੀ ਕਰਵਾਈ ਸ਼ੁਰੂਆਤ



**ਹੁਸ਼ਿਆਰਪੁਰ, (ਓ ਪੀ ਰਾਣਾ)**

ਕੈਬਨਿਟ ਮੰਤਰੀ ਪੰਜਾਬ ਬ੍ਰਮ ਸ਼ੰਕਰ ਜਿੰਪਾ ਨੇ ਵਾਰਡ ਨੰਬਰ 4 ਦੇ ਮੁਹੱਲਾ ਗੌਤਮ ਨਗਰ ਦੀ 5 ਨੰਬਰ ਗਲੀ ਵਿਚ 21.53 ਲੱਖ ਰੁਪਏ ਦੀ ਲਾਗਤ ਨਾਲ ਸੜਕ ਨਿਰਮਾਣ ਕਾਰਜ ਦੀ ਸ਼ੁਰੂਆਤ ਕਰਵਾਉਂਦੇ ਹੋਏ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਿਚ ਪੰਜਾਬ ਸਰਕਾਰ ਵੱਲੋਂ ਵਿਕਾਸ ਕਾਰਜਾਂ 'ਤੇ ਵਿਸ਼ੇਸ਼ ਧਿਆਨ ਦਿੱਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਹੁਸ਼ਿਆਰਪੁਰ ਦੇ ਸਾਰੇ ਵਾਰਡਾਂ ਵਿਚ ਉਨ੍ਹਾਂ ਦੀ ਜ਼ਰੂਰਤ ਦੇ ਮੁਤਾਬਿਕ ਗਲੀਆਂ ਅਤੇ ਸੜਕਾਂ ਦਾ ਨਿਰਮਾਣ ਕਾਰਜ ਕਰਵਾਇਆ ਜਾ ਰਿਹਾ ਹੈ ਅਤੇ ਪਾਰਟੀਬਾਜ਼ੀ ਤੋਂ ਉਪਰ ਉਠ ਕੇ ਇਹ ਸਾਰੇ ਵਿਕਾਸ ਕਾਰਜ ਕਰਵਾਏ ਜਾ ਰਹੇ ਹਨ। ਇਸ ਦੌਰਾਨ ਉਨ੍ਹਾਂ ਨਾਲ ਮੇਅਰ ਸੁਰਿੰਦਰ ਕੁਮਾਰ, ਸੀਨੀਅਰ ਡਿਪਟੀ ਮੇਅਰ ਪ੍ਰਵੀਨ ਸੈਣੀ ਵੀ ਮੌਜੂਦ ਸਨ।ਕੈਬਨਿਟ ਮੰਤਰੀ ਨੇ ਕਿਹਾ ਕਿ ਸ਼ਹਿਰ ਦੀ ਕੋਈ ਸੜਕ ਜਾਂ ਗਲੀ ਕੱਚੀ ਨਹੀਂ ਰਹੇਗੀ ਅਤੇ ਬੁਨਿਆਦੀ ਢਾਂਚੇ ਸਬੰਧੀ ਸਾਰੇ ਕਾਰਜ ਜਲਦ ਤੋਂ ਜਲਦ ਪੂਰੇ ਕੀਤੇ ਜਾਣਗੇ। ਉਨ੍ਹਾਂ ਨਗਰ ਨਿਗਮ ਅਧਿਕਾਰੀਆਂ ਨੂੰ ਮਿਥੇ ਸਮੇਂ ਅੰਦਰ ਸੜਕ ਦਾ ਨਿਰਮਾਣ ਕਾਰਜ ਪੂਰਾ ਕਰਨ ਦੀ ਹਦਾਇਤ ਕੀਤੀ ਹੈ। ਉਨ੍ਹਾਂ ਸਪੱਸ਼ਟ ਨਿਰਦੇਸ਼ ਦਿੰਦੇ ਹੋਏ ਕਿਹਾ ਕਿ ਸ਼ਹਿਰ ਵਿਚ ਗਲੀਆਂ ਅਤੇ ਸੜਕਾਂ ਦੇ ਨਿਰਮਾਣ ਕਾਰਜਾਂ ਵਿਚ ਕਿਸੇ ਤਰ੍ਹਾਂ ਦੀ ਕੋਈ ਕੁਤਾਹੀ ਨਹੀਂ ਹੋਣੀ ਚਾਹੀਦੀ ਅਤੇ ਗੁਣਵੱਤਾ ਪੱਖੋਂ ਕੋਈ ਸਮਝੌਤਾ ਨਾ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਹੁਸ਼ਿਆਰਪੁਰ ਵਿਚ ਇਲਾਕਾ ਵਾਸੀਆਂ ਦੀ ਮੰਗ ਅਨੁਸਾਰ ਵਿਕਾਸ ਕਾਰਜ ਕਰਵਾਏ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਵਿਕਾਸ ਕਾਰਜਾਂ ਵਿਚ ਕਿਸੇ ਤਰ੍ਹਾਂ ਦੇ ਫੰਡਾਂ ਵਿਚ ਕਮੀ ਨਹੀਂ ਆਉਣ ਦਿੱਤੀ ਜਾਵੇਗੀ। ਇਸ ਮੌਕੇ ਕੌਂਸਲਰ ਅਸ਼ੋਕ ਮਹਿਰਾ, ਵਰਿੰਦਰ ਵੈਦ, ਸੁਮੇਸ਼ ਸੋਨੀ, ਭੁਪਿੰਦਰ ਸਿੰਘ, ਰਮੇਸ਼ ਕੁਮਾਰ, ਸ਼ੈਲੀ ਵਾਲੀਆ, ਦੀਨਦਿਆਲ, ਅਜੀਤ ਸਿੰਘ, ਸ਼ਿਵ ਪਰਾਸ਼ਰ ਤੋਂ ਇਲਾਵਾ ਹੋਰ ਪਤਵੰਤੇ ਵੀ ਮੌਜੂਦ ਸਨ।

# 30ਵਾਂ ਗਰੀਬ ਦਾ ਮੂੰਹ, ਗੁਰੂ ਦੀ ਗੋਲਕ ਸੰਸਥਾ ਵੱਲੋਂ ਖ਼ੂਨਦਾਨ ਕੈਂਪ ਅੱਜ

**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)**

ਪਿੰਡ ਮੰਨਣਹਾਨਾ ਵਿਖੇ 30 ਅਤੇ 31ਵਾਂ ਖ਼ੂਨਦਾਨ ਕੈਂਪ 'ਗਰੀਬ ਦਾ ਮੂੰਹ, ਗੁਰੂ ਦੀ ਗੋਲਕ' ਸੰਸਥਾ (ਰਜਿ.) ਅਜਨੋਹਾ ਵਲੋਂ ਗੁਰੂ ਨਾਨਕ ਚੈਰੀਟੇਬਲ ਡਿਸਪੈਂਸਰੀ ਅਤੇ ਲੈਬੋਰਟਰੀ ਨੂਰੜ ਦੇ ਸਹਿਯੋਗ ਨਾਲ 14 ਮਾਰਚ ਦਿਨ ਵੀਰਵਾਰ ਨੂੰ ਸਵੇਰੇ 10 ਤੋਂ 3 ਵਜੇ ਤੱਕ ਗੁਰਦੁਆਰਾ ਹਰੀਸਰ ਸਾਹਿਬ ਪਿੰਡ ਮੰਨਣਹਾਨਾ ਵਿਖੇ ਗੁਰੂਦੁਆਰਾ ਪ੍ਰਬੰਧਕ ਕਮੇਟੀ ਦੇ ਦੇਖ-ਰੇਖ ਹੇਠ ਖ਼ੂਨਦਾਨ ਕੈਂਪ ਲਗਾਇਆ ਜਾ ਰਿਹਾ ਹੈ।ਬਲੱਡ ਲੈਣ ਲਈ ਗੁਰੂ ਨਾਨਕ ਮਿਸ਼ਨ ਹਸਪਤਾਲ ਢਾਹਾਂ ਕਲੇਰਾਂ ਦੀ ਟੀਮ ਆ ਰਹੀ ਹੈ। 15 ਮਾਰਚ ਦਿਨ ਸ਼ੁੱਕਰਵਾਰ ਨੂੰ ਸਵੇਰੇ 10 ਵਜੇ ਤੋਂ ਸ਼ਾਮ 3 ਵਜੇ ਤੱਕ ਗੁਰਦੁਆਰਾ ਨੇਕੀ ਸਾਹਿਬ ਪਿੰਡ ਪੰਜੋੜਾ ਵਿਖੇ ਗੁਰੂਦੁਆਰਾ ਪ੍ਰਬੰਧਕ ਕਮੇਟੀ ਦੇ ਦੇਖ ਰੇਖ ਖ਼ੂਨ ਦਾਨ ਕੈਂਪ ਲਗਾਇਆ ਜਾ ਰਿਹਾ ਹੈ ਬਲੱਡ ਲੈਣ ਲਈ ਬਲੱਡ ਬੈਂਕ ਹੁਸ਼ਿਆਰਪੁਰ ਦੀ ਟੀਮ ਆ ਰਹੀ ਹੈ। ਸੰਸਥਾ ਮੁੱਖੀ ਹਰਵਿੰਦਰ ਸਿੰਘ ਖਾਲਸਾ ਅਜਨੋਹਾ ਨੇ ਦੱਸਿਆ ਕਿ ਸੰਸਥਾ ਵੱਲੋਂ ਹਰ ਸਾਲ ਲਗਾਤਾਰ ਖ਼ੂਨ ਦਾਨ ਕੈਂਪ ਲਗਾਏ ਜਾਂਦੇ ਨੇ।

# ਮਾਣਕਾਂ ਦਾ ਖੇਡ ਮੇਲਾ ਭਲਕ ਤੋਂ ਸ਼ੁਰੂ

**ਬੰਗਾ (ਅਵਤਾਰ ਕਲੇਰ)**-ਪਿੰਡ ਮਾਣਕ ਦੇ ਪ੍ਰਵਾਸੀ ਭਾਰਤੀ ਰਾਜਵੀਰ ਸਿੰਘ ਯੂ ਕੇ ਤੇ ਸੁਰਿੰਦਰ ਸਿੰਘ ਯੂ ਕੇ ਦੀ ਅਗਵਾਈ ਹੇਠ ਹਰ ਸਾਲ ਸਮੂਹ ਗ੍ਰਾਮ ਪੰਚਾਇਤ ਅਤੇ ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਸਪੋਰਟਸ ਕਲੱਬ ਵਲੋਂ ਸਾਲਾਨਾ ਖੇਡ ਮੇਲਾ15 ਤੋਂ 17 ਮਾਰਚ ਤੱਕ ਖੇਡ ਸਟੇਡੀਅਮ ਵਿਖੇ ਕਰਵਾਇਆ ਜਾ ਰਿਹਾ ਹੈ।ਇਸ ਸੰਬੰਧੀ ਪ੍ਰਬੰਧਕਾਂ ਨੇ ਦੱਸਿਆ ਕਿ 15 ਮਾਰਚ ਨੂੰ ਫੁੱਟਬਾਲ ਦੇ ਮੈਚ ਕਰਵਾਏ ਜਾਣਗੇ।16 ਅਤੇ 17 ਮਾਰਚ ਨੂੰ ਵਾਲੀਵਾਲ ਅਤੇ 8 ਅੰਤਰਰਾਸ਼ਟਰੀ ਕਲੱਬਾਂ ਵਿਚਕਾਰ ਮੈਚ ਕਰਵਾਏ ਜਾਣਗੇ।ਕਬੱਡੀ ਦੀ ਜੇਤੂ ਅਤੇ ਉਪ ਜੇਤੂ ਟੀਮਾਂ ਨੂੰ ਲੱਖਾਂ ਰੁਪਏ ਦੇ ਨਗਦ ਇਨਾਮ ਦਿੱਤੇ ਜਾਣਗੇ।ਬੈਸਟ ਰੇਡਰ ਅਤੇ ਜਾਫੀ ਨੂੰ ਵਿਸ਼ੇਸ਼ ਐਵਾਰਡ ਨਾਲ ਸਨਮਾਨਿਤ ਕੀਤਾ ਜਾਵੇਗਾ। ਪੋਸਟਰ ਰਿਲੀਜ਼ ਕਰਨ ਸਮੇਂ ਗੁਰਦੀਪ ਸਿੰਘ ਦੀਪੂ ਮਾਣਕ, ਸਰਪੰਚ ਬਲਵਿੰਦਰ ਕੌਰ, ਗੁਰਦੀਪ ਸਿੰਘ , ਬਲਵੀਰ ਸਿੰਘ, ਗੁਰਦਿਆਲ ਸਿੰਘ ਪੰਚ,ਸਰਬਜੀਤ ਸਿੰਘ ਰਿਐਤ, ਜੋਗਿੰਦਰ ਪਾਲ ਪੰਚ,ਸੁਖਨਿੰਦਰ ਸਿੰਘ ਪੰਚ, ਗੁਰਦਿਆਲ ਸਿੰਘ ਪੰਚ, ਬੀਰੂ ਮਾਣਕ ਅਵਤਾਰ ਸਿੰਘ, ਪ੍ਰਭਜੀਤ ਝੱਮਟ, ਪਰਮਜੀਤ ਸਿੰਘ, ਲੱਕੀ ਮਾਣਕ, ਪੱਪੂ ਮਾਣਕ ਅਤੇ ਜਸਵੰਤ ਸਿੰਘ ਆਦਿ ਹਾਜ਼ਰ ਸਨ।

# ਮਸੀਹੀ ਭਵਨ 'ਚ ਨਵੇਂ ਬਣੇ ਲੰਗਰ ਹਾਲ ਦਾ ਪਾਸਟਰ ਡੇਵਿਡ ਮਸੀਹ ਨੇ ਕੀਤਾ ਉਦਘਾਟਨ

**ਜਲੰਧਰ ( ਰਾਜੇਸ਼ ਥਾਪਾ )**

ਜਲੰਧਰ ਛਾਉਣੀ ਵਿੱਚ ਪੈਂਦੇ ਪਿੰਡ ਧੀਣਾ ਵਿਖੇ ਹੋਸੰਨਾ ਪੰਜਾਬ ਮਨਿਸਟਰੀ ਦੀ ਮਾਸਿਕ ਮੀਟਿੰਗ ਪ੍ਰਧਾਨ ਪਾਸਟਰ ਤਰਸੇਮ ਸਹੋਤਾ ਅਤੇ ਬਿਸ਼ਪ ਅਜੀਤ ਮਸੀਹ ਦੀ ਪ੍ਰਧਾਨਗੀ ਹੇਠ ਹੋਈ. ਮੀਟਿੰਗ ਦੀ ਸ਼ੁਰੂਆਤ ਵਾਈਸ ਪ੍ਰਧਾਨ ਪਾਸਟਰ ਲਿਆਕਤ ਮਸੀਹ ਨੇ ਪ੍ਰਾਰਥਨਾ ਕਰਕੇ ਕੀਤੀ। ਇਸ ਪਿੱਛੋਂ ਪਾਸਟਰ ਸਤਪਾਲ ਸਿੱਧੂ ਦੇ ਬੱਚਿਆਂ ਅਮਿਤ ਸਿੱਧੂ ਅਤੇ ਜ਼ੇਵੀਅਰ ਸਿੱਧੂ, ਪਾਸਟਰ ਪ੍ਰੇਮ ਮਸੀਹ ਫੋਲੜੀਵਾਲ ਦੀ ਚਰਚ ਟੀਮ ਵਲੋਂ ਮਸੀਹੀ ਭਜਨਾਂ ਨਾਲ ਪ੍ਰਭੂ ਯਿਸੂ ਮਸੀਹ ਦੀ ਮਹਿਮਾ ਕੀਤੀ ਗਈ। ਗੋਸਪਲ ਸਿੰਗਰ ਸ਼ਮੀ ਹੰਸ ਨੇ ਵੀ ਮਸੀਹੀ ਭਜਨਾਂ ਨਾਲ ਪਰਮੇਸ਼ਵਰ ਦੀ ਮਹਿਮਾ ਕੀਤੀ। ਮੀਟਿੰਗ ਦੌਰਾਨ ਮਨਿਸਟਰੀ ਦੇ ਚੇਅਰਮੈਨ ਪਾਸਟਰ ਡੇਵਿਡ ਮਸੀਹ ਅਤੇ ਉਨ੍ਹਾਂ ਦੇ ਪਰਵਾਰ ਦਾ ਚਰਚ ਵਿੱਚ ਆਉਣ 'ਤੇ ਹੋਸੰਨਾ ਪੰਜਾਬੀ ਮਨਿਸਟਰੀ ਬੋਰਡ ਵਲੋਂ ਸੁਆਗਤ ਕੀਤਾ ਗਿਆ। ਮਨਿਸਟਰੀ ਵਲੋਂ ਬਣਾਏ ਗਏ ਲੰਗਰ ਹਾਲ ਦਾ ਉਦਘਾਟਨ ਚੇਅਰਮੈਨ ਪਾਸਟਰ ਡੇਵਿਡ ਮਸੀਹ ਪਰਵਾਰ ਵਲੋਂ ਬਿਸ਼ਪ ਸਾਹਿਬਾਨ ਅਤੇ ਪਾਸਟਰ ਸਾਹਿਬਾਨ ਨਾਲ ਮਿਲ ਕੇ ਕੀਤਾ ਗਿਆ। ਲੰਗਰ ਹਾਲ ਦੇ ਉਦਘਾਟਨ ਮੌਕੇ ਬਿਸ਼ਪ ਰੋਬਰਟ ਡੈਨੀਅਲ ਆਦਮਪੁਰ ਨੇ ਪ੍ਰਾਰਥਨਾ ਕੀਤੀ। ਪ੍ਰਭੂ ਯਿਸੂ ਮਸੀਹ ਦੀ ਅਰਾਧਨਾ ਕਰਨ ਪਿੱਛੋਂ ਪਰਮੇਸ਼ਵਰ ਦੀ ਪਵਿੱਤਰ ਬਾਣੀ ਨੂੰ ਚੇਅਰਮੈਨ ਪਾਸਟਰ ਡੇਵਿਡ ਮਸੀਹ ਨੇ ਬਹੁਤ ਸੁਚੱਜੇ ਢੰਗ ਨਾਲ ਪੇਸ਼ ਕੀਤਾ। ਉਨ੍ਹਾਂ ਨੇ ਇਸ ਮੌਕੇ ਮਸੀਹੀ ਕੌਮ ਨੂੰ ਹੋਰ ਵੀ ਮਜ਼ਬੂਤੀ ਨਾਲ ਪਰਮੇਸ਼ਵਰ ਦਾ ਕੰਮ ਕਰਨ ਲਈ ਉਤਸ਼ਾਹਿਤ ਕੀਤਾ। ਮਨਿਸਟਰੀ ਦੇ ਪ੍ਰਧਾਨ ਪਾਸਟਰ ਤਰਸੇਮ ਸਹੋਤਾ ਨੇ ਆਏ ਹੋਏ ਸਾਰੇ ਬਿਸ਼ਪ ਸਾਹਿਬਾਨ, ਪਾਸਟਰ ਸਾਹਿਬਾਨ, ਕਲਿਸੀਆਵਾਂ ਅਤੇ ਲੀਡਰ ਸਾਹਿਬਾਨ ਦਾ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਇਸ ਸਮੇਂ ਮਸੀਹੀ ਕੌਮ ਨੂੰ ਏਕਤਾ ਵਿੱਚ ਰਹਿਣ ਦੀ ਲੋੜ ਹੈ। ਮਸੀਹੀ ਕੌਮ ਨੂੰ ਹਮੇਸ਼ਾ ਸਮਾਜ ਭਲਾਈ ਦੇ ਕੰਮ ਕਰਦੇ ਰਹਿਣ ਦੇ ਲੋੜ ਹੈ। ਇਨ੍ਹਾਂ ਕੰਮਾਂ ਨੂੰ ਹੋਸੰਨਾ ਪੰਜਾਬੀ ਮਨਿਸਟਰੀ ਵੀ ਸਭਨਾਂ ਦਾ ਸਹਿਯੋਗ ਕਰਦੀ ਰਹਿੰਦੀ ਹੈ। ਇਸ ਮੌਕੇ ਹੋਸੰਨਾ ਪੰਜਾਬੀ ਮਨਿਸਟਰੀ ਦੇ ਬਿਸ਼ਪ ਅਜੀਤ ਮਸੀਹ, ਪ੍ਰਧਾਨ ਪਾਸਟਰ ਤਰਸੇਮ ਸਹੋਤਾ, ਵਾਈਸ ਚੇਅਰਮੈਨ ਪਾਸਟਰ ਅਸ਼ੋਕ ਮਸੀਹ, ਵਾਈਸ ਪ੍ਰਧਾਨ ਪਾਸਟਰ ਲਿਆਕਤ ਮਸੀਹ, ਜਨਰਲ ਸਕੱਤਰ ਪਾਸਟਰ ਪ੍ਰੇਮ ਮਸੀਹ ਫੋਲੜੀਵਾਲ, ਕੈਸ਼ੀਅਰ ਪਾਸਟਰ ਤਰਸੇਮ ਕਲੇਰ,




ਪਾਸਟਰ ਸਤਪਾਲ ਸਿੱਧੂ ਧੋਗੜੀ, ਸਲਾਹਕਾਰ ਪਾਸਟਰ ਐਨਥੋਨੀ ਮਸੀਹ, ਪਾਸਟਰ ਹਰਬੰਸ ਲਾਲ, ਪਾਸਟਰ ਸਰਦੂਲ ਕੌਲ, ਸੀਨੀਅਰ ਪਾਸਟਰ ਰਣਜੀਤ ਗਿੱਲ, ਪਾਸਟਰ ਨਵਾਜ਼ ਮਸੀਹ ਭੱਟੀ ਕਪੂਰਥਲਾ, ਬਿਸ਼ਪ ਸੁਖਦੇਵ ਮਸੀਹ ਅੰਮ੍ਰਿਤਸਰ, ਬਿਸ਼ਪ ਦਿਲ ਮਸੀਹ, ਬਿਸ਼ਪ ਰੋਬਰਟ ਡੈਨੀਅਲ ਆਦਮਪੁਰ, ਬਿਸ਼ਪ ਕੁਲਵਿੰਦਰ ਸਿੰਘ ਢੰਡੋਰ, ਬਿਸ਼ਪ ਸਟੀਫਨ ਮਸੀਹ, ਕਰਿਸਚੀਅਨ ਪਾਸਟਰਜ਼ ਐਸੋਸੀਏਸ਼ਨ ਦੇ ਚੇਅਰਮੈਨ ਪਾਸਟਰ ਐਲੀਆਜ਼ਰ ਮਸੀਹ, ਸੀਨੀਅਰ ਪਾਸਟਰ ਇਕਬਾਲ ਮਸੀਹ, ਫਗਵਾੜਾ ਪਾਸਟਰ ਐਸੋਸੀਏਸ਼ਨ, ਨਕੋਦਰ ਪਾਸਟਰ ਐਸੋਸੀਏਸ਼ਨ, ਹੁਸ਼ਿਆਰਪੁਰ ਪਾਸਟਰ ਐਸੋਸੀਏਸ਼ਨ, ਡੀਵਾਈਨ ਪਾਸਟਰਜ਼ ਐਸੋਸੀਏਸ਼ਨ ਆਦਮਪੁਰ, ਪੰਜਾਬ ਕਰਿਸਚੀਅਨ ਮੂਵਮੈਂਟ ਦੇ ਪ੍ਰਧਾਨ ਸ਼੍ਰੀ ਹਮੀਦ ਮਸੀਹ, ਯੂਨਾਈਟਿਡ ਪਿਪਲਜ਼ ਲੀਗ ਦੇ ਪ੍ਰਧਾਨ ਸ਼੍ਰੀ ਸਨਾਵਰ ਭੱਟੀ, ਸੀਨੀਅਰ ਪਾਸਟਰ ਗਲੈਡਸਟੋਨ ਮਸੀਹ ਤੋਂ ਇਲਾਵਾ ਪਾਸਟਰ ਅਕਸ਼ੈ ਮਸੀਹ, ਪਾਸਟਰ ਪਤਰਸ ਮਸੀਹ, ਆਮ ਆਦਮੀ ਪਾਰਟੀ ਦੇ ਮਨਿਉਰਿਟੀ ਵਿੰਗ ਪੰਜਾਬ ਦੇ ਪ੍ਰਧਾਨ ਜੋਰਜ ਸੋਨੀ, ਮਸੀਹੀ ਰਾਜ ਗਿੱਲ ਤੇ ਹੋਰ ਵੀ ਅਨੇਕਾਂ ਪਾਸਟਰ ਸਾਹਿਬਾਨ ਵੱਡੀ ਗਿਣਤੀ ਵਿੱਚ ਹਿੱਸਾ ਲਿਆ।

# ਹਜ਼ਰਤ ਸ਼ੇਖ ਪੀਰ ਬਾਬਾ ਊਧੋ ਸ਼ਾਹ ਚਿਸ਼ਤੀ ਦਾ ਸਾਲਾਨਾ ਮੇਲਾ ਸ਼ਾਨੋ-ਸ਼ੌਕਤ ਨਾਲ ਸਮਾਪਤ

**ਬੰਗਾ (ਅਵਤਾਰ ਕਲੇਰ)**

ਰੌਜ਼ਾ ਸ਼ਰੀਫ ਹਜ਼ਰਤ ਪੀਰ ਬਾਬਾ ਬੁੜ ਸ਼ਾਹ ਚਿਸ਼ਤੀ, ਹਜ਼ਰਤ ਪੀਰ ਬਾਬਾ ਊਧੋ ਸ਼ਾਹ ਚਿਸ਼ਤੀ ਕਟਾਰੀਆਂ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਵਿਖੇ ਪੀਰ ਬਾਬਾ ਊਧੋ ਸ਼ਾਹ ਚਿਸ਼ਤੀ ਦੀ ਯਾਦ 'ਚ ਸਾਲਾਨਾ ਜੋੜ ਮੇਲਾ ਮੌਜੂਦਾ ਗੱਦੀ ਨਸ਼ੀਨ ਬਾਬਾ ਸਾਧੂ ਸ਼ਾਹ ਚਿਸ਼ਤੀ ਦੀ ਸਰਪ੍ਰਸਤੀ ਹੇਠ ਸਮੂਹ ਸਾਧ ਸੰਗਤ, ਪਿੰਡ ਵਾਸੀਆਂ ਅਤੇ ਐਨ ਆਰ ਆਈ ਵੀਰਾਂ ਦੇ ਸਹਿਯੋਗ ਨਾਲ ਕਰਵਾਇਆ ਗਿਆ ।ਇਸ ਦੋ ਦਿਨਾ ਮੇਲੇ ਦੌਰਾਨ ਪਹਿਲੇ ਦਿਨ ਸਵੇਰੇ ਝੰਡੇ ਅਤੇ ਚਾਦਰਾਂ ਦੀ ਰਸਮ ਅਦਾ ਕੀਤੀ ਗਈ ਅਤੇ ਸ਼ਾਮ ਨੂੰ ਚਿਰਾਗ ਰੌਸ਼ਨ ਕੀਤੇ ਗਏ ਉਪਰੰਤ ਰਾਤ ਨੂੰ ਮਹਿਫਲ-ਏ-ਕਵਾਲ 'ਚ ਪ੍ਰਸਿੱਧ ਕਵਾਲ ਪਾਰਟੀਆਂ ਸੋਨੂੰ ਪ੍ਰੇਮ ਕਵਾਲ ਪਨਾਮ, ਗੁਰਮੇਜ਼ ਬਖਸ਼ੀ, ਸਲਾਮਤ ਅਲੀ, ਹਰਮੇਸ਼ ਰੰਗੀਲਾ ਓਂਕਾਰ ਵਾਲੀਆ, ਕੁਲਦੀਪ ਰੂਹਾਨੀ, ਰਹਿਮਤ ਸੂਫੀ ਆਦਿ ਨੇ ਮਹਿਫਲ ਦਾ ਅਗਾਜ਼ ਕਰ ਦਾਤਾ ਦੀ ਮਹਿਮਾਂ ਦਾ ਗੁਨਗਾਣ ਕੀਤਾ। ਦੂਸਰੇ ਦਿਨ ਗਾਇਕ ਸਰਦਾਰ ਅਲੀ ਮਤੋਈ, ਮਾਸ਼ਾ ਅਲੀ, ਸਰਬਜੀਤ ਸਰਬ, ਹਰਮਨ ਜਰਮਨ, ਰਮੇਸ਼ ਚੌਹਾਨ, ਮੋਹਣ ਮਾਹੀ ਆਦਿ ਨੇ ਬਾਬਾ ਜੀ ਦੀ ਮਹਿਮਾਂ ਦਾ ਗੁਨਗਾਣ ਕੀਤਾ।ਮੇਲੇ 'ਚ ਵੱਖ-ਵੱਖ ਦਰਬਾਰਾਂ ਤੋਂ ਸਾਈਂ ਲਖਵੀਰ ਸ਼ਾਹ ਕਾਦਰੀ ਕਟਾਰੀਆਂ, ਸਾਈਂ ਮਨਜੀਤ ਸਾਬਰੀ, ਸਾਈਂ ਪੱਪਲ ਸ਼ਾਹ ਭਰੋਮਜਾਰਾ ਪ੍ਰਧਾਨ ਸੂਫ਼ੀਆਨਾ ਦਰਗਾਹ ਪ੍ਰਬੰਧਕ ਕਮੇਟੀ ਪੰਜਾਬ , ਸਾਈਂ ਸੋਮੇ ਸ਼ਾਹ ਦੁਸਾਝ ਖੁਰਦ, ਸਾਈ ਅਵੀਨਾਸ਼ ਸ਼ਾਹ ਕਾਦਰੀ ਕੋਟਫਤੂਹੀ, ਸੰਤ ਕਸ਼ਮੀਰਾ ਸਿੰਘ, ਸੰਤ ਜਗਤਾਰ ਸਿੰਘ, ਸੰਤ ਕਰਤਾਰ ਸਿੰਘ ਟੂਟੋਮਜਾਰਾ, ਭਗਤ ਸੋਢੀ ਰਾਮ ਲਲਵਾਨ, ਸਾਈਂ ਜਸਬੀਰ ਦਾਸ ਸਾਬਰੀ ਖਾਨਖਾਨਾ, ਸਾਈਂ ਕੁਲਰਾਜ਼ ਮੁੰਹਮਦ



ਖਾਨਖਾਨਾ, ਸਾਈਂ ਸਵਰਨਾ ਸ਼ਾਹ ਕਟਾਰੀਆਂ, ਬੀਬੀ ਗੇਜੋ ਸਾਬਰੀ ਫਾਬੜਾ, ਸਾਈਂ ਸੋਹਣ ਸ਼ਾਹ ਸਾਬਰੀ ਨੰਗਲ ਸ਼ਹੀਦਾਂ,ਸਾਈਂ ਸੁਭਾਸ਼ ਸ਼ਾਹ ਚਿਸ਼ਤੀ ਛਾਉਣੀ ਕਲਾਂ, ਬਾਬਾ ਮੇਜਰ ਸ਼ਾਹ ਘੁੰਮਣ ਆਦਿ ਸੰਤ ਮਹਾਂਪੁਰਸ਼ਾਂ ਨੇ ਸ਼ਿਰਕਤ ਕੀਤੀ।ਇਸ ਮੌਕੇ ਮੁਖਤਿਆਰ ਸਿੰਘ ਗੁਰੂ, ਪਰਮਵੀਰ ਪੰਮੀ, ਗੁਰਚਰਨ ਸਿੰਘ ਗੁਰੂ, ਵਰਿੰਦਰ ਸਿੰਘ ਨੰਬਰਦਾਰ, ਸੋਮ ਨਾਥ ਬੰਗਾ , ਸੰਦੀਪ ਜੱਖੂ, ਸੋਮਾ ਜੱਖੂ, ਗੁਰਮੇਲ ਬੰਗਾ ਪੰਚ, ਪ੍ਰਤੀਮ ਸਿੰਘ ਭੁੰਗਰਨੀ, ਅਮਰਜੀਤ ਸਿੰਘ ਕਲਸੀ, ਬਲਜਿੰਦਰ ਸਿੰਘ ਭੰਗਰਨੀ, ਗੁਰਬਚਨ ਬਾਦਸ਼ਾਹ, ਰਜਿੰਦਰ ਸਿੰਘ ਚਾਕ, ਸੰਤੋਖ ਸਿੰਘ ਜੱਖੂ, ਅਮਰਜੀਤ ਸਿੰਘ, ਪਰਮਜੀਤ ਬੰਗਾ, ਸੋਮ ਨਾਥ ਬੰਗਾ, ਪਰਮਜੀਤ ਸਿੰਘ ਤੋਂ ਇਲਾਵਾ ਸੰਗਤਾਂ ਹਾਜ਼ਰ ਸਨ।

# ਰਾਮਗੜ੍ਹੀਆ ਪੋਲੀਟੈਕਨਿਕ ਕਾਲਜ ਵਿਖੇ ਹੋਇਆ ਪਲੈਟੀਨਮ ਜੁਬਲੀ ਸਮਾਗਮ

**ਫਗਵਾੜਾ (ਡਾ. ਰਮਨ)**

ਰਾਮਗੜ੍ਹੀਆ ਪੋਲੀਟੈਕਨਿਕ ਕਾਲਜ ਸਤਨਾਮਪੁਰਾ ਫਗਵਾੜਾ ਦੀ ਸਥਾਪਨਾ ਦੇ 75 ਸਾਲ ਪੂਰੇ ਹੋਣ ਮੌਕੇ ਪਲੈਟੀਨਮ ਜੁਬਲੀ ਸਮਾਗਮ ਦਾ ਸ਼ਾਨਦਾਰ ਆਯੋਜਨ ਕੀਤਾ ਗਿਆ। ਜਿਸ ਵਿੱਚ ਰਾਮਗੜ੍ਹੀਆ ਐਜੂਕੇਸ਼ਨ ਕੌਂਸਲ ਦੇ ਚੇਅਰਪਰਸਨ ਸ੍ਰੀਮਤੀ ਮਨਪ੍ਰੀਤ ਕੌਰ ਭੋਗਲ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਜਦਕਿ ਵਿਸ਼ੇਸ਼ ਮਹਿਮਾਨ ਦੇ ਤੌਰ 'ਤੇ ਸ੍ਰੀਮਤੀ ਵਿਓਮਾ ਢੱਟ ਡਾਇਰੈਕਟਰ ਆਰ ਈ ਸੀ, ਸ੍ਰੀਮਤੀ ਰਵਨੀਤ ਕਾਲੜਾ ਜੁਆਇੰਟ ਡਾਇਰੈਕਟਰ ਆਰ.ਈ.ਸੀ ਅਤੇ ਸ੍ਰੀ ਗਗਨਦੀਪ ਸਿੰਘ ਢੱਟ ਡਾਇਰੈਕਟਰ ਅਲਫ਼ਾ ਗਲੋਬਲ ਪ੍ਰੋਗਰਾਮ ਸ਼ਾਮਲ ਹੋਏ। ਸਮਾਗਮ ਦੀ ਆਰੰਭਤਾ ਗੁਰਦੁਆਰਾ ਸ੍ਰੀ ਗਿਆਨਸਰ ਵਿਖੇ ਸੁਖਮਨੀ ਸਾਹਿਬ ਦੇ ਪਾਠ ਅਤੇ ਕੀਰਤਨ ਨਾਲ ਹੋਇਆ। ਉਪਰੰਤ ਕਾਲਜ ਪ੍ਰਿੰਸੀਪਲ ਜਸਵੀਰ ਸਿੰਘ ਨੇ ਪਤਵੰਤਿਆ, ਅਲੂਮਨੀ ਸਟਾਫ਼ ਅਤੇ ਵਿਦਿਆਰਥੀਆਂ ਨੂੰ ਜੀ ਆਇਆ ਆਖਦਿਆਂ ਅਲੂਮਨੀ ਦੇ ਸਹਿਯੋਗ ਨਾਲ ਕਰਵਾਏ ਗਏ ਅਤੇ ਚੱਲ ਰਹੇ ਪ੍ਰੋਜੈਕਟਾਂ ਦਾ ਲੇਖਾ-ਜੋਖਾ ਦੱਸਿਆ ਅਤੇ ਸਾਰਿਆਂ ਦਾ ਕਾਲਜ ਦੇ ਵਿਕਾਸ ਵਿਚ ਸਹਿਯੋਗ ਲਈ ਧੰਨਵਾਦ ਕੀਤਾ। ਚੇਅਰਪਰਸਨ ਮਨਪ੍ਰੀਤ ਕੌਰ ਭੋਗਲ ਨੇ ਆਏ ਹੋਏ ਮਹਿਮਾਨਾਂ ਅਤੇ ਵਿਦਿਆਰਥੀਆਂ ਨੂੰ ਪਲੈਟੀਨਮ ਜੁਬਲੀ ਦੀਆਂ ਸ਼ੁੱਭ ਇੱਛਾਵਾਂ ਦਿੱਤੀਆਂ। ਰਣਵੀਰ ਸਿੰਘ ਐਮ ਡੀ ਸੀ ਈ ਓ ਜੀ.ਐਨ.ਏ. ਐਕਸਲ ਨੇ ਆਪਣੇ ਸੰਬੋਧਨ ਵਿੱਚ ਕਾਲਜ ਪੜ੍ਹਾਈ ਸਮੇਂ ਦੀਆਂ ਪੁਰਾਣੀਆਂ ਯਾਦਾਂ ਸਾਂਝੀਆਂ ਕੀਤੀਆਂ ਅਤੇ ਤਿੰਨ ਲੱਖ ਰੁਪਏ ਕਾਲਜ ਵਿਚ ਚੱਲ ਰਹੇ ਪ੍ਰੋਜੈਕਟਾਂ ਲਈ ਭੇਟ ਕੀਤੇ। ਕਾਲਜ ਦੇ ਪੁਰਾਣੇ ਵਿਦਿਆਰਥੀ ਇੰਦਰਜੀਤ ਸਿੰਘ ਯੂ.ਕੇ ਵਲੋਂ ਇੱਕ ਲੱਖ 41 ਹਜ਼ਾਰ, ਐਮ.ਐਸ. ਸੱਗੂ ਵਲੋਂ 50 ਹਜ਼ਾਰ, ਗੁਰਚਰਨ ਸਿੰਘ ਵਲੋਂ 70 ਹਜ਼ਾਰ, ਅਮਰਨਾਥ ਕੈਲੇ ਵਲੋਂ 50 ਹਜ਼ਾਰ, ਚਰਨਜੀਤ ਸਿੰਘ ਵਲੋਂ 50 ਹਜ਼ਾਰ, ਸ਼ਵਿੰਦਰ ਸਿੰਘ ਗਿੱਲ ਵਲੋਂ 20 ਹਜ਼ਾਰ ਰੁਪਏ ਦੀ ਮਾਲੀ ਸਹਾਇਤਾ ਦਿੱਤੀ ਗਈ। ਅਲੂਮਨੀ ਚੀਫ਼ ਇੰਜੀਨੀਅਰ, ਐਸ.ਈ., ਐਕਸੀਅਨ, ਐਸ.ਡੀ.ਓ, ਪ੍ਰਿੰਸੀਪਲ, ਪ੍ਰੋਫੈਸਰ, ਬਿਜਨਸ ਮੈਨ ਅਤੇ ਹੋਰ ਉੱਚੇ ਅਹੁੱਦਿਆਂ ਤੇ ਤਾਇਨਾਤ ਤੋਂ ਰਿਟਾਇਰਡ ਹੋਏ ਵਿਦਿਆਰਥੀਆਂ ਵਲੋਂ ਇਸ ਪੋਲੀਟੈਕਨਿਕ ਕਾਲਜ ਦੇ ਬਾਨੀ ਸਵ. ਮੋਹਨ ਸਿੰਘ ਹਦੀਆਬਾਦੀ ਦੀ ਸੋਚ ਨੂੰ ਸਲਾਮ ਕਰਦਿਆਂ ਉਹਨਾਂ ਵਲੋਂ ਆਰੰਭੇ ਇਸ ਵਿਦਿਆ ਦੇ ਚਾਨਣ ਮੁਨਾਰੇ ਨੂੰ ਅੱਗੇ ਵਧਾਉਣ ਲਈ ਯੋਗਦਾਨ ਪਾਉਣ ਦਾ ਭਰੋਸਾ ਦਿੱਤਾ ਗਿਆ। ਇਸ ਦੌਰਾਨ ਮੋਹਨ ਸਿੰਘ ਹਦੀਆਬਾਦੀ ਮੈਮੋਰੀਅਲ ਪਾਰਕ ਬੂਟੇ ਲਾਏ ਗਏ ਅਤੇ ਕਾਲਜ ਦੇ ਪੁਰਾਣੇ ਵਿਦਿਆਰਥੀ ਅਤੇ ਪੁਨਰਜੋਤ ਦੇ ਸਟੇਟ ਅਤੇ ਅੰਤਰ ਰਾਸ਼ਟਰੀ ਕੋਆਰਡੀਨੇਟਰ ਅਸ਼ੋਕ ਮਹਿਰਾ ਦੀ ਪ੍ਰੇਰਨਾ ਸਦਕਾ ਅੱਖਾਂ ਦਾਨ ਦੇ ਅਹਿਦ ਪੱਤਰ ਵੀ ਭਰੇ। ਇਸ ਮੌਕੇ ਰਿਟਾ. ਪ੍ਰਿੰਸੀਪਲ ਐਸ.ਕੇ.ਪ੍ਰਭਾਕਰ, ਰਿਟਾ. ਪ੍ਰਿੰਸੀਪਲ ਵੀ.ਪੀ. ਸਿੰਘ, ਰਿਟਾ. ਪ੍ਰਿੰਸੀਪਲ ਵਰਿੰਦਰ ਕੁਮਾਰ, ਐਚ. ਐਸ. ਵਾਲੀਆ, ਰਿਟਾ. ਐਚ.ਓ.ਡੀ. ਮਕੈਨੀਕਲ ਬੀ.ਐਸ. ਊੱਬੀ, ਰਿਟਾ. ਐਚ.ਓ.ਡੀ. ਮਕੈਨੀਕਲ ਐਸ.ਐਸ. ਮੁੰਦੜ, ਰਿਟਾ. ਲੈਕਚਰਾਰ ਪੀ.ਕੇ. ਸੂਦ ਸਿਵਲ ਡਿਪਾਰਟਮੈਂਟ ਤੋਂ ਇਲਾਵਾ ਅਲੂਮਨੀ ਇੰਜੀਨੀਅਰ ਮੋਹਣ ਲਾਲ ਬੰਗਾ, ਜੋਗਿੰਦਰ ਕੁਮਾਰ, ਭੁਪਿੰਦਰ ਸਿੰਘ ਖੋਸਲਾ, ਚਮਨ ਲਾਲ, ਟੀ.ਪੀ.ਐਸ. ਬੇਦੀ, ਜਗਤਾਰ ਸਿੰਘ, ਜੀ.ਐਸ. ਪੰਨੂ ਅਤੇ ਰਾਜ ਕੁਮਾਰ ਮਹਾਜਨ ਸੁਪਰਡੈਂਟ ਸਮੇਤ ਕਾਲਜ ਦਾ ਸਮੂਹ ਸਟਾਫ ਅਤੇ ਵਿਦਿਆਰਥੀ ਹਾਜ਼ਰ ਸਨ।



# ਅਜੈਵੀਰ ਸਿੰਘ ਲਾਲਪੁਰਾ ਨੇ ਰੇਲਵੇ ਮੰਤਰੀ ਤੇ ਕੇਂਦਰੀ ਮੰਤਰੀ ਅਨੁਰਾਗ ਠਾਕੁਰ ਦਾ ਕੀਤਾ ਧੰਨਵਾਦ

**ਭਲਾਣ (ਹਰਭਜਨ ਢਿੱਲੋਂ)**-ਭਾਜਪਾ ਦੇ ਜ਼ਿਲ੍ਹਾ ਰੂਪਨਗਰ ਦੇ ਪ੍ਰਧਾਨ ਅਜੈਵੀਰ ਸਿੰਘ ਲਾਲਪੁਰਾ ਨੇ ਰੇਲਵੇ ਮੰਤਰੀ ਅਸ਼ਵਨੀ ਵੈਸ਼ਨਬ ਅਤੇ ਕੇਂਦਰੀ ਮੰਤਰੀ ਅਨੁਰਾਗ ਠਾਕੁਰ ਦਾ ਧੰਨਵਾਦ ਕੀਤਾ ਅਤੇ ਨਾਲ ਹੀ ਇੱਕ ਚਿੱਠੀ ਲਿਖ ਕੇ ਮੰਗ ਕੀਤੀ ਕਿ ਟਰੇਨ ਵਿਚ ਇਲਾਕਾ ਵਾਸੀਆਂ ਲਈ ਰਿਜ਼ਵਰਵੇਸ਼ਨ ਕੋਚ ਦੀ ਸਹੂਲਤ ਵੀ ਦਿੱਤੀ ਜਾਵੇ। ਉਨ੍ਹਾਂ ਕਿਹਾ ਕਿ ਹਰਿਦੁਆਰ ਜਿੱਥੇ ਆਸਥਾ ਦਾ ਕੇਂਦਰ ਹੈ ਉੱਥੇ ਹੀ ਸੈਲਾਨੀਆਂ ਲਈ ਵੀ ਵਿਸ਼ੇਸ਼ ਕੇਂਦਰ ਹੈ ਅਤੇ ਇਸ ਟਰੇਨ ਨਾਲ ਇਲਾਕੇ ਚੋਂ ਹਰਿਦੁਆਰ ਅਸਥ ਜਲ ਪ੍ਰਵਾਹ ਕਰਨ ਜਾਂਦੇ ਲੋਕਾਂ ਨੂੰ ਸਹੂਲਤ ਮਿਲੇਗੀ। ਇਸ ਦੇ ਨਾਲ ਹੀ ਉਨ੍ਹਾਂ ਕਿਹਾ ਕਿ ਮੋਦੀ ਸਰਕਾਰ ਇਲਾਕੇ ਦੇ ਵਿਕਾਸ ਲਈ ਵਚਨਬੱਧ ਹੈ। ਇਸ ਤੋਂ ਪਹਿਲਾਂ ਅਯੁੱਧਿਆ ਜਾਣ ਲਈ ਟਰੇਨ ਮੁਹੱਈਆ ਕਰਵਾ ਕੇ ਮੋਦੀ ਜੀ ਨੇ ਸਾਰੇ ਰਾਮ ਭਗਤਾਂ ਦਾ ਦਿਲ ਜਿੱਤ ਲਿਆ ਸੀ। ਲਾਲਪੁਰਾ ਨੇ ਕਿਹਾ ਕਿ ਵੰਦੇ ਭਾਰਤ ਟਰੇਨ ਨਾਲ ਇਲਾਕੇ ਦੇ ਕਾਰੋਬਾਰੀਆਂ ਨੂੰ ਦਿੱਲੀ ਜਾਣਾ ਬੇਹੱਦ ਆਸਾਨ ਹੋ ਗਿਆ ਹੈ ਜਦੋਂ ਕਿ ਅੰਮ੍ਰਿਤ ਭਾਰਤ ਸਕੀਮ ਤਹਿਤ ਕਰੋੜਾਂ ਦੀ ਲਾਗਤ ਨਾਲ ਜ਼ਿਲ੍ਹੇ ਦੇ ਤਿੰਨੋ ਰੇਲਵੇ ਸਟੇਸ਼ਨਾਂ ਦੀ ਨੁਹਾਰ ਬਦਲੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਉਹ ਜ਼ਿਲ੍ਹੇ ਦੇ ਲੋਕਾਂ ਦੀ ਆਵਾਜ਼ ਕੇਂਦਰ ਸਰਕਾਰ ਤੱਕ ਪਹੁੰਚਾਉਣ ਲਈ ਵਚਨਬੱਧ ਹਨ।



# ਰਿਆਤ ਬਾਹਰਾ 'ਵਰਸਿਟੀ ਵਿਖੇ ਮਾਹਵਾਰੀ ਦੀ ਸਫਾਈ ਬਾਰੇ ਪ੍ਰੋਗਰਾਮ

**ਕੁਰਾਲੀ (ਮੋਹਨ ਅਗਰਵਾਲ)**

ਰਿਆਤ ਬਾਹਰਾ ਯੂਨੀਵਰਸਿਟੀ ਦੇ ਸਕੂਲ ਆਫ਼ ਮੈਨੇਜਮੈਂਟ ਸਟੱਡੀਜ਼ ਵੱਲੋਂ ਮੇਸ਼ਾਨ ਫਾਊਂਡੇਸ਼ਨ ਦੇ ਸਹਿਯੋਗ ਨਾਲ ਮਾਹਵਾਰੀ ਦੀ ਸਫਾਈ 'ਤੇ ਇੱਕ ਜਾਗਰੂਕਤਾ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ, ਜਿਸ ਦੌਰਾਨ ਆਰ ਜੇ ਮਾਨਵ, ਅਦਾਕਾਰ, ਮਾਡਲ, ਐਂਕਰ, ਕਹਾਣੀ ਅਤੇ ਸਕਰੀਨਪਲੇ ਲੇਖਕ ਨੇ ਵਿਸ਼ੇਸ਼ ਮਹਿਮਾਨ ਵਜੋਂ ਸ਼ਿਰਕਤ ਕੀਤੀ।ਮੇਸ਼ਾਨ ਜੈਨ ਜ਼ੈਡ ਦਾ ਇੱਕ ਸਮਾਜਿਕ ਸਮੂਹ ਹੈ ਜੋ ਵਿਸ਼ਵਾਸ ਕਰਦਾ ਹੈ ਕਿ ਸਾਨੂੰ ਮਦਦ ਕਰਨ ਲਈ ਕਿਸੇ ਕਾਰਨ ਦੀ ਲੋੜ ਨਹੀਂ ਹੈ।ਲੋਗੋ ਵਿੱਚ ਦੋ ਹੱਥ ਇਕੱਠੇ ਹੁੰਦੇ ਹਨ, ਜਿਸਦਾ ਮਤਲਬ ਹੈ ਕਿ ਅਸੀਂ ਇਸ ਸੰਸਾਰ ਨੂੰ ਪੀੜ੍ਹੀਆਂ ਲਈ ਇੱਕ ਬਿਹਤਰ ਸਥਾਨ ਬਣਾਉਣ ਲਈ ਇਕੱਠੇ ਹੋਏ ਹਾਂ।ਈਸ਼ਾਨ ਦਾ ਅਰਥ ਹੈ ਸ਼ਾਂਤੀ ਅਤੇ ਇਸ ਵਿੱਚ ਐਮ ਜੋੜਨ ਨਾਲ ਮੀਸ਼ਾਨ ਨੂੰ ਮਿਸ਼ਨ ਕਿਹਾ ਜਾਂਦਾ ਹੈ ਜੋ ਸ਼ਾਂਤੀ ਲਿਆਉਣ ਦੇ ਸਾਡੇ ਮਿਸ਼ਨ ਨੂੰ ਦਰਸਾਉਂਦਾ ਹੈ।ਆਰ ਜੇ ਮਾਨਵ ਆਪਣੇ ਸ਼ੋਅ ਅਤੇ ਸੋਸ਼ਲ ਮੀਡੀਆ ਪਲੇਟਫਾਰਮਾਂ ਰਾਹੀਂ ਮਾਹਵਾਰੀ ਸਫਾਈ ਜਾਗਰੂਕਤਾ ਨੂੰ ਉਤਸ਼ਾਹਿਤ ਕਰਨ ਵਿੱਚ ਸਰਗਰਮੀ ਨਾਲ ਸ਼ਾਮਲ ਹੋਇਆ ਹੈ।ਇਸ ਮੌਕੇ ਆਰ ਜੇ ਮਾਨਵ ਅਤੇ ਡਾ: ਪ੍ਰਭਜੋਤ ਗੁਰੋਂ ਨੇ ਮਾਹਵਾਰੀ ਬਾਰੇ ਗੱਲਬਾਤ ਨੂੰ ਆਮ ਬਣਾਉਣ ਦੀ ਲੋੜ 'ਤੇ ਜ਼ੋਰ ਦਿੱਤਾ ਅਤੇ ਕਿਹਾ ਕਿ ਮਾਹਵਾਰੀ ਦੀ ਮਾੜੀ ਸਫਾਈ ਸਰੀਰਕ ਸਿਹਤ ਲਈ ਖਤਰੇ ਪੈਦਾ ਕਰ ਸਕਦੀ ਹੈ ਅਤੇ ਜਣਨ ਅਤੇ ਪਿਸ਼ਾਬ ਨਾਲੀ ਦੀਆਂ ਲਾਗਾਂ ਨਾਲ ਜੁੜੀ ਹੋਈ ਹੈ। ਜਾਗਰੂਕਤਾ ਅਤੇ ਖੁੱਲੇਪਨ ਪੈਦਾ ਕਰਨਾ ਲੜਕੀਆਂ ਨੂੰ ਇਹ ਸਿਖਾਉਣ ਦੇ ਸਭ ਤੋਂ ਪ੍ਰਭਾਵਸ਼ਾਲੀ ਤਰੀਕਿਆਂ ਵਿੱਚੋਂ ਇੱਕ ਹੈ ਕਿ ਉਹਨਾਂ ਦੀ ਮਾਹਵਾਰੀ ਦੀ ਸਫਾਈ ਨੂੰ ਸਹੀ ਢੰਗ ਨਾਲ ਕਿਵੇਂ ਪ੍ਰਬੰਧਿਤ ਕਰਨਾ ਹੈ।ਰਿਆਤ ਬਾਹਰਾ ਯੂਨੀਵਰਸਿਟੀ ਦੇ ਵਾਈਸ-ਚਾਂਸਲਰ ਡਾ: ਪਰਵਿੰਦਰ ਸਿੰਘ ਨੇ ਅਜਿਹੇ ਸਮਾਗਮਾਂ ਦੇ ਆਯੋਜਨ ਦੀ ਲੋੜ ਨੂੰ ਦੁਹਰਾਇਆ। ਉਨ੍ਹਾਂ ਨੇ ਮੇਸ਼ਾਨ ਫਾਊਂਡੇਸ਼ਨ ਦੇ ਮਿਸ਼ਨ ਅਤੇ ਕੰਮ ਦੀ ਵੀ ਸ਼ਲਾਘਾ ਕੀਤੀ। ਰਿਆਤ ਬਾਹਰਾ ਯੂਨੀਵਰਸਿਟੀ ਦੇ ਮੈਨੇਜਮੈਂਟ ਵਿਭਾਗ ਦੇ ਮੁਖੀ ਅੰਸ਼ੂ ਗਾਬਾ ਨੇ ਮੇਸ਼ਾਨ ਫਾਊਂਡੇਸ਼ਨ ਅਤੇ ਆਰ ਜੇ ਮਾਨਵ ਨੂੰ ਇਸ ਮੁੱਦੇ ਨੂੰ ਉਠਾਉਣ ਵਿੱਚ ਅਗਵਾਈ ਕਰਨ ਲਈ ਵਧਾਈ ਦਿੱਤੀ।



# ਲੜਕੀਆ ਨਿਡਰ, ਗਿਆਨਵਾਤ ਤੇ ਮਿਹਨਤੀ ਬਣਨ : ਗੁਰਵਿੰਦਰ ਜੀਤ ਕੌਰ



**ਗੁਰਾਇਆ (ਬਿੰਦਰ ਸੁਮਨ)**

ਯੂਥ ਫੁੱਟਬਾਲ ਕਲੱਬ ਰੁੜਕਾ ਕਲਾਂ ਹਮੇਸ਼ਾ ਹੀ ਹਰ ਪੱਧਰ ਦੇ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਦਿਵਸ ਮਨਾਉਂਦੀ ਆ ਰਹੀ ਹੈ।ਕਲੱਬ ਵੱਲੋਂ ਅੰਤਰਰਾਸ਼ਟਰੀ ਮਹਿਲਾ ਦਿਵਸ ਮਨਾਇਆ ਗਿਆ।ਜਿਸ ਵਿੱਚ ਵੱਡੇ ਪੱਧਰ ਤੇ ਲੜਕੀਆਂ ਅਤੇ ਔਰਤਾਂ ਵੱਲੋਂ ਭਾਗ ਲਿਆ ਗਿਆ।ਸਭ ਤੋਂ ਪਹਿਲਾਂ ਬੱਚਿਆਂ ਨਾਲ ਵਾਈ ਐਫ ਸੀ ਦੇ ਖੇਡ ਸਟੇਡੀਅਮ ਵਿੱਚ ਸਪੋਟਰਸ ਫਾਰ ਡਿਵੈਲਪਮੈਂਟ ਦੇ ਸੈਸ਼ਨ ਲਿਆ ਗਿਆ ਜਿਸ ਵਿੱਚ ਬੱਚਿਆਂ ਨੂੰ ਲੜਕੇ ਅਤੇ ਲੜਕੀਆਂ ਨੂੰ ਬਰਾਬਰ ਦੇ ਮੌਕੇ ਅਤੇ ਹੱਕ ਮਿਲਣ ਬਾਰੇ ਜਾਣਕਾਰੀ ਦਿੱਤੀ ਗਈ।ਇਸ ਤੋਂ ਬਾਅਦ ਵਿੱਚ ਔਰਤਾਂ ਦੇ ਹੱਕਾਂ ਨੂੰ ਲੈ ਕੇ ਪਿੰਡ ਵਿੱਚ ਇੱਕ ਰੈਲੀ ਕੱਡੀ ਗਈ।ਕਲੱਬ ਦੇ ਵੱਖ ਵੱਖ ਸੈਂਟਰਾਂ ਦੀਆਂ ਬੱਚੀਆਂ ਵੱਲੋਂ ਸੱਭਿਆਚਾਰਕ ਪ੍ਰੋਗਰਾਮ ਦੀ ਪੇਸ਼ਕਾਰੀ ਦਿੱਤੀ ਗਈ।ਵੱਖ ਵੱਖ ਵੱਖ ਵਿਸ਼ਿਆਂ ਨਾਲ ਸੰਬੰਧਤ ਮਹਿਲਾਵਾਂ ਅਤੇ ਲੜਕੀਆਂ ਨੇ ਪੈਨਲ ਡਿਸਕਸ਼ਨ ਵਿੱਚ ਭਾਗ ਲਿਆ।ਜਿਸ ਵਿੱਚ ਸਰਪੰਚ ਕੁਲਵਿੰਦਰ ਕੌਰ ਕੌਲਧਾਰ,ਸਨਦੀਪ ਕੌਰ ਅਧਿਆਪਕ,ਮਧੂ ਫੁੱਟਬਾਲ ਕੋਚ, ਫੁੱਟਬਾਲ ਪਲੇਅਰ ਪੂਜਾ ਅਤੇ ਯੰਗ ਲੀਡਰ ਸਨਦੀਪ ਕੌਰ ਨੇ ਭਾਗ ਲੈਂਦੇ ਹੋਏ ਆਪਣੇ ਆਪਣੇ ਖੇਤਰ ਦੇ ਵਿੱਚ ਜ਼ੁੰਮੇਵਾਰੀਆਂ, ਮੁਸ਼ਕਲਾਂ ਅਤੇ ਉੱਪਲੱਬਧੀਆਂ ਬਾਰੇ ਵਿਸਥਾਰਪੂਰਵਕ ਚਰਚਾ ਕੀਤੀ।ਇਸ ਪ੍ਰੋਗਰਾਮ ਵਿੱਚ ਮੁੱਖ ਮਹਿਮਾਨ ਦੇ ਤੌਰ ਤੇ ਗੁਰਵਿੰਦਰਜੀਤ ਕੌਰ ਜ਼ਿਲਾ ਸਿੱਖਿਆ ਅਫਸਰ ਹੁਸ਼ਿਆਰਪੁਰ ਸ਼ਾਮਲ ਹੋਏ।ਆਪਣੇ ਵਿਚਾਰ ਸਾਂਝੇ ਕਰਦੇ ਹੋਏ ਉਨਾਂ ਕਿਹਾ ਕਿ ਕਲੱਬ ਵੱਲੋਂ ਲੜਕੀਆਂ ਦੇ ਸਰਵਪੱਖੀ ਵਿਕਾਸ ਲਈ ਕੀਤੇ ਜਾ ਰਹੇ ਉਪਰਾਲਿਆਂ ਦੀ ਭਰਪੂਰ ਸ਼ਲਾਘਾ ਕੀਤੀ ਜਿਸ ਨਾਲ ਹੁਣ ਤੱਕ ਸੈਂਕੜੇ ਲੜਕੀਆਂ ਨੇ ਆਪਣੇ ਮੁਕਾਮ ਹਾਸਲ ਕੀਤੇ ਹਨ।ਉਨਾਂ ਕਿਹਾ ਕਿ ਲੜਕੀਆਂ ਨੂੰ ਜ਼ਿੰਦਗੀ ਵਿੱਚ ਸਮਾਜਕ ਕਦਰਾਂ ਕੀਮਤਾਂ ਵਿੱਚ ਰਹਿੰਦੇ ਹੋਏ ਕਲੱਬ ਦੇ ਪ੍ਰੋਗਰਾਮ ਰਾਹੀਂ ਉੱਚੀ ਉਡਾਣ ਭਰਨੀ ਚਾਹੀਦੀ ਹੈ।ਕਲੱਬ ਦੇ ਪ੍ਰਧਾਨ ਗੁਰਮੰਗਲ ਦਾਸ ਸੋਨੀ ਨੇ ਕਿਹਾ ਕਿ ਕਲੱਬ ਵੱਲੋਂ ਬਿਨਾਂ ਕਿਸੇ ਭੇਦ ਭਾਵ ਦੇ ਲੜਕੀਆਂ ਦੇ ਸਰਵਪੱਖੀ ਵਿਕਾਸ ਲਈ ਯਤਨ ਕੀਤੇ ਜਾ ਰਹੇ ਹਨ।ਜਿਸ ਨਾਲ ਲੜਕੀਆਂ ਵੱਲੋਂ ਖੇਡਾਂ ਅਤੇ ਹੋਰ ਖੇਤਰਾਂ ਵਿੱਚ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੱਧਰ ਤੇ ਕਲੱਬ ਦਾ ਨਾਮ ਰੋਸ਼ਨ ਕੀਤਾ ਹੈ।ਇਸ ਸਮੇਂ ਗ੍ਰਾਮ ਪੰਚਾਇਤ ਰੁੜਕਾ ਕਲਾਂ ਤੋਂ ਕੁਲਵਿੰਦਰ ਕੌਰ,ਬਲਵਿੰਦਰ ਕੌਰ,ਜਸਵੀਰ ਕੌਰ,(ਐਨ ਆਰ ਆਈ) ਸੁਰਜੀਤ ਕੌਰ,ਮਨਪ੍ਰੀਤ ਕੌਰ ਸੰਧੂ,ਮਨਜੀਤ ਕੌਰ,ਰੋਟਰੀ ਮੈਂਬਰ ਮਨਦੀਪ ਕੌਰ,ਸਨਦੀਪ ਕੌਰ ਅਤੇ ਸੋਨੀਆ ਮੈਨੀ,ਸਵਰੀਨਾ ਸੰਧੂ,ਜੋਨੀ ਸੰਧੂ, ਇੰਜੀ. ਲੁਪਿੰਦਰ ਕੁਮਾਰ ਜੀ (ਭੂਮੀ ਰੱਖਿਆ ਅਤੇ ਜਲ ਸੰਭਾਲ ਵਿਭਾਗ ਪੰਜਾਬ),ਹਰਨੇਕ ਸਿੰਘ,ਸੁਰਜੀਤ ਸਿੰਘ,ਵਾਈ ਐਫ ਸੀ ਦੇ ਯੂਥ ਲੀਡਰ ਅਤੇ ਵੱਡੀ ਗਿਣਤੀ ਵਿੱਚ ਔਰਤਾਂ ਨੇ ਸ਼ਿਰਕਤ ਕੀਤੀ।

# ਮੇਹਰਚੰਦ ਪੋਲੀਟੈਕਨਿਕ ਕਾਲਜ ਦੇ ਇਲੈਕਟਰੀਕਲ ਵਿਭਾਗ ਦੇ ਵਿਦਿਆਰਥੀਆਂ ਦਾ ਤਕਨੀਕੀ ਦੌਰਾ



**ਜਲੰਧਰ (ਸ਼ੈਲੀ ਐਲਬਰਟ)**-ਪ੍ਰਿੰਸੀਪਲ ਡਾ. ਜਗਰੂਪ ਸਿੰਘ ਦੀ ਰਹਨੁਮਾਈ ਹੇਠ ਮੁਖੀ ਵਿਭਾਗ ਕਸ਼ਮੀਰ ਕੁਮਾਰ ਦੀ ਯੋਗ ਅਗਵਾਈ ਵਿੱਚ ਮੇਹਰਚੰਦ ਪੋਲੀਟੈਕਨਿਕ ਕਾਲਜ ਜਲੰਧਰ ਦੇ ਇਲੈਕਟਰੀਕਲ ਵਿਭਾਗ ਦੇ ਵਿਦਿਆਰਥੀਆਂ ਨੇ 11 ਮਾਰਚ ਨੂੰ ਇਕ ਤਕਨੀਕੀ ਦੌਰਾ ਕੀਤਾ।ਉਦਯੋਜਿਕ ਖੇਤਰ ਫੋਕਲ ਪੁਆਇੰਟ ਜਲੰਧਰ ਵਿਖੇ ਉਨ੍ਹਾਂ ਇੰਵੋਟੈਕ ਅਤੇ ਇਹ ਸਟਾਰ ਕੰਪਨੀ ਵਿਚ ਵੱਖ ਵੱਖ ਇੰਲੈਕਟ੍ਰੀਕਲ ਆਪ੍ਰੇਸ਼ਨਾਂ ਪ੍ਰਤੀ ਜਾਗਰੂਕ ਹੋਏ।ਉਦਯੋਗਿਕ ਖੇਤਰ ਦੇ ਸਪੰਰਕ ਵਿਚ ਆਉਣ ਨਾਲ ਜਿੱਥੇ ਵਿਦਿਆਰਥੀ ਆਪਣੇ ਕੀਤੇ ਪ੍ਰਤੀ ਸੁਚੇਤ ਹੁੰਦੇ ਹਨ ਉਥੇ ਉਨ੍ਹਾਂ ਦਾ ਮਨੋਬਲ ਵੀ ਵਧਦਾ ਹੈ।ਇਸ ਮੌਕੇ ਵਿਕ੍ਰਮਜੀਤ ਸਿੰਘ ਅਤੇ ਗਗਨਦੀਪ ਨੇ ਉਨ੍ਹਾਂ ਦੀ ਅਗਵਾਈ ਕੀਤੀ।ਉਦਯੋਜਿਕ ਖੇਤਰ ਦੀ ਤਰਫ਼ੋਂ ਰਾਜਿੰਦਰ ਦੱਤਾ, ਮਨਿੰਦਰਜੀਤ ਸਿੰਘ ਅਤੇ ਬਲਵਿੰਦਰ ਸਿੰਘ ਨੇ ਉਨ੍ਹਾਂ ਨੂੰ ਜਾਗਰੂਕ ਕੀਤਾ।

# ਕੌਮਾਂਤਰੀ ਇਸਤਰੀ ਦਿਹਾੜੇ ਨੂੰ ਸਮਰਪਿਤ ਸਾਹਿਤਕ ਸਮਾਗਮ

**ਚੰਡੀਗੜ੍ਹ (ਗੁਰਜੀਤ ਬਿੱਲਾ)**

ਪੰਜਾਬੀ ਲੇਖਕ ਸਭਾ ਚੰਡੀਗੜ੍ਹ ਵੱਲੋਂ 10 ਪੰਜਾਬ ਸਾਹਿਤ ਅਕਾਦਮੀ ਦੇ ਸਹਿਯੋਗ ਨਾਲ ਪੰਜਾਬ ਕਲਾ ਪ੍ਰੀਸ਼ਦ ਵਿਖੇ ਅੰਤਰਰਾਸ਼ਟਰੀ ਮਹਿਲਾ ਦਿਵਸ ਮੌਕੇ ਇਕ ਵਿਸ਼ੇਸ਼ ਸਾਹਿਤਕ ਸਮਾਗਮ ਕਰਵਾਇਆ ਗਿਆ ਜਿਸ ਵਿੱਚ ਲੇਖਕਾਂ, ਬੁੱਧੀਜੀਵੀਆਂ, ਪੱਤਰਕਾਰਾਂ ਤੇ ਹੋਰ ਸਾਹਿਤ ਪ੍ਰੇਮੀਆਂ ਵੱਲੋਂ ਸ਼ਿਰਕਤ ਕੀਤੀ ਗਈ। ਸੁਰਜੀਤ ਸਿੰਘ ਧੀਰ ਨੇ ਰਾਗ ਬਿਲਾਵਲ ਵਿਚ ਸ਼ਬਦ ਸੁਣਾ ਕੇ ਸਮਾਗਮ ਦੀ ਆਰੰਭਤਾ ਕੀਤੀ। ਆਪਣੇ ਸਵਾਗਤੀ ਸ਼ਬਦਾਂ ਵਿਚ ਲੇਖਕ ਸਭਾ ਦੇ ਸੀਨੀਅਰ ਮੀਤ ਪ੍ਰਧਾਨ ਡਾ. ਅਵਤਾਰ ਸਿੰਘ ਪਤੰਗ ਨੇ ਕਿਹਾ ਕਿ ਸਮਾਜ ਵਿਚ ਔਰਤ ਦਾ ਦਰਜਾ ਸਨਮਾਨ ਵਾਲਾ ਬਣਾਈ ਰੱਖਣ ਲਈ ਸਭਨਾਂ ਦਾ ਯੋਗਦਾਨ ਜ਼ਰੂਰੀ ਹੈ। ਮੰਚ ਸੰਚਾਲਨ ਕਰਦਿਆਂ ਜਨਰਲ ਸਕੱਤਰ ਭੁਪਿੰਦਰ ਸਿੰਘ ਮਲਿਕ ਨੇ ਆਖਿਆ ਕਿ ਨਰੋਏ ਸਮਾਜ ਵਿਚ ਨਾਬਰਾਬਰੀ ਦਾ ਕੋਈ ਸਥਾਨ ਨਹੀਂ। ਵਿਸ਼ੇਸ਼ ਮਹਿਮਾਨ ਵਜੋਂ ਬੋਲਦਿਆਂ ਦਲਵਿੰਦਰ ਕੌਰ ਨੇ ਕਿਹਾ ਕਿ ਔਰਤ ਆਪਣੇ ਆਪ ਵਿਚ ਮਹਾਨ ਹੈ ਬਸ ਸਾਨੂੰ ਆਪਣੀ ਇਜ਼ੱਤ ਕਰਨੀ ਚਾਹੀਦੀ ਹੈ। ਦੂਜੇ ਵਿਸ਼ੇਸ਼ ਮਹਿਮਾਨ ਅਮਰਜੀਤ ਕੌਰ ਕੋਮਲ ਨੇ ਆਖਿਆ ਕਿ ਔਰਤ ਦੇ ਸੰਘਰਸ਼ ਨੇ ਹੀ ਉਸ ਨੂੰ ਮਜ਼ਬੂਤੀ ਪ੍ਰਦਾਨ ਕੀਤੀ ਹੈ। ਸਮਾਗਮ ਦੇ ਬੁਲਾਰੇ ਵਜੋਂ ਡਾ. ਕੰਵਲਜੀਤ ਕੌਰ ਢਿੱਲੋਂ ਨੇ ਸੰਵੇਦਨਸ਼ੀਲਤਾ ਦੀ ਗੱਲ ਕਰਦਿਆਂ ਸੰਵਾਦ ਦੀ ਲੋੜ ਤੇ ਜ਼ੋਰ ਦਿੱਤਾ ਅਤੇ ਕਿਹਾ ਕਿ ਫ਼ੈਸਲੇ ਕਰਨ ਦਾ ਅਧਿਕਾਰ ਜਿੰਨਾ ਔਰਤ ਕੋਲ ਹੋਵੇਗਾ ਸਮਾਜ ਓਨਾ ਹੀ ਜਾਗਰੂਕ ਹੋ ਸਕੇਗਾ। ਡਾ. ਜਸਕਿਰਨ ਗਰੇਵਾਲ ਨੇ ਕਿਹਾ ਕਿ ਪੂਰੀ ਦੁਨੀਆ ਵਿਚ ਔਰਤ ਦੀ ਦਸ਼ਾ ਇੱਕੋ ਵਰਗੀ ਹੀ ਹੈ ਜਿਸ ਲਈ ਹਾਲੇ ਬਹੁਤ ਕੋਸ਼ਿਸ਼ਾਂ ਕਰਨਾ ਬਣਦਾ ਹੈ। ਮੁੱਖ ਮਹਿਮਾਨ ਸੁਰਜੀਤ ਕੌਰ ਬੈਂਸ ਨੇ ਕਿਹਾ ਕਿ ਕੁਝ ਰਿਵਾਇਤਾਂ ਬਦਲ ਦਿੱਤੀਆਂ ਜਾਣੀਆਂ ਚਾਹੀਦੀਆਂ ਹਨ। ਉਹਨਾਂ ਆਪਣੀ ਕਵਿਤਾ 'ਰੰਗੀਨ ਝੂਲਾਂ ਦਾ ਕਰ ਕੇ ਗੁਤਾਵਾ ਅਸੀਂ ਲੋਕ ਵੇਖੇ ਨੇ ਕਰਦੇ ਜੁਗਾਲੀ' ਸੁਣਾਈ। ਕਵੀ ਦਰਬਾਰ ਦਾ ਸੰਚਾਲਨ ਨਵਨੀਤ ਕੌਰ ਮਠਾੜੂ ਨੇ ਬੜੇ ਸੁਚੱਜੇ ਢੰਗ ਨਾਲ ਕੀਤਾ।

ਪ੍ਰਿੰਸੀਪਲ ਗੁਰਦੇਵ ਕੌਰ ਪਾਲ ਨੇ ਸਾਹਿਰ ਲੁਧਿਆਣਵੀ ਅਤੇ ਕੈਫ਼ੀ ਆਜ਼ਮੀ ਦੇ ਕਲਾਮ ਸੁਣਾਏ। ਰਜਿੰਦਰ ਕੌਰ ਨੇ 'ਆ ਨੀ ਕੁੜੀਏ ਸਤਰੰਗੀਏ ਸਬਜ਼ਪਰੀਏ ਰੰਗਾਂ ਦੀ ਖੁਸ਼ਬੋਈ ਦਾ ਇਲਜ਼ਾਮ ਨਾ ਲਈਂ" ਕਵਿਤਾ ਸੁਣਾਈ। ਡਾ. ਗੁਰਮਿੰਦਰ ਸਿੱਧੂ ਨੇ ਸੁਣਾਇਆ ਕਿ 'ਜ਼ਰਾ ਸੋਚ ਕੇ ਮੇਰੇ ਤੇ ਵਾਰ ਕਰਿਓ, ਨਿਕਲ ਚੁੱਕੀ ਮਿਆਨੋਂ ਤਲਵਾਰ ਹਾਂ ਮੈਂ" ਗੁਰਦੀਪ ਗੁੱਲ ਨੇ ਉਰਦੂ ਵਿਚ ਪੜ੍ਹਿਆ ਕਿ 'ਹਮ ਅਪਨਾ ਦਰਦ ਖ਼ੁਦ ਤਕ ਇਸ ਲੀਏ ਮਹਿਦੂਦ ਰਖਤੇ ਹੈਂ ਖ਼ਜ਼ਾਨਾ ਜੋ ਬੜਾ ਨਾਯਾਬ ਹੈ।' ਮਨਜੀਤ ਕੌਰ ਮੀਤ, ਡਾ. ਨੀਨਾ ਸੈਣੀ, ਪਰਮਜੀਤ ਪਰਮ, ਡਾ. ਹਰਬੰਸ ਕੌਰ ਗਿੱਲ, ਸਿਮਰਜੀਤ ਕੌਰ ਗਰੇਵਾਲ, ਬਬੀਤਾ ਸਾਗਰ, ਮਲਕੀਅਤ ਬਸਰਾ ਅਤੇ ਹਰਭਜਨ ਕੌਰ ਦੀਆਂ ਮਿਆਰੀ ਕਵਿਤਾਵਾਂ ਨੇ ਕਵੀ ਦਰਬਾਰ ਦੀਆਂ ਰੌਣਕਾਂ ਹੋਰ ਵਧਾਈਆਂ। ਪੰਜਾਬ ਇਪਟਾ ਪ੍ਰਧਾਨ ਸੰਜੀਵਨ ਸਿੰਘ ਨੇ ਵੀ ਆਪਣੇ ਵਿਚਾਰ ਰੱਖੇ। ਸਕੱਤਰ ਪਾਲ ਅਜਨਬੀ ਨੇ ਧੰਨਵਾਦੀ ਸ਼ਬਦਾਂ ਵਿਚ ਸਮਾਗਮ ਨੂੰ ਨਿਵੇਕਲਾ ਦੱਸਿਆ।



# ਜਲਾਲੇਆਣਾ 'ਚ ਲੋੜਵੰਦ ਪਰਵਾਰਾਂ ਨੂੰ ਪੰਜ-ਪੰਜ ਮਰਲੇ ਦੇ ਪਲਾਟ ਦਿੱਤੇ



**ਫ਼ਰੀਦਕੋਟ (ਗੁਰਪ੍ਰੀਤ ਸਿੰਘ ਬੇਦੀ)** ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਪਿੰਡ ਜਲਾਲੇਆਣਾ ਵਿਖੇ ਪੰਜਾਬ ਸਰਕਾਰ ਦੀਆਂ ਲੋਕ ਪੱਖੀ ਨੀਤੀਆਂ ਤੋਂ ਪ੍ਰਭਾਵਤ ਹੋ ਕੇ 'ਆਪ' ਪਰਵਾਰ ਦਾ ਹਿੱਸਾ ਬਣੇ ਮੌਜੂਦਾ ਸਰਪੰਚ ਤੇ ਹੋਰ ਮੋਹਤਬਰਾਂ ਦਾ ਧੰਨਵਾਦ ਕੀਤਾ ਤੇ ਨਾਲ ਹੀ ਪਿੰਡ ਦੇ ਲੋੜਵੰਦ ਪਰਿਵਾਰਾਂ ਨੂੰ ਪੰਜ-ਪੰਜ ਮਰਲਿਆਂ ਦੇ ਪਲਾਟ ਦਿੱਤੇ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਵੱਲੋਂ ਹਰੇਕ ਵਰਗ ਦਾ ਧਿਆਨ ਰੱਖਿਆ ਜਾਂਦਾ ਹੈ ਤੇ ਉਨ੍ਹਾਂ ਦੀਆਂ ਲੋੜਾਂ ਨੂੰ ਮੁੱਖ ਰੱਖ ਕੇ ਪੰਜਾਬ ਸਰਕਾਰ ਹਰੇਕ ਉਹ ਕੰਮ ਕਰ ਰਹੀ ਹੈ, ਜਿਸ ਨਾਲ ਹਰੇਕ ਵਰਗ ਖ਼ੁਸ਼ ਰਹਿ ਸਕੇ। ਉਨ੍ਹਾਂ ਕਿਹਾ ਕਿ ਸ਼ਹਿਰਾਂ ਤੇ ਕਸਬਿਆਂ ਦੇ ਨਾਲ-ਨਾਲ ਪਿੰਡਾਂ ਦੇ ਵਿਕਾਸ ਦਾ ਕੰਮ ਵੀ ਪਹਿਲ ਦੇ ਆਧਾਰ 'ਤੇ ਕੀਤਾ ਜਾ ਰਿਹਾ ਹੈ। ਸਪੀਕਰ ਸੰਧਵਾਂ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਖ਼ੁਦ ਚਾਹੇ ਕਿਸੇ ਵੀ ਹਾਲਾਤ ਵਿੱਚ ਰਹੋ, ਪ੍ਰੰਤੂ ਆਪਣੇ ਬੱਚਿਆਂ ਨੂੰ ਜ਼ਰੂਰ ਪੜ੍ਹਾਓ, ਤਾਂ ਜੁ ਉਹ ਚੰਗੀ ਸਿੱਖਿਆ ਪ੍ਰਾਪਤ ਕਰਕੇ ਆਪਣੇ ਪੈਰਾਂ ਤੇ ਖੜੇ ਹੋ ਸਕਣ। ਉਨ੍ਹਾਂ ਮੁੜ ਦੁਹਰਾਇਆ ਕਿ ਪੰਜਾਬ ਸਰਕਾਰ ਦਾ ਮੁੱਖ ਟੀਚਾ ਲੋਕਾਂ ਨੂੰ ਚੰਗੀਆਂ ਸਿਹਤ ਸੇਵਾਵਾਂ ਅਤੇ ਸਿੱਖਿਆ ਦੇ ਨਾਲ ਖੇਡਾਂ ਵੱਲ ਉਤਸ਼ਾਹਤ ਕਰਨਾ ਹੈ। ਇਸ ਲਈ ਸਰਕਾਰ ਵੱਲੋਂ ਵੀ ਅਨੇਕਾਂ ਸਹੂਲਤਾਂ ਮੁਹੱਈਆ ਕਰਾਈਆਂ ਜਾ ਰਹੀਆਂ ਹਨ। ਉਨ੍ਹਾਂ ਕਿਹਾ ਕਿ ਅੱਜ ਜੋ ਧਨ ਰਾਸ਼ੀ ਵਿੱਦਿਅਕ ਸੰਸਥਾਵਾਂ 'ਤੇ ਖਰਚ ਕੀਤੀ ਜਾ ਰਹੀ ਹੈ। ਉਹ ਪੰਜਾਬ ਸਰਕਾਰ ਦੀ ਇਸ ਵਚਨਬੱਧਤਾ ਦਾ ਸਬੂਤ ਹੈ ਕਿ ਸਰਕਾਰ ਇਨ੍ਹਾਂ ਸੰਸਥਾਵਾਂ ਵੱਲ ਬੜੀ ਸੰਜੀਦਗੀ ਨਾਲ ਧਿਆਨ ਦੇ ਰਹੀ ਹੈ।

# ਅਖੰਡ ਪਾਠਾਂ ਦੀ ਦੂਜੀ ਲੜੀ ਦੇ ਭੋਗ ਪਾ ਕੇ ਤੀਜੀ ਲੜੀ ਆਰੰਭ

**ਬਾਘਾ ਪੁਰਾਣਾ (ਮਨੀ ਸਿੰਗਲਾ)** ਗੁਰਦੁਆਰਾ ਸ਼ਹੀਦ ਬਾਬਾ ਤੇਗਾ ਸਿੰਘ (ਤਪ ਅਸਥਾਨ ਸੱਚ ਖੰਡ ਵਾਸੀ ਸੰਤ ਬਾਬਾ ਨਛੱਤਰ ਸਿੰਘ) ਚੰਦ ਪੁਰਾਣਾ ਵਿਖੇ ਅਸਥਾਨ ਦੇ ਮੁੱਖ ਸੇਵਾਦਾਰ ਸਮਾਜ ਸੇਵੀ ਸੰਤ ਬਾਬਾ ਗੁਰਦੀਪ ਸਿੰਘ ਦੀ ਰਹਿਨੁਮਾਈ ਹੇਠ ਸ਼ਹੀਦੀ ਜੋੜ ਮੇਲਾ ਤੇ ਸੰਤ ਬਾਬਾ ਨਛੱਤਰ ਸਿੰਘ ਜੀ ਦੀ ਮਿੱਠੀ ਯਾਦ ਨੂੰ ਸਮਰਪਤ ਸਾਲਾਨਾ ਸਮਾਗਮ, ਜੋ 17 ਮਾਰਚ ਨੂੰ ਸ਼ਰਧਾ ਅਨੁਸਾਰ ਮਨਾਇਆ ਜਾ ਰਿਹਾ ਹੈ, ਨੂੰ ਸਮਰਪਤ ਸੰਗਤਾਂ ਵਲੋਂ ਪ੍ਰਕਾਸ਼ ਕਰਾਏ ਗਏ 25 ਸ੍ਰੀ ਅਖੰਡ ਪਾਠਾਂ ਦੀ ਦੂਜੀ ਲੜੀ ਦੇ ਭੋਗ ਪਾਏ ਗਏ, ਜਿਸਦੇ 14 ਮਾਰਚ ਨੂੰ ਭੋਗ ਪਾਏ ਜਾਣਗੇ। ਉਪਰੰਤ ਤੀਜੀ ਲੜੀ ਦੇ 25 ਸ੍ਰੀ ਅਖੰਡ ਪਾਠ ਆਰੰਭ ਕੀਤੇ ਗਏ ਹਨ। ਇਸ ਮੌਕੇ ਵੱਡੀ ਗਿਣਤੀ 'ਚ ਸੰਗਤਾਂ ਸ਼ਹੀਦਾਂ ਦੇ ਅਸਥਾਨ 'ਤੇ ਨਤਮਸਤਕ ਹੋਈਆਂ। ਸੰਤ ਬਾਬਾ ਗੁਰਦੀਪ ਸਿੰਘ ਨੇ ਸੰਬੋਧਨ ਕਰਦਿਆਂ ਪਾਠ ਪ੍ਰਕਾਸ਼ ਕਰਾਉਣ ਵਾਲੇ ਸਮੂਹ ਪਰਿਵਾਰਾਂ ਦਾ ਜਿੱਥੇ ਧੰਨਵਾਦ ਕੀਤਾ, ਉੱਥੇ ਸਮੂਹ ਸੰਗਤਾਂ ਨੂੰ 17 ਮਾਰਚ ਨੂੰ ਮਨਾਏ ਜਾ ਰਹੇ ਸਾਲਾਨਾ ਸ਼ਹੀਦੀ ਜੋੜ ਮੇਲੇ ਤੇ ਹੁੰਮ-ਹੁੰਮਾ ਕੇ ਪਹੁੰਚਣ ਦੀ ਬੇਨਤੀ ਵੀ ਕੀਤੀ। ਨਾਲ ਹੀ ਉਨ੍ਹਾਂ ਦੱਸਿਆ ਕਿ ਇਸ ਦਿਨ ਸੱਚਖੰਡ ਵਾਸੀ ਸੰਤ ਬਾਬਾ ਨਛੱਤਰ ਸਿੰਘ ਦੀ ਯਾਦ ਵਿੱਚ ਵਿਸ਼ਾਲ ਖ਼ੂਨਦਾਨ, ਮੈਡੀਕਲ ਕੈਂਪ ਲੱਗੇਗਾ, ਜਿਸ ਕਿਸੇ ਇਨਸਾਨ ਨੇ ਖ਼ੂਨਦਾਨ ਕਰਨਾ ਹੈ, ਉਹ ਵੀ ਉਚੇਚੇ ਤੌਰ 'ਤੇ ਹਾਜ਼ਰੀਆਂ ਭਰਨ। ਬਾਬਾ ਗੁਰਦੀਪ ਸਿੰਘ ਨੇ ਕਿਹਾ ਕਿ ਲੱਖਾਂ ਦੀ ਗਿਣਤੀ ਵਿੱਚ ਨਤਮਸਤਕ ਹੋ ਰਹੀਆਂ ਸੰਗਤਾਂ ਲਈ ਹਰੇਕ ਪ੍ਰਕਾਰ ਦੇ ਪ੍ਰਬੰਧ ਹਨ, ਰਾਤ ਸਮੇਂ ਠਹਿਰਣ ਦੇ ਵੀ ਪੂਰੇ ਪ੍ਰਬੰਧ ਹਨ, ਵੱਖ-ਵੱਖ ਪਿੰਡਾਂ ਦੀਆਂ ਸੰਗਤਾਂ ਵੱਲੋਂ ਵੱਡੇ ਪੱਧਰ 'ਤੇ ਲੰਗਰ-ਭੰਡਾਰੇ ਅਤੇ ਛਬੀਲਾਂ ਲਾਈਆਂ ਜਾ ਰਹੀਆਂ ਹਨ।



# ਪੰਜਾਬ ਬਚਾਓ ਯਾਤਰਾ 'ਚ ਅਕਾਲੀ ਵਰਕਰਾਂ ਨੇ ਲਿਆ ਹਿੱਸਾ

**ਜਲਾਲਾਬਾਦ, (ਜੀਤ ਕੁਮਾਰ)** : ਸ਼੍ਰੋਮਣੀ ਅਕਾਲੀ ਦਲ (ਬ) ਦੀ ਪੰਜਾਬ ਬਚਾਓ ਯਾਤਰਾ ਜਲਾਲਾਬਾਦ ਪੁੱਜੀ, ਜਿਸ ਵਿੱਚ ਸ਼੍ਰੋਮਣੀ ਅਕਾਲੀ ਦਲ ਦੇ ਪੰਜਾਬ ਪ੍ਰਧਾਨ ਸੁਖਬੀਰ ਸਿੰਘ ਬਾਦਲ ਸਮੇਤ ਵੱਡੀ ਗਿਣਤੀ ਵਿਚ ਅਕਾਲੀ ਨੇਤਾਵਾਂ ਤੇ ਵਰਕਰਾਂ ਨੇ ਹਿੱਸਾ ਲਿਆ। ਇਸ ਯਾਤਰਾ ਦਾ ਸਰਹੱਦੀ ਪੱਟੀ ਦੇ ਲੋਕਾਂ ਨੇ ਸ਼ਾਨਦਾਰ ਸਵਾਗਤ ਕੀਤਾ ਤੇ ਹਜ਼ਾਰਾਂ ਲੋਕ ਸੜਕ ਦੇ ਦੋਵੇਂ ਖੜੇ ਹੋ ਕੇ ਉਨ੍ਹਾਂ ਦੇ ਨਿੱਘੇ ਸਵਾਗਤ ਵਿੱਚ ਜੁਟੇ ਤੇ ਉਨ੍ਹਾਂ ਨਾਲ ਮੁਲਾਕਾਤ ਕਰਦੇ ਰਹੇ, ਜਦੋਂ ਕਿ ਪਾਰਟੀ ਦੇ ਸੈਂਕੜੇ ਆਗੂ ਤੇ ਕਾਰਕੁੰਨ ਪਾਰਟੀ ਪ੍ਰਧਾਨ ਦੇ ਨਾਲ ਯਾਤਰਾ ਵਿੱਚ ਟਰੈਕਟਰ, ਕਾਰਾਂ ਤੇ ਜੀਪਾਂ ਲੈ ਕੇ ਸ਼ਾਮਲ ਹੋਏ।

ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਪੰਜਾਬੀਆਂ ਨੂੰ ਅਪੀਲ ਕੀਤੀ ਕਿ ਆਉਂਦੀਆਂ ਪਾਰਲੀਮਾਨੀ ਚੋਣਾਂ ਵਿੱਚ ਕਾਂਗਰਸ ਤੇ 'ਆਪ' ਉਮੀਦਵਾਰਾਂ ਦੀਆਂ ਜ਼ਮਾਨਤਾਂ ਜ਼ਬਤ ਕਰਵਾ ਕੇ ਦੋਵਾਂ ਪਾਰਟੀਆਂ ਨੂੰ ਕਰਾਰਾ ਸਬਕ ਸਿਖਾਇਆ ਜਾਵੇ। ਸੁਖਬੀਰ ਬਾਦਲ ਨੇ ਹੈਰਾਨੀ ਪ੍ਰਗਟ ਕੀਤੀ ਕਿ ਕਾਂਗਰਸ ਤੇ ਆਪ ਦੋਵਾਂ ਨੇ ਕਿਸ ਤਰੀਕੇ ਨਾਲ ਸਰਹੱਦੀ ਪੱਟੀ ਨੂੰ ਅਣਡਿੱਠ ਕੀਤਾ ਹੈ। ਉਨ੍ਹਾਂ ਕਿਹਾ ਕਿ ਸੂਬੇ ਵਿੱਚ ਅਕਾਲੀ ਦਲ ਦੀ ਸਰਕਾਰ ਬਣਨ 'ਤੇ ਅਸੀਂ ਉਨ੍ਹਾਂ ਸਾਰੇ ਕਾਸ਼ਤਕਾਰਾਂ ਦੇ ਮਾਲਕਾਨਾਂ ਹੱਕ ਬਹਾਲ ਕਰਾਂਗੇ, ਜਿਨ੍ਹਾਂ ਨੂੰ ਹੁਣ ਤੱਕ ਇਹ ਹੱਕ ਨਹੀਂ ਮਿਲੇ। ਉਨ੍ਹਾਂ ਕਿਹਾ ਕਿ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਇਹ ਪ੍ਰਕਿਰਿਆ ਆਰੰਭ ਕੀਤੀ ਸੀ, ਪਰ ਫਿਰ ਕਾਂਗਰਸ ਦੀ ਸਰਕਾਰ ਆ ਗਈ, ਜਿਸਨੇ ਤੁਹਾਨੂੰ ਮਾਲਕਾਨਾ ਹੱਕ ਦੇਣ ਤੋਂ ਨਾਂਹ ਕਰ ਦਿੱਤੀ। ਉਨ੍ਹਾਂ ਕਿਹਾ ਕਿ ਅਸੀਂ ਸਾਡੀ ਸਰਕਾਰ ਬਣਨ 'ਤੇ ਇਹ ਹੱਕ ਤੁਹਾਨੂੰ ਤੁਰੰਤ ਦੇ ਦਿਆਂਗੇ।ਬਾਦਲ ਨੇ ਹੈਰਾਨੀ ਪ੍ਰਗਟ ਕੀਤੀ ਕਿ ਸੇਵਾ ਕੇਂਦਰ ਤੇ ਸੁਵਿਧਾ ਕੇਂਦਰ ਜੋ ਅਕਾਲੀ ਦਲ ਦੀ ਸਰਕਾਰ ਸਮੇਂ ਸਰਹੱਦੀ ਪੱਟੀ ਵਿੱਚ ਖੋਲ੍ਹੇ ਗਏ ਸਨ, ਉਹ ਬੰਦ ਕਰ ਦਿੱਤੇ ਗਏ ਹਨ। ਉਨ੍ਹਾਂ ਕਿਹਾ ਕਿ ਉਨ੍ਹਾਂ ਨੂੰ ਲੋਕਾਂ ਨੇ ਆ ਕੇ ਦੱਸਿਆ ਕਿ ਉਨ੍ਹਾਂ ਨੂੰ ਤਾਂ ਪੀਣ ਵਾਲਾ ਸਾਫ਼ ਪਾਣੀ ਵੀ ਨਹੀਂ ਮਿਲ ਰਿਹਾ, ਕਿਉਂਕਿ ਅਕਾਲੀ ਦਲ ਵੱਲੋਂ ਲਾਏ ਆਰ ਓ ਪਲਾਂਟ ਵੀ ਬੰਦ ਪਏ ਹਨ। ਅਨੇਕਾਂ ਲੋਕਾਂ ਨੇ ਇਹ ਵੀ ਦਾਅਵਾ ਕੀਤਾ ਕਿ ਆਟਾ-ਦਾਲ ਤੇ ਬੁਢਾਪਾ ਪੈਨਸ਼ਨ ਵਰਗੀਆਂ ਸਮਾਜ ਭਲਾਈ ਸਕੀਮਾਂ ਦਾ ਲਾਭ ਵੀ ਉਨ੍ਹਾਂ ਨੂੰ ਨਹੀਂ ਦਿੱਤਾ ਜਾ ਰਿਹਾ। ਉਨ੍ਹਾਂ ਕਿਹਾ ਕਿ ਇਹ ਬਹੁਤ ਹੀ ਨਿੰਦਣਯੋਗ ਹੈ ਤੇ ਅਸੀਂ ਲੋਕਾਂ ਲਈ ਇਹ ਸਹੂਲਤਾਂ ਬਹਾਲ ਕਰਨ ਵਾਸਤੇ ਵਚਨਬੱਧ ਹਾਂ।



# ਕਿਸਾਨ ਮੇਲਾ ਖੇਤੀਬਾੜੀ 'ਵਰਸਿਟੀ ਵਿਖੇ ਭਲਕ ਤੋਂ

**ਲੁਧਿਆਣਾ (ਰਾਜ ਸਿੰਗਲਾ)** ਪੀ.ਏ.ਯੂ. ਵੱਲੋਂ 14 ਅਤੇ 15 ਮਾਰਚ ਨੂੰ ਲਾਏ ਜਾ ਰਹੇ ਕਿਸਾਨ ਮੇਲੇ ਵਿਚ ਪੰਜਾਬ ਦੇ ਅਗਾਂਹਵਧੂ ਕਿਸਾਨਾਂ ਅਤੇ ਕਿਸਾਨ ਬੀਬੀਆਂ ਨੂੰ ਸਨਮਾਨਤ ਕੀਤਾ ਜਾ ਰਿਹਾ ਹੈ। ਇਨ੍ਹਾਂ ਕਿਸਾਨਾਂ ਤੇ ਕਿਸਾਨ ਬੀਬੀਆਂ ਨੇ ਪੰਜਾਬ ਦੀ ਖੇਤੀ ਨੂੰ ਵਿਕਸਤ ਦਿਸ਼ਾ ਵਿੱਚ ਤੋਰਨ ਲਈ ਨਾ ਸਿਰਫ਼ ਅਹਿਮ ਭੂਮਿਕਾ ਨਿਭਾਈ ਬਲਕਿ ਰਵਾਇਤੀ ਖੇਤੀ 'ਚੋਂ ਹਟ ਕੇ ਸਹਾਇਕ ਕਿੱਤਿਆਂ ਤੇ ਹੋਰ ਤਰੀਕਿਆਂ ਨਾਲ ਆਪਣੇ ਪਰਵਾਰ ਦੀ ਆਮਦਨ ਵਿੱਚ ਜ਼ਿਕਰਯੋਗ ਵਾਧਾ ਕੀਤਾ। ਇਸ ਬਾਰੇ ਜਾਣਕਾਰੀ ਦਿੰਦਿਆਂ ਨਿਰਦੇਸ਼ਕ ਪਸਾਰ ਸਿੱਖਿਆ ਡਾ. ਮੱਖਣ ਸਿੰਘ ਭੁੱਲਰ ਨੇ ਦੱਸਿਆ ਕਿ ਇਨ੍ਹਾਂ ਕਿਸਾਨਾਂ ਤੇ ਕਿਸਾਨ ਬੀਬੀਆਂ ਦਾ ਸਨਮਾਨ ਮੇਲੇ ਦੇ ਉਦਘਾਟਨੀ ਸਮਾਰੋਹ ਵਿਚ ਕੀਤਾ ਜਾਵੇਗਾ। ਇਨ੍ਹਾਂ ਨੂੰ ਮੁੱਖ ਮੰਤਰੀ ਪੁਰਸਕਾਰ, ਸੀ ਆਰ ਆਈ ਪੰਪਜ਼ ਪੁਰਸਕਾਰ, ਸਰਦਾਰਨੀ ਪ੍ਰਕਾਸ਼ ਕੌਰ ਸਰਾਂ ਪੁਰਸਕਾਰ ਤੇ ਜਥੇਦਾਰ ਗੁਰਦਿੱਤਾ ਸਿੰਘ ਮਾਹਲ ਯਾਦਗਾਰੀ ਪੁਰਸਕਾਰ ਪ੍ਰਦਾਨ ਕੀਤੇ ਜਾਣਗੇ। ਡਾ. ਭੁੱਲਰ ਨੇ ਦੱਸਿਆ ਕਿਹਾ ਕਿ ਇਨ੍ਹਾਂ ਵਿੱਚ ਜਥੇਦਾਰ ਗੁਰਦਿੱਤਾ ਸਿੰਘ ਮਾਹਲ ਪੁਰਸਕਾਰ ਖੇਤਰੀ ਖੋਜ ਕੇਂਦਰ ਬਠਿੰਡਾ ਦੇ ਕਿਸਾਨ ਮੇਲੇ ਵਿੱਚ ਦਿੱਤਾ ਜਾਵੇਗਾ।

ਇਨ੍ਹਾਂ ਵਿੱਚ ਬਾਗਬਾਨੀ ਲਈ ਮੁੱਖ ਮੰਤਰੀ ਪੁਰਸਕਾਰ ਜਗਤਾਰ ਸਿੰਘ ਸਪੁੱਤਰ ਭਗਵਾਨ ਸਿੰਘ ਜ਼ਿਲ੍ਹਾ ਫ਼ਰੀਦਕੋਟ ਦੇ ਪਿੰਡ ਅਰਾਈਆਂ ਵਾਲਾ ਕਲਾਂ ਨੂੰ ਦਿੱਤਾ ਜਾਵੇਗਾ। ਇਸ ਕਿਸਾਨ ਨੇ ਗ੍ਰੈਜੂਏਸ਼ਨ ਤੱਕ ਵਿੱਦਿਅਕ ਯੋਗਤਾ ਹਾਸਲ ਕਰਨ ਤੋਂ ਬਾਅਦ ਪਿਤਾ ਪੁਰਖੀ ਕਿੱਤੇ ਵਾਹੀ ਨਾਲ ਜੁੜਨ ਦਾ ਫੈਸਲਾ ਕੀਤਾ ਅਤੇ ਇਨ੍ਹਾਂ 41 ਕਿੱਲੇ ਦੀ ਪੁਸ਼ਤੈਨੀ ਜ਼ਮੀਨ ਨਾਲ ਠੇਕੇ ਉੱਤੇ ਲੈ ਕੇ 100 ਏਕੜ ਦੇ ਕਰੀਬ ਲੈ ਕੇ ਬਾਗਬਾਨੀ ਫਸਲਾਂ ਦੀ ਕਾਸ਼ਤ ਵੱਲ ਵਿਸ਼ੇਸ਼ ਧਿਆਨ ਦਿੱਤਾ। ਬਾਗ਼ਬਾਨੀ ਫ਼ਸਲਾਂ ਲਈ ਹੀ ਮੁੱਖ ਮੰਤਰੀ ਪੁਰਸਕਾਰ ਸਾਂਝੇ ਰੂਪ ਵਿੱਚ ਧੰਨਾ ਸਿੰਘ ਸਪੁੱਤਰ ਜਗਦੇਵ ਸਿੰਘ ਜ਼ਿਲ੍ਹਾ ਸੰਗਰੂਰ ਦੇ ਪਿੰਡ ਉਗਰਾਹਾਂ ਨੂੰ ਦਿੱਤਾ ਜਾਵੇਗਾ। ਇਸ ਛੋਟੇ ਕਿਸਾਨ ਨੇ ਵਿਸ਼ੇਸ਼ ਤੌਰ 'ਤੇ ਸਬਜ਼ੀਆਂ ਦੀ ਪਨੀਰੀ ਤੇ ਸਬਜ਼ੀਆਂ ਦੇ ਉਤਪਾਦਨ ਦੇ ਖੇਤਰ ਵਿੱਚ ਆਪਣੀ ਮਿਹਨਤ ਨਾਲ ਵਿਸ਼ੇਸ਼ ਤੌਰ 'ਤੇ ਪੈੜਾਂ ਪਾਈਆਂ। ਸਾਢੇ ਚਾਰ ਏਕੜ ਦੀ ਮਾਲਕੀ ਵਾਲੇ ਇਸ ਕਿਸਾਨ ਨੇ ਪੰਜ ਏਕੜ ਜ਼ਮੀਨ ਠੇਕੇ 'ਤੇ ਲੈ ਕੇ ਆਪਣੀ ਰੋਜ਼ੀ ਰੋਟੀ ਨੂੰ ਚਲਾਇਆ ਹੈ। ਫ਼ਸਲ ਉਤਪਾਦਨ ਅਤੇ ਸਹਾਇਕ ਕਿੱਤਿਆਂ ਲਈ ਮੁੱਖ ਮੰਤਰੀ ਪੁਰਸਕਾਰ ਜ਼ਿਲ੍ਹਾ ਹੁਸ਼ਿਆਰਪੁਰ ਦੀ ਦਸੂਹਾ ਤਹਿਸੀਲ ਦੇ ਪਿੰਡ ਫ਼ਤਿਹਉੱਲਾਪੁਰ ਦੇ ਵਸਨੀਕ ਰਣਜੀਤ ਸਿੰਘ ਬਾਜਵਾ ਸਪੁੱਤਰ ਅਮਰ ਸਿੰਘ ਨੂੰ ਦਿੱਤਾ ਜਾਵੇਗਾ।

# ਵਿਦਿਆਰਥੀਆਂ ਨੂੰ ਸਮਾਜ ਤੇ ਉਸਾਰੂ ਰਾਜਨੀਤੀ 'ਚ ਸਰਗਰਮ ਹਿੱਸਾ ਲੈਣਾ ਚਾਹੀਦਾ : ਪ੍ਰੋ. ਵਾਲੀਆ

**ਸਮਰਾਲਾ, (ਸੁਰਜੀਤ ਸਿੰਘ)** ਜੀਐਨ ਗਰਲਜ਼ ਕਾਲਜ ਵੱਲੋਂ ਵਿਸ਼ੇਸ਼ ਸਮਾਗਮ ਕੀਤਾ ਗਿਆ। ਸਮਾਗਮ ਵਿੱਚ ਡਾਕਟਰ ਹਰਜਿੰਦਰ ਸਿੰਘ ਵਾਲੀਆ ਮੁੱਖ ਮਹਿਮਾਨ ਦੇ ਤੌਰ 'ਤੇ ਸ਼ਾਮਲ ਹੋਏ। ਸਮਾਗਮ ਵਿੱਚ ਵਿਦਿਆਰਥੀਆਂ ਲਈ ਭਾਸ਼ਣ ਪ੍ਰਤੀਯੋਗਤਾ, ਪੋਸਟਰ ਮੇਕਿੰਗ ਤੇ ਖਾਣਾ ਬਣਾਉਣ ਦੀ ਕਲਾ ਦੇ ਮੁਕਾਬਲੇ ਕਰਾਏ ਗਏ।



ਇਨ੍ਹਾਂ ਮੁਕਾਬਲਿਆਂ ਵਿੱਚ 50 ਦੇ ਕਰੀਬ ਵਿਦਿਆਰਥੀਆਂ ਨੇ ਹਿੱਸਾ ਲਿਆ। ਵਿਦਿਆਰਥੀਆਂ ਦੇ ਭਾਸ਼ਣ ਦਾ ਕੇਂਦਰੀ ਥੀਮ, ਅੰਤਰਰਾਸ਼ਟਰੀ ਨਾਰੀ ਦੇ ਉਸਾਰੂ ਪੱਖ ਨੂੰ ਰੱਖਿਆ ਗਿਆ ਸੀ। ਇਸ ਵਿੱਚ ਹਿੱਸਾ ਲੈਣ ਵਾਲੇ ਵਿਦਿਆਰਥੀਆਂ ਨੇ ਪੰਜਾਬੀ, ਹਿੰਦੀ ਤੇ ਅੰਗਰੇਜ਼ੀ, ਤਿੰਨੇ ਭਾਸ਼ਾਵਾਂ ਵਿੱਚ ਆਪਣੀ ਕਲਾ ਦੇ ਜੌਹਰ ਦਿਖਾਏ। ਪੋਸਟਰ ਮੇਕਿੰਗ ਮੁਕਾਬਲੇ ਵਿੱਚ ਵਿਦਿਆਰਥੀਆਂ ਨੇ ਨਾਰੀ ਦੀ ਵਰਤਮਾਨ ਸਥਿਤੀ ਦੇ ਵਿਸ਼ੇ ਨੂੰ ਲੈ ਕੇ ਚਿੱਤਰ ਬਣਾਏ। ਸਮਾਗਮ ਵਿੱਚ ਨਾਰੀ ਦੇ ਵਿਹਾਰਿਕ ਕੰਮ ਭਾਵ ਖਾਣਾ ਬਣਾਉਣ ਨੂੰ ਲੈ ਕੇ ਵੀ ਵਿਦਿਆਰਥੀਆਂ ਵੱਲੋਂ ਪ੍ਰਦਰਸ਼ਨੀ ਲਗਾਈ ਗਈ।

ਇਸ ਵਿੱਚ ਵੱਖ-ਵੱਖ ਵਿਦਿਆਰਥੀਆਂ ਨੇ ਵੱਖਰੇ ਵੱਖਰੇ ਭਾਰਤੀ ਅਤੇ ਵਿਦੇਸ਼ੀ ਖਾਣਿਆਂ ਨੂੰ ਆਪਣੇ ਹੱਥੀ ਬਣਾ ਕੇ ਆਪਣੇ ਕਲਾ ਦਾ ਪ੍ਰਦਰਸ਼ਨ ਕੀਤਾ। ਸਮਾਗਮ ਦੌਰਾਨ ਕਾਲਜ ਦੇ ਪ੍ਰਿੰਸੀਪਲ ਡਾਕਟਰ ਮੰਜੂ ਵਾਲੀਆ ਨੇ ਆਏ ਵਿਸ਼ੇਸ਼ ਮਹਿਮਾਨ ਦਾ ਸਵਾਗਤ ਕੀਤਾ। ਜੀਐਨ ਗਰਲਜ਼ ਕਾਲਜ ਦੇ ਚੇਅਰਮੈਨ ਡਾਕਟਰ ਸਤਿਨਾਮ ਸਿੰਘ ਸੰਧੂ ਨੇ ਡਾਕਟਰ ਹਰਜਿੰਦਰ ਸਿੰਘ ਵਾਲੀਆ ਦੁਆਰਾ ਅਕਾਦਮਿਕ ਖੇਤਰ ਵਿੱਚ ਅਤੇ ਪੱਤਰਕਾਰੀ ਦੇ ਖੇਤਰ ਵਿੱਚ ਕੀਤੇ ਹੋਏ ਕੰਮਾਂ ਬਾਰੇ ਵਿਸਥਾਰ ਪੂਰਵਕ ਜਾਣਕਾਰੀ ਦਿੱਤੀ। ਡਾਕਟਰ ਹਰਜਿੰਦਰ ਸਿੰਘ ਵਾਲੀਆ ਨੇ ਆਪਣੇ ਭਾਸ਼ਣ ਵਿੱਚ ਬੱਚਿਆਂ ਨੂੰ ਭਵਿੱਖ ਲਈ ਤਿਆਰ ਹੋਣ ਲਈ ਕਈ ਨੁਕਤੇ ਸਮਝਾਏ। ਕਿਸੇ ਵਿਦਿਆਰਥੀ ਨੂੰ ਸਫ਼ਲ ਬਣਨ ਲਈ ਕਿਹੜੇ ਕਿਹੜੇ ਪ੍ਰਮੁੱਖ ਪੱਖ ਧਿਆਨ ਵਿੱਚ ਰੱਖਣੇ ਚਾਹੀਦੇ ਹਨ, ਇਹ ਉਨ੍ਹਾਂ ਦੇ ਭਾਸ਼ਣ ਦਾ ਮੁੱਖ ਮੁੱਦਾ ਰਿਹਾ। ਆਪਣੇ ਭਾਸ਼ਣ ਦੌਰਾਨ ਡਾਕਟਰ ਹਰਜਿੰਦਰ ਸਿੰਘ ਵਾਲੀਆ ਨੇ ਵਿਦਿਆਰਥੀਆਂ ਨੂੰ ਵਿਹਾਰਕ ਸਿੱਖਿਆ ਬਾਰੇ ਜਾਣਕਾਰੀ ਦੇਣ ਦੀ ਕੋਸ਼ਿਸ਼ ਕੀਤੀ। ਉਨ੍ਹਾਂ ਬੋਲਦਿਆਂ ਕਿਹਾ ਕਿ ਹਰ ਵਿਦਿਆਰਥੀ ਨੂੰ ਰਾਜਨੀਤੀ ਅਤੇ ਸਮਾਜ ਦੇ ਅਸਿਸਟੈਂਟ ਪ੍ਰੋਫ਼ੈਸਰ ਸਤਿੰਦਰ ਕੌਰ, ਅਸਿਸਟੈਂਟ ਪ੍ਰੋਫੈਸਰ ਬਲਵਿੰਦਰ ਕੌਰ ਤੇ ਅਸਿਸਟੈਂਟ ਪ੍ਰੋਫੈਸਰ ਜਸਪ੍ਰੀਤ ਕੌਰ ਨੇ ਇਹ ਜ਼ਿੰਮੇਵਾਰੀ ਸਾਂਭੀ। ਵਿਦਿਆਰਥੀਆਂ ਵੱਲੋਂ ਇਸ ਸਮਾਗਮ ਵਿੱਚ ਬੜੇ ਭਾਰੀ ਉਤਸ਼ਾਹ ਨਾਲ ਹਿੱਸਾ ਲਿਆ ਗਿਆ ਤੇ ਮੰਗ ਰੱਖੀ ਕਿ ਭਵਿੱਖ ਵਿੱਚ ਵੀ ਵਿਦਿਆਰਥੀਆਂ ਲਈ ਅਜਿਹੇ ਪ੍ਰੋਗਰਾਮ ਨਿਰੰਤਰ ਤੌਰ 'ਤੇ ਆਯੋਜਿਤ ਕੀਤੇ ਜਾਣੇ ਚਾਹੀਦੇ ਹਨ। ਇਹ ਸਾਰਾ ਸਮਾਗਮ ਅੰਤਰਰਾਸ਼ਟਰੀ ਨਾਰੀ ਦਿਵਸ ਨੂੰ ਸਮਰਪਤ ਰਿਹਾ।

# ਕਰਜ਼ੇ ਤੋਂ ਪ੍ਰੇਸ਼ਾਨ ਕਿਸਾਨ ਨੇ ਕੀਤੀ ਖ਼ੁਦਕੁਸ਼ੀ

**ਲ੍ਹਹਿਰਾਗਾਗਾ (ਰੀਤਵਾਲ)** ਪਿੰਡ ਭੈਣੀ ਗੰਢੂਆਂ ਦੇ ਕਿਸਾਨ ਵੱਲੋਂ ਫਾਹਾ ਲੈ ਕੇ ਆਪਣੀ ਜੀਵਨ ਲੀਲਾ ਸਮਾਪਤ ਕਰਨ ਦਾ ਦੁਖਦਾਈ ਸਮਾਚਾਰ ਹੈ। ਥਾਣਾ ਧਰਮਗੜ੍ਹ ਦੀ ਪੁਲਸ ਤੋਂ ਮਿਲੀ ਜਾਣਕਾਰੀ ਅਨੁਸਾਰ ਜਗਦੀਸ਼ ਸਿੰਘ (45) ਵਾਸੀ ਭੈਣੀ ਗੰਢੂਆਂ ਨੇ ਆਪਣੇ ਘਰ ਵਿਚ ਹੀ ਦਰੱਖਤ ਨਾਲ ਫਾਹਾ ਲੈ ਕੇ ਖ਼ੁਦਕੁਸ਼ੀ ਕਰ ਲਈ। ਇਕੱਤਰ ਜਾਣਕਾਰੀ ਅਨੁਸਾਰ ਮ੍ਰਿਤਕ ਕਿਸਾਨ ਸਿਰਫ਼ ਡੇਢ ਕਨਾਲ ਜ਼ਮੀਨ ਦਾ ਮਾਲਕ ਸੀ ਤੇ ਕਰਜ਼ੇ ਥੱਲੇ ਦੱਬਿਆ ਹੋਇਆ ਸੀ। ਕਿਸਾਨ ਦੇ ਘਰ ਦੇ ਹਾਲਾਤ ਬਹੁਤ ਹੀ ਤਰਸਯੋਗ ਹਨ। ਮ੍ਰਿਤਕ ਕੋਲ ਜ਼ਮੀਨ ਨਾ ਹੋਣ ਕਾਰਨ ਉਹ ਆਪਣੇ ਪਰਵਾਰ ਦੇ ਪਾਲਣ ਪੋਸ਼ਣ ਲਈ ਦਿਹਾੜੀ ਕਰਦਾ ਸੀ। ਦੂਜੇ ਪਾਸੇ ਪੁਲਸ ਵੱਲੋਂ ਮ੍ਰਿਤਕ ਦੀ ਲਾਸ਼ ਨੂੰ ਕਬਜ਼ੇ ਵਿੱਚ ਲੈ ਕੇ ਸਿਵਲ ਹਸਪਤਾਲ ਵਿਖੇ ਪੋਸਟਮਾਰਟਮ ਲਈ ਰਖਵਾ ਕੇ ਮਾਮਲੇ ਦੀ ਪੜਤਾਲ ਕੀਤੀ ਜਾ ਰਹੀ ਹੈ।

# ਝਾੜ ਸਾਹਿਬ ਕਾਲਜ ਦਾ 10+1 ਦਾ ਨਤੀਜਾ ਸ਼ਾਨਦਾਰ ਰਿਹਾ





**ਮਾਛੀਵਾੜਾ ਸਾਹਿਬ, (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਸਾਹਿਬ ਅਧੀਨ ਚੱਲ ਰਹੀ ਸੰਸਥਾ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਫਾਰ ਵਿਮੈਨ, ਝਾੜ ਸਾਹਿਬ 10+1 ਦੀਆਂ ਵਿਦਿਆਰਥਣਾਂ ਦਾ ਨਤੀਜਾ ਸ਼ਾਨਦਾਰ ਰਿਹਾ। ਮੈਡੀਕਲ ਗਰੁੱਪ ਦੀ ਡੌਲੀ ਸ਼ਰਮਾ ਨੇ 92.06 ਫ਼ੀਸਦੀ ਅੰਕ ਪ੍ਰਾਪਤ ਕਰਕੇ ਪਹਿਲਾ, ਮਨਜੋਤ ਕੌਰ ਨੇ 91.02 ਫੀਸਦੀ ਅੰਕ ਪ੍ਰਾਪਤ ਕਰਕੇ ਦੂਜਾ ਤੇ ਪ੍ਰਭਜੋਤ ਕੌਰ ਨੇ 90.08 ਫੀਸਦੀ ਅੰਕ ਪ੍ਰਾਪਤ ਕਰਕੇ ਤੀਜਾ ਸਥਾਨ ਪ੍ਰਾਪਤ ਕੀਤਾ।

ਕਾਮਰਸ ਗਰੁੱਪ ਦੀ ਸਿਮਰਨ ਕੌਰ ਨੇ 97 ਫ਼ੀਸਦੀ ਅੰਕ ਪ੍ਰਾਪਤ ਕਰਕੇ ਪਹਿਲਾ, ਜਸਪ੍ਰੀਤ ਕੌਰ ਨੇ 90.08 ਫੀਸਦੀ ਅੰਕ ਪ੍ਰਾਪਤ ਕਰਕੇ ਦੂਜਾ ਤੇ ਤਰਨਬੀਰ ਕੌਰ ਨੇ 84.08 ਫ਼ੀਸਦੀ ਅੰਕ ਪ੍ਰਾਪਤ ਕਰਕੇ ਤੀਜਾ ਸਥਾਨ ਪ੍ਰਾਪਤ ਕੀਤਾ।

ਆਰਟਸ ਗਰੁੱਪ ਦੀ ਜਸਪ੍ਰੀਤ ਕੌਰ ਨੇ 92.4 ਫ਼ੀਸਦੀ ਅੰਕ ਪ੍ਰਾਪਤ ਕਰਕੇ ਪਹਿਲਾ, ਅਨਿਕਾ ਨੇ 88.02 ਫੀਸਦੀ ਅੰਕ ਪ੍ਰਾਪਤ ਕਰਕੇ ਦੂਜਾ ਅਤੇ ਜਸਲੀਨ ਕੌਰ ਨੇ 87 ਫ਼ੀਸਦੀ ਅੰਕ ਪ੍ਰਾਪਤ ਕਰਕੇ ਤੀਜਾ ਸਥਾਨ ਪ੍ਰਾਪਤ ਕੀਤਾ। ਇਸ ਨਤੀਜੇ ਮੌਕੇ ਵਿਦਿਆਰਥਣਾਂ ਦੇ ਮਾਤਾ-ਪਿਤਾ ਵਿਸ਼ੇਸ਼ ਤੌਰ 'ਤੇ ਪਹੁੰਚੇ। ਇਸ ਮੌਕੇ ਕਾਲਜ ਪ੍ਰਿੰਸੀਪਲ ਡਾ. ਰਜਿੰਦਰ ਕੌਰ ਤੇ ਕਾਲਜ ਦੇ ਲੋਕਲ ਕਮੇਟੀ ਸਾਹਿਬਾਨਾਂ ਨੇ ਇਸ ਪ੍ਰਾਪਤੀ 'ਤੇ ਵਿਦਿਆਰਥਣਾਂ, ਉਨ੍ਹਾਂ ਦੇ ਮਾਪਿਆਂ ਤੇ ਸਮੂਹ ਸਟਾਫ਼ ਨੂੰ ਵਧਾਈ ਦਿੱਤੀ। ਉਨ੍ਹਾਂ ਵਿਦਿਆਰਥਣਾਂ ਨੂੰ ਸ਼ੁਭ ਇੱਛਾਵਾਂ ਦਿੰਦੇ ਹੋਏ ਕਿਹਾ ਕਿ ਵਿਦਿਆਰਥਣਾਂ ਭਵਿੱਖ ਵਿਚ ਵੀ ਇਸੇ ਤਰ੍ਹਾਂ ਮਿਹਨਤ ਕਰਕੇ ਆਪਣੀ ਸੰਸਥਾ ਦਾ ਨਾਂਅ ਰੌਸ਼ਨ ਕਰਨਗੀਆਂ। ਇਹ ਪ੍ਰਾਪਤੀ ਵਿਦਿਆਰਥਣਾਂ ਦੁਆਰਾ ਕੀਤੀ ਗਈ ਸਖ਼ਤ ਮਿਹਨਤ, ਦ੍ਰਿੜ ਲਗਨ ਅਤੇ ਅਧਿਆਪਕ ਸਾਹਿਬਾਨਾਂ ਵੱਲੋਂ ਪੂਰੀ ਈਮਾਨਦਾਰੀ ਨਾਲ ਕਰਵਾਈ ਗਈ ਪੜ੍ਹਾਈ ਤੇ ਆਤਮ ਸਮਰਪਣ ਦਾ ਨਤੀਜਾ ਹੈ।

# ਲੋਕ ਸਾਹਿਤ ਅਕਾਦਮੀ ਮੋਗਾ, ਸਾਹਿਤਕ ਸੰਸਥਾਵਾਂ ਤੇ ਐੱਨ ਆਰ ਆਈਜ਼ ਦਾ ਸਾਹਿਤਕ ਸਮਾਗਮ

**ਮੋਗਾ (ਇਕਬਾਲ ਸਿੰਘ ਖਹਿਰਾ)**- ਲੋਕ ਸਾਹਿਤ ਅਕਾਦਮੀ, ਮੋਗਾ ਦੀਆਂ ਸਮੂਹ ਸਾਹਿਤਕ ਸੰਸਥਾਵਾਂ ਤੇ ਐਨ.ਆਰ.ਆਈਜ਼ ਨੇ ਸੁਤੰਤਰਤਾ ਸੰਗਰਾਮੀ ਭਵਨ ਮੋਗਾ ਵਿਖੇ ਸਾਹਿਤਕ ਸਮਾਗਮ ਰਚਿਆ। ਇਸ ਸਾਹਿਤਕ ਸਮਾਗਮ ਵਿਚ ਲਿਖਾਰੀ ਸਭਾ, ਮਹਿੰਦਰ ਸਾਥੀ ਯਾਦਗਾਰੀ ਮੰਚ, ਲੋਹਮਣੀ ਅਦਾਰਿਆਂ ਨਾਲ ਸਬੰਧਤ ਅਹੁਦੇਦਾਰ ਸਾਹਿਤਕਾਰ ਸ਼ਾਮਲ ਹੋਏ। ਸਾਹਿਤਕ ਸਮਾਗਮ ਦੇ ਪ੍ਰਧਾਨਗੀ ਮੰਡਲ ਵਿਚ ਕੇ ਐਲ ਗਰਗ, ਬਲਦੇਵ ਸੜਕਨਾਮਾ, ਗੁਰਬਚਨ ਸਿੰਘ ਚਿੰਤਕ (ਕੈਨੇਡਾ), ਸਾਧੂ ਸਿੰਘ ਸੰਘਾ (ਯੂ ਐਸ ਏ), ਬਲਦੇਵ ਸਿੰਘ ਬੁੱਧ ਸਿੰਘ ਵਾਲਾ (ਹਾਂਗਕਾਂਗ), ਡਾ ਸੁਰਜੀਤ ਬਰਾੜ ਤੇ ਗੁਰਚਰਨ ਸਿੰਘ ਸੰਘਾ ਸ਼ਾਮਲ ਸਨ। ਮੰਚ ਦਾ ਸੰਚਾਲਨ ਚਰਨਜੀਤ ਸਮਾਲਸਰ ਨੇ ਕੀਤਾ। ਸਾਹਿਤਕ ਸਮਾਗਮ ਦਾ ਆਰੰਭ ਦਰਸ਼ਨ ਸਿੰਘ ਸੰਘਾ ਅਤੇ ਰਣਜੀਤ ਸਰਾਂਵਾਲੀ ਦੀਆਂ ਰਚਨਾਵਾਂ ਨਾਲ ਹੋਇਆ। ਡਾ. ਸੁਰਜੀਤ ਬਰਾੜ ਨੇ ਸਾਧੂ ਸਿੰਘ ਸੰਘਾ (ਯੂ ਐਸ ਏ) ਦੇ ਨਾਵਲ "ਗਰੀਨ ਕਾਰਡ" ਸਬੰਧੀ ਅਲੋਚਨਾਤਮਕ ਪੇਪਰ ਪੜ੍ਹਿਆ। ਪ੍ਰਵਾਸ ਦੇ ਕਾਰਨ ਤੇ ਗੈਰ ਕਨੂੰਨੀ ਪਰਵਾਸੀਆਂ ਦੀਆਂ ਮੁਸ਼ਕਲਾਂ ਬਾਰੇ ਵਿਚਾਰ ਚਰਚਾ ਹੋਈ। ਜਿਸ ਵਿਚ ਕੇ ਐਲ ਗਰਗ ਨੇ ਕਿਹਾ ਕਿ ਚੇਤਨਤਾ ਰੱਖਣ ਵਾਲੇ ਲੇਖਕਾਂ ਨੂੰ ਵਧ ਰਹੇ ਪ੍ਰਵਾਸ ਬਾਰੇ ਸੋਚਣ ਦੀ ਲੋੜ ਹੈ। ਬਲਦੇਵ ਸੜਕਨਾਮਾ ਨੇ ਕਿਹਾ ਕਿ ਪ੍ਰਵਾਸ ਤੋਂ ਗਰੀਨ ਕਾਰਡ ਹਾਸਲ ਕਰਨ ਤੱਕ ਦਾ ਸਫ਼ਰ ਬੜਾ ਪੇਚੀਦਾ ਤੇ ਜੋਖਮ ਭਰਪੂਰ ਹੈ। ਗੁਰਮੀਤ ਕੜਿਆਲਵੀ ਨੇ ਕਿਹਾ ਕਿ ਵਧ ਰਿਹਾ ਪ੍ਰਵਾਸ ਚਿੰਤਾ ਦਾ ਵਿਸ਼ਾ ਹੈ। ਇਸ ਉਪਰ ਚਰਚਾ ਕਰਵਾਈ ਜਾਣੀ ਚਾਹੀਦੀ ਹੈ। ਗੁਰਚਰਨ ਸਿੰਘ ਸੰਘਾ ਨੇ ਕਿਹਾ ਕਿ ਕੇਂਦਰੀ ਸਰਕਾਰ/ਰਾਜ ਸਰਕਾਰਾਂ ਵਲੋਂ ਰੋਜ਼ਗਾਰ ਲਈ ਠੋਸ ਪ੍ਰਬੰਧ ਨਾ ਕਰਨ ਕਰਕੇ ਨੌਜਵਾਨ ਵਰਗ ਵਿਦੇਸ਼ਾ ਵੱਲ ਭੱਜ ਰਿਹਾ। ਅਸ਼ੋਕ ਚਟਾਨੀ ਨੇ ਕਿਹਾ ਕਿ ਪ੍ਰਵਾਸ ਗੰਭੀਰ ਮੁੱਦਾ ਹੈ। ਸਾਧੂ ਸਿੰਘ ਸੰਘਾ (ਯੂ ਐਸ ਏ) ਨੇ ਲੇਖਕਾਂ ਦੇ ਰੂਬਰੂ ਹੁੰਦਿਆਂ ਨਾਵਲ "ਗਰੀਨ ਕਾਰਡ" ਦੇ ਲਿਖਣ ਦੇ ਮੁੱਖ ਕਾਰਨ ਬਾਰੇ ਦੱਸਦਿਆਂ ਕਿਹਾ ਕਿ ਰੋਟੀ ਰੋਜ਼ੀ ਲਈ ਆਪਣਾ ਦੇਸ਼ ਛੱਡ ਕੇ, ਏਜੰਟਾਂ ਰਾਹੀਂ ਗੈਰ ਕਨੂੰਨੀ ਢੰਗ ਤਰੀਕਿਆਂ ਨਾਲ ਪ੍ਰਦੇਸ਼ਾਂ ਵਿਚ ਜਾ ਕੇ ਜਾਨ ਹੂਲਵੀਆਂ ਹਾਲਤਾਂ ਦਾ ਸਿਰੜ ਤਰੀਕੇ ਨਾਲ ਸਾਹਮਣਾ ਕਰਨ ਵਾਲੇ ਕਿਰਤੀਆਂ/ਨੌਜਵਾਨਾਂ ਤੋਂ ਪ੍ਰੇਰਨਾ ਮਿਲੀ। ਬਲਦੇਵ ਸਿੰਘ ਬੁੱਧ ਸਿੰਘ ਵਾਲਾ (ਹਾਂਗਕਾਂਗ) ਨੇ ਆਪਣੇ ਨਾਵਲ "ਜੰਗੀ ਕੈਦੀ" ਬਾਰੇ ਗੱਲਬਾਤ ਕੀਤੀ।



# ਸਕੂਲ ਦੇ ਉਦਘਾਟਨ ਤੋਂ ਪਹਿਲਾਂ ਚੋਰਾਂ ਨੇ ਕੀਤਾ ਕਾਰਾ

**ਮਾਛੀਵਾੜਾ ਸਾਹਿਬ, (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)** ਬੱਸ ਸਟੈਂਡ ਨੇੜੇ ਸ਼ਹਿਰ ਦੇ ਸਭ ਤੋਂ ਵੱਧ ਸੁੰਦਰ ਤੇ ਸੇਫ਼ ਸਮਝੇ ਜਾਂਦੇ ਜੇ.ਐੱਸ ਨਗਰ ਵਿਖੇ ਡੀ.ਪੀ.ਐੱਸ. ਸਕੂਲ ਵਿਚ ਚੋਰਾਂ ਵਲੋਂ ਉਦਘਾਟਨ ਤੋਂ ਪਹਿਲਾਂ ਹੀ ਆਪਣੀ ਚੋਰੀ ਦੀ ਕਰਾਮਾਤ ਦਿਖਾਉਂਦਿਆਂ ਏ.ਸੀ, ਐੱਲ.ਈ.ਡੀ. ਅਤੇ ਬਾਥਰੂਮ ਦੀਆਂ ਟੂਟੀਆਂ ਤੱਕ 'ਤੇ ਹੱਥ ਸਾਫ਼ ਕਰ ਦਿੱਤਾ।

ਡੀ.ਪੀ.ਐੱਸ. ਸਕੂਲ ਵਲੋਂ ਜੇ.ਐੱਸ. ਨਗਰ ਵਿਖੇ ਇੱਕ ਕੋਠੀ ਵਿਚ ਆਪਣੀ ਨਵੀਂ ਬ੍ਰਾਂਚ ਖੋਲ੍ਹੀ ਗਈ ਸੀ, ਜਿਸ ਵਿਚ ਬੱਚਿਆਂ ਦਾ ਦਾਖਲਾ ਚੱਲ ਰਿਹਾ ਸੀ।

ਜਾਣਕਾਰੀ ਅਨੁਸਾਰ ਜੇ.ਐੱਸ. ਨਗਰ ਵਿਖੇ ਇੱਕ ਕੋਠੀ ਵਿੱਚ ਡੀ.ਪੀ.ਐੱਸ. ਸਕੂਲ ਦੇ ਅਧਿਆਪਕਾਂ ਨੇ ਕੁਝ ਦਿਨ ਪਹਿਲਾਂ ਹੀ ਇੱਥੇ ਦਾਖਲਾ ਪ੍ਰਕਿਰਿਆ ਸ਼ੁਰੂ ਕੀਤੀ ਸੀ ਤੇ ਮਾਪੇ ਆਪਣੇ ਬੱਚਿਆਂ ਨੂੰ ਦਾਖਲ ਕਰਾਉਣ ਲਈ ਆ ਰਹੇ ਸਨ। ਬੀਤੀ ਸ਼ਾਮ ਸਕੂਲ ਅਧਿਆਪਕਾਂ ਕੋਠੀ ਨੂੰ ਤਾਲਾ ਲਾ ਕੇ ਗਏ ਅਤੇ ਜਦੋਂ ਸਵੇਰੇ ਆ ਕੇ ਦੇਖਿਆ ਤਾਂ ਕੋਠੀ ਅੰਦਰਲੇ ਦਰਵਾਜ਼ੇ ਦੇ ਤਾਲੇ ਤੋੜੇ ਹੋਏ ਸਨ ਤੇ ਅੰਦਰ ਚੰਗੀ ਤਰ੍ਹਾਂ ਫਰੋਲਾ-ਫਰਾਲੀ ਕੀਤੀ ਹੋਈ ਸੀ। ਸਕੂਲ ਪ੍ਰਬੰਧਕ ਕਰਨਲ ਐੱਨ.ਕੇ. ਮੋਹਨ ਨੇ



ਦੱਸਿਆ ਕਿ ਚੋਰ ਨਵੀਂ ਲਾਈ ਐੱਲ.ਈ.ਡੀ. ਚੋਰੀ ਕਰਕੇ ਲੈ ਗਏ ਤੇ ਕੋਠੀ ਮਾਲਕਾਂ ਵਲੋਂ ਜੋ ਪਹਿਲਾਂ ਇੱਥੇ 2 ਏ.ਸੀ. ਲਾਏ ਸਨ, ਉਨ੍ਹਾਂ 'ਚੋਂ ਕੰਪਰੈਸ਼ਰ ਖੋਲ੍ਹ ਕੇ ਲੈ ਗਏ।

ਚੋਰਾਂ ਨੇ ਬਾਥਰੂਮ ਵਿੱਚ ਲੱਗੀਆਂ ਟੂਟੀਆਂ ਵੀ ਖੋਲ੍ਹ ਲਈਆਂ ਤੇ ਉਹ ਵੀ ਚੋਰੀ ਕਰਕੇ ਲੈ ਗਏ। ਚੋਰਾਂ ਨੇ ਬੜੇ ਅਰਾਮ ਨਾਲ ਵਾਰਦਾਤ ਨੂੰ ਅੰਜਾਮ ਦਿੱਤਾ। ਇਸ ਤੋਂ ਇਲਾਵਾ ਹੋਰ ਵੀ ਕੋਠੀ ਦੀਆਂ ਅਲਮਾਰੀਆਂ ਖੋਲ੍ਹੀਆਂ ਸਨ, ਜਿਨ੍ਹਾਂ ਵਿੱਚ ਮਾਲਕਾਂ ਦਾ ਕੁਝ ਸਮਾਨ ਪਿਆ ਹੋ ਸਕਦਾ ਹੈ, ਜਿਸ ਬਾਰੇ ਉਨ੍ਹਾਂ ਦੇ ਆਉਣ ਤੋਂ ਬਾਅਦ ਹੀ ਪਤਾ ਲੱਗ ਸਕੇਗਾ।

ਪੁਲਸ ਵਲੋਂ ਡੀ.ਪੀ.ਐੱਸ. ਸਕੂਲ ਦੇ ਪ੍ਰਬੰਧਕ ਐੱਨ.ਕੇ. ਮੋਹਨ ਦੇ ਬਿਆਨਾਂ ਦੇ ਅਧਾਰ 'ਤੇ ਕਾਨੂੰਨੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

## ਪਾਰਟੀ ਹੁਕਮ ਕਰੇਗੀ ਤਾਂ ਜ਼ਰੂਰ ਲੜਾਂਗਾ ਲੋਕ ਸਭਾ ਚੋਣ : ਪੰਡੋਰੀ

**ਮਹਿਲ ਕਲਾਂ (ਬਲਵਿੰਦਰ ਵਜੀਦਕੇ)** ਆਮ ਆਦਮੀ ਪਾਰਟੀ ਦੇ ਵਿਧਾਇਕ ਤੇ ਐਸਸੀ ਵਿੰਗ ਪੰਜਾਬ ਦੇ ਸੂਬਾ ਪ੍ਰਧਾਨ ਕੁਲਵੰਤ ਸਿੰਘ ਪੰਡੋਰੀ ਨੇ ਕਿਹਾ ਕਿ ਪੰਜਾਬ ਨੂੰ ਦੋਵੇਂ ਹੱਥੀਂ ਲੁੱਟ ਖਸੁੱਟ ਕੇ ਬਰਬਾਦੀ ਦੇ ਦੌਰ ਵੱਲ ਧੱਕਣ ਵਾਲੇ ਲੋਕ ਹੁਣ ਸਾਨੂੰ ਸਰਕਾਰ ਚਲਾਉਣੀ ਸਿਖਾ ਰਹੇ ਹਨ, ਕਿਉਂਕਿ ਲਮੇਂ ਸਮੇਂ ਤੋਂ 72 ਸਾਲ ਵੱਡੇ ਪੱਧਰ 'ਤੇ ਦੇਸ਼ ਅਤੇ ਸੂਬੇ ਦੇ ਕਾਬਜ ਰਹੀਆਂ ਪਾਰਟੀਆਂ ਨੇ ਪੰਜਾਬ ਦਾ ਸਭ ਤੋਂ ਵੱਡਾ ਨੁਕਸਾਨ ਕੀਤਾ, ਕਿਉਂਕਿ ਹੁਣ ਵੱਡੇ-ਵੱਡੇ ਦਿੱਗਜ ਲੀਡਰ ਪੁਰਾਣੀਆਂ ਪਾਰਟੀਆਂ ਤੋਂ ਖਹਿੜਾ ਛੁਡਵਾ ਚੁੱਕੇ ਹਨ। ਵਿਧਾਇਕ ਕੁਲਵੰਤ ਸਿੰਘ ਪੰਡੋਰੀ ਨੇ ਕਿਹਾ ਕੇ ਸੂਬੇ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਇੱਕ ਸੱਚਾ ਤੇ ਇਮਾਨਦਾਰ ਅਤੇ ਅਗਾਂਹਵਧੂ ਸੋਚ ਰੱਖਣ ਵਾਲੇ ਦਮਦਾਰ ਲੀਡਰ ਹਨ, ਜਿਨ੍ਹਾਂ ਨੇ ਥੋੜ੍ਹੇ ਸਮੇਂ ਅੰਦਰ ਹੀ ਪੰਜਾਬ ਅੰਦਰ ਇਤਿਹਾਸਕ ਕੰਮ ਕਰਕੇ ਆਪਣੇ ਕੀਤੇ ਹੋਏ ਵਾਅਦਿਆਂ ਨੂੰ ਲਗਾਤਾਰ ਪੂਰਾ ਕਰ ਰਹੇ ਹਨ। ਉਨ੍ਹਾਂ ਇੱਕ ਸਵਾਲ ਦੇ ਜਵਾਬ ਵਿੱਚ ਕਿਹਾ ਕਿ ਜੇਕਰ ਪਾਰਟੀ ਉਨ੍ਹਾਂ ਨੂੰ ਲੋਕ ਸਭਾ ਚੋਣ ਲੜਾਉਣ ਲਈ ਕਿਤੇ ਵੀ ਹੁਕਮ ਕਰੇਗੀ ਤਾਂ ਉਹ ਸਿਰ ਮੱਥੇ ਨਿਭਾਉਣਗੇ। ਇਸ ਮੌਕੇ ਬਲਾਕ ਪ੍ਰਧਾਨ ਸਰਬਜੀਤ ਸਿੰਘ ਸ਼ੰਭੂ ਤੇ ਸੋਸ਼ਲ ਮੀਡੀਆ ਬਲਾਕ ਪ੍ਰਧਾਨ ਮੋਹਿਤ ਗਰਗ ਮਹਿਲ ਕਲਾਂ, ਜਗਜੀਵਨ ਸਿੰਘ ਕਲਾਲ ਮਾਜਰਾ ਬਲਾਕ ਮੀਤ ਪ੍ਰਧਾਨ ਸੋਸ਼ਲ ਮੀਡੀਆ, ਸਿਮਰਨਜੀਤ ਸਿੰਘ ਜਨਰਲ ਸਕੱਤਰ ਸੋਸ਼ਲ ਮੀਡੀਆ, ਗੁਰਪ੍ਰੀਤ ਸਿੰਘ, ਜਸਵਿੰਦਰ ਸਿੰਘ, ਚੇਤ ਸਿੰਘ ਤੇ ਹੋਰ ਹਾਜ਼ਰ ਸਨ।


# ਹੋਲੀ ਵਿਸ਼ੇਸ਼ ਰੇਲਗੱਡੀਆਂ ਦੀ ਗਿਣਤੀ ਵਿਚ ਵਾਧਾ

**ਰੇਲਯਾਤਰੀਆਂ ਦੀ ਸੁਵਿਧਾ ਦੇ ਲਈ ਆਗਾਮੀ ਹੋਲੀ ਦੇ ਦੋਰਾਨ ਉੱਤਰ ਰੇਲਵੇ ਦੁਵਾਰਾ ਪਹਿਲੇ ਤੋਂ ਹੀ ਘੋਸ਼ਿਤ ਹੋਲੀ ਵਿਸ਼ੇਸ਼ ਰੇਲਗੱਡੀਆਂ ਦੇ ਇਲਾਵਾ ਹੇਠਾ ਲਿਖੀ ਹੋਲੀ ਵਿਸ਼ੇਸ਼ ਤਿਓਹਾਰ ਵਿਸ਼ੇਸ਼ ਰੇਲਗੱਡੀਆਂ ਦਾ ਵੀ ਸੰਚਾਲਨ ਕੀਤਾ ਜਾਵੇਗਾ, ਜਿਨ੍ਹਾਂ ਦਾ ਪੂਰਾ ਵੇਰਵਾ ਹੇਠਾ ਅਨੁਸਾਰ ਹੈ:-**

| ਰੇਲਗੱਡੀ ਨੰਬਰ | ਸਟੇਸ਼ਨ ਤੋਂ | ਜਾਣ ਦਾ ਸਮਾਂ | ਸਟੇਸ਼ਨ ਤਕ | ਆਉਣ ਦਾ ਸਮਾਂ | ਚਲਨ ਦੇ ਦਿਨ | ਸਮਾਂ | ਜਗ੍ਹਾਂ | ਠਹਿਰਾਵ |
|---|---|---|---|---|---|---|---|---|
| 01053 | ਲੋਕਮਾਨਯ ਤਿਲਕ (ਟ) | 12:15 | ਬਨਾਰਸ | 16:05 | ਬੁੱਧਵਾਰ | 20 ਅਤੇ 27.03.2024 | ਪਹਿਲੀ ਵਾਤਾ., ਵਾਤਾ. 2 ਟੀਯਰ, ਵਾਤਾ. 3 ਟੀਯਰ (ਇਕੋਨਮੀ), ਸਲੀਪਰ ਅਤੇ ਸਮਾਨਯ | ਕਲਿਆਣ, ਇਗਤਪੁਰੀ, ਨਾਸਿਕ ਰੋਡ, ਭੁਸਾਵਲ, ਖੰਡਵਾ, ਇਟਾਰਸੀ, ਪੀਪਰਈਯਾ, ਜਬਲਪੁਰ, ਕਟਨੀ, ਮੈਹਰ, ਸਤਨਾ, ਮਾਨਿਕਪੁਰ ਅਤੇ ਪ੍ਰਯਾਗਰਾਜ ਚਯੋਕੀ ਸਟੇਸ਼ਨ , |
| 01054 | ਬਨਾਰਸ | 20:30 | ਲੋਕਮਾਨਯ ਤਿਲਕ (ਟ) | 23:55 | ਵੀਰਵਾਰ | 14 ਤੋਂ 28.03.2024 ਤਕ | | |
| 01123 | ਲੋਕਮਾਨਯ ਤਿਲਕ (ਟ) | 12:15 | ਗੋਰਖਪੁਰ ਜੰਕਸ਼ਨ | 18:55 | ਸ਼ੁੱਕਰਵਾਰ | 15 ਤੋਂ 29.03.2024 ਤਕ | ਵਾਤਾ. 2 ਟੀਯਰ, ਵਾਤਾ. 3 ਟੀਯਰ ਸਲੀਪਰ ਅਤੇ ਸਮਾਨਯ | ਠਾਣੇ,ਕਲਿਆਣ, ਇਗਤਪੁਰੀ, ਨਾਸਿਕ ਰੋਡ, ਭੁਸਾਵਲ, ਖੰਡਵਾ, ਇਟਾਰਸੀ, ਭੋਪਾਲ, ਬੀਨਾ, ਵੀਰਾਂਗਨਾ ਲਖਸ਼ਮੀ ਝਾਂਸੀ, ਓਰਈ, ਕਾਨਪੁਰ ਸੈਂਟਰਲ, ਲਖਨਊ (ਜੰ:), ਗੋਂਡਾ ਅਤੇ ਬਸਤੀ ਸਟੇਸ਼ਨ। |
| 01124 | ਗੋਰਖਪੁਰ ਜੰਕਸ਼ਨ | 21:15 | ਲੋਕਮਾਨਯ ਤਿਲਕ (ਟ) | 07:25 | ਸ਼ਨੀਵਾਰ | 16 ਤੋਂ 30.03.2024 ਤਕ | | |
| 01103 | ਸੀਐਸਟੀ ਮੁੰਬਈ | 22:35 | ਗੋਰਖਪੁਰ ਜੰਕਸ਼ਨ | 09:30 | ਵੀਰਵਾਰ | 14 ਤੋਂ 28.03.2024 ਤਕ | ਪਹਿਲੀ ਵਾਤਾ., ਵਾਤਾ. 2 ਟੀਯਰ, ਵਾਤਾ. 3 ਟੀਯਰ (ਇਕੋਨਮੀ), ਸਲੀਪਰ ਅਤੇ ਸਮਾਨਯ | ਦਾਦਰ, ਠਾਣੇ, ਕਲਿਆਣ, ਇਗਤਪੁਰੀ, ਨਾਸਿਕ ਰੋਡ, ਭੁਸਾਵਲ, ਖੰਡਵਾ, ਇਟਾਰਸੀ, ਭੋਪਾਲ, ਬੀਨਾ, ਵੀਰਾਂਗਨਾ ਲਖਸ਼ਮਬਾਈ ਝਾਂਸੀ, ਓਰਈ, ਕਾਨਪੁਰ ਸੈਂਟਰਲ, ਲਖਨਊ (ਜੰ:), ਗੋਂਡਾ ਅਤੇ ਬਸਤੀ ਸਟੇਸ਼ਨ। |
| 01104 | ਗੋਰਖਪੁਰ ਜੰਕਸ਼ਨ | 15:30 | ਸੀਐਸਟੀ ਮੁੰਬਈ | 00:40 | ਸ਼ਨੀਵਾਰ | 16 ਤੋਂ 30.03.2024 ਤਕ | | |
| 05115 | ਛਪਰਾ | 17:45 | ਆਨੰਦ ਵਿਹਾਰ (ਟ) | 11:50 | ਬੁੱਧਵਾਰ | 20 ਅਤੇ 27.03.2024 | ਵਾਤਾ. 2 ਟੀਯਰ, ਵਾਤਾ. 3 ਟੀਯਰ ਸਲੀਪਰ ਅਤੇ ਸਮਾਨਯ | ਸਿਵਾਨ, ਦੇਵਰਿਯਾ, ਗੋਰਖਪੁਰ ਜੰ:, ਖਲੀਲਾਬਾਦ, ਬਸਤੀ, ਗੋਂਡਾ, ਬੁਢਵਲ ਜੰ:, ਸੀਤਾਪੁਰ ਜੰ:, ਬਰੇਲੀ ਜੰ: ਅਤੇ ਮੁਰਾਦਾਬਾਦ ਸਟੇਸ਼ਨ। |
| 05116 | ਆਨੰਦ ਵਿਹਾਰ (ਟ) | 14:45 | ਛਪਰਾ | 09:30 | ਵੀਰਵਾਰ | 21 ਅਤੇ 28.03.2024 | | |
| 05023 | ਗੋਰਖਪੁਰ ਜੰਕਸ਼ਨ | 21:15 | ਆਨੰਦ ਵਿਹਾਰ (ਟ) | 13:15 | ਐਤਵਾਰ | 24 ਅਤੇ 31.03.2024 | ਵਾਤਾ. 2 ਟੀਯਰ, ਵਾਤਾ. 3 ਟੀਯਰ ਸਲੀਪਰ ਅਤੇ ਸਮਾਨਯ | ਖਲੀਲਾਬਾਦ, ਬਸਤੀ, ਗੋਂਡਾ, ਬੁਢਵਲ ਜੰ:, ਸੀਤਾਪੁਰ ਜੰ:, ਬਰੇਲੀ ਜੰ:, ਮੁਰਾਦਾਬਾਦ ਅਤੇ ਗਾਜ਼ੀਆਬਾਦ ਸਟੇਸ਼ਨ। |
| 05024 | ਆਨੰਦ ਵਿਹਾਰ (ਟ) | 15:15 | ਗੋਰਖਪੁਰ ਜੰਕਸ਼ਨ | 07:30 | ਸੋਮਵਾਰ | 25.03 ਅਤੇ 01.04.2024 | | |
| 05097 | ਟਨਕਪੁਰ | 18:25 | ਦੋਰਾਈ | 13:40 | ਸ਼ੁੱਕਰ, ਸੋਮ, ਬੁੱਧ | 22 ਤੋਂ 29.03.2024 ਤਕ | ਵਾਤਾ. 2 ਟੀਯਰ, ਵਾਤਾ. 3 ਟੀਯਰ ਸਲੀਪਰ ਅਤੇ ਸਮਾਨਯ | ਖਟੀਮਾ, ਪੀਲੀਭੀਤ, ਭੋਜੀਪੁਰਾ, ਇੱਜਤਨਗਰ, ਬਰੇਲੀ ਸਿਟੀ, ਬਰੇਲੀ ਜੰ:, ਚੰਦੋਸੀ, ਮੁਰਾਦਾਬਾਦ, ਗਾਜੀਆਬਾਦ, ਦਿੱਲੀ ਜੰ:, ਦਿੱਲੀ ਕੈਂਟ, ਗੁਰੂਗ੍ਰਾਮ, ਰੇਵਾੜੀ, ਨਾਰਨੌਲ, ਨੀਮ ਕਾ ਥਾਨਾ, ਸ੍ਰੀਮਾਧੋਪੁਰ, ਰਿੰਗਸ ਜੰ:, ਫੁਲੇਰਾ ਜੰ:, ਕਿਸ਼ਨਗੜ੍ਹ ਅਤੇ ਅਜਮੇਰ ਜੰ: ਸਟੇਸ਼ਨ। |
| 05098 | ਦੋਰਾਈ | 16:05 | ਟਨਕਪੁਰ | 09:35 | ਸ਼ਨੀ, ਮੰਗਲ, ਵੀਰ | 23 ਤੋਂ 30.03.2024 ਤਕ | | |
| 05047 | ਬਨਾਰਸ | 19:20 | ਆਨੰਦ ਵਿਹਾਰ (ਟ) | 09:30 | ਮੰਗਲਵਾਰ | 26.03.2024 | ਵਾਤਾ. 3 ਟੀਯਰ ਅਤੇ ਵਾਤਾ. ਕੁਰਸੀਯਾਨ | ਭਦੋਹੀ, ਮਾਂ ਬੇਲਹਾਦੇਵੀ ਧਾਮ ਪ੍ਰਤਾਪਗੜ੍ਹ, ਅਮੇਠੀ ਜੰ:, ਰਾਯਬਰੇਲੀ ਜੰ:, ਲਖਨਊ, ਬਰੇਲੀ ਅਤੇ ਮੁਰਾਦਾਬਾਦ ਸਟੇਸ਼ਨ। |
| 05048 | ਆਨੰਦ ਵਿਹਾਰ (ਟ) | 18:15 | ਬਨਾਰਸ | 08:10 | ਬੁੱਧਵਾਰ | 27.03.2024 | | |
| 05053 | ਗੋਰਖਪੁਰ ਜੰਕਸ਼ਨ | 09:30 | ਬਾਂਦ੍ਰਾ ਟਰਮੀਨਲ | 16:00 | ਸ਼ੁੱਕਰਵਾਰ | 22 ਅਤੇ 29.03.2024 | ਸਮਾਨਯ | ਖਲੀਲਾਬਾਦ, ਬਸਤੀ, ਗੋਂਡਾ, ਬਾਦਸ਼ਾਹ ਨਗਰ, ਏਸ਼ਬਾਗ, ਕਾਨਪੁਰ ਸੈਂਟਰਲ, ਟੂੰਡਲਾ ਜੰ:, ਆਗਰਾ ਫੋਰਟ, ਬਯਾਨਾ, ਗੰਗਾਪੁਰ ਸਿਟੀ, ਕੋਟਾ ਜੰ:, ਭਵਾਨੀ ਮੰਡੀ, ਸਾਮਗੜ੍ਹ, ਨਾਗਦਾ ਜੰ:, ਰਤਲਾਮ ਜੰ:, ਵਡੋਦਰਾ ਜੰ:, ਸੂਰਤ, ਬਲਸਾਡ, ਬਾਪੀ, ਪਾਲਘਰ ਅਤੇ ਬੋਰੀਵਲੀ ਸਟੇਸ਼ਨ। |
| 05054 | ਬਾਂਦ੍ਰਾ ਟਰਮੀਨਲ | 21:45 | ਗੋਰਖਪੁਰ ਜੰਕਸ਼ਨ | 06:25 | ਸ਼ਨੀਵਾਰ | 23 ਅਤੇ 30.03.2024 | | |
| 05005 | ਗੋਰਖਪੁਰ ਜੰਕਸ਼ਨ | 14:40 | ਅੰਮ੍ਰਿਤਸਰ ਜੰਕਸ਼ਨ | 09:30 | ਬੁੱਧਵਾਰ | 20 ਅਤੇ 27.03.2024 | ਵਾਤਾ. 2 ਟੀਯਰ, ਵਾਤਾ. 3 ਟੀਯਰ ਸਲੀਪਰ ਅਤੇ ਸਮਾਨਯ | ਖਲੀਲਾਬਾਦ, ਬਸਤੀ, ਗੋਂਡਾ, ਬੁਢਵਲ ਜੰ:, ਸੀਤਾਪੁਰ ਜੰ:, ਬਰੇਲੀ ਜੰ:, ਮੁਰਾਦਾਬਾਦ, ਸਹਾਰਨਪੁਰ, ਯਮੁਨਾਨਗਰ ਜਗਾਧਰੀ, ਅੰਬਾਲਾ ਕੈਂਟ, ਲੁਧਿਆਣਾ ਜੰ:, ਜਲੰਧਰ ਸਿਟੀ ਅਤੇ ਬਬਯਾਸ ਜੰ: ਸਟੇਸ਼ਨ। |
| 05006 | ਅੰਮ੍ਰਿਤਸਰ ਜੰਕਸ਼ਨ | 12:45 | ਗੋਰਖਪੁਰ ਜੰਕਸ਼ਨ | 08:50 | ਵੀਰਵਾਰ | 21 ਅਤੇ 28.03.2024 | | |
| 05049 | ਛਪਰਾ | 09:55 | ਅੰਮ੍ਰਿਤਸਰ ਜੰਕਸ਼ਨ | 09:30 | ਸ਼ੁੱਕਰਵਾਰ | 22 ਅਤੇ 29.03.2024 | ਵਾਤਾ. 3 ਟੀਯਰ, ਸਲੀਪਰ ਅਤੇ ਸਮਾਨਯ | ਸਿਵਾਨ, ਥਾਵੇ, ਤਮਕੁਹੀ ਰੋਡ, ਪਡਰੋਨਾ, ਕਪਤਾਨਗੰਜ, ਗੋਰਖਪੁਰ ਜੰ:, ਖਲੀਲਾਬਾਦ, ਬਸਤੀ, ਗੋਂਡਾ, ਬੁਢਵਲ ਜੰ:, ਸੀਤਾਪੁਰ ਜੰ:, ਬਰੇਲੀ ਜੰ:, ਮੁਰਾਦਾਬਾਦ, ਸਹਾਰਨਪੁਰ, ਯਮੁਨਾਨਗਰ ਜਗਾਧਰੀ, ਅੰਬਾਲਾ ਕੈਂਟ, ਲੁਧਿਆਣਾ ਜੰ:, ਜਲੰਧਰ ਸਿਟੀ ਅਤੇ ਬਯਾਸ ਸਟੇਸ਼ਨ। |
| 05050 | ਗੋਰਖਪੁਰ ਜੰਕਸ਼ਨ | 12:45 | ਛਪਰਾ | 14:00 | ਸ਼ਨੀਵਾਰ | 23 ਅਤੇ 30.03.2024 | | |
| 05012 | ਗੋਮਤੀ ਨਗਰ | 14:00 | ਛਪਰਾ | 00:05 | ਵੀਰ, ਸ਼ਨੀ, ਸੋਮ, ਬੁੱਧ | 21 ਤੋਂ 27.03.2024 ਤਕ | ਵਾਤਾ. 2 ਟੀਯਰ, ਵਾਤਾ. 3 ਟੀਯਰ ਸਲੀਪਰ ਅਤੇ ਸਮਾਨਯ | ਬਾਰਾਬੰਕੀ, ਬੁਢਵਲ ਜੰ:, ਕਰਨੈਲ ਗੰਜ, ਗੋਂਡਾ, ਮਨਕਾਪੁਰ ਜੰ:, ਬਸਤੀ, ਖਲੀਲਾਬਾਦ, ਗੋਰਖਪੁਰ ਜੰ:, ਪਿਪਰਾਇਚ, ਕਪਤਾਨਗੰਜ, ਰਾਮਕੋਲਾ, ਪਡਰੋਨਾ, ਤਨਕੁਹੀ ਰੋਡ, ਥਾਵੇ, ਘਿਵਾਦੁਬੈਲੀ, ਮਸਰਖ ਅਤੇ ਛਪਰਾ ਕਚਹਰੀ ਸਟੇਸ਼ਨ। |
| 05011 | ਛਪਰਾ | 05:45 | ਗੋਮਤੀ ਨਗਰ | 16:00 | ਸ਼ੁੱਕਰ, ਐਤ, ਮੰਗਲ, ਵੀਰ | 22 ਤੋਂ 28.03.2024 ਤਕ | | |
| 05045 | ਲਾਲ ਕੂੰਆ | 13:10 | ਰਾਜਕੋਟ | 18:10 | ਐਤਵਾਰ | 24 ਅਤੇ 31.03.2024 | ਵਾਤਾ. 2 ਟੀਯਰ, ਵਾਤਾ. 3 ਟੀਯਰ ਸਲੀਪਰ ਅਤੇ ਸਮਾਨਯ | ਕਿਚਛਾ, ਬਹੇਰੀ, ਭੋਜੀਪੁਰਾ, ਇੱਜਤਨਗਰ, ਬਰੇਲੀ ਸਿਟੀ, ਬਰੇਲੀ ਜੰ:, ਬਦਾਯੂ, ਸੋਰੋ ਸ਼ੂਕਰ, ਕਾਸਗੰਜ, ਹਾਥਰਸ ਸਿਟੀ, ਮਥੁਰਾ ਕੈਂਟ, ਮਥੁਰਾ ਜੰ:, ਭਰਤਪੁਰ, ਦੋਸਾ, ਜੈਪੁਰ ਜੰ:, ਫੁਲੇਰਾ ਜੰ:, ਨਵਾ ਸਿਟੀ, ਕੁਚਾਮਨ ਸਿਟੀ, ਮਕਰਾਨਾ ਜੰ:, ਡੇਗਾਨਾ ਜੰ:, ਮੇਹਤਾ ਰੋਡ ਜੰ:, ਗੋਟਨ, ਜੋਧਪੁਰ ਜੰ:, ਸਮਦਡੀ ਜੰ:, ਮੋਕਾਲਸਰ, ਜਾਲੋਰ, ਮੇਦਰਨ, ਮਾਰਵਾੜ, ਭੀਨਾਮਾਲ, ਰਾਨੀਵਾੜਾ, ਘਨੇਰਾ, ਭੀਲੜੀ, ਪਾਟਨ, ਮਹੇਸਾਨਾ ਜੰ:, ਸੁਰੇਂਦਰਨਗਰ ਅਤੇ ਬੀਕਾਨੇਰ ਜੰ: ਸਟੇਸ਼ਨ। |
| 05046 | ਰਾਜਕੋਟ | 22:30 | ਲਾਲ ਕੂੰਆ | 04:05 | ਸੋਮਵਾਰ | 25.03 ਅਤੇ 01.04.2024 | | |
| 05193 | ਛਪਰਾ | 15:20 | ਪਨਵੇਲ | 20:30 | ਵੀਰਵਾਰ | 21 ਅਤੇ 28.03.2024 | ਵਾਤਾ. 3 ਟੀਯਰ (ਇਕੋਨਮੀ), ਸਲੀਪਰ ਅਤੇ ਸਮਾਨਯ | ਬਲਿਯਾ, ਗਾਜੀਪੁਰ ਸਿਟੀ, ਵਾਰਾਣਸੀ ਜੰ:, ਬਨਾਰਸ, ਪ੍ਰਯਾਗਰਾਜ ਜੰ:, ਸਤਨਾ, ਕਟਨੀ, ਜਬਲਪੁਰ, ਇਟਾਰਸੀ ਜੰ:, ਭੁਸਾਵਲ ਜੰ:, ਨਾਸਿਕ ਰੋਡ, ਇਗਤਪੁਰੀ ਅਤੇ ਕਲਿਆਣ ਸਟੇਸ਼ਨ। |
| 05194 | ਪਨਵੇਲ | 21:40 | ਛਪਰਾ | 08:50 | ਸ਼ੁੱਕਰਵਾਰ | 22 ਅਤੇ 29.03.2024 | | |
| 09523 | ਓਖਾ | 10:00 | ਦਿੱਲੀ ਸਰਾਏ ਰੋਹਿਲਾ | 10:10 | ਮੰਗਲਵਾਰ | 19.03.2024 | ਵਾਤਾ. 2 ਟੀਯਰ, ਵਾਤਾ. 3 ਟੀਯਰ (ਇਕੋਨਮੀ), ਸਲੀਪਰ ਅਤੇ ਸਮਾਨਯ | ਦੁਵਾਰਕਾ, ਖੰਭਾਲਿਯਾਂ, ਜਾਮਨਗਰ, ਹਾਪਾ, ਰਾਜਕੋਟ ਜੰ:, ਸੁਰੇਂਦਰਨਗਰ, ਵੀਰਗਮ ਜੰ:, ਮਹੇਸਾਨਾ ਜੰ:, ਉਨਝਾ, ਸਿਦੂਪੁਰ, ਪਾਲਨਪੁਰ ਜੰ:, ਆਬੂ ਰੋਡ, ਫਾਲਨਾ, ਮਾਰਵਾੜ ਜੰ:, ਬਯਾਵਰ, ਅਜਮੇਰ, ਕਿਸ਼ਨਗੜ੍ਹ, ਜੈਪੁਰ ਜੰ:, ਗਾਂਧੀਨਗਰ ਜੈਪੁਰ, ਦੋਸਾ, ਬਾਂਦੀਕੂਈ, ਅਲਵਰ ਅਤੇ ਰੇਵਾੜੀ ਸਟੇਸ਼ਨ। |
| 09524 | ਦਿੱਲੀ ਸਰਾਏ ਰੋਹਿਲਾ | 13:20 | ਓਖਾ | 13:50 | ਬੁੱਧਵਾਰ | 20.03.2024 | | |
| 09525 | ਹਾਪਾ | 00:40 | ਨਾਹਰਲਗੁਨ | 16:00 | ਬੁੱਧਵਾਰ | 20.03.2024 | ਵਾਤਾ. 2 ਟੀਯਰ, ਵਾਤਾ. 3 ਟੀਯਰ ਸਲੀਪਰ ਅਤੇ ਸਮਾਨਯ | ਰਾਜਕੋਟ ਜੰ:, ਬਾਂਕਨੇਰ, ਸੁਰੇਂਦਰਨਗਰ, ਅਹਮਦਾਬਾਦ ਜੰ:, ਨਾਡਿਯਾਡ, ਆਨੰਨਦ, ਛਾਯਾਪੁਰੀ, ਗੋਧਰਾ, ਰਤਲਾਮ, ਨਾਗਦਾ ਜੰ:, ਉਜੈਨ ਜੰ:, ਮਕਸੀ ਜੰ:, ਸ਼ਾਜਾਪੁਰ, ਬਯਾਵਰ ਰਾਜਗੜ੍ਹ, ਰੂਠਿਯਾਈ ਜੰ:, ਗੁਨਾ, ਸ਼ਿਵਪੁਰੀ, ਗਵਾਲੀਅਰ, ਇਟਾਵਾ, ਗੋਬਿੰਦਪੁਰੀ, ਪ੍ਰਯਾਗਰਾਜ ਜੰ:, ਗਾਨਪੁਰ ਰੋਡ, ਬਨਾਰਸ, ਵਾਰਾਣਸੀ, ਗਾਜੀਪੁਰ ਸਿਟੀ, ਬਲਿਯਾ, ਛਪਰਾ, ਹਾਜੀਪੁਰ, ਸ਼ਾਹਪੁਰ ਪਟੋਰੀ, ਬਰੌਨੀ ਜੰ:, ਬੇਗੂਸਰਾਏ, ਖਗੜਿਯਾ ਜੰ:, ਨੋਗਛਿਯਾ, ਕਟਿਹਾਰ, ਬਾਰਸੋਈ ਜੰ:, ਕਿਸ਼ਨਗੰਜ, ਨਯੂ ਜਲਪਾਈਗੁੜੀ, ਨਯੂ ਕੂਚਬਿਹਾਰ, ਕੋਕਰਾਝਾਰ, ਨਯੂ ਬੰਗਾਈਗਾਂਵ ਜੰ:, ਬਰਪੇਟਾ ਰੋਡ, ਰੰਗਿਯਾ, ਉਦਲਪਗੁੜੀ, ਨਯੂ ਮਿਸਮਾਰੀ, ਰੰਗਪਾਰਾ ਨਾਰਥ ਅਤੇ ਹਰਮੁਟੀ ਸਟੇਸ਼ਨ। |
| 09526 | ਨਾਹਰਲਗੁਨ | 10:00 | ਹਾਪਾ | 00:30 | ਸ਼ਨੀਵਾਰ | 23.03.2024 | | |
| 09183 | ਮੁੰਬਈ ਸੈਂਟਰਲ | 22:50 | ਬਨਾਰਸ | 10:30 | ਬੁੱਧਵਾਰ | 20.03.2024 | ਪਹਿਲੀ ਵਾਤਾ. 2 ਟੀਯਰ, ਵਾਤਾ. 3 ਟੀਯਰ ਅਤੇ ਵਾਤਾ. 3 ਟੀਯਰ (ਇਕੋਨਮੀ) | ਬੋਰੀਵਲੀ, ਪਾਲਘਰ, ਬਾਪੀ, ਬਲਸਾਡ ਜੰ:, ਸੂਰਤ, ਵਡੋਦਰਾ, ਰਤਲਾਮ, ਕੋਟਾ ਜੰ:, ਸੰਵਾਈ ਮਧੋਪੁਰ, ਗੰਗਾਪੁਰ ਸਿਟੀ, ਭਰਤਪੁਰ ਜੰ:, ਅਛਨੇਰਾ ਜੰ:, ਆਗਰਾ ਫੋਰਟ, ਟੂੰਡਲਾ, ਸ਼ਿਕੋਹਾਬਾਦ, ਮੈਨਪੁਰ, ਭੋਵਗਾਂਵ, ਫਰੂਖਾਬਾਦ, ਕੰਨੋਜ, ਕਾਨਪੁਰ ਸੈਂਟਰਲ, ਲਖਨਊ, ਰਾਯੇਬਰੇਲੀ ਜੰ:, ਅਮੇਠੀ ਜੰ:, ਪ੍ਰਤਾਪਗੜ੍ਹ, ਜੰਘਈ ਜੰ: ਅਤੇ ਭਦੋਹੀ ਸਟੇਸ਼ਨ। |
| 09184 | ਬਨਾਰਸ | 14:30 | ਮੁੰਬਈ ਸੈਂਟਰਲ | 04:20 | ਸ਼ੁੱਕਰਵਾਰ | 22.03.2024 | | |
| 09111 | ਵਡੋਦਰਾ | 19:00 | ਗੋਰਖਪੁਰ ਜੰ: | 23:30 | ਸੋਮਵਾਰ | 18.03.2024 | ਪਹਿਲੀ ਵਾਤਾ. 2 ਟੀਯਰ, ਵਾਤਾ. 3 ਟੀਯਰ, ਸਲੀਪਰ ਅਤੇ ਸਮਾਨਯ | ਗੋਧਰਾ, ਰਤਲਾਮ ਜੰ:, ਕੋਟਾ ਜੰ:, ਸਵਾਈ ਮਧੋਪੁਰ, ਗੰਗਾਪੁਰ ਸਿਟੀ, ਭਰਤਪੁਰ ਜੰ:, ਆਗਰਾ ਫੋਰਟ, ਟੂੰਡਲਾ, ਸ਼ਿਕੋਹਾਬਾਦ, ਮੈਨਪੁਰੀ, ਫਰੂਖਾਬਾਦ, ਕਾਨਪੁਰ ਸੈਂਟਰਲ, ਲਖਨਊ, ਬਾਰਾਬੰਕੀ, ਗੋਂਡਾ ਅਤੇ ਬਸਤੀ ਸਟੇਸ਼ਨ। |
| 09112 | ਗੋਰਖਪੁਰ ਜੰ: | 05:00 | ਵਡੋਦਰਾ | 08:35 | ਬੁੱਧਵਾਰ | 20.03.2024 | | |
| 09195 | ਵਡੋਦਰਾ | 19:00 | ਮਊ | 20:45 | ਸ਼ਨੀਵਾਰ | 23 ਅਤੇ 30.03.2024 | ਪਹਿਲੀ ਵਾਤਾ. 2 ਟੀਯਰ, ਵਾਤਾ. 3 ਟੀਯਰ, ਸਲੀਪਰ ਅਤੇ ਸਮਾਨਯ | ਗੋਧਰਾ, ਦਾਹੋਦ, ਰਤਲਾਮ, ਕੋਟਾ ਜੰ:, ਬਯਾਨਾ ਜੰ:, ਆਗਰਾ ਫੋਰਟ, ਟੂੰਡਲਾ, ਕਾਨਪੁਰ ਸੈਂਟਰਲ, ਲਖਨਊ, ਸੁਲਤਾਨਪੁਰ ਅਤੇ ਵਾਰਾਣਸੀ ਜੰ: ਸਟੇਸ਼ਨ। |
| 09196 | ਮਊ | 23:00 | ਵਡੋਦਰਾ | 00:45 | ਐਤਵਾਰ | 24 ਅਤੇ 31.03.2024 | | |
| 09061 | ਬਲਸਾਡ | 02:15 | ਬਰੌਨੀ ਜੰ: | 18:00 | ਮੰਗਲਵਾਰ | 19.03.2024 | ਵਾਤਾ. 2 ਟੀਯਰ, ਵਾਤਾ. 3 ਟੀਯਰ ਸਲੀਪਰ ਅਤੇ ਸਮਾਨਯ | ਸੂਰਤ, ਵਡੋਦਾਰਾ, ਰਤਲਾਮ, ਕੋਟਾ ਜੰ:, ਸਵਾਈ ਮਾਧੋਪੁਰ, ਗੰਗਾਪੁਰ ਸਿਟੀ, ਭਰਤਪੁਰ, ਮਥੁਰਾ ਜੰ:, ਕਾਸਗੰਜ, ਫਰੂਖਾਬਾਦ, ਕਾਨਪੁਰ ਸੈਂਟਰਲ, ਲਖਨਊ, ਸੁਲਤਾਨਪੁਰ, ਜੋਨਪੁਰ ਸਿਟੀ, ਵਾਰਾਣਸੀ ਜੰ:, ਪੰ. ਦੀਨਦਯਾਲ ਉਪਾਦਯੇ ਜੰ:, ਬਕਸਰ, ਆਰਾ, ਦਾਨਾਪੁਰ, ਪਾਟਲੀਪੁਤਰ ਅਤੇ ਹਾਜੀਪੁਰ ਸਟੇਸ਼ਨ। |
| 09062 | ਬਰੌਨੀ ਜੰ: | 12:15 | ਬਲਸਾਡ | 03:45 | ਵੀਰਵਾਰ | 21.03.2024 | | |
| 09417 | ਅਹਮਦਾਬਾਦ ਜੰ: | 09:10 | ਦਾਨਾਪੁਰ | 20:30 | ਸੋਮਵਾਰ | 18.03.2024 | ਵਾਤਾ. 2 ਟੀਯਰ, ਵਾਤਾ. 3 ਟੀਯਰ ਸਲੀਪਰ ਅਤੇ ਸਮਾਨਯ | ਨਾਡਿਯਾਡ ਜੰ:, ਛਾਯਾਪੁਰੀ, ਰਤਲਾਮ ਜੰ:, ਕੋਟਾ ਜੰ:, ਸਵਾਈ ਮਾਧੋਪੁਰ, ਗੰਗਾਪੁਰ ਸਿਟੀ, ਹਿੰਡੋਨ ਸਿਟੀ, ਭਰਤਪੁਰ ਜੰ:, ਮਥੁਰਾ ਜੰ:, ਕਾਸਗੰਡਜ, ਫਰੂਖਾਬਾਦ, ਕਾਨਪੁਰ ਸੈਂਟਰਲ, ਲਖਨਊ, ਸੁਲਤਾਨਪੁਰ, ਜੋਨਪੁਰ ਸਿਟੀ, ਵਾਰਾਣਸੀ ਜੰ:, ਪੰ. ਦੀਨ ਦਯਾਲ ਉਪਾਦਯੇ ਜੰ:, ਬਕਸਰ ਅਤੇ ਆਰਾ ਸਟੇਸ਼ਨ। |
| 09418 | ਦਾਨਾਪੁਰ | 23:50 | ਅਹਮਦਾਬਾਦ ਜੰ: | 11:10 | ਬੁੱਧਵਾਰ | 20.03.2024 | | |
| 03435 | ਮਾਲਦਾ ਟਾਊਨ | 09:30 | ਆਨੰਦ ਵਿਹਾਰ (ਟ) | 14:10 | ਸੋਮਵਾਰ | 25.03 ਤੋਂ 01.04.2024 ਤਕ | ਵਾਤਾ. 2 ਟੀਯਰ, ਵਾਤਾ. 3 ਟੀਯਰ ਸਲੀਪਰ ਅਤੇ ਸਮਾਨਯ | ਨਯੂ ਫਰਕਕਾ ਜੰ:, ਬਡਹਰਵਾ ਜੰ:, ਸਾਹਿਬਗੰਜ ਜੰ:, ਪੀਰਪੈਂਤੀ, ਕਹਲਗਾਂਵ, ਭਾਗਲਪੁਰ, ਸੁਲਤਾਨਗੰਜ, ਜਮਾਲਪੁਰ ਜੰ:, ਅਭੈਯਪੁਰ, ਕਿਊਲ ਜੰ:, ਮੋਕਾਮਾ, ਬਖਿਤਯਾਰਪੁਰ, ਪਟਨਾ ਜੰ:, ਆਰਾ, ਬਕਸਰ, ਪੰ. ਦੀਨਦਯਲਾ ਉਪਾਦਯੇ ਜੰ:, ਪ੍ਰਯਾਗਰਾਜ ਜੰ:, ਅਤੇ ਗੋਬਿੰਦਪੁਰੀ ਸਟੇਸ਼ਨ। |
| 03436 | ਆਨੰਦ ਵਿਹਾਰ (ਟ) | 19:00 | ਮਾਲਦਾ ਟਾਊਨ | 23:30 | ਮੰਗਲਵਾਰ | 26.03 ਤੋਂ 02.04.2024 ਤਕ | | |
| 04145 | ਸੂਬੇਦਾਰ ਗੰਜ | 21:30 | ਆਨੰਦ ਵਿਹਾਰ (ਟ) | 08:00 | ਮਿਤੀਵਾਰ | 20, 21, 22, 23, 24, 26, 27, 28, 29 ਅਤੇ 31.03.2024 | ਵਾਤਾ. 2 ਟੀਯਰ, ਵਾਤਾ. 3 ਟੀਯਰ (ਇਕੋਨਮੀ), ਸਲੀਪਰ ਅਤੇ ਸਮਾਨਯ | ਫਤੇਹਪੁਰ, ਕਾਨਪੁਰ ਸੈਂਟਰਲ, ਇਟਾਵਾ, ਟੂੰਡਲਾ ਅਤੇ ਅਲੀਗੜ੍ਹ ਸਟੇਸ਼ਨ। |
| 04146 | ਆਨੰਦ ਵਿਹਾਰ (ਟ) | 09:30 | ਸੂਬੇਦਾਰ ਗੰਜ | 19:00 | ਮਿਤੀਵਾਰ | 21, 22, 23, 24, 25, 27, 28, 29, 30.03.2024 ਅਤੇ 01.04.2024 | | |
| 08475 | ਪੁਰੀ ਜੰ: | 04:50 | ਹਜ਼ਰਤ ਨਿਜ਼ਾਮੁਦੀਨ | 17:40 | ਸ਼ੁੱਕਰਵਾਰ | 22 ਅਤੇ 29.03.2024 | ਵਾਤਾ. 2 ਟੀਯਰ, ਵਾਤਾ. 3 ਟੀਯਰ ਸਲੀਪਰ ਅਤੇ ਸਮਾਨਯ | ਖੋਰਦਾ ਰੋਡ, ਭੁਵਨੇਸ਼ਵਰ, ਨਰਾਜ ਮਰਥਾਪੁਰ, ਢੇਂਕਾਨਾਲ, ਅਨੁਗੁਲ, ਰੇਢਾਖੋਲ, ਸਬਲਪੁਰ ਸਿਟੀ, ਝਾਰਸੁਗੁਡਾ ਰੋਡ, ਬਿਲਾਸਪੁਰ, ਨਯੂ ਕਟਨੀ ਜੰ:, ਵੀਰਗਨਾ ਲਖਸ਼ਮੀਬਾਈ ਝਾਂਸੀ, ਗਵਾਲੀਅਰ, ਆਗਰਾ ਕੈਂਟ ਅਤੇ ਮਥੁਰਾ ਜੰ: ਸਟੇਸ਼ਨ। |
| 08476 | ਹਜ਼ਰਤ ਨਿਜ਼ਾਮੁਦੀਨ | 23:35 | ਪੁਰੀ ਜੰ: | 06:55 | ਸ਼ਨੀਵਾਰ | 23 ਅਤੇ 30.03.2024 | | |
| 08571 | ਵਿਸ਼ਾਖਾਪਤਨਮ | 08:20 | ਹਜ਼ਰਤ ਨਿਜ਼ਾਮੁਦੀਨ | 17:40 | ਸ਼ਨੀਵਾਰ | 23 ਤੋਂ 30.03.2024 | ਵਾਤਾ. 2 ਟੀਯਰ, ਵਾਤਾ. 3 ਟੀਯਰ ਸਲੀਪਰ ਅਤੇ ਸਮਾਨਯ | ਵਿਜੈਯਨਗਰਮ ਜੰ:, ਬੋਬਿਬਲਿ ਜੰ:, ਪਾਰਵਤਿਪੁਰਮ, ਰਾਯਗੜ੍ਹ, ਕੇਸਿੰਗਾ, ਟਿਟਿਲਾਗੜ੍ਹ ਜੰ:, ਕਾਂਟਾਬਾਂਜੀ, ਖਰਿਯਾਰ ਰੋਡ, ਮਹਾਸਮੁਨਦ, ਰਾਯਪੁਰ, ਅਨੂਪਪੁਰ, ਨਯੂ ਕਟਨੀ ਜੰ:, ਲਲਿਤਪੁਰ ਜੰ:, ਵੀਰਾਗਨਾਂ ਲਖਸ਼ਮੀਬਾਈ ਝਾਂਸੀ, ਗਵਾਲੀਅਰ, ਆਗਰਾ ਕੈਂਟ ਅਤੇ ਮਥੁਰਾ ਜੰ: ਸਟੇਸ਼ਨ। |
| 08572 | ਹਜ਼ਰਤ ਨਿਜ਼ਾਮੁਦੀਨ | 23:35 | ਵਿਸ਼ਾਖਾਪਤਨਮ | 13:30 | ਐਤਵਾਰ | 24 ਤੋਂ 31.03.2024 | | |

ਰੇਲਯਾਤਰੀਆਂ ਨੂੰ ਅਨੁਰੋਧ ਹੈ ਕਿ ਕਿਸੀ ਵੀ ਹੋਰ ਜਾਣਕਾਰੀ ਜਿਸਤਰ੍ਹਾਂ ਕਿ ਸੀਟ ਉਪਲਬਧਾ ਅਤੇ ਸਮੇਂ-ਸਾਰਣੀ ਆਦਿ ਦੇ ਲਈ ਰੇਲਮਦਦ ਹੈਲਪਲਾਈਨ ਨੰ: 139 ਉਤੇ ਸੰਪਰਕ ਕਰੋ ਜਾਂ ਰੇਲਵੇ ਦੀ ਵੇਬਸਾਈਟ https://enquriy.indianrail.gov.in ਜਾਂ NTES App ਦੇਖੋ ।

ਆਜ਼ਾਦੀ ਦਾ ਅੰਮ੍ਰਿਤ ਮਹੋਤਸਵ

ਉੱਤਰ ਰੇਲਵੇ

ਸਾਨੂੰ www.nr.indianrailways.gov.in ਉਤੇ ਮਿਲੋ

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

ਉਤੇ ਸਾਨੂੰ ਫਾਲੋ ਕਰੋ